PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
26th March - 2nd April 2026 • Issue No. 3123
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IAB
FOR FREE INITIAL ADVICE
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

S.S.Rai
Immigration Advice Bureau
Tel: 020 8571 6680
www.iabl.co.uk

# ਰੰਧਾਵਾ ਖ਼ੁਦਕੁਸ਼ੀ ਮਾਮਲੇ ਵਿਚ ਸਾਬਕਾ ਮੰਤਰੀ ਲਾਲਜੀਤ ਭੁੱਲਰ ਗ੍ਰਿਫ਼ਤਾਰ

## ✪ ਪੰਜਾਬ ਸਿਆਸਤ ਵਿਚ ਮਚੀ ਤੜਥਲੀ ! ✪ 'ਆਪ' ਸਰਕਾਰ ਲਈ ਵਧੀਆਂ ਚੁਣੌਤੀਆ ✪ ਅਮਿਤ ਸ਼ਾਹ ਵਲੋਂ ਸੀ ਬੀ ਆਈ ਜਾਂਚ ਦੇ ਸੰਕੇਤ ✪ ਕਾਂਗਰਸੀ ਸੰਸਦ ਮੈਂਬਰਾਂ, ਸੁਖਬੀਰ ਬਾਦਲ ਤੇ ਜਾਖੜ ਨੇ ਖੋਲ੍ਹਿਆ ਮੋਰਚਾ

ਮੰਡੀ ਗੋਬਿੰਦਗੜ੍ਹ/ਅੰਮ੍ਰਿਤਸਰ-ਪੰਜਾਬ ਦੀ ਸਿਆਸਤ ਵਿੱਚ ਉਸ ਵੇਲੇ ਵੱਡਾ ਭੂਚਾਲ ਆ ਗਿਆ ਜਦੋਂ ਮੰਡੀ ਗੋਬਿੰਦਗੜ੍ਹ ਪੁਲੀਸ ਨੇ ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਅੰਮ੍ਰਿਤਸਰ ਵਿੱਚ ਤਾਇਨਾਤ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਦੇ ਖ਼ੁਦਕੁਸ਼ੀ ਮਾਮਲੇ ਵਿੱਚ ਸਾਬਕਾ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਗ੍ਰਿਫ਼ਤਾਰੀ ਉਸ ਵੇਲੇ ਹੋਈ ਜਦੋਂ ਪੀੜਤ ਪਰਿਵਾਰ ਦੇ ਅਲਟੀਮੇਟਮ ਅਤੇ ਵਿਰੋਧੀ ਧਿਰਾਂ ਦੇ ਤਿੱਖੇ ਹਮਲਿਆਂ ਨੇ ਸਰਕਾਰ ਨੂੰ ਚਾਰੇ ਪਾਸਿਓਂ ਘੇਰ ਲਿਆ ਸੀ।

### ਕੀ ਹੈ ਸਾਰਾ ਮਾਮਲਾ ?

ਅੰਮ੍ਰਿਤਸਰ ਵਿੱਚ ਤਾਇਨਾਤ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਨੇ ਬੀਤੇ ਦਿਨੀਂ ਜ਼ਹਿਰ ਖਾ ਕੇ ਖੁਦਕੁਸ਼ੀ ਕਰ ਲਈ ਸੀ। ਇਸ ਘਟਨਾ ਤੋਂ ਬਾਅਦ ਇੱਕ ਸੀਸੀਟੀਵੀ ਵੀਡੀਓ ਵੀ ਸਾਹਮਣੇ ਆਈ, ਜਿਸ ਵਿੱਚ ਉਹ ਆਪਣੇ ਘਰ ਦੇ ਵਿਹੜੇ ਵਿੱਚ ਕੁਝ ਨਿਗਲਦੇ ਦਿਖਾਈ ਦਿੰਦੇ ਹਨ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਦਾ ਦੋਸ਼ ਹੈ ਕਿ ਲਾਲਜੀਤ ਸਿੰਘ ਭੁੱਲਰ ਵੱਲੋਂ ਰੰਧਾਵਾ 'ਤੇ ਆਪਣੇ ਪਿਤਾ ਦੇ ਹੱਕ ਵਿੱਚ ਟੈਂਡਰ ਪਾਸ ਕਰਨ ਲਈ ਨਾਜਾਇਜ਼ ਦਬਾਅ ਬਣਾਇਆ ਜਾ ਰਿਹਾ ਸੀ। ਜਦੋਂ ਰੰਧਾਵਾ ਨੇ ਕਾਨੂੰਨ ਮੁਤਾਬਕ ਕੰਮ ਕਰਦਿਆਂ ਟੈਂਡਰ ਉਨ੍ਹਾਂ ਦੀ ਮਰਜ਼ੀ ਅਨੁਸਾਰ ਨਹੀਂ ਦਿੱਤਾ, ਤਾਂ ਉਨ੍ਹਾਂ ਨਾਲ ਕੁੱਟਮਾਰ ਕੀਤੀ ਗਈ ਅਤੇ ਮਾਨਸਿਕ ਤੌਰ 'ਤੇ ਇੰਨਾ ਪਰੇਸ਼ਾਨ ਕੀਤਾ ਗਿਆ ਕਿ ਉਨ੍ਹਾਂ ਨੂੰ ਖੁਦਕੁਸ਼ੀ ਦਾ ਰਾਹ ਚੁਣਨਾ ਪਿਆ।

### ਲਾਲਜੀਤ ਭੁੱਲਰ ਦੀ ਗ੍ਰਿਫ਼ਤਾਰੀ: ਦਾਅਵੇ ਅਤੇ ਜਵਾਬੀ ਦਾਅਵੇ

ਮੰਡੀ ਗੋਬਿੰਦਗੜ੍ਹ ਪੁਲੀਸ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਸਾਬਕਾ ਮੰਤਰੀ ਨੂੰ ਘੇਰਾਬੰਦੀ ਕਰ ਕੇ ਗ੍ਰਿਫ਼ਤਾਰ ਕੀਤਾ ਹੈ। ਦੂਜੇ ਪਾਸੇ, ਲਾਲਜੀਤ ਭੁੱਲਰ ਨੇ ਗ੍ਰਿਫ਼ਤਾਰੀ ਤੋਂ ਪਹਿਲਾਂ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਦਾਅਵਾ ਕੀਤਾ ਸੀ ਕਿ ਉਹ ਫਰਾਰ ਨਹੀਂ ਹਨ ਅਤੇ ਨਿਆਂ ਪ੍ਰਣਾਲੀ 'ਤੇ ਭਰੋਸਾ ਰੱਖਦਿਆਂ ਖੁਦ ਆਤਮ-ਸਮਰਪਣ ਕਰ ਰਹੇ ਹਨ। ਅੰਮ੍ਰਿਤਸਰ ਪੁਲੀਸ ਨੇ ਇਸ ਮਾਮਲੇ ਵਿੱਚ ਭੁੱਲਰ, ਉਨ੍ਹਾਂ ਦੇ ਪਿਤਾ ਸੁਖਦੇਵ ਸਿੰਘ ਅਤੇ ਪੀਏ ਦਿਲਬਾਗ ਸਿੰਘ ਵਿਰੁੱਧ ਭਾਰਤੀ ਨਿਆਂ ਸੰਹਿਤਾ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ।



ਆਪ ਦੇ ਸਾਬਕਾ ਮੰਤਰੀ ਲਾਲਜੀਤ ਭੁੱਲਰ ਪੰਜ ਦਿਨਾਂ ਦਾ ਪੁਲਿਸ ਰਿਮਾਂਡ ਮਿਲਣ ਉਪਰੰਤ ਅਦਾਲਤ ਵਿੱਚੋਂ ਬਾਹਰ ਆਉਂਦੇ ਹੋਏ

## ਲਾਲਜੀਤ ਭੁੱਲਰ: ਆੜ੍ਹਤੀਏ ਤੋਂ ਮੰਤਰੀ ਤੱਕ ਦਾ ਸਫ਼ਰ

ਲਾਲਜੀਤ ਸਿੰਘ ਭੁੱਲਰ ਦੀ ਸਿਆਸੀ ਯਾਤਰਾ ਕਾਫੀ ਦਿਲਚਸਪ ਰਹੀ ਹੈ। ਉਹ ਪੱਟੀ ਦੇ ਰਹਿਣ ਵਾਲੇ ਹਨ ਅਤੇ ਪੇਸ਼ੇ ਵਜੋਂ ਆੜ੍ਹਤੀਏ ਸਨ। ਉਨ੍ਹਾਂ ਨੇ ਅਕਾਲੀ ਦਲ ਤੋਂ ਸਿਆਸਤ ਸ਼ੁਰੂ ਕੀਤੀ ਸੀ, ਫਿਰ ਕਾਂਗਰਸ ਵਿੱਚ ਗਏ ਸਨ ਅਤੇ ਅਖੀਰ 2020 ਵਿੱਚ 'ਆਪ' ਵਿੱਚ ਸ਼ਾਮਲ ਹੋ ਗਏ। 2022 ਵਿੱਚ ਉਨ੍ਹਾਂ ਨੇ ਦਿੱਗਜ ਆਗੂ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਹਰਾ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ। 2024 ਦੇ ਹਲਫ਼ਨਾਮੇ ਮੁਤਾਬਕ ਉਨ੍ਹਾਂ ਕੋਲ ਕਰੋੜਾਂ ਦੀ ਚੱਲ-ਅਚੱਲ ਜਾਇਦਾਦ ਅਤੇ ਲਗਭਗ 17 ਏਕੜ ਵਾਹੀਯੋਗ ਜ਼ਮੀਨ ਹੈ। ਹਾਲਾਂਕਿ, 2024 ਦੀਆਂ ਲੋਕ ਸਭਾ ਚੋਣਾਂ ਵਿੱਚ ਉਹ ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਹੱਥੋਂ ਹਾਰ ਗਏ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਸਪੱਸ਼ਟ ਕੀਤਾ ਹੈ ਕਿ ਕਾਨੂੰਨ ਸਭ ਲਈ ਬਰਾਬਰ ਹੈ ਅਤੇ ਕੋਈ ਪੱਖਪਾਤ ਨਹੀਂ ਕੀਤਾ ਜਾਵੇਗਾ। ਪਰ ਵਿਰੋਧੀ ਧਿਰਾਂ ਅਤੇ ਪੀੜਤ ਪਰਿਵਾਰ ਦੇ ਤਿੱਖੇ ਤੇਵਰ ਦੱਸਦੇ ਹਨ ਕਿ ਇਹ ਮਾਮਲਾ ਅਜੇ ਸ਼ਾਂਤ ਨਹੀਂ ਹੋਣ ਵਾਲਾ। ਸੀਬੀਆਈ ਜਾਂਚ ਦੀ ਤਲਵਾਰ ਲਟਕਣ ਨਾਲ ਹੁਣ ਇਹ ਦੇਖਣਾ ਹੋਵੇਗਾ ਕਿ ਕੀ 'ਆਪ' ਸਰਕਾਰ ਇਸ ਸੰਕਟ ਵਿੱਚੋਂ ਆਪਣੀ ਸਾਖ ਬਚਾ ਪਾਉਂਦੀ ਹੈ ਜਾਂ ਨਹੀਂ।

### ਕੀ ਸੀਬੀਆਈ ਜਾਂਚ ਕਰੇਗੀ ?

ਇਸ ਮਾਮਲੇ ਵਿੱਚ ਕੇਂਦਰੀ ਦਖਲਅੰਦਾਜ਼ੀ ਦੀਆਂ ਸੰਭਾਵਨਾਵਾਂ ਵੀ ਤੇਜ਼ ਹੋ ਗਈਆਂ ਹਨ। ਪੰਜਾਬ ਦੇ ਚਾਰ ਕਾਂਗਰਸੀ ਸੰਸਦ ਮੈਂਬਰਾਂ-ਗੁਰਜੀਤ ਸਿੰਘ ਔਜਲਾ, ਚਰਨਜੀਤ ਸਿੰਘ ਚੰਨੀ, ਸੁਖਜਿੰਦਰ ਸਿੰਘ ਰੰਧਾਵਾ ਅਤੇ ਡਾ. ਧਰਮਵੀਰ ਗਾਂਧੀ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ ਸੀ। ਅੰਮ੍ਰਿਤਸਰ ਦੇ ਐਮਪੀ ਗੁਰਜੀਤ ਔਜਲਾ ਨੇ ਲੋਕ ਸਭਾ ਵਿੱਚ ਇਹ ਮੁੱਦਾ ਚੁੱਕਿਆ ਸੀ।

ਗ੍ਰਹਿ ਮੰਤਰੀ ਨੇ ਕਿਹਾ ਕਿ ਜੇਕਰ ਪੰਜਾਬ ਦੇ ਸੰਸਦ ਮੈਂਬਰ ਲਿਖਤੀ ਮੰਗ ਕਰਨਗੇ ਤਾਂ ਉਹ ਜਾਂਚ ਸੀਬੀਆਈ ਨੂੰ ਸੌਂਪ ਦੇਣਗੇ। ਸੰਸਦ ਮੈਂਬਰਾਂ ਨੇ ਮੰਗ ਕੀਤੀ ਹੈ ਕਿ ਮੁਲਜ਼ਮਾਂ ਖਿਲਾਫ਼ ਲੁੱਕ ਆਊਟ ਨੋਟਿਸ ਜਾਰੀ ਹੋਣ ਤਾਂ ਜੋ ਉਹ ਦੇਸ਼ ਛੱਡ ਕੇ ਨਾ ਭੱਜ ਸਕਣ।

### 'ਆਪ' ਦੀਆਂ ਮੁਸ਼ਕਲਾਂ ਕਿਵੇਂ ਵਧੀਆਂ ?

'ਆਪ' ਸਰਕਾਰ ਲਈ ਇਹ ਮਾਮਲਾ 'ਗਲੇ ਦੀ ਹੱਡੀ' ਬਣ ਗਿਆ ਹੈ।

ਸਾਖ ਨੂੰ ਸੱਟ: ਸਰਕਾਰ ਨੇ ਹਾਲ ਹੀ ਵਿੱਚ ਬਜਟ ਦੌਰਾਨ ਕਈ ਲੋਕ-ਭਲਾਈ ਸਕੀਮਾਂ ਰਾਹੀਂ ਸਕਾਰਾਤਮਕ ਮਾਹੌਲ ਸਿਰਜਿਆ ਸੀ, ਜਿਸ 'ਤੇ ਇਸ ਕਾਂਡ ਨੇ ਪਾਣੀ ਫੇਰ ਦਿੱਤਾ ਹੈ।

ਸਿਆਸੀ ਘੇਰਾਬੰਦੀ: ਭਾਜਪਾ ਪ੍ਰਧਾਨ ਸੁਨੀਲ ਜਾਖੜ ਅਤੇ ਅਕਾਲੀ ਦਲ ਦੇ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਅਸਤੀਫ਼ੇ ਦੀ ਮੰਗ ਕੀਤੀ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਇਸ ਗ੍ਰਿਫ਼ਤਾਰੀ ਨੂੰ



ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਦਖ਼ਲ ਦਾ ਨਤੀਜਾ ਦੱਸਿਆ ਹੈ। ਜਾਖੜ ਅਨੁਸਾਰ ਰਾਜ ਸਰਕਾਰ ਸੀਬੀਆਈ ਜਾਂਚ ਤੋਂ ਡਰ ਰਹੀ ਹੈ। ਜੇਕਰ ਇਹ ਮਾਮਲਾ ਕੇਂਦਰੀ ਏਜੰਸੀ ਕੋਲ ਜਾਂਦਾ ਹੈ, ਤਾਂ 'ਆਪ' ਦੇ ਵੱਡੇ ਆਗੂਆਂ ਅਤੇ ਦਿੱਲੀ ਤੱਕ ਜੁੜੀਆਂ ਤਾਰਾਂ ਨੰਗੀਆਂ ਹੋ ਜਾਣਗੀਆਂ। ਇਹ ਪਤਾ ਲੱਗ ਜਾਵੇਗਾ ਕਿ ਭੁੱਲਰ ਵਰਗੇ ਮੰਤਰੀਆਂ ਵੱਲੋਂ ਇਕੱਠਾ ਕੀਤਾ ਪੈਸਾ ਕਿੱਥੇ ਜਾ ਰਿਹਾ ਸੀ।

ਪ੍ਰਤਾਪ ਸਿੰਘ ਬਾਜਵਾ ਅਤੇ ਰਾਜਾ ਵੜਿੰਗ ਨੇ ਇਸ ਨੂੰ ਭ੍ਰਿਸ਼ਟ ਸਿਸਟਮ ਹੱਥੋਂ ਇੱਕ ਇਮਾਨਦਾਰ ਅਧਿਕਾਰੀ ਦਾ ਕਤਲ ਕਰਾਰ ਦਿੱਤਾ ਹੈ। ਖ਼ਰੀਦ ਏਜੰਸੀਆਂ ਦੇ ਮੁਲਾਜ਼ਮਾਂ ਨੇ ਕਣਕ ਦੇ ਸੀਜ਼ਨ ਤੋਂ ਪਹਿਲਾਂ ਕੰਮ ਠੱਪ ਕਰਨ ਦੀ ਚਿਤਾਵਨੀ ਦਿੱਤੀ ਹੈ, ਜੋ ਸਰਕਾਰ ਲਈ ਆਰਥਿਕ ਅਤੇ ਪ੍ਰਬੰਧਕੀ ਚੁਣੌਤੀ ਬਣ ਸਕਦੀ ਹੈ ।ਅਗਾਮੀ ਵਿਧਾਨ ਸਭਾ ਚੋਣਾਂ ਨੇੜੇ ਹੋਣ ਕਾਰਨ ਪਾਰਟੀ ਕਿਸੇ ਵੀ ਕੀਮਤ 'ਤੇ 'ਭ੍ਰਿਸ਼ਟਾਚਾਰ ਮੁਕਤ' ਹੋਣ ਦੇ ਆਪਣੇ ਅਕਸ ਨੂੰ ਬਚਾਉਣਾ ਚਾਹੁੰਦੀ ਹੈ। ਇਸ ਘਟਨਾ ਨੇ ਭਗਵੰਤ ਮਾਨ ਸਰਕਾਰ ਨੂੰ ਰੱਖਿਆਤਮਕ ਸਥਿਤੀ ਵਿੱਚ ਲਿਆ ਦਿੱਤਾ ਹੈ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਨੇ ਆਪਣੇ ਕਰੀਬੀ ਹੋਣ ਕਰਕੇ ਭੁੱਲਰ ਵਿਰੁੱਧ ਕਾਰਵਾਈ ਕਰਨ ਵਿੱਚ ਦੇਰੀ ਕੀਤੀ। ਭਾਵੇਂ ਭੁੱਲਰ ਨੇ ਅਸਤੀਫ਼ਾ ਦੇ ਦਿੱਤਾ ਹੈ, ਪਰ ਹੁਣ ਅਦਾਲਤੀ ਕਾਰਵਾਈ ਅਤੇ CBI ਜਾਂਚ ਦੀ ਮੰਗ ਨੇ ਸਰਕਾਰ ਦੀ ਨੀਂਦ ਉਡਾ ਦਿੱਤੀ ਹੈ।

ਅੱਜ ਬੁੱਧਵਾਰ 25 ਮਾਰਚ ਨੂੰ ਹਥਲਾ ਪੇਪਰ ਛਪਣ ਤੱਕ ਆਖਰੀ ਸਮਾਂਚਾਰ ਮੁਤਾਬਕ ਲਾਲਜੀਤ ਸਿੰਘ ਭੁੱਲਰ ਨੂੰ ਜਦੋਂ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂ ਪੁਲਿਸ ਦੀ ਮੰਗ ਤੇ ਅਦਾਲਤ ਨੇ ਪੰਜ ਦਿਨਾਂ ਦਾ ਪੁਲਿਸ ਰਿਮਾਂਡ ਦੇ ਦਿੱਤਾ ਹੈ।

UK Government

ADVERTORIAL IN PARTNERSHIP WITH THE UK GOVERNMENT

# THE CARE CAREER CONNECTION




**Safwan Hanash**
Head of Partnerships, Embark Learning

## *HOW JOBCENTRE PLUS IS HELPING BUSINESSES TACKLE RECRUITMENT CHALLENGES AND TRANSFORM LIVES*

When Alex O'Neil founded Embark Learning Care Academy, his mission was clear: connect people seeking meaningful work with a care sector urgently in need of skilled, compassionate staff.

But as demand grew, so did the challenge. Safwan Hanash, Head of Partnerships, who also leads recruitment for the organisation, said:

"As we scaled, sourcing consistent, work-ready candidates became increasingly difficult. We were spending huge amounts of time advertising roles, reviewing applications, and inviting people to interviews who didn't attend or weren't suitable. Meanwhile, over 250 care employers across the West Midlands were relying on us to supply trained, reliable staff."

The ambition was there. The workforce demand was there. What was missing was a streamlined recruitment pipeline.

That's when Embark turned to Jobcentre Plus, part of the Department for Work and Pensions (DWP).

### A different experience than expected

Like many recruiting employers, Safwan admits he initially had assumptions about government-led support.

"I thought it would be very process-driven, rigid, and difficult to navigate," he says. "But the reality was completely different."

From the first conversation, Jobcentre Plus Employer Advisers focused on understanding Embark's specific needs. They explored the skills required, the attitudes valued, and the progression opportunities available.

Rather than simply sending CVs, they referred pre-profiled candidates aligned to Embark's requirements, saving time and improving suitability.

Recruitment events were organised locally, job fairs were coordinated, and tailored support offered at no cost to the business.

"The communication was open and transparent," Safwan explains. "They genuinely wanted to collaborate and help us meet our workforce goals."

### Delivering measurable results

The impact has been significant.

To date, Embark Learning, in partnership with Fairway Healthcare and associated care employers, has recruited more than 2,000 people into paid employment through its employability programmes, supported by Jobcentre Plus.

The partnership has not only improved hiring outcomes but strengthened long-term workforce development.

Through collaboration with Jobcentre Plus, Embark has delivered structured employability programmes, helping candidates gain sector-specific training and recognised qualifications, including Level 2 and Level 3 certifications. This creates clear career pathways rather than short-term placements.

"We're not just filling vacancies," Safwan says. "We're building sustainable careers."

### Opening doors for young people

A key focus of the partnership has been supporting young people aged 18–30 who are not in education, employment or training.

Working alongside Jobcentre Plus and in partnership with The King's Trust, Embark delivers tailored employability programmes designed to remove traditional barriers and provide entry into health and social care work.

"We train them, build their confidence, and give them real-world experience," Safwan explains. "Many just need the right opportunity and someone to believe in them."

In the past three years, more than 300 young people have progressed into employment through this route.

Additionally, under the Youth Guarantee, the government is bringing together new and existing support to ensure all young people aged 16 to 24 are earning and learning. It offers employers access to training, financial incentives and a pipeline of young talent to help businesses fill skills gaps and build their future workforce.

Jobcentre Plus has supported Embark to access wider and more diverse talent pools, including individuals with health conditions or disabilities. In the last two years alone, more than 100 people facing health-related barriers have moved into work through Jobcentre referrals.

For employers in the care sector — and beyond — this demonstrates how tailored recruitment support can unlock motivated, capable candidates who might otherwise be overlooked.

### Saving time, reducing costs, strengthening communities

For Safwan, the operational benefits are clear.

"Jobcentre Plus saves businesses enormous amounts of time and resource," he says. "Instead of advertising repeatedly and interviewing unsuitable applicants, we receive candidates who are ready and motivated."

Employer Advisers can facilitate recruitment events, coordinate candidate shortlisting, and provide ongoing support — creating a more efficient and cost-effective hiring process.

Beyond efficiency, the partnership has strengthened Embark's connection to its local community.

"As a community-focused organisation, it matters to work with partners who understand the people we serve," Safwan says. "This partnership has helped us reflect our community in our workforce and create real social impact."

The relationship has grown into a two-way collaboration. Safwan has contributed insights on workforce development in adult social care at senior-level discussions, reinforcing the shared goal of reducing unemployment while strengthening essential public services.

### A message to businesses who feel government support isn't for them

For employers who may feel hesitant about engaging with government services, Safwan is clear:

"There's a perception that support like this isn't designed for businesses like ours, or that it will be complicated. That simply hasn't been our experience," he says. "It's practical, responsive, and built around what employers actually need."

His advice? "Take the first step. Make the call. Start the conversation. The support is there to help you grow."

### Backing businesses to build the workforce of tomorrow

Jobcentre Plus offers employers tailored recruitment support, including help to recruit young people, access to wider and more diverse talent pools, opportunities to create apprenticeships or training opportunities, and the chance to strengthen long-term workforce pipelines. The Youth Guarantee can also offer employers access to training, financial incentives and a pipeline of young talent to help you fill skills gaps and build your future workforce.

For Embark Learning Care Academy, Jobcentre Plus support has translated into thousands of people moving into work, hundreds of young lives redirected towards sustainable careers, and a stronger care workforce across the West Midlands.

Behind every placement is a person gaining confidence, stability and purpose — and a business gaining the talent it needs to thrive.

## Get tailored recruitment support

**Employers can contact the Employer Services Line to receive tailored recruitment support, including specialist support to recruit young people.**

**Call 0800 169 0178 or complete the online enquiry form at: www.business.gov.uk/recruit**

**Take the first step towards building your workforce with Jobcentre Plus today.**

**Eligibility criteria apply.*

**TO FIND OUT WHAT JOBCENTRE PLUS CAN OFFER, VISIT BUSINESS.GOV.UK/RECRUIT**

jobcentreplus

# ਹੋਰਮੁਜ਼ ਦੀ ਘੇਰਾਬੰਦੀ ਕਰਕੇ ਈਰਾਨ ਨੇ ਸੁਪਰਪਾਵਰ ਅਮਰੀਕਾ ਨੂੰ ਕਿਵੇਂ ਗੋਡਿਆਂ ਭਾਰ ਕੀਤਾ ?

## ✪ ਟਰੰਪ ਦਾ ਫੈਸਲਾ ਕਿ ਅਮਰੀਕੀ ਫੌਜ ਅਗਲੇ ਪੰਜ ਦਿਨਾਂ ਤੱਕ ਈਰਾਨ ਦੇ ਪਾਵਰ ਪਲਾਂਟਾਂ ’ਤੇ ਕੋਈ ਹਮਲਾ ਨਹੀਂ ਕਰੇਗੀ ✪ ਕੀ ਪਾਕਿਸਤਾਨ ਵਿਚ ਸਮਝੌਤਾ ਹੋਵੇਗਾ

ਪੱਛਮੀ ਏਸ਼ੀਆ ਦੇ ਰਣਨੀਤਕ ਮੈਦਾਨ ਵਿੱਚ ਬੀਤੇ ਦਿਨੀਂ ਸੁਪਰ ਪਾਵਰ ਅਮਰੀਕਾ ਨੂੰ ਇਤਿਹਾਸਕ ਤੌਰ ਉਪਰ ਝਟਕਾ ਦੇਣ ਵਾਲੇ ਰਹੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਈਰਾਨ ਦੇ ਪਾਵਰ ਪਲਾਂਟਾਂ ’ਤੇ ਹਮਲੇ ਟਾਲਣ ਦਾ ਐਲਾਨ ਕੋਈ ‘ਰਹਿਮਦਿਲੀ’ ਨਹੀਂ ਸੀ, ਸਗੋਂ ਈਰਾਨੀ ਦ੍ਰਿੜਤਾ ਅੱਗੇ ਅਮਰੀਕੀ ਹੰਕਾਰ ਦੇ ਗੋਡੇ ਟੇਕਣ ਦੀ ਦਾਸਤਾਨ ਹੈ। ਜਦੋਂ ਤਹਿਰਾਨ ਨੇ ਵਿਸ਼ਵ ਦੀ ਆਰਥਿਕ ਨਬਜ਼- ਹੋਰਮੁਜ਼ ਜਲਡਮਰੂਮੱਧ ਨੂੰ ਬੰਦ ਕਰਨ ਦੀ ਸਿੱਧੀ ਚੇਤਾਵਨੀ ਦਿੱਤੀ, ਤਾਂ ਅਮਰੀਕਾ ਲਈ ਅਗੇ ਜੰਗ ਲੜਨੀ ਔਖੀ ਹੋ ਗਈ।ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਦਿਨੀਂ ਇੱਕ ਹੈਰਾਨੀਜਨਕ ਐਲਾਨ ਕਰਦਿਆਂ ਕਿਹਾ ਸੀ ਕਿ ਅਮਰੀਕੀ ਫੌਜ ਅਗਲੇ ਪੰਜ ਦਿਨਾਂ ਤੱਕ ਈਰਾਨ ਦੇ ਪਾਵਰ ਪਲਾਂਟਾਂ ਅਤੇ ਊਰਜਾ ਬੁਨਿਆਦੀ ਢਾਂਚੇ ’ਤੇ ਕੋਈ ਹਮਲਾ ਨਹੀਂ ਕਰੇਗੀ। ਰਾਸ਼ਟਰਪਤੀ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ‘ਟਰੂਥ ਸੋਸ਼ਲ’ ’ਤੇ ਇੱਕ ਪੋਸਟ ਸਾਂਝੀ ਕਰਦਿਆਂ ਦੱਸਿਆ ਕਿ ਅਮਰੀਕਾ ਅਤੇ ਈਰਾਨ ਵਿਚਕਾਰ ਪਿਛਲੇ ਦੋ ਦਿਨਾਂ ਤੋਂ “ਸਾਰਥਕ ਅਤੇ ਰਚਨਾਤਮਕ” ਗੱਲਬਾਤ ਹੋਈ ਹੈ। ਉਨ੍ਹਾਂ ਲਿਖਿਆ ਕਿ ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਅਮਰੀਕਾ ਅਤੇ ਈਰਾਨ ਨੇ ਮੱਧ ਪੂਰਬ ਵਿੱਚ ਆਪਸੀ ਦੁਸ਼ਮਣੀ ਨੂੰ ਖਤਮ ਕਰਨ ਲਈ ਬਹੁਤ ਵਧੀਆ ਚਰਚਾ ਕੀਤੀ ਹੈ। ਗੱਲਬਾਤ ਦੇ ਸਕਾਰਾਤਮਕ ਮੂਡ ਨੂੰ ਦੇਖਦੇ ਹੋਏ, ਮੈਂ ਯੁੱਧ ਵਿਭਾਗ ਨੂੰ 5 ਦਿਨਾਂ ਲਈ ਹਮਲੇ ਮੁਲਤਵੀ ਕਰਨ ਦੇ ਨਿਰਦੇਸ਼ ਦਿੱਤੇ ਸਨ।ਟਰੰਪ ਨੇ ਸਾਫ਼ ਕੀਤਾ ਹੈ ਕਿ ਇਹ ਫੈਸਲਾ ਚੱਲ ਰਹੀਆਂ ਮੀਟਿੰਗਾਂ ਦੀ ਸਫਲਤਾ ’ਤੇ ਨਿਰਭਰ ਕਰੇਗਾ।

ਟਰੰਪ ਦਾ ‘ਟਰੂਥ ਸੋਸ਼ਲ’ ’ਤੇ “ਸਕਾਰਾਤਮਕ ਗੱਲਬਾਤ” ਦਾ ਦਾਅਵਾ ਕਰਨਾ ਅਤੇ ਫਿਰ ਉਸ ਨੂੰ ਨਕਾਰਿਆ ਜਾਣਾ ਇਹ ਦਰਸਾਉਂਦਾ ਹੈ ਕਿ ਅਮਰੀਕਾ ਇਸ ਵੇਲੇ ਸਿਰਫ਼ ‘ਮਨੋਵਿਗਿਆਨਕ ਜੰਗ’ ਦੀ ਨੀਤੀ ਅਪਨਾ ਰਿਹਾ ਹੈ ਤਾਂ ਜੋ ਆਪਣੀ ਹਾਰ ਨੂੰ ਛੁਪਾ ਸਕੇ।

ਈਰਾਨੀ ਵਿਦੇਸ਼ ਮੰਤਰਾਲੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਅਮਰੀਕਾ ਨਾਲ ਕੋਈ ਸੰਪਰਕ ਨਹੀਂ ਹੋਇਆ। ਈਰਾਨ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਨਾਲ ਕੋਈ ਸਿੱਧੀ ਗੱਲਬਾਤ ਨਹੀਂ ਹੋ ਰਹੀ ਅਤੇ ‘ਹੋਰਮੁਜ਼ ਜਲਡਮਰੂ’ ਬੰਦ ਹੀ ਰਹੇਗਾ। ਈਰਾਨ ਨੇ ਸਮਝ ਲਿਆ ਹੈ ਕਿ ਟਰੰਪ ਇਹ ਨਾਟਕ ਸਿਰਫ ਤੇਲ ਦੀਆਂ ਵਧਦੀਆਂ ਕੀਮਤਾਂ ਨੂੰ ਕਾਬੂ ਕਰਨ ਅਤੇ 2026 ਦੀਆਂ ਮਿਡ-ਟਰਮ ਚੋਣਾਂ ਵਿੱਚ ਆਪਣੀ ਪਤਲੀ ਹਾਲਤ ਬਚਾਉਣ ਲਈ ਕਰ ਰਹੇ ਹਨ। ਅਮਰੀਕਾ ਅਤੇ ਇਜ਼ਰਾਈਲ ਨੂੰ ਲੱਗੇ ਵੱਡੇ ਝਟਕੇ-ਤਿੰਨ ਹ਼ਫ਼ਤਿਆਂ ਦੀ ਲੜਾਈ ਵਿੱਚ ਈਰਾਨ ਨੇ ਅਮਰੀਕੀ ਜੰਗੀ ਤਾਕਤ ਦਾ ਗਰੂਰ ਤੋੜ ਦਿੱਤਾ ਹੈ:

ਅਮਰੀਕਾ ਨੂੰ ਆਪਣਾ ਮਸ਼ਹੂਰ ਜੰਗੀ ਬੇੜਾ ਜੰਗੀ ਬੇੜਾ ਅਬਰਾਹੀਮ ਲਿੰਕਨ ਮੈਦਾਨ ਛੱਡ ਕੇ ਭੱਜਣ ਲਈ ਮਜਬੂਰ ਹੋਣਾ ਪਿਆ। ਈਰਾਨ ਵੱਲੋਂ ਅਮਰੀਕੀ ਐੱਫ-35 ਜਹਾਜ਼ਾਂ ਨੂੰ ਫੁੰਡਣ ਤੋਂ ਬਾਅਦ ਕਈ ਦੇਸ਼ਾਂ ਨੇ ਇਸ ਦੀ ਖਰੀਦ ਦੇ ਸਮਝੌਤੇ ਰੱਦ ਕਰਨੇ ਸ਼ੁਰੂ ਕਰ ਦਿੱਤੇ ਹਨ। ਇਜ਼ਰਾਈਲ ਦੀ ਮਸ਼ਹੂਰ ਸੁਰੱਖਿਆ ਪ੍ਰਣਾਲੀ ‘ਆਇਰਨ ਡੋਮ’ ਈਰਾਨੀ ਮਿਜ਼ਾਈਲਾਂ ਨੂੰ ਰੋਕਣ ਵਿੱਚ ਅਸਫਲ ਰਹੀ ਹੈ, ਜਿਸ ਕਾਰਨ ਤੇਲ ਅਵੀਵ ਅਤੇ ਡਿਮੋਨਾ ਵਰਗੇ ਸ਼ਹਿਰਾਂ ਵਿੱਚ ਭਾਰੀ ਤਬਾਹੀ ਹੋਈ ਹੈ। ਈਰਾਨ ਦੀਆਂ ਲੰਮੀ ਰੇਂਜ ਵਾਲੀਆਂ ਮਿਸਾਈਲਾਂ ਅਤੇ ਡੀਗੋ ਗਾਰਸੀਆ ਵਰਗੇ ਅੱਡਿਆਂ ਤੱਕ ਪਹੁੰਚ ਨੇ ਅਮਰੀਕੀ ਫੌਜ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਸੀ ਕਿ ਜੰਗ ਲੰਮੀ ਚਲੀ ਤਾਂ ਅਮਰੀਕਾ ਦੀ ਆਰਥਿਕਤਾ ਨੂੰ ਨੁਕਸਾਨ ਹੋਵੇਗਾ।

ਰੂਸ, ਚੀਨ ਅਤੇ ਉੱਤਰੀ ਕੋਰੀਆ ਖੁੱਲ੍ਹ ਕੇ ਈਰਾਨ ਦੀ ਮਦਦ ਕਰ ਰਹੇ ਹਨ। ਇਸ ਤੋਂ ਇਲਾਵਾ ਸਪੇਨ, ਸ੍ਰੀਲੰਕਾ ਅਤੇ ਬ੍ਰਾਜ਼ੀਲ ਵਰਗੇ ਖੱਬੇ ਪੱਖੀ ਸੋਚ ਵਾਲੇ ਦੇਸ਼ਾਂ ਨੇ ਅਮਰੀਕੀ ਕਾਰਵਾਈ ਦੀ ਸਖ਼ਤ ਨਿੰਦਾ ਕੀਤੀ ਹੈ। ਸ੍ਰੀਲੰਕਾ ਨੇ ਅਮਰੀਕਾ ਨੂੰ ਆਪਣੇ ਹਵਾਈ ਅੱਡੇ ਵਰਤਣ ਤੋਂ ਸਾਫ਼ ਰੋਕ ਦਿੱਤਾ ਸੀ। ਈਰਾਨ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜੇਕਰ ਇਰਾਦਾ ਮਜ਼ਬੂਤ ਹੋਵੇ, ਤਾਂ ਇੱਕ ਖੇਤਰੀ ਤਾਕਤ ਵੀ ਸੁਪਰ-ਪਾਵਰ ਨੂੰ ਰਣਨੀਤੀ ਵਿੱਚ ਮਾਤ ਦੇ ਸਕਦੀ ਹੈ। ਈਰਾਨ ਦੀ ਜੇਤੂ ਪਲੈਨਿੰਗ ਕੀ ਸੀ ?-ਈਰਾਨ ਦੀ ਅਸਲ ਜਿੱਤ ਉਸ ਦੀ ਪਲੈਨਿੰਗ ਵਿੱਚ ਛੁਪੀ ਹੈ। ਈਰਾਨ ਨੇ ਭਾਰੀ ਮਾਨਵੀ ਅਤੇ ਆਰਥਿਕ ਨੁਕਸਾਨ ਝੱਲਿਆ ਹੈ, ਉਸਦੇ ਚੋਟੀ ਦੇ ਆਗੂ ਮਾਰੇ ਗਏ ਸਨ, ਪਰ ਉੱਥੋਂ ਦੇ ਹਾਕਮ ਜਨਤਾ ਪ੍ਰਤੀ ਜਵਾਬਦੇਹ ਨਾ ਹੋਣ ਕਾਰਨ ਅਜੇ ਵੀ ਹਮਲਾਵਰ ਰੁਖ ਅਪਣਾ ਰਹੇ ਹਨ। ਦੂਜੇ ਪਾਸੇ, ਅਮਰੀਕਾ ਵਿੱਚ ਤੇਲ ਦੀਆਂ ਕੀਮਤਾਂ $4 ਪ੍ਰਤੀ ਗੈਲਨ ਤੱਕ ਪਹੁੰਚਣ ਅਤੇ ਵਿਆਜ ਦਰਾਂ ਵਧਣ ਕਾਰਨ ਜਨਤਾ ਵਿੱਚ ਬੇਚੈਨੀ ਹੈ, ਜਿਸ ਦਾ ਫਾਇਦਾ ਈਰਾਨ ਉਠਾ ਰਿਹਾ ਹੈ।

ਈਰਾਨੀ ਸੈਨਾ ਨੇ ਸਪੱਸ਼ਟ ਚੇਤਾਵਨੀ ਦਿੱਤੀ ਸੀ ਕਿ ਜੇਕਰ ਉਸ ਦੇ ਊਰਜਾ ਢਾਂਚੇ ’ਤੇ ਹਮਲਾ ਹੋਇਆ, ਤਾਂ ਉਹ ਖਾੜੀ ਦੇਸ਼ਾਂ ਵਿੱਚ ਮੌਜੂਦ ਅਮਰੀਕੀ ਅਤੇ ਇਜ਼ਰਾਈਲੀ ਟਿਕਾਣਿਆਂ ਨੂੰ ਉਡਾ ਦੇਵੇਗਾ ਅਤੇ ਹੋਰਮੁਜ਼ ਜਲਡਮਰੂਮੱਧ ਨੂੰ ਪੂਰੀ ਤਰ੍ਹਾਂ ਬੰਦ ਕਰ ਦੇਵੇਗਾ। ਈਰਾਨ ਕੋਲ ‘ਹੋਰਮੁਜ਼ ਜਲਡਮਰੂ’ ਨੂੰ ਬੰਦ ਕਰਨ ਵਰਗੀ ਤਾਕਤ ਸੀ। ਸਸਤੇ ਡਰੋਨਾਂ ਅਤੇ ਸਮੁੰਦਰੀ ਸੁਰੰਗਾਂ ਰਾਹੀਂ ਉਹ ਵਿਸ਼ਵ ਵਪਾਰ ਨੂੰ ਬੰਧਕ ਬਣਾ ਕੇ ਅਮਰੀਕਾ ’ਤੇ ਦਬਾਅ ਪਾਇਆ। ਵਿਸ਼ਵ ਦਾ 20% ਕੱਚਾ ਤੇਲ ਇਸੇ ਰਸਤੇ ਤੋਂ ਗੁਜ਼ਰਦਾ ਹੈ। ਤੇਲ 100 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਚੜ੍ਹਣ ਨਾਲ ਅਮਰੀਕੀ ਆਰਥਿਕਤਾ ਡਗਮਗਾ ਗਈ। ਗੈਸ ਦੀਆਂ ਕੀਮਤਾਂ ਵਧ ਗਈਆਂ, ਇਨਫਲੇਸ਼ਨ ਵਧ ਗਈ। ਈਰਾਨ ਦੀਆਂ ਲੰਮੀ ਰੇਂਜ ਵਾਲੀਆਂ ਮਿਸਾਈਲਾਂ, ਡਰੋਨ ਅਤੇ ਸਾਈਬਰ ਤਾਕਤ ਅਮਰੀਕੀ ਬੇਸਾਂ ਲਈ ਖ਼ਤਰਾ ਹਨ। ਈਰਾਨ ਨੇ ਡੀਗੋ ਗਾਰਸੀਆ ਵੱਲ ਮਿਸਾਈਲਾਂ ਛੱਡੀਆਂ ਅਤੇ ਖਾੜੀ ਵਿੱਚ ਅਮਰੀਕੀ ਫਲੀਟ ਨੂੰ ਨਿਸ਼ਾਨਾ ਬਣਾਇਆ ਸੀ। ਅਮਰੀਕਾ ਇਸ ਘਾਤਕ ਪਲਟਵਾਰ ਤੋਂ ਚਿੰਤਤ ਸੀ।

ਟਰੰਪ ਦੀ ‘ਨਰਮੀ’ ਪਿੱਛੇ ਕੋਈ ਇਖ਼ਲਾਕੀ ਕਾਰਨ ਨਹੀਂ, ਸਗੋਂ ‘ਚੋਣ ਗਣਿਤ’ ਹੈ।2026 ਦੀਆਂ ਮਿਡ-ਟਰਮ ਚੋਣਾਂ ਸਿਰ ’ਤੇ ਹਨ। ਅਮਰੀਕੀ ਜਨਤਾ ਇੱਕ ਹੋਰ ਮਹਿੰਗੀ ਅਤੇ ਵਡੀ ਜੰਗ ਦੇ ਵਿਰੁੱਧ ਹੈ। ਇਸ ਕਰਕੇ ਅਮਰੀਕਾ ਨੂੰ ਜੰਗ ਤੋਂ ਪਿਛੇ ਹਟਣਾ ਪਿਆ। ਇਸ ਸੰਘਰਸ਼ ਵਿੱਚ ਅਮਰੀਕਾ ਇਕੱਲਾ ਪੈ ਗਿਆ ਸੀ। ਚੀਨ, ਰੂਸ ਅਤੇ ਇੱਥੋਂ ਤੱਕ ਕਿ ਭਾਰਤ ਵਰਗੇ ਦੇਸ਼ਾਂ ਨੇ ਵੀ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਆਪਣੀ ਊਰਜਾ ਸੁਰੱਖਿਆ ਨੂੰ ਅਮਰੀਕੀ ਜੰਗ ਦੀ ਭੇਟ ਨਹੀਂ ਚੜ੍ਹਾਉਣਗੇ। ਯੂਰਪੀਅਨ ਸਹਿਯੋਗੀ (ਬ੍ਰਿਟੇਨ, ਫਰਾਂਸ, ਜਰਮਨੀ) ਵੀ ਇਸ ਪੂਰਨ ਜੰਗ ਦਾ ਸਮਰਥਨ ਕਰਨ ਤੋਂ ਝਿਜਕ ਰਹੇ ਸਨ। ਸਪੇਨ ਦੇ ਪ੍ਰਧਾਨ ਮੰਤਰੀ ਦਾ ਚੀਨ ਦੌਰਾ ਅਤੇ ਅਮਰੀਕੀ ਫੌਜੀ ਅੱਡਿਆਂ ਦੀ ਵਰਤੋਂ ਤੋਂ ਇਨਕਾਰ ਕਰਨਾ ਇਸ ਗੱਲ ਦਾ ਸਬੂਤ ਹੈ ਕਿ ਦੁਨੀਆ ਹੁਣ ਅਮਰੀਕਾ ਦੇ ‘ਇਕਤਰਫਾ ਜੰਗਬਾਜ਼ੀ’ ਦੇ ਵਿਰੁੱਧ ਖੜ੍ਹੀ ਹੋ ਰਹੀ ਹੈ। ਈਰਾਨ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜੇਕਰ ਇਰਾਦਾ ਮਜ਼ਬੂਤ ਹੋਵੇ ਅਤੇ ਰਣਨੀਤੀ ਸਹੀ ਹੋਵੇ, ਤਾਂ ਇੱਕ ਖੇਤਰੀ ਸ਼ਕਤੀ ਵੀ ਦੁਨੀਆ ਦੀ ਸਭ ਤੋਂ ਵੱਡੀ ਫੌਜੀ ਸ਼ਕਤੀ ਨੂੰ ਗੋਡਿਆਂ ਭਾਰ ਲਿਆ ਸਕਦੀ ਹੈ।

## ਈਰਾਨ ਦੀਆਂ ਪ੍ਰਮੁੱਖ ਸ਼ਰਤਾਂ ਇਹ ਹਨ

ਈਰਾਨ, ਲੇਬਨਾਨ ਅਤੇ ਇਰਾਕ ਵਿੱਚ ਇੱਕੋ ਸਮੇਂ ਜੰਗਬੰਦੀ ਹੋਵੇ ਅਤੇ ਖੇਤਰ ਵਿੱਚੋਂ ਅਮਰੀਕੀ ਫੌਜੀ ਅੱਡੇ ਬੰਦ ਕੀਤੇ ਜਾਣ। ਈਰਾਨ ਨੇ ਸਾਫ਼ ਕਰ ਦਿੱਤਾ ਹੈ ਕਿ ਉਹ ਆਪਣੇ ਮਿਜ਼ਾਈਲ ਪ੍ਰੋਗਰਾਮ ਵਿੱਚ ਕੋਈ ਬਦਲਾਅ ਨਹੀਂ ਕਰੇਗਾ ਅਤੇ ਇਹ ਪਹਿਲਾਂ ਵਾਂਗ ਜਾਰੀ ਰਹੇਗਾ। ਪਰਮਾਣੂ ਕੇਂਦਰਾਂ ’ਤੇ ਹੋਏ ਹਮਲਿਆਂ ਦੇ ਜਵਾਬ ਵਿੱਚ ਈਰਾਨ ਨਵੀਂ ਪਰਮਾਣੂ ਨੀਤੀ ਬਣਾਏਗਾ ਅਤੇ ਯੂਰੇਨੀਅਮ ਵਿਚ ਵਾਧਾ ਕਰਨਾ ਜਾਰੀ ਰੱਖੇਗਾ। ਅਮਰੀਕਾ ਅਤੇ ਇਜ਼ਰਾਈਲ ਦੇ ਹਮਲਿਆਂ ਕਾਰਨ ਹੋਏ ਜਾਨੀ-ਮਾਲੀ ਨੁਕਸਾਨ ਲਈ ਈਰਾਨ ਨੇ ਭਾਰੀ ਮੁਆਵਜ਼ੇ ਦੀ ਮੰਗ ਕੀਤੀ ਹੈ। ਹੋਰਮੁਜ਼ ਜਲਡਮਰੂ ਲਈ ਇੱਕ ਨਵਾਂ ਕਾਨੂੰਨੀ ਢਾਂਚਾ ਬਣਾਉਣ ਦੀ ਮੰਗ ਰੱਖੀ ਗਈ ਹੈ।

## ਕੀ ਅਮਰੀਕਾ-ਈਰਾਨ ਜੰਗ ਰੋਕਣ ਲਈ ਪਾਕਿਸਤਾਨ ਵਿਚੋਲਗਿਰੀ ਕਰੇਗਾ

ਇਕਨਾਮਿਕ ਟਾਈਮਜ਼ ਦੀਆਂ ਰਿਪੋਰਟਾਂ ਅਨੁਸਾਰ ਅਮਰੀਕਾ ਅਤੇ ਈਰਾਨ ਵਿਚਾਲੇ ਚੱਲ ਰਹੇ ਭਿਆਨਕ ਫੌਜੀ ਟਕਰਾਅ ਨੂੰ ਖ਼ਤਮ ਕਰਨ ਲਈ ਅੰਤਰਰਾਸ਼ਟਰੀ ਪੱਧਰ ’ਤੇ ਕੋਸ਼ਿਸ਼ਾਂ ਤੇਜ਼ ਹੋ ਗਈਆਂ ਹਨ। ਤਾਜ਼ਾ ਰਿਪੋਰਟਾਂ ਅਨੁਸਾਰ, ਪਾਕਿਸਤਾਨ ਇਸ ਵਿਵਾਦ ਨੂੰ ਸੁਲਝਾਉਣ ਲਈ ਇੱਕ ਵਿਚੋਲੇ ਵਜੋਂ ਉੱਭਰਿਆ ਦਸਿਆ ਜਾਂਦਾ ਹੈ ਅਤੇ ਦੋਵਾਂ ਦੇਸ਼ਾਂ ਦੇ ਉੱਚ ਅਧਿਕਾਰੀ ਜਲਦੀ ਹੀ ਇਸਲਾਮਾਬਾਦ ਵਿੱਚ ਆਹਮੋ-ਸਾਹਮਣੇ ਬੈਠ ਸਕਦੇ ਹਨ। ਸੂਤਰਾਂ ਦੇ ਹਵਾਲੇ ਨਾਲ ਖ਼ਬਰ ਹੈ ਕਿ ਪਾਕਿਸਤਾਨੀ ਫੌਜ ਦੇ ਮੁਖੀ ਫੀਲਡ ਮਾਰਸ਼ਲ ਅਸੀਮ ਮੁਨੀਰ ਨੇ ਬੀਤੇ ਦਿਨੀਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਫੋਨ ’ਤੇ ਗੱਲਬਾਤ ਕੀਤੀ ਸੀ। ਇਸ ਦੇ ਨਾਲ ਹੀ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ ਈਰਾਨੀ ਰਾਸ਼ਟਰਪਤੀ ਪੇਜ਼ੇਸ਼ਕੀਆਨ ਨਾਲ ਰਾਬਤਾ ਕਾਇਮ ਕੀਤਾ ਸੀ। ਪਾਕਿਸਤਾਨ ਤੋਂ ਇਲਾਵਾ ਤੁਰਕੀ ਅਤੇ ਮਿਸਰ ਵੀ ਇਸ ਸ਼ਾਂਤੀ ਪ੍ਰਕਿਰਿਆ ਵਿੱਚ ਸਰਗਰਮ ਭੂਮਿਕਾ ਨਿਭਾ ਰਹੇ ਹਨ। ਤੁਰਕੀ ਦੀ ਅਨਾਦੋਲੂ ਏਜੰਸੀ ਮੁਤਾਬਕ, ਇੱਕ ਉੱਚ ਪੱਧਰੀ ਅਮਰੀਕੀ ਵ਼ਫ਼ਦ ਅਗਲੇ ਇੱਕ-ਦੋ ਦਿਨਾਂ ਵਿੱਚ ਪਾਕਿਸਤਾਨ ਪਹੁੰਚ ਸਕਦਾ ਹੈ। ਇਸ ਵ਼ਫ਼ਦ ਵਿੱਚ ਸ਼ਾਮਲ ਹੋਣ ਵਾਲੇ ਸੰਭਾਵੀ ਨਾਮ ਹਨ: ਸਟੀਵ ਵਿਟਕਾਫ ਜ਼ੋ ਟਰੰਪ ਦੇ ਮੱਧ ਪੂਰਬ ਲਈ ਵਿਸ਼ੇਸ਼ ਦੂਤ ਹਨ,ਦੂਸਰੇ ?ਜੇਰੇਡ ਕੁਸ਼ਨਰ ਡੋਨਾਲਡ ਟਰੰਪ ਦੇ ਦਾਮਾਦ ਅਤੇ ਸਾਬਕਾ ਸਲਾਹਕਾਰ ਹਨ। ਹਾਲਾਂਕਿ ਪਾਕਿਸਤਾਨੀ ਵਿਦੇਸ਼ ਮੰਤਰਾਲੇ ਦੇ ਸੂਤਰਾਂ ਦਾ ਕਹਿਣਾ ਹੈ ਕਿ ਉਹ ਈਰਾਨ ਨੂੰ ਗੱਲਬਾਤ ਦੀ ਮੇਜ਼ ’ਤੇ ਲਿਆਉਣ ਲਈ ’ਬੈਕ-ਚੈਨਲ’ ਕੋਸ਼ਿਸ਼ਾਂ ਕਰ ਰਹੇ ਹਨ, ਪਰ ਈਰਾਨ ਦੇ ਵਿਦੇਸ਼ ਮੰਤਰਾਲੇ ਨੇ ਅਜੇ ਤੱਕ ਅਮਰੀਕਾ ਨਾਲ ਕਿਸੇ ਵੀ ਸਿੱਧੀ ਗੱਲਬਾਤ ਦੀ ਪੁਸ਼ਟੀ ਨਹੀਂ ਕੀਤੀ ਹੈ। ਦੂਜੇ ਪਾਸੇ, ਰਾਸ਼ਟਰਪਤੀ ਟਰੰਪ ਨੇ ਫਲੋਰੀਡਾ ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਇੱਕ “ਬਹੁਤ ਹੀ ਸਤਿਕਾਰਤ ਈਰਾਨੀ ਅਧਿਕਾਰੀ” ਨਾਲ ਉਨ੍ਹਾਂ ਦੀ ਸਾਰਥਕ ਗੱਲਬਾਤ ਹੋਈ ਹੈ।

## ਪੰਜਾਬ ਟਾਈਮਜ਼ ਦਾ ਵਿਸਾਖੀ ਵਿਸ਼ੇਸ਼ ਅੰਕ 9 ਅਪਰੈਲ ਨੂੰ

ਖਾਲਸਾ ਪੰਥ ਦੇ ਸਿਰਜਨਾ ਦਿਵਸ ਤੇ ਵਿਸਾਖੀ ਦਿਹਾੜਾ 14 ਅਪਰੈਲ ਨੂੰ ਆ ਰਿਹਾ ਹੈ। ਇਸ ਸ਼ੁੱਭ ਮੌਕੇ ਪੰਜਾਬ ਟਾਈਮਜ਼ ਵੱਲੋਂ ਹਰ ਸਾਲ ਦੀ ਤਰ੍ਹਾਂ (ਵਿਸਾਖੀ ਵਿਸ਼ੇਸ਼ ਅੰਕ) 9 ਅਪ੍ਰੈਲ 2026 ਨੂੰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਅੰਕ ਵਿੱਚ ਬਹੁਤ ਸਾਰੇ ਲੇਖਕਾਂ, ਵਿਦਵਾਨਾਂ, ਦੀਆਂ ਰਚਨਾਵਾਂ ਛਾਪੀਆਂ ਜਾ ਰਹੀਆਂ ਹਨ । ਇਸ ਲਈ ਵਪਾਰਕ ਅਦਾਰਿਆਂ ਅਤੇ ਨਿੱਜੀ ਸੰਸਥਾਵਾਂ ਲਈ ਵੀ ਵਧੀਆ ਮੌਕਾ ਹੈ ਕਿ ਉਹ ਰੰਗਦਾਰ ਸਫਿਆਂ ‘ਤੇ ਆਪਣੇ ਕਾਰੋਬਾਰ ਸਬੰਧੀ ਅਤੇ ਨਿੱਜੀ ਤੌਰ ਤੇ ਵਧਾਈ ਦੇਣ ਲਈ ਇਸ਼ਤਿਹਾਰ ਦੇ ਸਕਦੇ ਹਨ। ਆਪਣੇ ਇਸ਼ਤਿਹਾਰਾਂ ਲਈ ਥਾਂ ਬੁੱਕ ਕਰਵਾਉਣ ਵਾਸਤੇ ਹੇਠਾਂ ਦਿੱਤੇ ਨੰਬਰ ‘ਤੇ ਸੰਪਰਕ ਕਰੋ ਜੀ ।

–ਸੰਪਾਦਕ ਸੰਪਰਕ ਲਈ ਫ਼ੋਨ: 07966 388 388 / 01332 372 851

ਈਮੇਲ: panjabtimes@aol.com www.panjabtimes.uk

# ਐਮ ਪੀ ਢੇਸੀ ਦੇ ਯਤਨਾਂ ਸਦਕਾ ਸਲੋਹ ਦੇ ਵਿਕਾਸ ਲਈ ਸਰਕਾਰ ਵੱਲੋਂ 4 ਕਰੋੜ ਪੌਂਡ ਦੀ ਵਿੱਤੀ ਸਹਾਇਤਾ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੀ ਸੰਸਦ ਵਿੱਚ ਭਾਈਚਾਰਕ, ਦੇਸ਼ ਪ੍ਰਤੀ ਵੱਖ ਵੱਖ ਮੁੱਦਿਆਂ ਦੇ ਨਾਲ ਨਾਲ ਸਲੋਹ ਹਲਕੇ ਲਈ ਅਵਾਜ਼ ਬੁਲੰਦ ਕਰਨ ਵਾਲੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਦੀਆਂ ਮੰਗਾਂ ਨੂੰ ਧਿਆਨ ਵਿੱਚ ਰੱਖਦਿਆਂ ਸਲੋਹ ਦੇ ਦੋ ਅਹਿਮ ਇਲਾਕਿਆਂ ਬ੍ਰਿਟਵੈਲ ਅਤੇ ਲੈਂਗਲੀ ਫੌਕਸਬਰੋ ਦੀ ਨੁਹਾਰ ਬਦਲਣ ਲਈ ਬਰਤਾਨੀਆ ਦੀ ਸਰਕਾਰ ਵੱਲੋਂ 4 ਕਰੋੜ ਪੌਂਡ ਦੀ ਵੱਡੀ ਵਿੱਤੀ ਸਹਾਇਤਾ ਦਾ ਐਲਾਨ ਕੀਤਾ ਹੈ। ਇਹ ਫੰਡ ਅਗਲੇ 10 ਸਾਲਾਂ ਦੌਰਾਨ ਇਨ੍ਹਾਂ ਖੇਤਰਾਂ ਦੇ ਸਰਵਪੱਖੀ ਵਿਕਾਸ ਲਈ ਖਰਚੇ ਜਾਣਗੇ।**




ਕੈਬਨਿਟ ਮੰਤਰੀ ਸਟੀਵ ਰੀਡ, ਐਮ ਪੀ ਤਨਮਨਜੀਤ ਸਿੰਘ ਢੇਸੀ ਸਕੂਲੀ ਬੱਚਿਆਂ ਨਾਲ

ਕੈਬਨਿਟ ਮੰਤਰੀ ਐਮ ਪੀ ਸਟੀਵ ਰੀਡ ਨੇ ਬੀਤੇ ਦਿਨੀ ਸਲੋਹ ਫੇਰੀ ਦੌਰਾਨ 2 ਕਰੋੜ ਪੌਂਡ ਦੀ ਵਾਧੂ 'ਪ੍ਰਾਈਡ ਇਨ ਪਲੇਸ' ਫੰਡਿੰਗ ਦਾ ਐਲਾਨ ਕੀਤਾ। ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਇਹ ਸਲੋਹ ਦੇ ਲੋਕਾਂ ਲਈ ਮਾਣ ਵਾਲੀ ਗੱਲ ਹੈ ਅਤੇ ਸਥਾਨਕ ਖੇਤਰਾਂ ਦੀ ਤਰੱਕੀ ਵਿੱਚ ਇਹ ਵਿੱਤੀ ਸਹਾਇਤਾ ਮੀਲ ਦਾ ਪੱਥਰ ਸਾਬਤ ਹੋਵੇਗੀ।

ਇਸ ਪ੍ਰੋਗਰਾਮ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਪੈਸਾ ਕਿੱਥੇ ਅਤੇ ਕਿਵੇਂ ਖਰਚਣਾ ਹੈ, ਇਸਦਾ ਫੈਸਲਾ ਸਰਕਾਰ ਨਹੀਂ ਸਗੋਂ ਸਥਾਨਕ ਨੇਬਰਹੁੱਡ ਬੋਰਡ ਵੱਲੋਂ ਕੀਤਾ ਜਾਵੇਗਾ। ਦੋਵਾਂ ਖੇਤਰਾਂ ਨੂੰ 2-2 ਕਰੋੜ ਪੌਂਡ ਦੀ ਰਾਸ਼ੀ ਮਿਲੇਗੀ, ਜੋ ਕਿ ਸਮਾਜਿਕ ਏਕਤਾ ਅਤੇ ਪਿਛਲੇ ਸਮੇਂ ਦੀਆਂ ਸਰਕਾਰਾਂ ਦੀ ਅਣਦੇਖੀ ਨੂੰ ਦੂਰ ਕਰਨ ਲਈ ਵਰਤੀ ਜਾਵੇਗੀ। ਇਸ ਫੰਡ ਰਾਹੀਂ ਖੇਡਾਂ ਦੇ ਮੈਦਾਨ, ਯੁਵਾ ਸੇਵਾਵਾਂ, ਹੁਨਰ ਕੇਂਦਰ, ਜਨਤਕ ਆਵਾਜਾਈ ਵਿੱਚ ਸੁਧਾਰ ਅਤੇ ਖਾਲੀ ਪਈਆਂ ਇਮਾਰਤਾਂ ਦੀ ਸਾਂਭ ਸੰਭਾਲ ਦੇ ਕੰਮ ਕੀਤੇ ਜਾ ਸਕਣਗੇ। ਐਮ ਪੀ ਢੇਸੀ ਨੇ ਦੱਸਿਆ ਕਿ 10 ਸਾਲਾਂ ਦੀ ਯੋਜਨਾ ਦਾ ਮਕਸਦ ਸਿਰਫ਼ ਨਵਾਂ ਬੁਨਿਆਦੀ ਢਾਂਚਾ ਖੜ੍ਹਾ ਕਰਨਾ ਹੀ ਨਹੀਂ, ਸਗੋਂ ਉਸ ਨੂੰ ਲੰਬੇ ਸਮੇਂ ਤੱਕ ਸਫਲਤਾਪੂਰਵਕ ਚਲਾਉਣਾ ਵੀ ਹੈ।

'ਪ੍ਰਾਈਡ ਇਨ ਪਲੇਸ' ਪ੍ਰੋਗਰਾਮ ਆਮ ਜਨਤਾ ਨੂੰ ਆਪਣੇ ਇਲਾਕੇ ਦੀ ਬਿਹਤਰੀ ਲਈ ਕੰਮ ਕਰਨ ਦਾ ਸਿੱਧਾ ਅਧਿਕਾਰ ਦਿੰਦੀ ਹੈ। ਇਸ ਮੌਕੇ ਸਥਾਨਕ ਕੌਂਸਲਰ, ਭਾਈਚਾਰਕ ਆਗੂ ਅਤੇ ਸੰਸਥਾਵਾਂ ਦੇ ਨੁਮਾਇੰਦੇ ਹਾਜ਼ਰ ਸਨ।

# ਜਥੇਦਾਰ ਤ੍ਰਿਲੋਚਨ ਸਿੰਘ ਦੀ ਅਗਵਾਈ ਵਿਚ ਅਖੰਡ ਕੀਰਤਨੀ ਜਥਾ ਯੂ ਕੇ ਦੀ 9 ਮੈਂਬਰੀ ਕਮੇਟੀ ਦੀ ਚੋਣ ਹੋਈ



ਜਥੇਦਾਰ ਤ੍ਰਲੋਚਨ ਸਿੰਘ

ਬ੍ਰਮਿੰਘਮ (ਪੰਜਾਬ ਟਾਈਮਜ਼) - ਅਖੰਡ ਕੀਰਤਨੀ ਜਥਾ ਯੂ ਕੇ ਦੀ 15 ਮਾਰਚ 2026 ਨੂੰ ਸਿੰਘ ਸਭਾ ਗੁਰਦੁਆਰਾ ਗ੍ਰੇਟ ਬਾਰ ਬ੍ਰਮਿੰਘਮ ਵਿਖੇ ਹੋਈ ਜਨਰਲ ਮੀਟਿੰਗ ਵਿਚ 9 ਕਮੇਟੀ ਸੇਵਾਦਾਰਾਂ ਦੀ ਸਰਬ ਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ। ਇਹ ਜਨਰਲ ਮੀਟਿੰਗ 1:30 ਵਜੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਛੋਟੇ ਹਾਲ ਵਿਚ ਹੋਈ। ਇਸ ਮੀਟਿੰਗ ਵਿਚ ਸੰਗਤਾਂ ਦਾ ਇਕੱਠ ਮਿਸਾਲੀ ਸੀ ਜੋ ਇਸ ਤੋਂ ਪਹਿਲਾਂ ਹੋਣ ਵਾਲੀਆਂ ਜਨਰਲ ਬਾਡੀ ਚੋਣ ਮੀਟਿੰਗਾਂ ਵਿਚ ਕਦੇ ਨਹੀਂ ਦੇਖਿਆ ਗਿਆ। ਮੀਟਿੰਗ ਤੋਂ ਪਹਿਲਾਂ ਜਥੇਦਾਰ ਤ੍ਰਲੋਚਨ ਸਿੰਘ ਨੇ ਸਿਮਰਨ ਕਰਵਾਇਆ ਅਤੇ ਚੌਪਈ ਦੇ ਪਾਠ ਉਪਰੰਤ ਅਰਦਾਸ ਅਤੇ ਹੁਕਮਨਾਮਾ ਲੈ ਕੇ ਸ਼ੁਰੂ ਕਰਵਾਈ।

ਸੇਵਾ ਮੁਕਤ ਕਮੇਟੀ ਦੇ ਜਨਰਲ ਸਕੱਤਰ ਡਾ: ਦਲਜੀਤ ਸਿੰਘ ਨੇ ਕਾਰਵਾਈ ਸ਼ੁਰੂ ਕੀਤੀ ਅਤੇ ਦੱਸਿਆ ਕਿ ਨਵੀਂ ਕਮੇਟੀ ਦੀ ਚੋਣ ਮੁਕੰਮਲ ਹੋਣ ਨਾਲ ਪੁਰਾਣੀ ਕਮੇਟੀ ਸੇਵਾ ਮੁਕਤ ਹੋ ਜਾਵੇਗੀ। ਪਹਿਲੀ ਕਮੇਟੀ ਦੇ ਸੇਵਾਦਾਰਾਂ ਭਾਈ ਲਖਵੀਰ ਸਿੰਘ, ਭਾਈ ਜੁਝਾਰ ਸਿੰਘ ਅਤੇ ਭਾਈ ਜਗਤਾਰ ਸਿੰਘ ਵੱਲੋਂ ਸਭਨਾਂ ਦਾ ਧੰਨਵਾਦ ਕੀਤਾ ਅਤੇ ਅਗਲੀ ਕਾਰਵਾਈ ਲਈ ਸਟੇਜ ਭਾਈ ਜਗਤਾਰ ਸਿੰਘ ਨੂੰ ਸੰਭਾਲ ਦਿੱਤੀ। ਜਥੇਦਾਰ ਭਾਈ ਤ੍ਰਲੋਚਨ ਸਿੰਘ ਨੇ ਨਾਮਜ਼ਦਗੀਆਂ ਮਿਲਣ ਤੋਂ ਬਾਅਦ ਦੱਸਿਆ ਕਿ ਇਸ ਵਾਰ ਸੰਗਤ ਨੇ ਬਹੁਤ ਉਤਸ਼ਾਹ ਵਿਖਾਇਆ ਅਤੇ ਪੂਰੇ ਇੰਗਲੈਂਡ ਚੋਂ 38 ਨਾਮਜ਼ਦਗੀਆਂ ਪ੍ਰਾਪਤ ਹੋਈਆਂ। ਇਤਰਾਜ਼ਾਂ ਤੇ ਯੋਗਤਾਵਾਂ ਅਨੁਸਾਰ ਛਾਂਟੀ ਕਰਨ ਬਾਅਦ 24 ਨਾਮ ਰਹਿ ਗਏ। ਪੰਜ ਮੁਖ ਸੇਵਾਦਾਰਾਂ ਨੇ ਬਿਨਾਂ ਪੱਖਪਾਤ ਅਤੇ ਯੋਗਤਾ ਅਨੁਸਾਰ 9 ਨਾਵਾਂ ਦੀ ਨਿਯੁਕਤੀ ਸੁਝਾਈ ਜਿਨ੍ਹਾਂ ਨੂੰ ਉਨ੍ਹਾਂ ਸੰਗਤ ਦੀ ਪਰਵਾਨਗੀ ਲਈ ਹੇਠ ਲਿਖੇ ਅਨੁਸਾਰ ਪੜ੍ਹ ਕੇ ਸੁਣਾਇਆ।

ਜਨਰਲ ਸਕੱਤਰ (ਚੇਅਰ): ਭਾਈ ਫਲਵਿੰਦਰ ਸਿੰਘ (ਲੈਮਿੰਗਟਨ ਸਪਾ), ਮੀਤ ਜਨਰਲ ਸਕੱਤਰ (ਵਾਈਸ ਚੇਅਰ): ਭਾਈ ਕੁਲਵਿੰਦਰ ਸਿੰਘ (ਬ੍ਰੈਡਫੋਰਡ), ਬੁਲ-ਾਰਾ: ਭਾਈ (ਡਾ.) ਦਪਿੰਦਰ ਸਿੰਘ (ਲੇਟਨ), ਖਜ਼ਾਨਚੀ: ਭਾਈ ਪ੍ਰਿਥੀਪਾਲ ਸਿੰਘ (ਮਾਨਚੈਸਟਰ), ਸੇਫਗਾਰਡਿੰਗ: ਬੀਬੀ ਕਿਰਪਾ ਕੌਰ (ਕੁਵੈਂਟਰੀ), ਧਰਮ ਪ੍ਰਚਾਰ: ਭਾਈ ਭੁਪਿੰਦਰ ਸਿੰਘ (ਬਰਮਿੰਘਮ), ਅੰਮ੍ਰਿਤ ਸੰਚਾਰ ਤਾਲਮੇਲ: ਭਾਈ ਤੇਜਿੰਦਰਵੀਰ ਸਿੰਘ (ਲੈਸਟਰ), ਮਾਮਲਾ ਤਾਲਮੇਲਕਾਰ: ਭਾਈ ਕਮਲਜੀਤ ਸਿੰਘ (ਬਰਮਿੰਘਮ), ਸੋਸ਼ਲ ਮੀਡੀਆ ਅਤੇ ਰਾਬਤਾ: ਬੀਬੀ ਜਸਕੀਰਤ ਕੌਰ (ਸਾਊਥਾਲ)। ਸੰਗਤ ਦੀ ਪਰਵਾਨਗੀ ਜੈਕਾਰੇ ਨਾਲ ਹੋਈ ਅਤੇ ਅਖੀਰ ਵਿਚ ਚੁਣੇ ਗਈ ਸੇਵਾਦਾਰ ਕਮੇਟੀ ਦੇ ਮੈਂਬਰਾਂ ਨੂੰ ਸਿਰੋਪੇ ਦਿੱਤੇ ਗਏ ਅਤੇ ਅਰਦਾਸ ਕਰਕੇ ਗੁਰੂ ਸਾਹਿਬ ਦੀ ਬਖਸ਼ਿਸ਼ ਮੰਗੀ ਗਈ। ਭਾਈ ਤ੍ਰਲੋਚਨ ਸਿੰਘ ਨੇ ਸੰਗਤਾਂ ਦਾ ਧੰਨਵਾਦ ਕੀਤਾ, ਏਕਤਾ ਦੀ ਅਪੀਲ ਕੀਤੀ ਅਤੇ ਡਰਬੀ ਵਿੱਚ ਹੋਣ ਵਾਲੇ ਅੰਤਰਰਾਸ਼ਟਰੀ ਸਮਾਗਮ (30 ਮਾਰਚ ਤੋਂ 6 ਅਪ੍ਰੈਲ) ਵਿੱਚ ਹੁੰਮ ਹੁਮਾ ਕੇ ਸ਼ਾਮਲ ਹੋਣ ਦੀ ਬੇਨਤੀ ਕੀਤੀ। ਸਾਰੀ ਕਾਰਵਾਈ ਬੜੇ ਸੁਖਾਵੇਂ ਮਾਹੌਲ ਵਿਚ ਹੋਈ।

# ਭਾਰਤ ਤੇ ਯੂ ਕੇ ਦੇ ਹਵਾਈ ਸੈਨਾ ਦੇ ਉਚ ਅਧਿਕਾਰੀਆਂ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਮੱਥਾ ਟੇਕਿਆ



ਭਾਰਤ ਦੇ ਚੀਫ਼ ਆਫ਼ ਏਅਰ ਸਟਾਫ ਸ: ਏ ਪੀ ਸਿੰਘ ਅਤੇ ਯੂ ਕੇ ਦੇ ਚੀਫ਼ ਆਫ਼ ਏਅਰ ਸਟਾਫ ਸਰ ਰਿਚ ਨਾਈਟਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਨਤਮਸਤਕ ਹੋਣ ਸਮੇਂ ਆਪਣੇ ਪਰਿਵਾਰਾਂ ਸਮੇਤ ਨਜ਼ਰ ਆ ਰਹੇ ਹਨ।

# ਨਾਨਕਸ਼ਾਹੀ ਕੈਲੰਡਰ ਬਾਰੇ ਮੁੜ ਵਿਚਾਰ ਕਰਨ ਲਈ ਸ੍ਰੀ ਅਕਾਲ ਤਖ਼ਤ, ਸ਼੍ਰੋਮਣੀ ਕਮੇਟੀ ਅਤੇ ਪੰਥਕ ਧਿਰਾਂ ਨੂੰ ਸੱਦਾ

ਅੰਮ੍ਰਿਤਸਰ (ਪੰਜਾਬ ਟਾਈਮਜ਼) - ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ, ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਗਿਆਨੀ ਜਗਤਾਰ ਸਿੰਘ ਜਾਚਕ ਸਾਬਕਾ ਗ੍ਰੰਥੀ, ਸ੍ਰੀ ਦਰਬਾਰ ਸਾਹਿਬ ਨੇ ਨਾਨਕਸ਼ਾਹੀ ਕੈਲੰਡਰ ਦੇ ਵਿਸ਼ੇ 'ਤੇ ਇੱਕ ਵਿਚਾਰ ਗੋਸ਼ਟੀ ਲਈ ਸ੍ਰੀ ਅਕਾਲ ਤਖਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਦੂਜੇ ਤਖਤਾਂ ਦੇ ਜਥੇਦਾਰ ਸਾਹਿਬਾਨ ਅਤੇ ਵੱਖ ਵੱਖ ਸਿੱਖ ਸੰਸਥਾਵਾਂ ਨੂੰ ਸੱਦਾ ਦਿੱਤਾ ਹੈ ਕਿ ਆਓ ਰਲ ਮਿਲ ਬੈਠੀਏ ਤੇ ਇਸ ਅਹਿਮ ਮੁੱਦੇ ਤੇ ਵਿਚਾਰ ਕਰਕੇ ਹੱਲ ਲੱਭੀਏ।

ਉਹਨਾਂ ਕਿਹਾ, ਪਿਛਲੇ ਦੋ ਦਹਾਕਿਆਂ ਤੋਂ ਕੈਲੰਡਰ ਵਿਸ਼ੇ 'ਤੇ ਜੋ ਬੇਲੋੜਾ ਵਾਦ ਵਿਵਾਦ ਚੱਲ ਰਿਹਾ ਹੈ; ਇਹ ਪੰਥਕ ਹਿਤਾਂ ਲਈ ਲਾਹੇਵੰਦ ਨਹੀਂ ਹੈ। ਇਸ ਸਾਲ ਜੇਠ ਨਾਮ ਦੇ ਦੋ ਮਹੀਨੇ ਆਉਣ ਨਾਲ ਸਾਡੀ ਪੁਜੀਸ਼ਨ ਹੋਰ ਵੀ ਹਾਸੋਹੀਣੀ ਬਣੀ ਹੋਈ ਹੈ। ਸ਼੍ਰੋਮਣੀ ਕਮੇਟੀ, ਤਖ਼ਤ ਸ੍ਰੀ ਪਟਨਾ ਸਾਹਿਬ, ਦਮਦਮੀ ਟਕਸਾਲ, ਗੁਰੂ ਨਾਨਕ ਮਿਸ਼ਨ ਨਿਊਜ਼ੀਲੈਂਡ ਅਤੇ ਕਰਨਲ ਸੁਰਜੀਤ ਸਿੰਘ ਨਿਸ਼ਾਨ ਵੱਲੋਂ ਬਣਾਏ 86 ਸਾਲਾ ਕੈਲੰਡਰ ਤੋਂ ਇਸ ਸਾਲ ਇਨ੍ਹਾਂ ਦਿਹਾੜਿਆਂ ਦੀਆਂ ਤਾਰੀਖ਼ਾਂ ਵੇਖੀਆਂ ਤਾਂ ਵੱਖ-ਵੱਖ ਤਾਰੀਖ਼ਾਂ ਮਿਲੀਆਂ ਜਿਨ੍ਹਾਂ 'ਚੋਂ ਸਾਨੂੰ ਕੋਈ ਸਮਝ ਨਹੀਂ ਸੀ ਆ ਰਹੀ ਕਿ ਇਨ੍ਹਾਂ ਸਾਰਿਆਂ 'ਚੋਂ ਠੀਕ ਕਿਹੜਾ ਹੈ?

ਪੰਥਕ ਹਿਤਾਂ ਨੂੰ ਸਮਝਦੇ ਹੋਏ ਉਹਨਾਂ ਨੇ ਹਾਰਦਿਕ ਸੱਦਾ ਦਿੱਤਾ ਹੈ ਕਿ ਆਓ ਸਾਰੀਆਂ ਧਿਰਾਂ ਹੇਠ ਲਿਖੇ ਪ੍ਰੋਗਰਾਮ ਅਨੁਸਰ ਸੰਜੀਦਾ ਵੀਚਾਰਾਂ ਕਰਨ ਲਈ ਇਕੱਤਰ ਹੋਈਏ। ਉਹਨਾਂ ਨੇ ਸਾਰੀਆਂ ਧਿਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਖ਼ੁਦ ਜਾਂ ਉਨ੍ਹਾਂ ਦਾ ਜਿੰਮੇਵਾਰ ਨੁਮਾਇੰਦਾ ਸਮੇਂ ਸਿਰ ਇਸ ਵੀਚਾਰ ਚਰਚਾ/ਉਸਾਰੂ ਸੰਵਾਦ 'ਚ ਸ਼ਾਮਲ ਹੋ ਕੇ ਆਪਣੀ ਜਿੰਮੇਵਾਰੀ ਨਿਭਾਉਣ। ਜੇ ਕੋਈ ਵਿਦਵਾਨ ਵਿਦੇਸ਼ 'ਚ ਬੈਠਾ ਹੋਣ ਕਰਕੇ ਸਰੀਰਕ ਤੌਰ 'ਤੇ ਆਉਣ ਤੋਂ ਅਸਮਰਥ ਹੈ ਤਾਂ ਉਸ ਲਈ ਪਹਿਲਾਂ ਸੂਚਨਾ ਦਿੱਤੇ ਜਾਣ 'ਤੇ ਔਨ ਲਾਈਨ ਭਾਗ ਲੈਣ ਦਾ ਵੀ ਪ੍ਰਬੰਧ ਕੀਤਾ ਜਾ ਸਕਦਾ ਹੈ। ਮਿਤੀ ੬ ਵੈਸਾਖ ਨਾਨਕਸ਼ਾਹੀ ਸੰਮਤ ੫੫੮/19 ਅਪ੍ਰੈਲ 2026 ਦਿਨ ਐਤਵਾਰ ਨੂੰ ਗੁਰਦੁਆਰਾ ਅਨਾਮ ਸਿੱਖ ਸ਼ਹੀਦਾਂ ਢੈਂਠਲ, ਪਟਿਆਲਾ ਤੋਂ ਸਮਾਨਾ ਰੋਡ ਵਿਖੇ। ਪੁੱਛ ਪੜਤਾਲ ਲਈ ਫੋਨ ਨੰਬਰ : 98 88 12365

# ਈਰਾਨ ਕੁਵੈਤ ਅਤੇ ਹੋਰ ਖਾੜੀ ਦੇਸ਼ਾਂ 'ਤੇ ਹਮਲੇ ਕਿਉਂ ਕਰ ਰਿਹਾ ਹੈ ?

**ਨਿਊਜ਼ ਸਟੋਰੀ** ✪ ਜੰਗ ਭਾਰਤ ਲਈ ਬਿਪਤਾ ਕਿਉਂ ? ✪ ਜੰਗ ਵਿਚ 2,100 ਤੋਂ ਵੱਧ ਬੱਚੇ ਮਾਰੇ ਗਏ ਹਨ



ਇਰਾਨ ਦੀ ਇਜ਼ਰਾਈਲ ਅਮਰੀਕਾ ਨਾਲ ਜੰਗ 28 ਫਰਵਰੀ 2024 ਨੂੰ ਉਦੋਂ ਸ਼ੁਰੂ ਹੋਈ ਸੀ ਜਦੋਂ ਇਜ਼ਰਾਈਲ ਅਤੇ ਅਮਰੀਕਾ ਨੇ ਈਰਾਨ 'ਤੇ ਹਮਲੇ ਕੀਤੇ ਸਨ। ਉਦੋਂ ਤੋਂ ਈਰਾਨ ਲਗਾਤਾਰ ਗੁਆਂਢੀ ਦੇਸ਼ਾਂ (ਕੁਵੈਤ, ਯੂ.ਏ.ਈ., ਕਤਰ) ਨੂੰ ਨਿਸ਼ਾਨਾ ਬਣਾ ਰਿਹਾ ਹੈ ਹੁਣੇ ਜਿਹੇ ਕੁਵੈਤ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਇੱਕ ਵਾਰ ਫਿਰ ਡਰੋਨ ਹਮਲਾ ਹੋਇਆ ਸੀ, ਜਿਸ ਵਿੱਚ ਇੱਕ ਫਿਊਲ ਟੈਂਕ (ਤੇਲ ਦੀ ਟੈਂਕੀ) ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਹਮਲੇ ਤੋਂ ਬਾਅਦ ਹਵਾਈ ਅੱਡੇ 'ਤੇ ਭਿਆਨਕ ਅੱਗ ਲੱਗ ਗਈ, ਜਿਸ 'ਤੇ ਕਾਬੂ ਪਾਉਣ ਲਈ ਫਾਇਰ ਬ੍ਰਿਗੇਡ ਦੀਆਂ ਟੀਮਾਂ ਨੂੰ ਸਖ਼ਤ ਮਿਹਨਤ ਕਰਨੀ ਪਈ। ਨਾਗਰਿਕ ਹਵਾਬਾਜ਼ੀ ਡਾਇਰੈਕਟੋਰੇਟ ਜਨਰਲ ਦੇ ਬੁਲਾਰੇ ਅਬਦੁੱਲਾ ਅਲ-ਰਾਜਹੀ ਅਨੁਸਾਰ, ਇਸ ਘਟਨਾ ਵਿੱਚ ਕਿਸੇ ਜਾਨੀ ਨੁਕਸਾਨ ਦੀ ਖ਼ਬਰ ਨਹੀਂ ਹੈ, ਪਰ ਹਵਾਈ ਅੱਡੇ ਦੀਆਂ ਸਹੂਲਤਾਂ ਨੂੰ "ਸੀਮਤ" ਨੁਕਸਾਨ ਪਹੁੰਚਿਆ ਹੈ। ਹਮਲੇ ਤੋਂ ਤੁਰੰਤ ਬਾਅਦ ਐਮਰਜੈਂਸੀ ਪ੍ਰੋਟੋਕੋਲ ਲਾਗੂ ਕਰ ਦਿੱਤੇ ਗਏ ਅਤੇ ਸੁਰੱਖਿਆ ਬਲਾਂ ਨੇ ਇਲਾਕੇ ਨੂੰ ਘੇਰ ਲਿਆ।

ਈਰਾਨ ਦਾ ਦਾਅਵਾ ਹੈ ਕਿ ਕੁਵੈਤ, ਬਹਿਰੀਨ ਅਤੇ ਯੂ.ਏ.ਈ. ਵਰਗੇ ਦੇਸ਼ ਆਪਣੇ ਦੇਸ਼ ਵਿੱਚ ਅਮਰੀਕੀ ਫੌਜੀ ਬੇਸਾਂ ਨੂੰ ਜਗ੍ਹਾ ਦੇ ਰਹੇ ਹਨ। ਈਰਾਨ ਅਨੁਸਾਰ, ਅਮਰੀਕਾ ਇਨ੍ਹਾਂ ਟਿਕਾਣਿਆਂ ਦੀ ਵਰਤੋਂ ਈਰਾਨ ਵਿਰੁੱਧ ਹਮਲੇ ਕਰਨ ਲਈ ਕਰ ਰਿਹਾ ਹੈ। ਇਸੇ ਬਦਲੇ ਵਜੋਂ ਈਰਾਨ ਇਨ੍ਹਾਂ ਦੇਸ਼ਾਂ ਦੇ ਬੁਨਿਆਦੀ ਢਾਂਚੇ, ਖਾਸ ਕਰਕੇ ਹਵਾਈ ਅੱਡਿਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਈਰਾਨ ਨੇ ਧਮਕੀ ਦਿੱਤੀ ਹੈ ਕਿ ਜੇਕਰ ਉਸ ਦੇ ਤੇਲ ਟੈਂਕਾਂ ਜਾਂ ਪਾਵਰ ਪਲਾਂਟਾਂ ਨੂੰ ਨੁਕਸਾਨ ਪਹੁੰਚਾਇਆ ਗਿਆ, ਤਾਂ ਉਹ ਪੂਰੇ ਖੇਤਰ ਦੀ ਊਰਜਾ ਸਪਲਾਈ ਠੱਪ ਕਰ ਦੇਵੇਗਾ। ਕੁਵੈਤ ਏਅਰਪੋਰਟ ਦੇ ਫਿਊਲ ਟੈਂਕ (ਤੇਲ ਟੈਂਕੀ) 'ਤੇ ਹਮਲਾ ਕਰਨ ਦਾ ਮਕਸਦ ਦੁਨੀਆ ਨੂੰ ਇਹ ਦਿਖਾਉਣਾ ਹੈ ਕਿ ਈਰਾਨ ਕੋਲ ਤੇਲ ਦੀ ਸਪਲਾਈ ਰੋਕਣ ਦੀ ਤਾਕਤ ਹੈ। ਇਸ ਨਾਲ ਵਿਸ਼ਵ ਬਾਜ਼ਾਰ ਵਿੱਚ ਤੇਲ ਦੀਆਂ ਕੀਮਤਾਂ ਵੀ ਤੇਜ਼ੀ ਨਾਲ ਵਧ ਰਹੀਆਂ ਹਨ। ਈਰਾਨ ਨੇ ਦੁਨੀਆ ਦੇ ਸਭ ਤੋਂ ਮਹੱਤਵਪੂਰਨ ਸਮੁੰਦਰੀ ਰਸਤੇ 'ਹਾਰਮੁਜ਼' ਨੂੰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਹ ਚਾਹੁੰਦਾ ਹੈ ਕਿ ਜੇਕਰ ਉਹ ਆਪਣਾ ਤੇਲ ਨਹੀਂ ਵੇਚ ਸਕਦਾ, ਤਾਂ ਉਹ ਕਿਸੇ ਹੋਰ ਦੇਸ਼ ਨੂੰ ਵੀ ਉੱਥੋਂ ਤੇਲ ਨਹੀਂ ਲਿਜਾਣ ਦੇਵੇਗਾ। ਕੁਵੈਤ ਵਰਗੇ ਦੇਸ਼ ਜੋ ਅਮਰੀਕਾ ਦੇ ਨਜ਼ਦੀਕੀ ਸਾਥੀ ਹਨ, ਉਨ੍ਹਾਂ 'ਤੇ ਹਮਲਾ ਕਰਕੇ ਈਰਾਨ ਅਮਰੀਕਾ ਉਪਰ ਦਬਾਅ ਪਾ ਰਿਹਾ ਹੈ।

### ਜੰਗ ਦਾ ਬੱਚਿਆਂ 'ਤੇ ਅਸਰ: ਮੁੱਖ ਅੰਕੜੇ

ਜੰਗ ਦੇ ਮਹਿਜ਼ 23 ਦਿਨਾਂ ਦੇ ਅੰਦਰ ਜੋ ਨੁਕਸਾਨ ਹੋਇਆ ਹੈ, ਉਹ ਰੂਹ ਕੰਬਾਊ ਹੈ। ਇਸ ਜੰਗ ਦੌਰਾਨ 2,100 ਤੋਂ ਵੱਧ ਬੱਚੇ ਮਾਰੇ ਗਏ ਹਨ।

ਈਰਾਨ ਵਿਚ ਲਗਭਗ 32 ਲੱਖ ਲੋਕ ਬੇਘਰ ਹੋਏ ਹਨ, ਜਿਨ੍ਹਾਂ ਵਿੱਚ 8.64 ਲੱਖ ਸਿਰਫ਼ ਬੱਚੇ ਹਨ। ਲਿਬਨਾਨ 10 ਲੱਖ ਤੋਂ ਵੱਧ ਲੋਕ ਬੇਘਰ ਹੋ ਚੁੱਕੇ ਹਨ, ਜਿਸ ਵਿੱਚ 3.7 ਲੱਖ ਬੱਚੇ ਸ਼ਾਮਲ ਹਨ। ਲਿਬਨਾਨ ਵਿੱਚ 350 ਤੋਂ ਵੱਧ ਸਰਕਾਰੀ ਸਕੂਲਾਂ ਨੂੰ ਸ਼ੈਲਟਰ ਹੋਮ (ਪਨਾਹਗੀਰ ਕੈਂਪ) ਬਣਾ ਦਿੱਤਾ ਗਿਆ ਹੈ, ਜਿਸ ਨਾਲ 1 ਲੱਖ ਤੋਂ ਵੱਧ ਬੱਚਿਆਂ ਦੀ ਪੜ੍ਹਾਈ ਰੁਕ ਗਈ ਹੈ। ਯੂਨੀਸੈਫ ਦੇ ਡਾਇਰੈਕਟਰ ਟੈਡ ਚੈਬਨ ਨੇ ਚੇਤਾਵਨੀ ਦਿੱਤੀ ਹੈ ਕਿ ਜੰਗ ਕਾਰਨ ਜਲ ਸਪਲਾਈ ਪ੍ਰਣਾਲੀ ਪੂਰੀ ਤਰ੍ਹਾਂ ਨੁਕਸਾਨੀ ਗਈ ਹੈ, ਜਿਸ ਨਾਲ ਬਿਮਾਰੀਆਂ ਫੈਲਣ ਦਾ ਖਤਰਾ ਵਧ ਗਿਆ ਹੈ। ਹਸਪਤਾਲਾਂ 'ਤੇ ਦਬਾਅ ਹੈ ਅਤੇ ਬਚਾਅ ਕਾਰਜਾਂ ਦੌਰਾਨ ਸਿਹਤ ਕਰਮਚਾਰੀ ਵੀ ਆਪਣੀ ਜਾਨ ਗੁਆ ਰਹੇ ਹਨ। ਹਾਲਾਂਕਿ ਯੂਨੀਸੈਫ ਨੇ 1.5 ਲੱਖ ਲੋਕਾਂ ਤੱਕ ਮਦਦ ਪਹੁੰਚਾਈ ਹੈ, ਪਰ ਲੋੜਵੰਦਾਂ ਦੀ ਗਿਣਤੀ ਦੇ ਮੁਕਾਬਲੇ ਫੰਡ ਅਤੇ ਵਸੀਲੇ ਬਹੁਤ ਘੱਟ ਹਨ।

ਇਹ ਰਿਪੋਰਟ ਸਪੱਸ਼ਟ ਕਰਦੀ ਹੈ ਕਿ ਜੇਕਰ ਤੁਰੰਤ ਕੋਈ ਸਿਆਸੀ ਹੱਲ ਨਾ ਲੱਭਿਆ ਗਿਆ ਅਤੇ ਤਣਾਅ ਘੱਟ ਨਾ ਕੀਤਾ ਗਿਆ, ਤਾਂ ਆਉਣ ਵਾਲੇ ਦਿਨਾਂ ਵਿੱਚ ਮਾਸੂਮਾਂ ਦੀਆਂ ਮੌਤਾਂ ਦਾ ਅੰਕੜਾ ਹੋਰ ਵੀ ਭਿਆਨਕ ਹੋ ਸਕਦਾ ਹੈ।

## ਭਾਰਤ ਲਈ ਇਹ ਸੰਕਟ ਗੰਭੀਰ ਕਿਉਂ ਹੈ ?

ਪ੍ਰਧਾਨ ਮੰਤਰੀ ਨੇ ਸੰਸਦ ਵਿੱਚ ਦੱਸਿਆ ਕਿ ਇਹ ਜੰਗ ਸਿਰਫ਼ ਦੋ ਦੇਸ਼ਾਂ ਵਿਚਕਾਰ ਨਹੀਂ ਹੈ, ਸਗੋਂ ਇਸ ਨੇ ਵਿਸ਼ਵ ਪੱਧਰ 'ਤੇ ਊਰਜਾ ਸੰਕਟ ਪੈਦਾ ਕਰ ਦਿੱਤਾ ਹੈ। ਭਾਰਤ ਲਈ ਚਿੰਤਾ ਦੇ ਮੁੱਖ ਕਾਰਨ ਹਨ ਕਿ ਵਿਸ਼ਵ ਵਪਾਰ ਦਾ ਸਭ ਤੋਂ ਵੱਡਾ ਰੂਟ 'ਹੋਰਮੁਜ਼ ਸਟ੍ਰੇਟ' ਜੰਗ ਕਾਰਨ ਅਸੁਰੱਖਿਅਤ ਹੋ ਗਿਆ ਹੈ। ਭਾਰਤ ਦੀ ਪੈਟਰੋਲ, ਡੀਜ਼ਲ, ਗੈਸ ਅਤੇ ਫਰਟੀਲਾਈਜ਼ਰ (ਖਾਦ) ਦੀ ਨਿਯਮਤ ਸਪਲਾਈ ਇਸੇ ਰਸਤੇ ਰਾਹੀਂ ਹੁੰਦੀ ਹੈ, ਜੋ ਹੁਣ ਖਤਰੇ ਵਿੱਚ ਹੈ। ਖਾੜੀ ਦੇਸ਼ਾਂ ਵਿੱਚ ਲਗਭਗ ਇੱਕ ਕਰੋੜ ਭਾਰਤੀ ਰਹਿੰਦੇ ਹਨ ਅਤੇ ਸਮੁੰਦਰੀ ਜਹਾਜ਼ਾਂ ਦੇ ਚਾਲਕ ਦਲ ਵਿੱਚ ਵੀ ਵੱਡੀ ਗਿਣਤੀ ਭਾਰਤੀਆਂ ਦੀ ਹੈ। ਪ੍ਰਧਾਨ ਮੰਤਰੀ ਨੇ ਦੱਸਿਆ ਕਿ ਸਰਕਾਰ ਨੇ ਇਸ ਸੰਕਟ ਨਾਲ ਨਜਿੱਠਣ ਲਈ ਪਹਿਲਾਂ ਹੀ ਰਣਨੀਤੀ ਤਿਆਰ ਕਰ ਲਈ ਹੈ। ਭਾਰਤ ਨੇ ਤੇਲ ਅਤੇ ਗੈਸ ਲਈ ਆਪਣੀ ਨਿਰਭਰਤਾ ਨੂੰ ਵੰਡ ਲਿਆ ਹੈ। ਪਹਿਲਾਂ ਭਾਰਤ 27 ਦੇਸ਼ਾਂ ਤੋਂ ਤੇਲ ਮੰਗਵਾਉਂਦਾ ਸੀ, ਜਦਕਿ ਅੱਜ 41 ਦੇਸ਼ਾਂ ਤੋਂ ਦਰਾਮਦ ਹੋ ਰਹੀ ਹੈ। ਭਾਰਤ ਕੋਲ 53 ਲੱਖ ਮੀਟ੍ਰਿਕ ਟਨ ਤੋਂ ਜ਼ਿਆਦਾ ਕੱਚੇ ਤੇਲ ਦਾ ਭੰਡਾਰ ਮੌਜੂਦ ਹੈ ਅਤੇ 65 ਲੱਖ ਮੀਟ੍ਰਿਕ ਟਨ ਦੇ ਹੋਰ ਰਿਜ਼ਰਵ 'ਤੇ ਕੰਮ ਚੱਲ ਰਿਹਾ ਹੈ। ਕੋਰੋਨਾ ਕਾਲ ਦੀ ਤਰ੍ਹਾਂ, ਸਰਕਾਰ ਨੇ ਸਪਲਾਈ ਚੇਨ, ਮਹਿੰਗਾਈ, ਤੇਲ ਤੇ ਖਾਦ ਵਰਗੇ ਵਿਸ਼ਿਆਂ 'ਤੇ ਨਜ਼ਰ ਰੱਖਣ ਲਈ 7 ਵਿਸ਼ੇਸ਼ ਗਰੁੱਪ ਬਣਾਏ ਹਨ। ਭਾਰਤ ਆਪਣੀ ਨਿਰਭਰਤਾ ਘਟਾਉਣ ਲਈ 70 ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ ਆਪਣੇ ਵਪਾਰਕ ਜਹਾਜ਼ ਬਣਾਉਣ ਦਾ ਅਭਿਆਨ ਸ਼ੁਰੂ ਕਰ ਰਿਹਾ ਹੈ।

ਪ੍ਰਧਾਨ ਮੰਤਰੀ ਨੇ ਸਪੱਸ਼ਟ ਕੀਤਾ ਕਿ ਇਹ ਸੰਕਟ ਦੇਸ਼ ਦੀ ਇੱਕ ਵੱਡੀ ਪ੍ਰੀਖਿਆ ਹੈ। ਉਨ੍ਹਾਂ ਨੇ ਸੂਬਾ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਜਮ੍ਹਾਖੋਰੀ ਅਤੇ ਕਾਲਾਬਾਜ਼ਾਰੀ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਸਾਰੀਆਂ ਸਿਆਸੀ ਪਾਰਟੀਆਂ ਨੂੰ ਇਕਜੁੱਟ ਹੋ ਕੇ ਦੁਨੀਆ ਨੂੰ ਭਾਰਤ ਦੀ ਤਾਕਤ ਦਿਖਾਉਣੀ ਚਾਹੀਦੀ ਹੈ।

ਪ੍ਰਧਾਨ ਮੰਤਰੀ ਅਨੁਸਾਰ, ਭਾਰਤ ਨੇ ਅਗਲੇ ਇੱਕ ਪੰਦਰਵਾੜੇ (15 ਦਿਨ) ਤੱਕ ਜੰਗ ਦੇ ਅਸਰ ਨੂੰ ਰੋਕਣ ਦੀ ਪੂਰੀ ਤਿਆਰੀ ਕੀਤੀ ਹੋਈ ਹੈ। ਸਰਕਾਰ ਕੂਟਨੀਤੀ ਅਤੇ ਸੰਵਾਦ ਰਾਹੀਂ ਰਸਤੇ ਲੱਭ ਰਹੀ ਹੈ। ਹਾਲਾਂਕਿ, ਜੇਕਰ ਜੰਗ ਲੰਬੀ ਖਿੱਚੀ ਜਾਂਦੀ ਹੈ, ਤਾਂ ਇਸਦੇ ਨਤੀਜੇ ਗੰਭੀਰ ਹੋ ਸਕਦੇ ਹਨ। ਭਾਰਤ ਦੀ ਕੋਸ਼ਿਸ਼ ਹੈ ਕਿ ਆਉਣ ਵਾਲੇ ਬਿਜਾਈ ਸੀਜ਼ਨ ਵਿੱਚ ਕਿਸਾਨਾਂ ਨੂੰ ਖਾਦ ਦੀ ਕੋਈ ਕਮੀ ਨਾ ਆਵੇ।

# ਹਾਈ ਕੋਰਟ ਨੇ ਨਸ਼ਿਆਂ ਦੇ ਮੁੱਦੇ 'ਤੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਪ੍ਰਸ਼ਾਸਨ ਵਿਰੁਧ ਸਖ਼ਤ ਰੁਖ਼ ਕਿਉਂ ਅਪਨਾਇਆ ?

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਨਸ਼ਿਆਂ ਦੇ ਮੁੱਦੇ 'ਤੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ। ਅਦਾਲਤ ਨੇ ਖ਼ਾਸ ਕਰਕੇ ਐਨਡੀਪੀਐਸ (ਨਸ਼ੀਲੇ ਪਦਾਰਥ ਵਿਰੋਧੀ ਕਾਨੂੰਨ) ਦੇ ਕੇਸਾਂ ਵਿੱਚ ਹੋ ਰਹੀ ਦੇਰੀ ਅਤੇ ਨਸ਼ਾ ਛੁਡਾਊ ਕੇਂਦਰਾਂ ਦੀ ਮਾੜੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਚੁੱਕੇ ਹਨ।

ਅਦਾਲਤ ਨੇ ਨੋਟ ਕੀਤਾ ਕਿ ਨਸ਼ਿਆਂ ਨਾਲ ਜੁੜੇ ਮਾਮਲਿਆਂ ਵਿੱਚ ਦੀ ਸੁਣਵਾਈ ਵਿੱਚ ਬਹੁਤ ਜ਼ਿਆਦਾ ਦੇਰੀ ਹੋ ਰਹੀ ਹੈ। ਇਸ ਦੇ ਮੁੱਖ ਕਾਰਨ ਹਨ ਕਿ ਗਵਾਹਾਂ ਦਾ ਵਾਰ-ਵਾਰ ਗੈਰਹਾਜ਼ਰ ਹੋਣਾ। ਜ਼ਬਤ ਕੀਤੇ ਗਏ ਨਸ਼ੀਲੇ ਪਦਾਰਥਾਂ ਦੇ ਪ੍ਰਬੰਧਨ ਵਿੱਚ ਵੱਡੀਆਂ ਕਮੀਆਂ। ਅਦਾਲਤ ਅਨੁਸਾਰ, ਇਹ ਦੇਰੀ ਨਿਆਂ ਪ੍ਰਣਾਲੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀ ਹੈ ਅਤੇ ਹੁਣ ਇਸ ਮਾਮਲੇ ਨੂੰ ਇੱਕ ਜਨਹਿਤ ਪਟੀਸ਼ਨ ਵਜੋਂ ਲਿਆ ਜਾ ਰਿਹਾ ਹੈ। ਸੁਣਵਾਈ ਦੌਰਾਨ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਉੱਠੇ:

* ਪੰਜਾਬ ਵਿੱਚ ਲਗਭਗ 240 ਨਸ਼ਾ ਛੁਡਾਊ ਕੇਂਦਰ ਚੱਲ ਰਹੇ ਹਨ। ਸਰਕਾਰ ਅਦਾਲਤ ਨੂੰ ਇਹ ਦੱਸਣ ਵਿੱਚ ਅਸਫਲ ਰਹੀ ਕਿ ਇਨ੍ਹਾਂ ਕੇਂਦਰਾਂ ਦੀ ਅਸਲ ਸਮਰੱਥਾ ਕਿੰਨੀ ਹੈ ਅਤੇ ਕਿੰਨੇ ਲੋਕਾਂ ਦਾ ਇਲਾਜ ਸਫਲਤਾਪੂਰਵਕ ਹੋਇਆ ਹੈ। ਦਾਇਰ ਕੀਤੇ ਗਏ ਹਲਫ਼ਨਾਮਿਆਂ ਵਿੱਚ ਕਈ ਅਹਿਮ ਜਾਣਕਾਰੀਆਂ ਗਾਇਬ ਸਨ।

ਅਦਾਲਤ ਦੀ ਮਦਦ ਲਈ ਨਿਯੁਕਤ ਕੀਤੇ ਗਏ ਮਾਹਿਰ (ਐਮਿਕਸ ਕਿਊਰੀ) ਨੇ 15 ਨੁਕਤਿਆਂ ਦਾ ਇੱਕ ਚਾਰਟ ਪੇਸ਼ ਕੀਤਾ ਹੈ, ਜਿਸ ਵਿੱਚ ਸੁਧਾਰ ਲਈ ਹੇਠ ਲਿਖੇ ਸੁਝਾਅ ਦਿੱਤੇ ਗਏ ਹਨ:

➢ ਮੁਕੱਦਮਿਆਂ ਦੀ ਪ੍ਰਕਿਰਿਆ ਨੂੰ ਤੇਜ਼ ਕੀਤਾ ਜਾਵੇ।

➢ ਗਵਾਹਾਂ ਦੀ ਸਮੇਂ ਸਿਰ ਪੇਸ਼ੀ ਯਕੀਨੀ ਬਣਾਈ ਜਾਵੇ।

➢ ਮਾਲਖਾਨਿਆਂ ਵਿੱਚੋਂ ਨਸ਼ੀਲੇ ਪਦਾਰਥਾਂ ਦੀ ਚੋਰੀ ਜਾਂ ਦੁਰਵਰਤੋਂ ਨੂੰ ਰੋਕਣ ਲਈ ਸਖ਼ਤ ਕਦਮ ਚੁੱਕੇ ਜਾਣ।

➢ ਨਸ਼ਾ ਛੁਡਾਊ ਨੀਤੀ ਨੂੰ ਜ਼ਮੀਨੀ ਪੱਧਰ 'ਤੇ ਪ੍ਰਭਾਵਸ਼ਾਲੀ ਬਣਾਇਆ ਜਾਵੇ।

ਹਾਈ ਕੋਰਟ ਨੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਨੂੰ ਹਦਾਇਤ ਕੀਤੀ ਹੈ ਕਿ ਉਹ ਐਮਿਕਸ ਕਿਊਰੀ ਵੱਲੋਂ ਚੁੱਕੇ ਗਏ ਹਰੇਕ 15 ਮੁੱਦਿਆਂ 'ਤੇ ਵੱਖਰੇ ਤੌਰ 'ਤੇ ਵਿਸਤ੍ਰਿਤ ਜਵਾਬ ਦਾਇਰ ਕਰਨ। ਅਦਾਲਤ ਦਾ ਮਕਸਦ ਸਿਰਫ਼ ਕੇਸਾਂ ਦਾ ਨਿਪਟਾਰਾ ਕਰਨਾ ਨਹੀਂ, ਸਗੋਂ ਨਸ਼ਿਆਂ ਵਿਰੁੱਧ ਪੂਰੀ ਪ੍ਰਣਾਲੀ ਵਿੱਚ ਵੱਡਾ ਸੁਧਾਰ ਲਿਆਉਣਾ ਹੈ।

# ਪੰਜਾਬ ਦੀਆਂ ਔਰਤਾਂ ’ਤੇ ਕੈਂਸਰ ਦਾ ਕਹਿਰ

## ✪ 4 ਸਾਲਾਂ ਵਿਚ 13,299 ਮੌਤਾਂ, ਰੋਜ਼ਾਨਾ 8 ਔਰਤਾਂ ਤੋੜ ਰਹੀਆਂ ਦਮ

ਅੰਮ੍ਰਿਤਸਰ-ਪੰਜਾਬ ਵਿੱਚ ਔਰਤਾਂ ਦੀ ਸਿਹਤ ਨੂੰ ਲੈ ਕੇ ਇੱਕ ਬੇਹੱਦ ਡਰਾਉਣੀ ਤਸਵੀਰ ਸਾਹਮਣੇ ਆਈ ਹੈ। ਸਾਲ 2021 ਤੋਂ 2025 ਦੇ ਅੰਕੜਿਆਂ ਮੁਤਾਬਕ ਸੂਬੇ ਵਿੱਚ ਕੈਂਸਰ ਕਾਰਨ 13,000 ਤੋਂ ਵੱਧ ਔਰਤਾਂ ਆਪਣੀ ਜਾਨ ਗੁਆ ਚੁੱਕੀਆਂ ਹਨ। ਮਾਹਿਰਾਂ ਅਨੁਸਾਰ, ਜਾਗਰੂਕਤਾ ਦੀ ਘਾਟ ਅਤੇ ਪ੍ਰਦੂਸ਼ਿਤ ਵਾਤਾਵਰਣ ਇਸ ਨਾਮੁਰਾਦ ਬਿਮਾਰੀ ਦੇ ਫੈਲਣ ਦੇ ਮੁੱਖ ਕਾਰਨ ਬਣ ਰਹੇ ਹਨ। ਪਿਛਲੇ ਚਾਰ ਸਾਲਾਂ ਵਿੱਚ ਹੋਈਆਂ ਕੁੱਲ 13,299 ਮੌਤਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਛਾਤੀ ਦਾ ਕੈਂਸਰ : 7,186 ਮੌਤਾਂ (ਸਭ ਤੋਂ ਵੱਧ)

ਸਰਵਾਈਕਲ ਕੈਂਸਰ : 3,502 ਮੌਤਾਂ

ਓਵਰੀ ਅਤੇ ਬੱਚੇਦਾਨੀ ਦਾ ਕੈਂਸਰ: 2,611 ਮੌਤਾਂ

### ਤੇਜ਼ੀ ਨਾਲ ਵੱਧ ਰਹੇ ਹਨ ਮਾਮਲੇ


ਅੰਕੜੇ ਦੱਸਦੇ ਹਨ ਕਿ ਪੰਜਾਬ ਵਿੱਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਸਾਲ 2021 ਦੌਰਾਨ 39,251 ਮਾਮਲੇ ਸਾਲ 2025 ਦੌਰਾਨ 43,196 ਮਾਮਲੇ ਸਾਹਮਣੇ ਆਏ।

ਸੂਬੇ ਵਿੱਚ ਹਰ ਰੋਜ਼ ਔਸਤਨ 8 ਔਰਤਾਂ ਕੈਂਸਰ ਕਾਰਨ ਮੌਤ ਦੇ ਮੂੰਹ ਵਿੱਚ ਜਾ ਰਹੀਆਂ ਹਨ। ਡਾਕਟਰਾਂ ਅਤੇ ਸਿਹਤ ਮਾਹਿਰਾਂ ਨੇ ਇਸ ਦੇ ਮੁੱਖ ਕਾਰਨ ਪ੍ਰਦੂਸ਼ਿਤ ਵਾਤਾਵਰਣ ਤੇ ਗਲਤ ਜੀਵਨਸ਼ੈਲੀ ਦਸੇ ਹਨ। ਪਾਣੀ ਵਿੱਚ ਮੌਜੂਦ ਜ਼ਹਿਰੀਲੇ ਤੱਤ, ਕੀਟਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਅਤੇ ਉਦਯੋਗਿਕ ਕੂੜਾ ਕੈਂਸਰ ਦੇ ਖ਼ਤਰੇ ਨੂੰ ਵਧਾ ਰਿਹਾ ਹੈ। ਸਰੀਰਕ ਗਤੀਵਿਧੀਆਂ ਦੀ ਕਮੀ, ਮੋਟਾਪਾ, ਤਣਾਅ ਅਤੇ ਫਾਸਟ ਫੂਡ ਦਾ ਸੇਵਨ ਔਰਤਾਂ ਨੂੰ ਇਸ ਬਿਮਾਰੀ ਵੱਲ ਧੱਕ ਰਿਹਾ ਹੈ। ਮਾਹਿਰਾਂ ਅਨੁਸਾਰ ਜੇਕਰ ਸਮੇਂ ਸਿਰ ਪਤਾ ਲੱਗ ਜਾਵੇ ਤਾਂ ਛਾਤੀ ਅਤੇ ਸਰਵਾਈਕਲ ਕੈਂਸਰ ਦਾ ਸਫਲ ਇਲਾਜ ਸੰਭਵ ਹੈ। ਔਰਤਾਂ ਨੂੰ ਨਿਯਮਤ ਤੌਰ ’ਤੇ ਸਰੀਰਕ ਜਾਂਚ ਕਰਨੀ ਚਾਹੀਦੀ ਹੈ। ਕਿਸੇ ਵੀ ਅਸਾਧਾਰਨ ਲੱਛਣ ਜਾਂ ਗੰਢ ਨੂੰ ਨਜ਼ਰਅੰਦਾਜ਼ ਨਾ ਕਰੋ। ਸਿਹਤਮੰਦ ਖੁਰਾਕ ਅਤੇ ਕਸਰਤ ਨੂੰ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਓ।

ਲਗਭਗ 65% ਮਾਮਲਿਆਂ ਵਿੱਚ ਕੈਂਸਰ ਦਾ ਪਤਾ ਉਦੋਂ ਲੱਗਦਾ ਹੈ ਜਦੋਂ ਬਿਮਾਰੀ ਆਖਰੀ ਸਟੇਜ ’ਤੇ ਹੁੰਦੀ ਹੈ। ਸਮਾਜਿਕ ਝਿਜਕ ਅਤੇ ਡਰ ਕਾਰਨ ਔਰਤਾਂ ਜਾਂਚ ਕਰਵਾਉਣ ਤੋਂ ਕਤਰਾਉਂਦੀਆਂ ਹਨ।

# ਅੰਮ੍ਰਿਤਪਾਲ ਸਿੰਘ ਦੀ ਸੰਸਦ ਮੈਂਬਰੀ ਨੂੰ ਕੋਈ ਤੁਰੰਤ ਖ਼ਤਰਾ ਨਹੀਂ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਸੰਸਦ ਮੈਂਬਰੀ ਨੂੰ ਲੈ ਕੇ ਇੱਕ ਅਹਿਮ ਸੁਣਵਾਈ ਹੋਈ। ਕੇਂਦਰ ਸਰਕਾਰ ਨੇ ਅਦਾਲਤ ਵਿੱਚ ਸਪੱਸ਼ਟ ਕੀਤਾ ਹੈ ਕਿ ਫਿਲਹਾਲ ਅੰਮ੍ਰਿਤਪਾਲ ਦੀ ਸੰਸਦ ਮੈਂਬਰੀ ਨੂੰ ਕੋਈ ਤੁਰੰਤ ਖ਼ਤਰਾ ਨਹੀਂ ਹੈ। ਹਾਈ ਕੋਰਟ ਵਿੱਚ ਚੀਫ਼ ਜਸਟਿਸ ਸ਼ੀਲ ਨਾਗੂ ਦੇ ਬੈਂਚ ਸਾਹਮਣੇ ਕੇਂਦਰ ਸਰਕਾਰ ਦੇ ਐਡੀਸ਼ਨਲ ਸਾਲਿਸਟਰ ਜਨਰਲ ਸਤਿਆਪਾਲ ਜੈਨ ਨੇ ਅਹਿਮ ਜਾਣਕਾਰੀ ਦਿੱਤੀ ਕਿ ਅੰਮ੍ਰਿਤਪਾਲ ਸਿੰਘ ਪਿਛਲੇ 59 ਦਿਨਾਂ ਤੋਂ ਸੰਸਦ ਵਿੱਚ ਗੈਰ-ਹਾਜ਼ਰ ਰਹੇ ਸਨ ਅਤੇ ਮੰਗਲਵਾਰ (24 ਮਾਰਚ 2026) ਉਨ੍ਹਾਂ ਦੀ ਗੈਰ-ਹਾਜ਼ਰੀ ਦਾ 60ਵਾਂ ਦਿਨ ਸੀ। ਸੰਵਿਧਾਨਕ ਨਿਯਮਾਂ ਅਨੁਸਾਰ, ਜੇਕਰ ਕੋਈ ਸੰਸਦ ਮੈਂਬਰ ਲਗਾਤਾਰ 60 ਬੈਠਕਾਂ ਵਿੱਚ ਬਿਨਾਂ ਇਜਾਜ਼ਤ ਦੇ ਗੈਰ-ਹਾਜ਼ਰ ਰਹਿੰਦਾ ਹੈ, ਤਾਂ ਸਦਨ ਉਸ ਦੀ



ਸੀਟ ਖਾਲੀ ਐਲਾਨ ਸਕਦਾ ਹੈ। ਸਤਿਆਪਾਲ ਜੈਨ ਨੇ ਦੱਸਿਆ ਕਿ ਇਹ ਨਿਯਮ ਆਪਣੇ ਆਪ ਲਾਗੂ ਨਹੀਂ ਹੁੰਦਾ। ਸੰਸਦ ਕੋਲ ‘ਗੈਰ-ਹਾਜ਼ਰੀ ਮੁਆਫ਼ੀ’ ਕਮੇਟੀ ਹੁੰਦੀ ਹੈ, ਜੋ ਬਿਮਾਰੀ ਜਾਂ ਹਿਰਾਸਤ ਵਰਗੇ ਵਿਸ਼ੇਸ਼ ਹਾਲਾਤਾਂ ’ਤੇ ਵਿਚਾਰ ਕਰਕੇ ਛੁੱਟੀ ਮਨਜ਼ੂਰ ਕਰ ਸਕਦੀ ਹੈ।

ਅੰਮ੍ਰਿਤਪਾਲ ਸਿੰਘ ਕੋਲ ਕੀ ਰਸਤਾ ਹੈ?-ਅਦਾਲਤ ਨੂੰ ਦੱਸਿਆ ਗਿਆ ਕਿ ਅੰਮ੍ਰਿਤਪਾਲ ਸਿੰਘ ਕੋਲ ਅਜੇ ਵੀ ਛੁੱਟੀ ਲਈ ਅਰਜ਼ੀ ਦੇਣ ਦਾ ਮੌਕਾ ਹੈ। ਜੇਕਰ ਉਹ ਹਿਰਾਸਤ ਦਾ ਹਵਾਲਾ ਦੇ ਕੇ ਅਰਜ਼ੀ ਦਿੰਦੇ ਹਨ, ਤਾਂ ਸੰਸਦੀ ਕਮੇਟੀ ਵੱਲੋਂ ਉਸ ਨੂੰ ਪ੍ਰਵਾਨ ਕੀਤੇ ਜਾਣ ਦੀ ਪੂਰੀ ਸੰਭਾਵਨਾ ਹੈ। ਅੰਮ੍ਰਿਤਪਾਲ ਸਿੰਘ ਨੇ ਪਹਿਲਾਂ ਵੀ ਅਜਿਹੀ ਛੁੱਟੀ ਲਈ ਸੀ, ਜਿਸ ਨੂੰ ਮਨਜ਼ੂਰ ਕਰ ਲਿਆ ਗਿਆ ਸੀ।

## ਈਰਾਨੀ ਫੌਜ ਦਾ ਵੱਡਾ ਐਲਾਨ - ‘...ਅਮਰੀਕਾ ਇਜ਼ਰਾਈਲ ਨਾਲ...ਜਾਰੀ ਰਹੇਗੀ ਜੰਗ’; ਟਰੰਪ ਦੇ ਦਾਅਵਿਆਂ ਨੂੰ ਨਕਾਰਿਆ

ਤੇਹਰਾਨ/ਦੁਬਈ-ਮੱਧ ਪੂਰਬ ਵਿੱਚ ਜਾਰੀ ਭਿਆਨਕ ਜੰਗ ਦੇ ਵਿਚਕਾਰ ਈਰਾਨ ਦੀ ਫੌਜੀ ਕਮਾਂਡ ਨੇ ਇੱਕ ਬੇਹੱਦ ਸਖ਼ਤ ਬਿਆਨ ਜਾਰੀ ਕੀਤਾ ਹੈ। ਜਾਣਕਾਰੀ ਅਨੁਸਾਰ ਈਰਾਨ ਦੀ ਚੋਟੀ ਦੀ ਫੌਜੀ ਕਮਾਂਡ ਦੇ ਬੁਲਾਰੇ ਮੇਜਰ ਜਨਰਲ ਅਲੀ ਅਬਦੁੱਲਾਹੀ ਅਲੀਆਬਾਦੀ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀਆਂ ਹਥਿਆਰਬੰਦ ਸੈਨਾਵਾਂ “ਪੂਰੀ ਜਿੱਤ” ਪ੍ਰਾਪਤ ਹੋਣ ਤੱਕ ਆਪਣੀ ਲੜਾਈ ਜਾਰੀ ਰੱਖਣਗੀਆਂ। ਮੇਜਰ ਜਨਰਲ ਅਲੀਆਬਾਦੀ ਦਾ ਇਹ ਬਿਆਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਐਲਾਨ ਤੋਂ ਬਾਅਦ ਆਇਆ ਹੈ, ਜਿਸ ਵਿੱਚ ਉਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਤੇਹਰਾਨ ਅਤੇ ਵਾਸ਼ਿੰਗਟਨ ਵਿਚਕਾਰ ਗੱਲਬਾਤ ਚੱਲ ਰਹੀ ਹੈ। ਈਰਾਨ ਨੇ ਅਧਿਕਾਰਤ ਤੌਰ ’ਤੇ ਅਮਰੀਕਾ ਨਾਲ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਹੋਣ ਤੋਂ ਸਾਫ਼ ਇਨਕਾਰ ਕੀਤਾ ਹੈ, ਹਾਲਾਂਕਿ ਈਰਾਨ ਦੇ ਵਿਦੇਸ਼ ਮੰਤਰੀ ਖੇਤਰ ਦੇ ਹੋਰ ਦੇਸ਼ਾਂ ਨਾਲ ਲਗਾਤਾਰ ਸੰਪਰਕ ਵਿੱਚ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਫੌਜੀ ਲੀਡਰਸ਼ਿਪ ਦਾ ਇਹ ਬਿਆਨ ਅਸਲ ਵਿੱਚ ਆਪਣੀ ਹੀ ਸਰਕਾਰ ਨੂੰ ਇੱਕ ਚੇਤਾਵਨੀ ਹੈ ਕਿ ਅਮਰੀਕਾ ਨਾਲ ਕਿਸੇ ਵੀ ਸੰਭਵ ਗੱਲਬਾਤ ਦੌਰਾਨ ਕੋਈ ਵੀ ਢਿੱਲ ਜਾਂ ਰਿਆਇਤ ਨਾ ਦਿੱਤੀ ਜਾਵੇ। ਜਨਰਲ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਇਸ ”ਪੂਰੀ ਜਿੱਤ” ਦਾ ਅਸਲ ਸਰੂਪ ਕੀ ਹੋਵੇਗਾ, ਪਰ ਉਨ੍ਹਾਂ ਦੇ ਤੇਵਰਾਂ ਤੋਂ ਸਾਫ਼ ਹੈ ਕਿ ਈਰਾਨੀ ਫੌਜ ਫਿਲਹਾਲ ਪਿੱਛੇ ਹਟਣ ਦੇ ਮੂਡ ਵਿੱਚ ਨਹੀਂ ਹੈ।

# ਪੰਜਾਬ ਦੇ ਪਾਣੀ ਵਿਚ ‘ਜ਼ਹਿਰ’: ਯੂਰੇਨੀਅਮ ਦੀ ਮਾਤਰਾ ਹੋਈ ਦੁੱਗਣੀ, 50% ਤੋਂ ਵੱਧ ਨਮੂਨੇ ਫੇਲ੍ਹ

ਚੰਡੀਗੜ੍ਹ-ਪੰਜਾਬ ਵਿੱਚ ਪੀਣ ਵਾਲੇ ਪਾਣੀ ਦੀ ਸੁਰੱਖਿਆ ਨੂੰ ਲੈ ਕੇ ਇੱਕ ਬਹੁਤ ਹੀ ਚਿੰਤਾਜਨਕ ਰਿਪੋਰਟ ਸਾਹਮਣੇ ਆਈ ਹੈ। ਸੰਸਦ ਵਿੱਚ ਪੇਸ਼ ਕੀਤੇ ਗਏ ਤਾਜ਼ਾ ਅੰਕੜਿਆਂ ਮੁਤਾਬਕ, ਸੂਬੇ ਦੇ ਜ਼ਮੀਨੀ ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ ਪਿਛਲੇ ਛੇ ਸਾਲਾਂ ਵਿੱਚ ਦੁੱਗਣੀ ਤੋਂ ਵੀ ਜ਼ਿਆਦਾ ਹੋ ਗਈ ਹੈ। ਜਿੱਥੇ ਰਾਸ਼ਟਰੀ ਪੱਧਰ ’ਤੇ ਅਸੁਰੱਖਿਅਤ ਨਮੂਨਿਆਂ ਦੀ ਦਰ ਮਹਿਜ਼ 6.7% ਹੈ, ਉੱਥੇ ਹੀ ਪੰਜਾਬ ਵਿੱਚ ਇਹ 50 ਫੀਸਦੀ ਦੇ ਅੰਕੜੇ ਨੂੰ ਪਾਰ ਕਰ ਗਈ ਹੈ।ਕੇਂਦਰੀ ਜਲ ਸ਼ਕਤੀ ਰਾਜ ਮੰਤਰੀ ਰਾਜ ਭੂਸ਼ਣ ਚੌਧਰੀ ਵੱਲੋਂ ਰਾਜ ਸਭਾ ਵਿੱਚ ਦਿੱਤੇ ਗਏ ਅੰਕੜੇ ਸੂਬੇ ਦੀ ਗੰਭੀਰ ਸਥਿਤੀ ਨੂੰ ਦਰਸਾਉਂਦੇ ਹਨ। ਸਾਲ 2024 ਵਿੱਚ ਲਏ ਗਏ ਨਮੂਨਿਆਂ ਵਿੱਚੋਂ 53.04% ਨਮੂਨੇ ਵਿਸ਼ਵ ਸਿਹਤ ਸੰਗਠਨ ਦੀ 30 ਪਪਬ (ਪਾਰਟਸ ਪ੍ਰਤੀ ਬਿਲੀਅਨ) ਦੀ ਸੁਰੱਖਿਅਤ ਸੀਮਾ ਤੋਂ ਬਾਹਰ ਪਾਏ ਗਏ ਹਨ।



ਪਿਛਲੇ ਸਾਲਾਂ ਦਾ ਤੁਲਨਾਤਮਕ ਵੇਰਵਾ (ਅਸੁਰੱਖਿਅਤ ਨਮੂਨੇ):

2024: 53.04%

2023: 32.6%

2022: 33.7%

2019: 24.2%

ਗੁਆਂਢੀ ਸੂਬਿਆਂ ਨਾਲੋਂ ਬਦਤਰ ਹਾਲਾਤ-ਹਾਲਾਂਕਿ ਹਰਿਆਣਾ ਅਤੇ ਰਾਜਸਥਾਨ ਵਰਗੇ ਸੂਬਿਆਂ ਵਿੱਚ ਵੀ ਯੂਰੇਨੀਅਮ ਦੀ ਸਮੱਸਿਆ ਹੈ, ਪਰ ਪੰਜਾਬ ਦੀ ਸਥਿਤੀ ਸਭ ਤੋਂ ਵੱਧ ਗੰਭੀਰ ਹੈ।

ਸੂਬਾ ਪਾਣੀ ਦੀ ਵਰਤੋਂ (ਰੀਚਾਰਜ ਦੇ ਮੁਕਾਬਲੇ)

| | |
|---|---|
| ਪੰਜਾਬ | 156.4% |
| ਰਾਜਸਥਾਨ | 147.1% |
| ਹਰਿਆਣਾ | 136.7% |

ਹਰਿਆਣਾ ਵਿਖੇ 2024 ਵਿੱਚ ਸਿਰਫ਼ 15% ਨਮੂਨੇ ਅਸੁਰੱਖਿਅਤ ਪਾਏ ਗਏ (ਜੋ ਪਿਛਲੇ ਸਾਲ ਨਾਲੋਂ ਘਟੇ ਹਨ)। ਪੰਜਾਬ ਵਿਚ ਦੇਸ਼ ਭਰ ਵਿੱਚ ਯੂਰੇਨੀਅਮ ਪ੍ਰਦੂਸ਼ਣ ਦੇ ਮਾਮਲੇ ਵਿੱਚ ਨੰਬਰ-1 ’ਤੇ ਹੈ।

ਪੰਜਾਬ ਵਿਚ ਜ਼ਮੀਨਦੋਜ਼ ਪਾਣੀ ਸੰਕਟ ਵਿਚ-ਰਿਪੋਰਟ ਮੁਤਾਬਕ ਪੰਜਾਬ ਵਿੱਚ ਸਿਰਫ਼ ਪਾਣੀ ਦੀ ਗੁਣਵੱਤਾ ਹੀ ਨਹੀਂ, ਸਗੋਂ ਉਸਦਾ ਪੱਧਰ ਵੀ ਤੇਜ਼ੀ ਨਾਲ ਡਿੱਗ ਰਿਹਾ ਹੈ। ਪੰਜਾਬ ਆਪਣੀ ਰੀਚਾਰਜ ਸਮਰੱਥਾ ਦੇ ਮੁਕਾਬਲੇ 156.4% ਪਾਣੀ ਧਰਤੀ ਵਿੱਚੋਂ ਕੱਢ ਰਿਹਾ ਹੈ, ਜੋ ਕਿ ਰਾਸ਼ਟਰੀ ਔਸਤ (60.6%) ਤੋਂ ਕਿਤੇ ਜ਼ਿਆਦਾ ਹੈ। ਵਿਗਿਆਨੀਆਂ ਅਤੇ ਕੇਂਦਰੀ ਭੂ-ਜਲ ਬੋਰਡ (2025 ਦੀ ਰਿਪੋਰਟ) ਅਨੁਸਾਰ, ਪਾਣੀ ਵਿੱਚ ਯੂਰੇਨੀਅਮ ਦੀ ਮੌਜੂਦਗੀ ਦੇ ਮੁੱਖ ਕਾਰਨ ਭੂ-ਵਿਗਿਆਨਕ ਅਤੇ ਸਥਾਨਕ ਭੂਗੋਲਿਕ ਹਾਲਾਤ ਹਨ। ਹਾਲਾਂਕਿ, ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਇਹ ਅੰਕੜੇ ਉਨ੍ਹਾਂ ‘ਹੌਟਸਪੌਟ’ ਖੇਤਰਾਂ ਦੇ ਹਨ ਜਿੱਥੇ ਵਿਸ਼ੇਸ਼ ਜਾਂਚ ਕੀਤੀ ਗਈ ਸੀ, ਇਸ ਲਈ ਪੂਰੇ ਰਾਜ ਦੀ ਸਥਿਤੀ ਇੱਕੋ ਜਿਹੀ ਨਹੀਂ ਹੋ ਸਕਦੀ।

# ਕੀ ਤੀਜਾ ਮੋਰਚਾ ਬਣੇਗਾ ? ਇੰਡੀਆ ਬਲਾਕ ਵਿੱਚ ਫੁੱਟ ਪੈਣ ਲੱਗੀ

## ✪ ਰਾਹੁਲ ਗਾਂਧੀ ਬੈਕਫੁੱਟ 'ਤੇ, ਮਮਤਾ-ਸਟਾਲਿਨ ਲੀਡਰਸ਼ਿਪ ਦੀ ਜੰਗ ਛਿੜੀ ✪ ਇੰਡੀਆ ਬਲਾਕ ਦੀ ਲੀਡਰਸ਼ਿਪ ਸੰਕਟ: ਕਾਂਗਰਸ ਨੂੰ ਚੈਲਿੰਜ, ਰੀਜਨਲ ਪਾਰਟੀਆਂ ਬਗਾਵਤੀ ਮੂਡ ਵਿੱਚ ! ✪ ਮਮਤਾ ਦਾ ਚੋਣ ਕਮਿਸ਼ਨ 'ਤੇ ਹਮਲਾ: ਵੋਟਰ ਲਿਸਟ ਵਿਚ ਗੜਬੜੀ ਦਾ ਰੌਲਾ, ਧਰਨੇ-ਸੁਪਰੀਮ ਕੋਰਟ ਤੱਕ ਜੰਗ !

ਨਿਊਜ਼ ਸਟੋਰੀ

ਭਾਰਤੀ ਰਾਜਨੀਤੀ ਹੁਣ ਦੋ ਧਰੁਵਾਂ ਵਾਲੀ ਹੋ ਗਈ ਹੈ। ਇੱਕ ਪਾਸੇ ਭਾਜਪਾ ਦੀ ਅਗਵਾਈ ਵਾਲਾ ਐੱਨਡੀਏ ਹੈ ਅਤੇ ਦੂਜੇ ਪਾਸੇ ਇੰਡੀਆ ਬਲਾਕ ਹੈ, ਜਿਸ ਵਿੱਚ ਅਜੇ ਵੀ ਲੀਡਰਸ਼ਿਪ ਦੀ ਸਮੱਸਿਆ ਹੈ। ਇੰਡੀਆ ਬਲਾਕ ਵਿੱਚ ਕੋਈ ਰਸਮੀ ਚੇਅਰਮੈਨ ਜਾਂ ਕਨਵੀਨਰ ਨਹੀਂ ਹੈ ਅਤੇ ਨਾ ਹੀ ਕੋਈ ਸੈਕਰੇਟੇਰੀਏਟ ਬਣਿਆ ਹੈ। ਇਸ ਨੂੰ ਲੈ ਕੇ ਬਲਾਕ ਵਿੱਚ ਸ਼ਾਮਲ ਪਾਰਟੀਆਂ ਵਿੱਚ ਅੰਦਰੂਨੀ ਲੜਾਈ ਚੱਲ ਰਹੀ ਹੈ। ਪਿਛਲੇ ਕੁਝ ਦਿਨਾਂ ਵਿੱਚ ਇੰਡੀਆ ਬਲਾਕ ਵਿੱਚ ਫੁਟ ਦੀਆਂ ਖਬਰਾਂ ਆ ਰਹੀਆਂ ਹਨ ਅਤੇ ਤੀਜੇ ਮੋਰਚੇ ਦੇ ਬਣਨ ਦੀ ਸੰਭਾਵਨਾ ਵੀ ਵਧ ਰਹੀ ਹੈ।

ਯਾਦ ਰਹੇ ਕਿ ਫਰਵਰੀ 2026 ਵਿੱਚ ਸ਼ਿਵ ਸੈਨਾ (ਯੂਬੀਟੀ) ਨੇ ਇੰਡੀਆ ਬਲਾਕ ਨੂੰ ਚੇਤਾਵਨੀ ਦਿੱਤੀ ਸੀ ਕਿ ਉਹ ਜਾਗ ਜਾਵੇ ਅਤੇ ਅਗਲੇ ਵਿਧਾਨ ਸਭਾ ਚੋਣਾਂ ਲਈ ਲੀਡਰਸ਼ਿਪ ਦਾ ਫੈਸਲਾ ਕਰੇ ਤੇ ਸਿਆਸੀ ਮੁਹਿੰਮ ਤੇਜ਼ ਕਰੇ। ਉਨ੍ਹਾਂ ਨੇ ਮਮਤਾ ਬੈਨਰਜੀ ਜਾਂ ਐੱਮਕੇ ਸਟਾਲਿਨ ਨੂੰ ਵਿਰੋਧੀ ਧਿਰ ਦੇ ਲੀਡਰ ਵਜੋਂ ਅੱਗੇ ਵਧਾਉਣ ਦੀ ਗੱਲ ਕੀਤੀ ਸੀ। ਇਹ ਸੰਕੇਤ ਦਿੰਦਾ ਹੈ ਕਿ ਬਲਾਕ ਵਿੱਚ ਅੰਦਰੂਨੀ ਅਸਹਿਮਤੀ ਵਧ ਰਹੀ ਹੈ। ਤਾਮਿਲਨਾਡੂ ਵਿੱਚ ਡੀਐੱਮਕੇ ਅਤੇ ਕਾਂਗਰਸ ਵਿੱਚ ਫੁਟ ਵਧ ਰਹੀ ਹੈ। ਡੀਐੱਮਕੇ ਨੇ ਪੁਡੂਚੇਰੀ ਵਿੱਚ ਗਠਜੋੜ ਗੱਲਬਾਤ ਕੀਤੀ ਪਰ ਕਾਂਗਰਸ ਨੂੰ ਸੱਦਾ ਨਹੀਂ ਦਿੱਤਾ ਗਿਆ। ਇਸ ਨਾਲ ਬਲਾਕ ਵਿੱਚ ਤਣਾਅ ਵਧ ਗਿਆ ਹੈ। ਰਾਹੁਲ ਗਾਂਧੀ ਨੇ ਐੱਮਕੇ ਸਟਾਲਿਨ ਨੂੰ ਜਨਮਦਿਨ ਦੀ ਵਧਾਈ ਨਹੀਂ ਦਿੱਤੀ, ਜਿਸ ਨੂੰ ਫੁਟ ਦਾ ਸੰਕੇਤ ਮੰਨਿਆ ਜਾ ਰਿਹਾ ਹੈ। ਕਾਂਗਰਸ ਡੀਐੱਮਕੇ ਦੇ 25 ਸੀਟਾਂ ਦੇ ਪ੍ਰਸਤਾਵ ਨੂੰ ਅਸਵੀਕਾਰ ਕਰ ਚੁਕੀ ਹੈ ਅਤੇ ਵਧੇਰੇ ਸੀਟਾਂ ਮੰਗੀਆਂ ਸਨ। ਬਿਹਾਰ ਵਿੱਚ ਵੀ ਕਾਂਗਰਸ ਅਤੇ ਆਰਜੇਡੀ ਵਿੱਚ ਝਗੜੇ ਵਧੇ ਹਨ, ਜਿਸ ਨਾਲ ਮਹਾਗਠਬੰਧਨ ਦੀ ਭਵਿੱਖ ਅਨਿਸ਼ਚਿਤ ਹੈ।

ਇੰਡੀਆ ਬਲਾਕ ਵਿੱਚ ਫੁਟ ਦੇ ਕਈ ਕਾਰਨ ਹਨ। ਕਾਂਗਰਸ ਅਤੇ ਰਾਹੁਲ ਗਾਂਧੀ ਨੂੰ ਬਲਾਕ ਦਾ ਲੀਡਰ ਮੰਨਿਆ ਜਾਂਦਾ ਹੈ ਪਰ ਕਈ ਰੀਜਨਲ ਪਾਰਟੀਆਂ ਇਸ ਨਾਲ ਸਹਿਮਤ ਨਹੀਂ ਹਨ। ਉਹ ਚਾਹੁੰਦੀਆਂ ਹਨ ਕਿ ਕਾਂਗਰਸ ਨੂੰ ਮਜ਼ਬੂਤ ਨਾ ਹੋਣ ਦਿੱਤਾ ਜਾਵੇ ਕਿਉਂਕਿ ਇਹ ਉਨ੍ਹਾਂ ਦੇ ਰਾਜ ਵਿੱਚ ਰੀਜਨਲ ਪਾਰਟੀਆਂ ਨੂੰ ਨੁਕਸਾਨ ਪਹੁੰਚਾਏਗੀ।

ਤੀਜੇ ਮੋਰਚੇ ਦੀ ਸੰਭਾਵਨਾ ਵੀ ਵਧ ਰਹੀ ਹੈ। ਜੇਕਰ ਕਾਂਗਰਸ ਨੇ ਕਿਸੇ ਹੋਰ ਪਾਰਟੀ ਦੇ ਲੀਡਰ ਨੂੰ ਸਵੀਕਾਰ ਨਾ ਕੀਤਾ ਤਾਂ ਤੀਜਾ ਮੋਰਚਾ ਬਣ ਸਕਦਾ ਹੈ। ਮਮਤਾ ਬੈਨਰਜੀ ਭਾਜਪਾ ਵਿਰੋਧੀ ਚਿਹਰੇ ਵਜੋਂ ਅੱਗੇ ਵਧ ਰਹੀ ਹੈ ਅਤੇ ਉਨ੍ਹਾਂ ਨੂੰ ਹੋਰ ਪਾਰਟੀਆਂ ਦਾ ਸਮਰਥਨ ਮਿਲ ਸਕਦਾ ਹੈ। ਹਿਮਾਚਲ ਪ੍ਰਦੇਸ਼ ਵਿੱਚ ਤੀਜੇ ਮੋਰਚੇ ਦੀ ਗੱਲ ਚੱਲ ਰਹੀ ਹੈ ਜਿੱਥੇ ਕਾਂਗਰਸ ਅਤੇ ਭਾਜਪਾ ਵਿੱਚ ਅਸੰਤੁਸ਼ਟ ਨੇਤਾ ਨਵਾਂ ਮੋਰਚਾ ਬਣਾ ਰਹੇ ਹਨ। ਓਡੀਸ਼ਾ ਵਿੱਚ ਵੀ ਨਵੇਂ ਬਦਲ ਫਰੰਟ ਬਣਨ ਦੀ ਚਰਚਾ ਹੈ ਜੋ ਬੀਜੇਡੀ ਅਤੇ ਕਾਂਗਰਸ ਦੇ ਵੋਟ ਵੰਡੇਗੀ। ਰਾਸ਼ਟਰੀ ਪੱਧਰ ਤੇ ਤੀਜਾ ਮੋਰਚਾ ਬਣਨ ਦੀ ਸੰਭਾਵਨਾ ਹੈ ਜੇਕਰ ਇੰਡੀਆ ਬਲਾਕ ਵਿੱਚ ਫੁਟ ਵਧਦੀ ਹੈ। ਇਤਿਹਾਸ ਵਿੱਚ ਤੀਜੇ ਮੋਰਚੇ ਨੇ ਕਈ ਵਾਰ ਕੋਸ਼ਿਸ਼ ਕੀਤੀ ਪਰ ਸਫਲ ਨਹੀਂ ਹੋਇਆ। ਪਰ ਹੁਣ ਸਥਿਤੀ ਵੱਖਰੀ ਹੈ ਕਿਉਂਕਿ ਰੀਜਨਲ ਪਾਰਟੀਆਂ ਭਾਜਪਾ ਨੂੰ ਰੋਕਣ ਲਈ ਇੱਕਜੁੱਟ ਹੋ ਸਕਦੀਆਂ ਹਨ।



ਭਾਜਪਾ ਅਤੇ ਐੱਨਡੀਏ ਦੀ ਹਾਲਤ ਮਜ਼ਬੂਤ ਹੈ। ਮਾਰਚ 2026 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੇਰਲ ਵਿੱਚ ਐੱਨਡੀਏ ਦੀ ਚੋਣ ਮੁਹਿੰਮ ਸ਼ੁਰੂ ਕੀਤੀ ਸੀ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਐੱਨਡੀਏ ਨੂੰ 5 ਸਾਲਾਂ ਲਈ ਮੌਕਾ ਦੇਣ। ਐੱਨਡੀਏ ਨੇ ਕੇਰਲ ਵਿੱਚ ਵੱਡੀ ਰੈਲੀ ਕੀਤੀ ਸੀ ਅਤੇ ਵਿਕਸਿਤ ਕੇਰਲਾ ਦਾ ਨਾਅਰਾ ਦਿੱਤਾ ਸੀ। ਰਾਜ ਸਭਾ ਵਿੱਚ ਐੱਨਡੀਏ ਦੀ ਤਾਕਤ ਵਧ ਰਹੀ ਹੈ ਅਤੇ 2026 ਵਿੱਚ ਉਹ 145 ਸੀਟਾਂ ਤੱਕ ਪਹੁੰਚ ਸਕਦੀ ਹੈ। ਐੱਨਡੀਏ ਕਈ ਰਾਜਾਂ ਵਿੱਚ ਸੱਤਾ ਵਿੱਚ ਹੈ ਜਿਵੇਂ ਅਸਮ, ਬਿਹਾਰ ਅਤੇ ਹੋਰ। ਭਾਜਪਾ ਨੂੰ ਅਗਲੇ ਚੋਣਾਂ ਵਿੱਚ ਵੀ ਮਜ਼ਬੂਤ ਸਥਿਤੀ ਵਿੱਚ ਵੇਖਿਆ ਜਾ ਰਿਹਾ ਹੈ।

### ਕੀ ਇੰਡੀਆ ਬਲਾਕ ਇੱਕਜੁੱਟ ਹੋ ਕੇ ਉਹ ਭਾਜਪਾ ਨੂੰ ਹਰਾ ਸਕਦਾ ਹੈ ?

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਬਲਾਕ ਨੂੰ ਜ਼ਮੀਨੀ ਪੱਧਰ ਤੇ ਸੰਗਠਨ ਅਤੇ ਚੋਣ ਨੈਰੇਟਿਵ ਬਣਾਉਣ ਲਈ ਵਧੇਰੇ ਮਿਹਨਤ ਕਰਨੀ ਪਵੇਗੀ। ਜੇਕਰ ਬਲਾਕ ਇੱਕਜੁੱਟ ਰਹੇ ਤਾਂ ਭਾਜਪਾ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਪਰ ਅੰਦਰੂਨੀ ਫੁਟ ਨਾਲ ਕਮਜ਼ੋਰ ਹੈ। ਪਿਛਲੇ ਚੋਣਾਂ ਵਿੱਚ ਮਮਤਾ ਬੈਨਰਜੀ ਨੇ ਵੱਖਰੇ ਲੜ ਕੇ ਭਾਜਪਾ ਨੂੰ ਰੋਕਿਆ ਸੀ। ਜੇਕਰ ਰੀਜਨਲ ਪਾਰਟੀਆਂ ਮੋਰਚਾ ਬਣਾ ਕੇ ਲੜਨ ਤਾਂ ਆਪਣੇ ਰਾਜਾਂ ਵਿੱਚ ਭਾਜਪਾ ਨੂੰ ਰੋਕ ਸਕਦੀਆਂ ਹਨ। ਪਰ ਕਾਂਗਰਸ ਨੂੰ ਲੀਡਰਸ਼ਿਪ ਬਣਾਈ ਰੱਖਣ ਲਈ ਕੇਰਲ, ਅਸਮ ਅਤੇ ਹੋਰ ਰਾਜਾਂ ਵਿੱਚ ਚੰਗਾ ਪ੍ਰਦਰਸ਼ਨ ਕਰਨਾ ਪਵੇਗਾ। ਜੇਕਰ ਅਜਿਹਾ ਨਾ ਹੋਇਆ ਤਾਂ 2029 ਦੇ ਚੋਣਾਂ ਵਿੱਚ ਲੀਡਰਸ਼ਿਪ ਕਾਂਗਰਸ ਦੇ ਹੱਥੋਂ ਨਿਕਲ ਸਕਦੀ ਹੈ ਜਾਂ ਤੀਜਾ ਮੋਰਚਾ ਬਣ ਸਕਦਾ ਹੈ।

ਹੁਣ ਗੱਲ ਕਰੀਏ ਮਮਤਾ ਬੈਨਰਜੀ ਵੱਲੋਂ ਚੋਣ ਕਮਿਸ਼ਨ ਵਿਰੁੱਧ ਮੋਰਚੇ ਦੀ। ਮਮਤਾ ਨੇ ਚੋਣ ਕਮਿਸ਼ਨ ਤੇ ਆਰੋਪ ਲਾਇਆ ਕਿ ਉਹ ਵੋਟਰ ਸੂਚੀ ਵਿੱਚ ਗੜਬੜੀ ਕਰ ਰਹੇ ਹਨ। ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸਆਈਆਰ) ਨੂੰ ਲੈ ਕੇ ਉਨ੍ਹਾਂ ਨੇ ਸੁਪਰੀਮ ਕੋਰਟ ਵਿੱਚ ਕੇਸ ਕੀਤਾ ਸੀ ਅਤੇ ਸੜਕਾਂ ਤੇ ਵਿਰੋਧ ਕੀਤਾ ਸੀ। ਉਨ੍ਹਾਂ ਨੇ ਕਿਹਾ ਕਿ 60 ਲੱਖ ਨਾਂ ਕੱਟੇ ਗਏ ਅਤੇ ਹੋਰ 60 ਲੱਖ ਨੂੰ ਵਿਚਾਰ ਅਧੀਨ ਰੱਖਿਆ ਗਿਆ ਹੈ। ਮਮਤਾ ਨੇ ਚੀਫ ਇਲੈਕਸ਼ਨ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਥਰੈਟ ਕਰਨ ਵਾਲਾ ਕਿਹਾ ਅਤੇ ਉਨ੍ਹਾਂ ਨੂੰ ਹਟਾਉਣ ਲਈ ਪਾਰਲੀਮੈਂਟ ਵਿੱਚ ਪ੍ਰਸਤਾਵ ਲਿਆਉਣ ਦੀ ਤਿਆਰੀ ਕੀਤੀ ਹੈ।

ਉਨ੍ਹਾਂ ਨੇ ਕਿਹਾ ਕਿ ਐੱਸਆਈਆਰ ਨਾਲ ਬੰਗਾਲ ਵਿੱਚ 1.23 ਕਰੋੜ ਨਾਂ ਕੱਟੇ ਜਾ ਸਕਦੇ ਹਨ ਅਤੇ ਇਹ ਭਾਜਪਾ ਦੀ ਸਾਜ਼ਿਸ਼ ਹੈ। ਸੁਪਰੀਮ ਕੋਰਟ ਨੇ ਵੀ ਬੰਗਾਲ ਸਰਕਾਰ ਅਤੇ ਚੋਣ ਕਮਿਸ਼ਨ ਨੂੰ ਚੇਤਾਵਨੀ ਦਿੱਤੀ ਕਿ ਉਹ ਅਪੀਲਾਂ ਨੂੰ ਸਹੀ ਤਰੀਕੇ ਨਾਲ ਨਿਪਟਾਉਣ। ਮਮਤਾ ਨੇ ਖੁਦ ਅਦਾਲਤ ਵਿੱਚ ਬਹਿਸ ਕੀਤੀ ਅਤੇ ਧਰਨੇ ਵੀ ਦਿਤੇ। ਉਨ੍ਹਾਂ ਨੇ ਕਿਹਾ ਕਿ ਇਹ ਚੋਣਾਂ ਨੂੰ ਪ੍ਰਭਾਵਿਤ ਕਰਨ ਵਾਲੀ ਸਾਜ਼ਿਸ਼ ਹੈ ਅਤੇ ਬੰਗਾਲ ਨੂੰ ਵੰਡਣ ਦੀ ਕੋਸ਼ਿਸ਼ ਹੈ।


ਇਸ ਸਾਲ ਪੰਜ ਰਾਜਾਂ ਵਿੱਚ ਵਿਧਾਨ ਸਭਾ ਚੋਣਾਂ ਹਨ ਜਿਨ੍ਹਾਂ ਨੂੰ ਲੈ ਕੇ ਵਿਰੋਧੀ ਰਾਜਨੀਤੀ ਵਿੱਚ ਵੱਡਾ ਬਦਲਾਅ ਆ ਸਕਦਾ ਹੈ। ਜੇਕਰ ਪੱਛਮੀ ਬੰਗਾਲ ਵਿੱਚ ਮਮਤਾ ਜਿੱਤ ਜਾਂਦੀ ਹੈ ਅਤੇ ਕੇਰਲ ਵਿੱਚ ਕਾਂਗਰਸ ਨਹੀਂ ਜਿੱਤਦੀ ਤਾਂ ਮਮਤਾ ਨੂੰ ਵਿਰੋਧੀ ਧਿਰ ਦੇ ਲੀਡਰ ਵਜੋਂ ਅੱਗੇ ਵਧਾਉਣ ਦੀ ਮੰਗ ਵਧੇਗੀ ਅਤੇ ਕਾਂਗਰਸ ਦਾ ਸਿਆਸੀ ਆਧਾਰ ਡਿੱਗੇਗਾ। ਤਾਮਿਲਨਾਡੂ ਵਿੱਚ ਡੀਐੱਮਕੇ ਅਤੇ ਕਾਂਗਰਸ ਦੇ ਰਿਸ਼ਤੇ ਪ੍ਰਭਾਵਿਤ ਹੋਣਗੇ। ਕਾਂਗਰਸ ਨੇ ਡੀਐੱਮਕੇ ਤੇ ਦਬਾਅ ਬਣਾਇਆ ਜਿਸ ਨਾਲ ਅਵਿਸ਼ਵਾਸ ਵਧਿਆ। ਅਗਲੇ ਸਾਲ ਪੰਜਾਬ ਵਿੱਚ ਚੋਣਾਂ ਹਨ ਜਿੱਥੇ ਆਮ ਆਦਮੀ ਪਾਰਟੀ ਦੂਜੀ ਵਾਰ ਜਿੱਤਣ ਦੀ ਕੋਸ਼ਿਸ਼ ਕਰੇਗੀ। ਗੋਆ, ਹਿਮਾਚਲ ਅਤੇ ਗੁਜਰਾਤ ਵਿੱਚ ਵੀ ਚੋਣਾਂ ਹਨ ਜਿੱਥੇ ਕਾਂਗਰਸ ਨੂੰ ਚੰਗਾ ਪ੍ਰਦਰਸ਼ਨ ਕਰਨਾ ਪਵੇਗਾ। ਜੇਕਰ ਕਾਂਗਰਸ ਕਮਜ਼ੋਰ ਰਹੀ ਤਾਂ 2029 ਵਿੱਚ ਬਲਾਕ ਦੀ ਲੀਡਰਸ਼ਿਪ ਉਸ ਦੇ ਹੱਥੋਂ ਨਿਕਲ ਸਕਦੀ ਹੈ।

### ਕੀ ਤੀਜਾ ਮੋਰਚਾ ਭਾਜਪਾ ਲਈ ਚੈਲਿੰਜ ਬਣੇਗਾ ਜਾਂ ਨਹੀਂ ?

ਇਹ ਵੀ ਪੱਕੇ ਤੌਰ ਤੇ ਨਹੀਂ ਕਿਹਾ ਜਾ ਸਕਦਾ। ਪਿਛਲੀ ਵਾਰ ਮਮਤਾ ਨੇ ਵੱਖਰੇ ਤੌਰ ਉਪਰ ਲੜ ਕੇ ਭਾਜਪਾ ਨੂੰ ਰੋਕਿਆ ਸੀ। ਜੇਕਰ ਰੀਜਨਲ ਪਾਰਟੀਆਂ ਮੋਰਚਾ ਬਣਾ ਕੇ ਲੜਨ ਤਾਂ ਆਪਣੇ ਪ੍ਰਭਾਵ ਵਾਲੇ ਰਾਜਾਂ ਵਿੱਚ ਭਾਜਪਾ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ। ਪਰ ਇੰਡੀਆ ਬਲਾਕ ਨੂੰ ਇੱਕਜੁੱਟ ਰਹਿਣ ਲਈ ਵੱਡੀ ਮਿਹਨਤ ਕਰਨੀ ਪਵੇਗੀ। ਰਾਹੁਲ ਗਾਂਧੀ ਨੂੰ ਲੀਡਰ ਵਜੋਂ ਸਵੀਕਾਰ ਕਰਨ ਲਈ ਕਾਂਗਰਸ ਨੂੰ ਚੰਗੇ ਨਤੀਜੇ ਚਾਹੀਦੇ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਬਲਾਕ ਇੱਕਜੁੱਟ ਨਾ ਰਿਹਾ ਤਾਂ ਤੀਜਾ ਮੋਰਚਾ ਬਣਨਾ ਯਕੀਨੀ ਹੈ ਅਤੇ ਭਾਜਪਾ ਨੂੰ ਫਾਇਦਾ ਹੋਵੇਗਾ।

ਭਾਰਤੀ ਰਾਜਨੀਤੀ ਵਿੱਚ 2026 ਇੱਕ ਅਹਿਮ ਸਾਲ ਹੈ ਜਿੱਥੇ ਚੋਣਾਂ ਨਹੀਂ ਸਿਰਫ਼ ਸੱਤਾ ਲਈ ਲੜੀਆਂ ਜਾਣਗੀਆਂ ਬਲਕਿ ਰਾਜਨੀਤਿਕ ਬਚਾਅ ਲਈ ਵੀ। ਭਾਜਪਾ ਆਪਣੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਮੌਕਾ ਵੇਖ ਰਹੀ ਹੈ ਜਦਕਿ ਵਿਰੋਧੀ ਧਿਰ ਫੁਟ ਦੀ ਸ਼ਿਕਾਰ ਹੈ। ਮੋਦੀ ਸਰਕਾਰ ਨੇ 2026 ਤੱਕ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਖਤਮ ਕਰਨ ਦਾ ਵਾਅਦਾ ਕੀਤਾ ਹੈ ਅਤੇ ਬੰਗਾਲ ਚੋਣਾਂ ਵੀ ਚੁਣੌਤੀਪੂਰਨ ਹਨ। ਰਾਜਨੀਤੀ ਵਿੱਚ ਅਨੇਕਾਂ ਸੰਭਾਵਨਾਵਾਂ ਹਨ ਅਤੇ ਅਗਲੇ ਮਹੀਨੇ ਵੱਡੇ ਬਦਲਾਅ ਆ ਸਕਦੇ ਹਨ। ਭਾਜਪਾ ਦੀ ਮਜ਼ਬੂਤੀ ਅਤੇ ਵਿਰੋਧੀ ਧਿਰ ਦੀ ਕਮਜ਼ੋਰੀ ਨੂੰ ਵੇਖਦੇ ਹੋਏ ਅਗਲੇ ਚੋਣਾਂ ਵਿੱਚ ਵੱਡੇ ਉਲਟਫੇਰ ਹੋ ਸਕਦੇ ਹਨ। ਮਮਤਾ ਬੈਨਰਜੀ ਵੱਲੋਂ ਚੋਣ ਕਮਿਸ਼ਨ ਵਿਰੁੱਧ ਲੜਾਈ ਨੇ ਵੀ ਰਾਜਨੀਤੀ ਨੂੰ ਗਰਮਾ ਦਿੱਤਾ ਹੈ। ਆਉਣ ਵਾਲੇ ਦਿਨਾਂ ਵਿੱਚ ਵੱਡੇ ਘਟਨਾਕ੍ਰਮ ਵਾਪਰ ਸਕਦੇ ਹਨ ਜੋ ਭਾਰਤੀ ਰਾਜਨੀਤੀ ਨੂੰ ਨਵਾਂ ਮੋੜ ਦੇਣਗੇ।

**ਸੰਪਾਦਕੀ** **ਵਿਚਾਰ :–** ਸੱਚ ਕਹਿਣ ਅਤੇ ਸੁਣਨ ਵਾਸਤੇ ਜੇਰਾ ਹੋਣਾ ਚਾਹੀਦਾ ਹੈ ਜਦ ਕਿ ਝੂਠ ਵਾਸਤੇ ਇਹ ਜਰੂਰੀ ਨਹੀਂ ।



ਰਜਿੰਦਰ ਸਿੰਘ ਪੁਰੇਵਾਲ

# ਇਨਕਲਾਬ' ਦੇ ਨਾਂ 'ਤੇ ਸਿਆਸੀ ਧੋਖਾਧੜੀ - 'ਆਪ' ਦਾ ਅਸਲ ਚਿਹਰਾ ਬੇਨਕਾਬ

ਪੰਜਾਬ ਦੀ ਸਿਆਸਤ ਵਿੱਚ "ਬਦਲਾਅ" ਅਤੇ "ਕੱਟੜ ਇਮਾਨਦਾਰੀ" ਦੇ ਜਿਸ ਸੁਪਨੇ ਨੂੰ ਵੇਚ ਕੇ ਆਮ ਆਦਮੀ ਪਾਰਟੀ ਨੇ ਸੱਤਾ ਹਾਸਲ ਕੀਤੀ ਸੀ, ਅੱਜ ਚਾਰ ਸਾਲਾਂ ਬਾਅਦ ਉਹ ਸੁਪਨਾ ਇੱਕ ਭਿਆਨਕ ਸੁਪਨਾ ਬਣ ਕੇ ਪੰਜਾਬੀਆਂ ਦੇ ਸਾਹਮਣੇ ਹੈ। ਸਾਬਕਾ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਗ੍ਰਿਫ਼ਤਾਰੀ ਕੋਈ ਇਕੱਲੀ ਘਟਨਾ ਨਹੀਂ ਹੈ, ਸਗੋਂ ਇਹ ਉਸ ਲੰਬੀ ਲੜੀ ਦਾ ਹਿੱਸਾ ਹੈ ਜਿਸ ਨੇ ਇਹ ਸਾਬਤ ਕਰ ਦਿੱਤਾ ਹੈ ਕਿ 'ਆਪ' ਦਾ 'ਲੋਕ-ਪੱਖੀ ਇਨਕਲਾਬ' ਮਹਿਜ਼ ਇੱਕ ਚੋਣ ਸਟੰਟ ਅਤੇ ਵੱਡੀ ਸਿਆਸੀ ਧੋਖਾਧੜੀ ਸੀ। ਜਿਹੜੀ ਪਾਰਟੀ ਦੂਜਿਆਂ ਦੇ ਕਿਰਦਾਰ ਉੱਤੇ ਉਂਗਲਾਂ ਚੁੱਕ ਕੇ ਸੱਤਾ ਵਿੱਚ ਆਈ ਸੀ, ਅੱਜ ਉਸ ਦਾ ਆਪਣਾ ਪੱਲਾ ਦਾਗ਼ਾਂ ਨਾਲ ਭਰਿਆ ਪਿਆ ਹੈ। ਲਾਲਜੀਤ ਭੁੱਲਰ 'ਤੇ ਇੱਕ ਸਰਕਾਰੀ ਅਧਿਕਾਰੀ ਨੂੰ ਖੁਦਕੁਸ਼ੀ ਲਈ ਮਜਬੂਰ ਕਰਨ ਵਰਗੇ ਸੰਗੀਨ ਇਲਜ਼ਾਮ ਲੱਗੇ ਹਨ। ਪਰ ਕੀ ਇਹ ਪਹਿਲਾ ਮਾਮਲਾ ਹੈ? ਬਿਲਕੁਲ ਨਹੀਂ। ਵਿਜੇ ਸਿੰਗਲਾ 1% ਕਮਿਸ਼ਨ ਦੇ ਚੱਕਰ ਵਿੱਚ ਬਰਖ਼ਾਸਤ ਹੋਏ ਸਨ, ਪਰ ਬਾਅਦ ਵਿੱਚ 'ਕਲੀਨ ਚਿੱਟ' ਮਿਲ ਗਈ। ਕੀ ਇਹ ਇਨਸਾਫ਼ ਸੀ ਜਾਂ ਸਿਆਸੀ ਸੈਟਿੰਗ। ਅਮਿਤ ਰਤਨ ਕੋਟਫੱਤਾ ਰਿਸ਼ਵਤ ਦੇ ਮਾਮਲੇ ਵਿੱਚ ਰੰਗੇ ਹੱਥੀਂ ਫੜੇ ਗਏ ਪੀਏ ਦੇ ਆਧਾਰ 'ਤੇ ਜੇਲ੍ਹ ਗਏ। ਹਰਮੀਤ ਪਠਾਣਮਾਜਰਾ ਬਲਾਤਕਾਰ ਅਤੇ ਧੋਖਾਧੜੀ ਵਰਗੇ ਸ਼ਰਮਨਾਕ ਇਲਜ਼ਾਮਾਂ ਤੋਂ ਬਾਅਦ ਹੁਣ ਫੜੇ ਗਏ ਹਨ। ਸਤੰਬਰ 2025 ਦੌਰਾਨ ਪਠਾਣਮਾਜਰਾ ਵਿਰੁੱਧ ਜ਼ੀਰਕਪੁਰ ਦੀ ਇੱਕ ਔਰਤ ਦੀ ਸ਼ਿਕਾਇਤ 'ਤੇ ਬਲਾਤਕਾਰ (ਧਾਰਾ 376), ਧੋਖਾਧੜੀ (420) ਅਤੇ ਧਮਕਾਉਣ (506) ਦੇ ਸੰਗੀਨ ਇਲਜ਼ਾਮਾਂ ਹੇਠ ਕੇਸ ਦਰਜ ਹੋਇਆ ਸੀ। ਫੌਜਾ ਸਿੰਘ ਸਰਾਰੀ ਅਤੇ ਰਮਨ ਅਰੋੜਾ ਭ੍ਰਿਸ਼ਟਾਚਾਰ ਅਤੇ ਜਬਰੀ ਵਸੂਲੀ ਦੇ ਇਲਜ਼ਾਮਾਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ 'ਆਪ' ਦੇ ਅੰਦਰੂਨੀ ਢਾਂਚੇ ਵਿੱਚ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਕਿੰਨੀਆਂ ਡੂੰਘੀਆਂ ਹਨ।

ਮੁੱਖ ਮੰਤਰੀ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਹਰ ਗ੍ਰਿਫ਼ਤਾਰੀ ਤੋਂ ਬਾਅਦ "ਸਖ਼ਤ ਕਾਰਵਾਈ" ਦਾ ਢਿੰਡੋਰਾ ਪਿੱਟ ਕੇ ਆਪਣੀ ਪਿੱਠ ਥਾਪੜਦੇ ਹਨ। ਪਰ ਸਵਾਲ ਇਹ ਹੈ ਕਿ ਅਜਿਹੇ ਲੋਕਾਂ ਨੂੰ ਟਿਕਟਾਂ ਦਿੱਤੀਆਂ ਹੀ ਕਿਉਂ ਗਈਆਂ? ਕੀ ਇਹ "ਕੱਟੜ ਇਮਾਨਦਾਰੀ" ਦਾ ਸਰਟੀਫਿਕੇਟ ਵੰਡਣ ਵੇਲੇ ਇਹਨਾਂ ਦੇ ਪਿਛੋਕੜ ਦੀ ਜਾਂਚ ਨਹੀਂ ਸੀ ਕੀਤੀ ਗਈ? ਅਸਲ ਵਿੱਚ, ਜਦੋਂ ਆਪਣੇ ਹੀ ਮੰਤਰੀ ਜੇਲ੍ਹ ਜਾਣ ਲੱਗਣ, ਤਾਂ ਇਸ ਦਾ ਮਤਲਬ ਇਹ ਨਹੀਂ ਕਿ ਸਰਕਾਰ ਸਖ਼ਤ ਹੈ, ਸਗੋਂ ਇਹ ਹੈ ਕਿ ਸਰਕਾਰ ਅੰਦਰੂਨੀ ਤੌਰ 'ਤੇ ਗੰਧਲੀ ਹੋ ਚੁੱਕੀ ਹੈ।

ਭੁੱਲਰ ਦੇ ਮਾਮਲੇ ਵਿੱਚ ਸਰਕਾਰ ਦੀ 'ਫੁਰਤੀ' ਨੈਤਿਕਤਾ ਕਰਕੇ ਨਹੀਂ, ਸਗੋਂ ਚੁਫੇਰਿਓਂ ਪਏ ਦਬਾਅ ਅਤੇ ਕੇਂਦਰੀ ਏਜੰਸੀਆਂ (ਸੀਬੀਆਈ) ਦੀ ਜਾਂਚ ਦੇ ਡਰ ਕਰਕੇ ਸੀ। 2027 ਦੀਆਂ ਚੋਣਾਂ ਸਿਰ 'ਤੇ ਦੇਖ ਕੇ ਆਮ ਆਦਮੀ ਪਾਰਟੀ ਹੁਣ "ਡੈਮੇਜ ਕੰਟਰੋਲ" ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਪਰ ਪੰਜਾਬ ਦੇ ਲੋਕ ਹੁਣ ਸਮਝ ਚੁੱਕੇ ਹਨ ਕਿ ਇਹ ਉਹ 'ਬਦਲਾਅ' ਨਹੀਂ ਸੀ ਜਿਸ ਲਈ ਉਨ੍ਹਾਂ ਨੇ ਵੋਟਾਂ ਪਾਈਆਂ ਸਨ। ਪੰਜਾਬ ਦੀ ਧਰਤੀ 'ਤੇ ਇਨਕਲਾਬ ਦਾ ਨਾਅਰਾ ਬਹੁਤ ਪਵਿੱਤਰ ਹੈ, ਪਰ 'ਆਪ' ਨੇ ਇਸ ਨਾਅਰੇ ਦੀ ਵਰਤੋਂ ਸਿਰਫ਼ ਸੱਤਾ ਦੀ ਕੁਰਸੀ ਤੱਕ ਪਹੁੰਚਣ ਲਈ ਪੌੜੀ ਵਜੋਂ ਕੀਤੀ। ਮੰਤਰੀਆਂ ਦਾ ਭ੍ਰਿਸ਼ਟਾਚਾਰ, ਜਿਨਸੀ ਸ਼ੋਸ਼ਣ ਦੇ ਇਲਜ਼ਾਮ ਅਤੇ ਕਾਨੂੰਨ ਦੀਆਂ ਧੱਜੀਆਂ ਉਡਾਉਣਾ ਇਹ ਦੱਸਦਾ ਹੈ ਕਿ ਇਹ ਸਰਕਾਰ ਰਵਾਇਤੀ ਪਾਰਟੀਆਂ ਨਾਲੋਂ ਵੀ ਵੱਧ ਮੌਕਾਪ੍ਰਸਤ ਨਿਕਲੀ। ਲਗਾਤਾਰ ਮੰਤਰੀਆਂ ਅਤੇ ਵਿਧਾਇਕਾਂ ਦੇ ਅਪਰਾਧਿਕ ਮਾਮਲਿਆਂ ਵਿੱਚ ਫਸਣ ਕਾਰਨ ਸਰਕਾਰ ਦੀ ਭਾਰੀ ਕਿਰਕਿਰੀ ਹੋ ਰਹੀ ਸੀ। 2027 ਵਿੱਚ ਪੰਜਾਬ ਦੇ ਲੋਕ ਇਸ 'ਸਿਆਸੀ ਫਰਾਡ' ਦਾ ਹਿਸਾਬ ਜ਼ਰੂਰ ਮੰਗਣਗੇ। 'ਆਪ' ਲਈ ਹੁਣ ਅਕਸ ਬਚਾਉਣਾ ਮੁਸ਼ਕਲ ਹੀ ਨਹੀਂ, ਅਸੰਭਵ ਜਾਪਦਾ ਹੈ।

## ਕਿਊਬੈਕ ਸਰਕਾਰ ਦਾ ਬਿਲ ਸਿਖ ਪਛਾਣ ਲਈ ਸੰਕਟ ਬਣਿਆ

ਕੈਨੇਡਾ ਦੀ ਸੁਪਰੀਮ ਕੋਰਟ ਵਿੱਚ ਬਿਲ 21 'ਤੇ ਹੋਣ ਵਾਲੀ ਸੁਣਵਾਈ ਸਿਰਫ਼ ਇੱਕ ਕਾਨੂੰਨੀ ਪ੍ਰਕਿਰਿਆ ਨਹੀਂ, ਸਗੋਂ ਇਹ ਤੈਅ ਕਰੇਗੀ ਕਿ ਕੀ ਕੈਨੇਡਾ ਵਿੱਚ 'ਚਾਰਟਰ ਆਫ ਰਾਈਟਸ' (ਅਧਿਕਾਰਾਂ ਦਾ ਚਾਰਟਰ) ਸੱਚਮੁੱਚ ਨਾਗਰਿਕਾਂ ਦੀ ਰੱਖਿਆ ਕਰਦਾ ਹੈ ਜਾਂ ਇਹ ਸਿਆਸੀ ਮਨਸੂਬਿਆਂ ਦਾ ਗੁਲਾਮ ਹੈ। 'ਨੌਟਵਿਦਸਟੈਂਡਿੰਗ ਕਲੌਜ਼' (ਧਾਰਾ 33) ਦੀ ਵਰਤੋਂ ਕਰਕੇ ਕਿਊਬੈਕ ਸਰਕਾਰ ਨੇ ਲੋਕਤੰਤਰ ਦੇ ਉਸ ਬੁਨਿਆਦੀ ਸਿਧਾਂਤ ਨੂੰ ਚੁਣੌਤੀ ਦਿੱਤੀ ਹੈ, ਜੋ ਕਹਿੰਦਾ ਹੈ ਕਿ ਬਹੁਗਿਣਤੀ ਦੀ ਸਰਕਾਰ ਘੱਟ ਗਿਣਤੀਆਂ ਦੇ ਹੱਕ ਨਹੀਂ ਖੋਹ ਸਕਦੀ। ਜੇਕਰ ਅਦਾਲਤ ਇਸ ਕਲੌਜ਼ ਦੀ ਅੰਨ੍ਹੇਵਾਹ ਵਰਤੋਂ ਨੂੰ ਹਰੀ ਝੰਡੀ ਦਿੰਦੀ ਹੈ, ਤਾਂ ਇਹ ਪੂਰੇ ਕੈਨੇਡਾ ਵਿੱਚ ਮਨੁੱਖੀ ਅਧਿਕਾਰਾਂ ਦੇ ਪਤਨ ਦੀ ਸ਼ੁਰੂਆਤ ਹੋ ਸਕਦੀ ਹੈ। ਇਹ ਬਹਿਸ ਹੁਣ ਸਿਰਫ਼ "ਧਰਮ ਨਿਰਪੱਖਤਾ" ਦੀ ਨਹੀਂ ਰਹੀ, ਸਗੋਂ ਇਹ "ਰਾਜ ਦੀ ਤਾਕਤ ਬਨਾਮ ਵਿਅਕਤੀਗਤ ਆਜ਼ਾਦੀ" ਦਾ ਮੁੱਦਾ ਬਣ ਚੁੱਕੀ ਹੈ।

ਸਿੱਖ ਪੰਥ ਇਸ ਕਾਨੂੰਨ ਦੇ ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਸਮੂਹਾਂ ਵਿੱਚੋਂ ਇੱਕ ਹੈ। ਵਰਲਡ ਸਿੱਖ ਆਰਗਨਾਈਜ਼ੇਸ਼ਨ ਅਤੇ ਅੰਮ੍ਰਿਤ ਕੌਰ ਵਰਗੇ ਕਾਰਕੁਨਾਂ ਰਾਹੀਂ ਸਿੱਖਾਂ ਨੇ ਆਪਣਾ ਪੱਖ ਬੜੀ ਮਜ਼ਬੂਤੀ ਨਾਲ ਰੱਖਿਆ ਹੈ। ਸਿੱਖਾਂ ਦੀ ਦਲੀਲ ਹੈ ਕਿ ਦਸਤਾਰ (ਪੱਗ) ਜਾਂ ਹੋਰ ਕਕਾਰ ਸਿਰਫ਼ ਸਜਾਵਟੀ "ਚਿੰਨ੍ਹ" ਨਹੀਂ ਹਨ, ਸਗੋਂ ਇਹ ਇੱਕ ਸਿੱਖ ਦੀ ਸ਼ਖਸੀਅਤ ਦਾ ਅਨਿੱਖੜਵਾਂ ਅੰਗ ਹਨ। ਬਿਲ 21 ਸਿੱਖਾਂ ਨੂੰ ਆਪਣੀ ਆਸਥਾ ਅਤੇ ਆਪਣੀ ਰੋਜ਼ੀ-ਰੋਟੀ (ਨੌਕਰੀ) ਵਿੱਚੋਂ ਇੱਕ ਨੂੰ ਚੁਣਨ ਲਈ ਮਜਬੂਰ ਕਰਦਾ ਹੈ, ਜੋ ਕਿ ਸਰਾਸਰ ਬੇਇਨਸਾਫ਼ੀ ਹੈ।

ਬਾਕੀ ਹਿਸਾ ਸਫਾ 9 ਤੇ ਪੜ੍ਹੋ

**NEWS & VIEWS**

# KHALSA 1699: FINAL PHASE OF SOCIO-POLITICAL REVOLUTION STARTED BY GURU NANAK SAHIB



Gurmukh Singh OBE

**ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ ॥**

**Khalsa Emerged by the Will of The Supreme Being**

**(Sarabloh Granth)**

==========================

**Part 1: The Nash Doctrine (ਨਾਸ਼ ਸਿਧਾਂਤ) was a Complete Break, especially from Brahmanic Hinduism, and any other religious background.**

Sikh teachings are evergreen, universal and for the world. However, the path of Sikhi followed by the Sikh Panth, which evolved into the corporate entity, the Khalsa Panth by Vaisakhi 1699, is narrow and for the few.

For that reason, Khalsa is not concerned with the numbers game. Quality of Khalsa-living matters more than numbers about which some Sikh leaders are so concerned. Not more children but more quality Sikhs who live truly committed Sikhi lives, is the need.

Sikhi demands a *mar-jeevra* (living-martyr) life with a complete break from earlier life. The first Panj Pyaray gave their heads to the Guru and gave up their previous lives for new Khalsa living. The Sikhi Nash Doctrine demands that change.

*Nash* in Panjabi means complete destruction. In the sense used by Guru Gobind Singh ji in 1699, it means total rejection of, or freedom from, five components of the Nash Doctrine. That involves 5 rejections *that destroy old traditions, superstitions, lineages, and actions, replacing them with a new life focused on the Creator.*

Khalsa must give up previous religion (Dharam Nash). That means r*enouncing previous religious creeds, rites, and scriptures to follow the Sikh ideology. Karam Nash is freeing oneself from past actions. It is ending reliance on rituals and superstitious karmic systems, replacing them with the Grace of the Guru. Bharam Nash is freedom from superstition.* No more belief in rituals and pilgrimages. Idol worship is rejected. Kul Nash is breaking with past family lineage or caste distinctions in order to join the family of the Guru while adopting the name Singh for men and Kaur for women. Krit Nash frees one from past family professions and attached societal stigma.

The Nash Doctrine established a distinct identity for the Khalsa, free from the caste system and rituals of traditional Indian society. *It was a psychological and spiritual transformation, allowing people to rise above caste and creed differences.* (In the above I have relied heavily on Sikh Research Institute (US) interpretations.)

Amritdhari Khalsa is reminded of the Nash doctrine during the Amrit Sanskar initiation. It is a foundational Sikh principle requiring *a complete break from past religious, social, and caste-based identities to create a sovereign Khalsa identity.*

From the outset of his revolutionary mission, Guru Nanak Sahib rejected the *jeneu* as a symbol of Brahmanic caste system which allowed Brahmanic top position in society. The Manuwadic Varna-Ashram caste system had divided human beings from birth into permanent high, low and untouchable groups with the Brahmin on the top of the social hierarchy. That was rejected at the outset of Khalsa revolution. Through the Nash Doctrine, Guru Gobind Singh Ji united human society as equals. The doctrine turned *passive masses into active, warrior-scholars (Saint-Soldiers), empowering the lowliest of the low.* The Khalsa became an independent theo-political entity ready to face Brahmanical or Mughal domination

Much concern is expressed about the state of the Panth today. The Nash Doctrine reminds us that we continue to follow *Bipran ki reet* and have moved away from the clear guidance given by the Guru on the Vaisakhi Day 1699.

Gurmukh Singh OBE, Ret'd Principal Civil Servant (UK) sewauk2005@yahoo.co.uk

# ਇੰਗਲੈਂਡ ਵਿੱਚ ਧਰਮ ਪ੍ਰੀਵਰਤਨ ਲਈ 10 ਹਜ਼ਾਰ ਪੌਂਡ ਦੀ ਪੇਸ਼ਕਸ਼ ਦੀ ਚਰਚਾ ਨੇ ਛੇੜਿਆ ਨਵਾਂ ਵਿਵਾਦ


ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਕੁਝ ਦਿਨਾਂ ਤੋਂ ਸ਼ੋਸ਼ਲ ਮੀਡੀਆ ਤੇ ਇੱਕ ਵੀਡੀਓ ਕਲਿੱਪ ਵਿੱਚ ਯੂ ਕੇ ਵਿੱਚ ਵੱਧ ਰਹੀਆਂ ਗਰੂਮਿੰਗ (ਗੁੰਮਰਾਹ ਕਰਨ) ਦੀਆਂ ਘਟਨਾਵਾਂ ਬਾਰੇ ਗੱਲ ਕਰਦਿਆਂ ਕਿਹਾ ਗਿਆ ਹੈ ਕਿ ਸਿੱਖ ਲੜਕੀਆਂ ਨੂੰ ਮੁਸਲਿਮ ਬਣਨ ਲਈ 10 ਹਜ਼ਾਰ ਪੌਂਡ ਜਦ ਕਿ ਹਿੰਦੂ ਅਤੇ ਇਸਾਈ ਲੜਕੀਆਂ ਨੂੰ 5-5 ਹਜ਼ਾਰ ਪੌਂਡ ਦੀ ਪੇਸ਼ਕਸ਼ ਕੀਤੀ ਜਾਂਦੀ ਹੈ।

ਇਸ ਵੀਡੀਓ ਕਲਿਪ ਦੇ ਵਾਇਰਲ ਹੋਣ ਤੋਂ ਬਾਅਦ ਸਿੱਖ ਭਾਈਚਾਰੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਪਰ ਨਾਲ ਹੀ ਅਜੇਹਾ ਕਿੱਥੇ ਹੋਇਆ ਜਾਂ ਹੋ ਰਿਹਾ ਹੈ ਬਾਰੇ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਮਿਲ ਰਹੀ। ਜਦੋਂ ਅਜੀਤ ਪ੍ਰਤੀਨਿੱਧ ਵੱਲੋਂ ਗਰੂਮਿੰਗ, ਨਸਲੀ ਹਮਲੇ ਅਤੇ ਹੋਰ ਸਿੱਖ ਵਿਰੋਧੀ ਗਤੀਵਿਧੀਆਂ ਨੂੰ ਰੋਕਣ ਲਈ ਕੰਮ ਕਰਦੇ ਸਿੱਖ ਅਤੇ ਸਿੱਖ ਸੰਸਥਾਵਾਂ ਦੇ ਆਗੂਆਂ ਨਾਲ ਗੱਲ ਕੀਤੀ, ਤਾਂ ਉਹਨਾਂ ਨੇ ਇਸ ਤਰ੍ਹਾਂ ਦੇ ਕਿਸੇ ਵੀ ਮਾਮਲੇ ਤੋਂ ਅਗਿਆਨਤਾ ਪ੍ਰਗਟ ਕੀਤੀ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ, ਮੀਤ ਪ੍ਰਧਾਨ ਹਰਜੀਤ ਸਿੰਘ ਸਰਪੰਚ, ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੇ ਮੁੱਖ ਸੇਵਾਦਾਰ ਸ: ਜਤਿੰਦਰ ਸਿੰਘ ਬਾਸੀ, ਸਿੱਖ ਯੂਥ ਯੂ ਕੇ ਦੇ ਦੀਪਾ ਸਿੰਘ ਆਦਿ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਸਿੱਖ ਬੱਚੀਆਂ ਨੂੰ ਗੁੰਮਰਾਹ ਕਰਨ, ਧਰਮ ਪ੍ਰਵਿਰਤਨ ਦੇ ਕਈ ਮਾਮਲੇ ਸਾਹਮਣੇ ਆਏ ਹਨ, ਪਰ ਇਸ ਤਰ੍ਹਾਂ ਦੀ ਪੇਸ਼ਕਸ਼ ਦਾ ਕੋਈ ਮਾਮਲਾ ਉਹਨਾਂ ਦੇ ਧਿਆਨ ਵਿੱਚ ਨਹੀਂ ਆਇਆ। ਸਿੱਖ ਅਵੇਅਰਨੈਸ ਸੁਸਾਇਟੀ ਯੂ ਕੇ ਦੇ ਸ: ਮਨਮੋਹਨ ਸਿੰਘ ਨੇ ਕਿਹਾ ਕਿ 20 ਕੁ ਸਾਲ ਪਹਿਲਾਂ ਇਸ ਤਰ੍ਹਾਂ ਦੀ ਪੇਸ਼ਕਸ਼ ਦੇ ਪਰਚੇ ਵੰਡੇ ਗਏ ਸਨ, ਪਰ ਉਹਨਾਂ ਦੇ ਧਿਆਨ ਵਿੱਚ ਅਜੇਹਾ ਕੋਈ ਮਾਮਲਾ ਨਹੀਂ ਆਇਆ।




ਸ: ਮੱਲੀ ਨੇ ਕਿਹਾ ਕਿ ਜੇ ਕਿਸੇ ਕੋਲ ਵੀ ਕੋਈ ਜਾਣਕਾਰੀ ਹੈ ਤਾਂ ਸਾਡੇ ਨਾਲ ਸੰਪਰਕ ਕਰਨ ਅਤੇ ਅਸੀਂ ਪੁਲਿਸ ਦੀ ਮਦਦ ਨਾਲ ਕਾਰਵਾਈ ਕਰਵਾ ਸਕਦੇ ਹਾਂ। ਦੂਜੇ ਪਾਸੇ ਭਾਈ ਜਤਿੰਦਰ ਸਿੰਘ ਨੇ ਕਿਹਾ ਕਿ ਗਰੂਮਿੰਗ ਦੀ ਸਮੱਸਿਆ ਨਾਲ ਸਿੱਖ ਭਾਈਚਾਰਾ ਲੰਮੇਂ ਸਮੇਂ ਤੋਂ ਜੂਝ ਰਿਹਾ ਹੈ। ਪਰ ਉਹਨਾਂ ਨਾਲ ਹੀ ਕਿਹਾ ਕਿ ਅਜੇਹੇ ਸ਼ਵੇਦਨਸ਼ੀਲ ਮੁੱਦਿਆਂ ਤੇ ਪੁਖਤਾ ਸਬੂਤਾਂ ਦੇ ਅਧਾਰ ਤੇ ਹੀ ਜਾਣਕਾਰੀ ਸਾਂਝੀ ਦੇਣੀ ਚਾਹੀਦੀ ਹੈ। ਜਿਸ ਨੂੰ ਸਭ ਤੋਂ ਪਹਿਲਾਂ ਪੁਲਿਸ ਦੇ ਧਿਆਨ ਵਿੱਚ ਲਿਆਉਣਾ ਚਾਹੀਦਾ ਹੈ।

## ਬਰਤਾਨੀਆਂ ਦੇ ਪਹਿਲੇ ਏਸ਼ੀਅਨ ਮੇਅਰ ਕੌਂਸਲਰ ਜਗਦੀਸ਼ ਸ਼ਰਮਾਂ ਨਹੀਂ ਰਹੇ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਪਹਿਲੇ ਏਸ਼ੀਅਨ ਮੇਅਰ ਕੌਂਸਲਰ ਜਗਦੀਸ਼ ਸ਼ਰਮਾਂ ਅੱਜ ਅਕਾਲ ਚਲਾਣਾ ਕਰ ਗਏ ਹਨ। ਉਹ 91 ਵਰ੍ਹਿਆਂ ਦੇ ਸਨ। ਪੰਜਾਬ ਦੇ ਜਿਲ੍ਹਾ ਜਲੰਧਰ ਦੇ ਪਿੰਡ ਛੋਕਰਾਂ ਦੇ ਜੰਮਪਲ ਸ਼ਰਮਾਂ 1965 ਵਿੱਚ ਯੂ ਕੇ ਆਏ ਅਤੇ ਸਾਊਥਾਲ ਦੇ ਸਕੂਲ ਵਿੱਚ ਉਹਨਾਂ ਹਿਸਾਬ ਦੇ ਅਧਿਆਪਕ ਵਜੋਂ ਸੇਵਾਵਾਂ ਦਿੱਤੀਆਂ। 1976 ਵਿੱਚ ਹੰਸਲੋ ਵੈਸਟ ਤੋਂ ਪਹਿਲੀ ਵਾਰ ਕੌਂਸਲਰ ਚੁਣੇ ਗਏ ਅਤੇ ਅੱਜ ਤੱਕ 52 ਸਾਲ ਬਤੌਰ ਕੌਂਸਲਰ ਸੇਵਾਵਾਂ ਦਿੰਦੇ ਆ ਰਹੇ ਸਨ। 1979 ਵਿੱਚ ਉਹਨਾਂ ਨੂੰ ਲੰਡਨ ਬਾਰੋਅ ਆਫ ਹੰਸਲੋ ਦੇ ਮੇਅਰ ਬਣਕੇ ਉਹਨਾਂ ਨੂੰ ਬਰਤਾਨੀਆਂ ਦੇ ਪਹਿਲੇ ਏਸ਼ੀਅਨ ਮੂਲ ਦੇ ਮੇਅਰ ਬਣਨ ਦਾ ਮਾਣ ਹਾਸਿਲ ਹੋਇਆ। 52 ਸਾਲਾ ਸਿਆਸੀ ਜੀਵਨ ਦੌਰਾਨ ਉਹਨਾਂ ਨੇ ਹੰਸਲੋ ਕੌਂਸਲ ਵਿੱਚ ਮੇਅਰ, ਕੌਂਸਲਰ ਲੀਡਰ, ਕੈਬਨਿੱਟ ਮੈਂਬਰ, ਚੀਫ ਵਿੱਪ, ਵਿਰੋਧੀ ਧਿਰ ਦੇ ਨੇਤਾ ਸਮੇਤ ਹਰ ਉੱਚ ਅਹੁਦੇ ਤੇ ਜਿੰਮੇਂਵਾਰੀਆਂ ਨਿਭਾਈਆਂ। 1995 ਨੂੰ ਕੌਂਸਲਰ ਸ਼ਰਮਾਂ ਨੂੰ ਮਹਾਰਾਣੀ ਐਲਿਜ਼ਾਬੈਥ ਨੇ ਸਥਾਨਿਕ ਸਰਕਾਰਾਂ ਲਈ ਦਿੱਤੀਆਂ ਸੇਵਾਵਾਂ ਲਈ ਐਮ ਬੀ ਈ ਦੇ ਸ਼ਾਹੀ ਖਿਤਾਬ ਨਾਲ ਸਨਮਾਨਿਤ ਕੀਤਾ। ਬਰਤਾਨੀਆਂ ਦੀ ਰਾਜ ਵਿਦੇਸ਼ ਮੰਤਰੀ ਸੀਮਾ ਮਲਹੋਤਰਾ, ਸਾਬਕਾ ਐਮ ਪੀ ਵਰਿੰਦਰ ਸ਼ਰਮਾਂ, ਸਾਬਕਾ ਮੇਅਰ ਰਘਵਿੰਦਰ ਸਿੰਘ ਸਿੱਧੂ, ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਸ: ਗੁਰਮੇਲ ਸਿੰਘ ਮੱਲੀ ਆਦਿ ਸਮੇਤ ਵੱਖ ਵੱਖ ਸਖਸ਼ੀਅਤਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਕਿਊਬੈਕ ਸਰਕਾਰ ਦਾ ਬਿਲ ਸਿਖ ਪਛਾਣ ਲਈ ਸੰਕਟ ਬਣਿਆ-8 ਸਫ਼ੇ ਦਾ ਬਾਕੀ ਹਿਸਾ

ਸਿੱਖ ਭਾਈਚਾਰੇ ਦਾ ਕਹਿਣਾ ਹੈ ਕਿ ਇੱਕ ਅਧਿਆਪਕ, ਪੁਲਿਸ ਅਧਿਕਾਰੀ ਜਾਂ ਜੱਜ ਦੀ ਕਾਬਲੀਅਤ ਉਸ ਦੇ ਕੰਮ ਅਤੇ ਨਿਰਪੱਖਤਾ ਤੋਂ ਮਾਪੀ ਜਾਣੀ ਚਾਹੀਦੀ ਹੈ, ਨਾ ਕਿ ਉਸ ਦੇ ਸਿਰ 'ਤੇ ਬੱਝੀ ਦਸਤਾਰ ਤੋਂ। ਦਸਤਾਰ ਸਜਾ ਕੇ ਸੇਵਾ ਕਰਨ ਵਾਲਾ ਵਿਅਕਤੀ ਰਾਜ ਦੀ ਨਿਰਪੱਖਤਾ ਨੂੰ ਖ਼ਤਰਾ ਨਹੀਂ, ਸਗੋਂ ਸਮਾਜ ਦੀ ਵਿਭਿੰਨਤਾ ਦਾ ਪ੍ਰਤੀਕ ਹੈ। ਸਿੱਖਾਂ ਦਾ ਮੰਨਣਾ ਹੈ ਕਿ ਇਹ ਕਾਨੂੰਨ ਉਨ੍ਹਾਂ ਨੂੰ ਇਹ ਸੁਨੇਹਾ ਦਿੰਦਾ ਹੈ ਕਿ ਉਹ ਕਿਊਬੈਕ ਦੇ ਸਮਾਜ ਵਿੱਚ "ਬਾਹਰੀ" ਹਨ। ਅੰਮ੍ਰਿਤ ਕੌਰ ਵਰਗੇ ਹੋਣਹਾਰ ਅਧਿਆਪਕਾਂ ਨੂੰ ਆਪਣਾ ਸੂਬਾ ਛੱਡ ਕੇ ਦੂਜੇ ਸੂਬਿਆਂ (ਜਿਵੇਂ ਬ੍ਰਿਟਿਸ਼ ਕੋਲੰਬੀਆ) ਵਿੱਚ ਜਾਣ ਲਈ ਮਜਬੂਰ ਕਰਨਾ ਕਿਊਬੈਕ ਲਈ ਇੱਕ ਬੌਧਿਕ ਅਤੇ ਨੈਤਿਕ ਹਾਰ ਹੈ। ਵਰਲਡ ਸਿੱਖ ਆਰਗਨਾਈਜ਼ੇਸ਼ਨ ਇਸ ਮਾਮਲੇ ਵਿੱਚ ਅਦਾਲਤ ਵਿੱਚ ਇੱਕ ਮੁੱਖ ਧਿਰ ਹੈ। ਉਨ੍ਹਾਂ ਦਾ ਸਟੈਂਡ ਸਪਸ਼ਟ ਹੈ: ਧਾਰਾ 33 (Notwithstanding Clause) ਦੀ ਵਰਤੋਂ ਬੁਨਿਆਦੀ ਮਨੁੱਖੀ ਹੱਕਾਂ ਨੂੰ ਕੁਚਲਣ ਲਈ ਨਹੀਂ ਕੀਤੀ ਜਾ ਸਕਦੀ। ਸਿੱਖ ਭਾਈਚਾਰਾ ਇਸ ਨੂੰ ਸਿਰਫ਼ ਆਪਣੇ ਲਈ ਨਹੀਂ, ਸਗੋਂ ਮੁਸਲਿਮ ਅਤੇ ਯਹੂਦੀ ਭਾਈਚਾਰਿਆਂ ਦੇ ਹੱਕਾਂ ਲਈ ਵੀ ਇੱਕ ਸਾਂਝੀ ਲੜਾਈ ਵਜੋਂ ਵੇਖ ਰਿਹਾ ਹੈ। ਹੁਣ ਸਾਰੀਆਂ ਨਜ਼ਰਾਂ ਕੈਨੇਡਾ ਦੀ ਸੁਪਰੀਮ ਕੋਰਟ 'ਤੇ ਹਨ। ਅਦਾਲਤ ਨੂੰ ਇਹ ਤੈਅ ਕਰਨਾ ਹੋਵੇਗਾ ਕਿ ਕੀ 'ਨੋਟਵਿਦਸਟੈਂਡਿੰਗ ਕਲੌਜ਼' ਨੂੰ ਬਿਨਾਂ ਕਿਸੇ ਸੀਮਾ ਦੇ ਵਰਤਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ? ਇਹ ਫੈਸਲਾ ਨਾ ਸਿਰਫ਼ ਬਿਲ 21 ਦੀ ਕਿਸਮਤ ਤੈਅ ਕਰੇਗਾ, ਸਗੋਂ ਇਹ ਵੀ ਦੱਸੇਗਾ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਕੈਨੇਡਾ ਇੱਕ ਬਹੁ-ਸਭਿਆਚਾਰਕ ਦੇਸ਼ ਰਹੇਗਾ ਜਾਂ ਫਿਰ ਅਲੱਗ-ਥਲੱਗ ਪਛਾਣਾਂ ਦਾ ਇੱਕ ਟਕਰਾਅ ਵਾਲਾ ਖੇਤਰ ਬਣੇਗਾ। ਜਿੱਥੇ ਕੁਝ ਸਿੱਖ ਕਿਊਬੈਕ ਛੱਡ ਕੇ ਦੂਜੇ ਸੂਬਿਆਂ ਵਿੱਚ ਜਾ ਰਹੇ ਹਨ, ਉੱਥੇ ਹੀ ਸਿਖ ਭਾਈਚਾਰੇ ਦਾ ਵੱਡਾ ਹਿੱਸਾ ਕਾਨੂੰਨੀ ਤੌਰ 'ਤੇ ਇਸ ਵਿਤਕਰੇ ਨੂੰ ਚੁਣੌਤੀ ਦੇ ਰਿਹਾ ਹੈ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਕਿਸੇ ਹੋਰ ਘੱਟ-ਗਿਣਤੀ ਨਾਲ ਅਜਿਹਾ ਧੱਕਾ ਨਾ ਹੋਵੇ। ਸਿੱਖਾਂ ਨੇ ਹਮੇਸ਼ਾ ਦੂਜੇ ਮਜ਼ਲੂਮਾਂ ਦੇ ਹੱਕ ਵਿੱਚ ਆਵਾਜ਼ ਉਠਾਈ ਹੈ। ਇਸ ਲੜਾਈ ਵਿੱਚ ਵੀ ਸਿੱਖ ਭਾਈਚਾਰਾ ਮੁਸਲਿਮ ਅਤੇ ਯਹੂਦੀ ਭਾਈਚਾਰਿਆਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ। ਸਿੱਖ ਭਾਈਚਾਰੇ ਨੇ ਅਦਾਲਤ ਵਿੱਚ ਸਪਸ਼ਟ ਕੀਤਾ ਹੈ ਕਿ ਦਸਤਾਰ ਸਰੀਰ ਦਾ ਹਿੱਸਾ ਹੈ, ਇਸ ਨੂੰ ਉਤਾਰ ਕੇ ਨੌਕਰੀ ਕਰਨਾ ਇੱਕ ਸਿੱਖ ਲਈ ਆਪਣੀ ਆਤਮਾ ਨੂੰ ਮਾਰਨ ਦੇ ਬਰਾਬਰ ਹੈ।

ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਜੇਕਰ ਕਿਊਬੈਕ ਆਪਣੇ ਅੜੀਅਲ ਰਵੱਈਏ 'ਤੇ ਕਾਇਮ ਰਹਿੰਦਾ ਹੈ, ਤਾਂ ਇਹ ਕੈਨੇਡਾ ਦੀ ਰਾਸ਼ਟਰੀ ਏਕਤਾ ਲਈ ਵੱਡਾ ਖ਼ਤਰਾ ਬਣ ਸਕਦਾ ਹੈ। ਸਿੱਖ ਭਾਈਚਾਰਾ ਇਸ ਵੇਲੇ ਅਦਾਲਤ ਤੋਂ ਉਸ ਇਨਸਾਫ਼ ਦੀ ਉਮੀਦ ਕਰ ਰਿਹਾ ਹੈ ਜੋ ਇਹ ਸਾਬਤ ਕਰ ਸਕੇ ਕਿ ਕੈਨੇਡਾ ਵਿੱਚ 'ਸਭ ਦਾ ਸਤਿਕਾਰ' ਸਿਰਫ਼ ਇੱਕ ਨਾਅਰਾ ਨਹੀਂ, ਸਗੋਂ ਸੰਵਿਧਾਨਕ ਹਕੀਕਤ ਹੈ।

-ਰਜਿੰਦਰ ਸਿੰਘ ਪੁਰੇਵਾਲ


## ਭਾਰਤ ਵਿੱਚ ਮੇਰੇ 'ਤੇ ਤਸ਼ੱਦਦ ਕੀਤਾ ਜਾ ਸਕਦਾ - ਨੀਰਵ ਮੋਦੀ
## ਭਾਰਤ ਹਵਾਲਗੀ 'ਤੇ ਮੁੜ ਵਿਚਾਰ ਕਰਨ ਦੀ ਪਟੀਸ਼ਨ ਦਾ ਫੈਸਲਾ ਰੱਖਿਆ ਰਾਖਵਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤ ਨੂੰ ਲੋੜੀਂਦੇ ਹੀਰਾ ਵਪਾਰੀ ਨੀਰਵ ਮੋਦੀ ਦੀ ਹਵਾਲਗੀ ਪਟੀਸ਼ਨ 'ਤੇ ਮੁੜ ਵਿਚਾਰ ਕਰਨ ਦੀ ਪਟੀਸ਼ਨ 'ਤੇ ਸੁਣਵਾਈ ਲੰਡਨ ਦੀ ਹਾਈ ਕੋਰਟ ਵਿੱਚ ਸਮਾਪਤ ਹੋ ਗਈ ਹੈ। ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਵਿੱਚ ਜਾਂਚ ਏਜੰਸੀਆਂ ਦੁਆਰਾ ਪੁੱਛਗਿੱਛ ਦੌਰਾਨ ਉਸਨੂੰ "ਤਸ਼ੱਦਦ ਦਾ ਖ਼ਤਰਾ" ਹੈ।

ਰੋਇਲ ਕੋਰਟਸ ਆਫ਼ ਜਸਟਿਸ ਵਿੱਚ ਅਪੀਲ ਦੀ ਸੁਣਵਾਈ ਕਰ ਰਹੇ ਲਾਰਡ ਜੇਰੇਮੀ ਸਟੂਅਰਟ-ਸਮਿਥ ਅਤੇ ਜਸਟਿਸ ਰੌਬਰਟ ਜੇ ਨੇ ਮੰਗਲਵਾਰ ਨੂੰ ਇੱਕ ਦਿਨ ਚੱਲੀ ਸੁਣਵਾਈ ਦੇ ਅੰਤ ਵਿੱਚ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਹੈ। ਸਟੂਅਰਟ-ਸਮਿਥ ਨੇ ਕਿਹਾ ਕਿ ਇਹ ਮਾਮਲਾ ਮੋਦੀ ਅਤੇ ਭਾਰਤੀ ਅਧਿਕਾਰੀਆਂ ਲਈ ਬਹੁਤ ਮਹੱਤਵਪੂਰਨ ਹੈ। ਅਸੀਂ ਆਪਣਾ ਫੈਸਲਾ ਜਲਦੀ ਤੋਂ ਜਲਦੀ ਸੁਣਾਵਾਂਗੇ।

ਇਹ ਸੁਣਵਾਈ ਦੋ ਦਿਨਾਂ ਲਈ ਨਿਰਧਾਰਤ ਸੀ ਪਰ ਸਮੇਂ ਤੋਂ ਪਹਿਲਾਂ ਹੀ ਸਮਾਪਤ ਹੋ ਗਈ। 54 ਸਾਲਾ ਕਾਰੋਬਾਰੀ ਮੋਦੀ 'ਤੇ ਭਾਰਤ ਵਿੱਚ ਲਗਭਗ 2 ਅਰਬ ਅਮਰੀਕੀ ਡਾਲਰ ਦੇ ਪੰਜਾਬ ਨੈਸ਼ਨਲ ਬੈਂਕ ਕਰਜ਼ਾ ਘੁਟਾਲੇ ਵਿੱਚ ਧੋਖਾਧੜੀ ਅਤੇ ਹਵਾਲਾ ਦੇ ਦੋਸ਼ ਹਨ। ਜੋ ਉੱਤਰੀ ਲੰਡਨ ਦੀ ਪੈਂਟਨਵਿਲ ਜੇਲ੍ਹ ਤੋਂ ਵੀਡੀਓ ਲਿੰਕ ਰਾਹੀਂ ਪੇਸ਼ ਹੋਇਆ।

ਅਦਾਲਤ ਵਿੱਚ ਭਾਰਤ ਸਰਕਾਰ ਦੀ ਨੁਮਾਇੰਦਗੀ ਕਰ ਰਹੀ ਕਰਾਊਨ ਪ੍ਰੌਸੀਕਿਊਸ਼ਨ ਸਰਵਿਸ ਨੇ ਨੀਰਵ ਮੋਦੀ ਕੇਸ ਨੂੰ ਦੁਬਾਰਾ ਖੋਲ੍ਹਣ ਦੇ ਆਧਾਰ ਦਾ ਵਿਰੋਧ ਕੀਤਾ। ਨੀਰਵ ਮੋਦੀ ਦੀ ਹਵਾਲਗੀ ਦਾ ਹੁਕਮ ਲਗਭਗ ਛੇ ਸਾਲ ਪਹਿਲਾਂ ਦਿੱਤਾ ਗਿਆ ਸੀ।



ਨੀਰਵ ਮੋਦੀ ਦੇ ਵਕੀਲ ਐਡਵਰਡ ਫਿਟਜ਼ਗੇਰਾਲਡ ਕਿੰਗਜ਼ ਕੇਸੀ ਨੇ ਦਲੀਲ ਦਿੱਤੀ ਕਿ ਹਵਾਲਗੀ ਨਾਲ ਭਾਰਤ ਵਿੱਚ ਪੁੱਛਗਿੱਛ ਦੌਰਾਨ ਅਣਮਨੁੱਖੀ ਜਾਂ ਅਪਮਾਨਜਨਕ ਵਿਵਹਾਰ ਜਾਂ ਤਸ਼ੱਦਦ ਦਾ ਖ਼ਤਰਾ ਹੈ। ਭਾਰਤ ਸਰਕਾਰ ਦੁਆਰਾ ਦਿੱਤੇ ਗਏ ਭਰੋਸੇ ਕਾਫ਼ੀ ਨਹੀਂ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਉਨ੍ਹਾਂ ਦੇ ਮੁਵੱਕਲ ਨੂੰ ਮੁੰਬਈ ਦੀ ਆਰਥਰ ਰੋਡ ਜੇਲ੍ਹ ਤੋਂ ਗੁਜਰਾਤ ਲਿਜਾਇਆ ਜਾ ਸਕਦਾ ਹੈ ਤਾਂ ਜੋ ਸੀ ਬੀ ਆਈ ਅਤੇ ਈ ਡੀ ਤੋਂ ਇਲਾਵਾ ਹੋਰ ਏਜੰਸੀਆਂ ਦੁਆਰਾ ਪੁੱਛਗਿੱਛ ਕੀਤੀ ਜਾ ਸਕੇ।

ਸੀ ਪੀ ਐਸ ਵਕੀਲ ਹੈਲਨ ਮੈਲਕਮ ਕੇਸੀ ਨੇ ਭਾਰਤ ਦੀ ਇਸ ਦਲੀਲ 'ਤੇ ਜ਼ੋਰ ਦਿੱਤਾ ਕਿ ਨੀਰਵ ਦੀ ਅਰਜ਼ੀ ਨਿਰਧਾਰਤ ਮਿਤੀ ਤੋਂ ਬਾਅਦ ਝੂਠੇ ਅਧਾਰਾਂ 'ਤੇ ਦਾਇਰ ਕੀਤੀ ਗਈ। ਜੇਕਰ ਨੀਰਵ ਮੋਦੀ ਦੀ ਅਰਜ਼ੀ ਨੂੰ ਰੱਦ ਕਰ ਦਿੱਤਾ ਜਾਂਦਾ ਹੈ, ਤਾਂ ਇਹ ਉਸਦੀ ਹਵਾਲਗੀ ਲਈ ਰਾਹ ਪੱਧਰਾ ਕਰਨ ਦੀ ਸੰਭਾਵਨਾ ਹੈ।

# ਬੇਅਦਬੀ ਰੋਕਣ ਲਈ ਸਖ਼ਤ ਕਾਨੂੰਨ ਸਿੱਖ ਪੰਥ ਨੂੰ ਸੰਤੁਸ਼ਟ ਕਰ ਸਕੇਗਾ ?

## ✪ ਬੇਅਦਬੀ ਕਰਨ ਵਾਲੀਆਂ ਤਾਕਤਾਂ ਕੌਣ ਹਨ, ਸਰਕਾਰ ਕਿਉਂ ਅਸਫਲ ਰਹੀ



ਸਮਾਣਾ-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਬੀਤੇ ਦਿਨੀਂ ਸਮਾਣਾ ਵਿਖੇ ਟਾਵਰ ਮੋਰਚੇ 'ਤੇ ਬੈਠੀ ਸੰਗਤ ਨਾਲ ਮੁਲਾਕਾਤ ਕਰਦਿਆਂ ਬੇਅਦਬੀ ਘਟਨਾਵਾਂ ਰੋਕਣ ਲਈ ਸਖ਼ਤ ਕਾਨੂੰਨ ਲਿਆਉਣ ਦਾ ਐਲਾਨ ਕੀਤਾ। ਉਨ੍ਹਾਂ ਦੱਸਿਆ ਕਿ 13 ਅਪ੍ਰੈਲ ਨੂੰ ਖਾਲਸਾ ਸਾਜਨਾ ਦਿਵਸ ਮੌਕੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਿਆ ਗਿਆ ਹੈ, ਜਿਸ ਵਿੱਚ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ-2008' ਵਿੱਚ ਸੋਧ ਕਰਕੇ ਨਵਾਂ ਅਤੇ ਸਖ਼ਤ ਕਾਨੂੰਨ ਪਾਸ ਕੀਤਾ ਜਾਵੇਗਾ। ਇਸ ਐਲਾਨ ਨਾਲ ਸਿੱਖ ਪੰਥ ਵਿੱਚ ਚਰਚਾ ਛਿੜ ਗਈ ਹੈ ਕਿ ਕੀ ਇਹ ਕਾਨੂੰਨ ਬੇਅਦਬੀ ਦੇ ਮਾਮਲਿਆਂ ਵਿੱਚ ਇਨਸਾਫ਼ ਦਿਵਾ ਸਕੇਗਾ ਜਾਂ ਪਿਛਲੀਆਂ ਅਸਫਲਤਾਵਾਂ ਦੀ ਤਰ੍ਹਾਂ ਸਿਰਫ਼ ਰਾਜਨੀਤੀ ਬਣ ਕੇ ਰਹਿ ਜਾਵੇਗਾ।

ਸਪੀਕਰ ਸੰਧਵਾਂ ਬਾਬਾ ਬੰਦਾ ਸਿੰਘ ਬਹਾਦਰ ਚੌਕ ਵਿੱਚ ਇਕੱਠ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਅਸੀਂ 14 ਅਪ੍ਰੈਲ ਨੂੰ ਖੁਦ ਇਸ ਕਾਨੂੰਨ ਦਾ ਖਰੜਾ ਲੈ ਕੇ ਇੱਥੇ ਆਵਾਂਗੇ ਅਤੇ ਅਕਤੂਬਰ 2024 ਤੋਂ ਟਾਵਰ 'ਤੇ ਬੈਠੇ ਭਾਈ ਗੁਰਜੀਤ ਸਿੰਘ ਖਾਲਸਾ ਨੂੰ ਸੌਂਪਾਂਗੇ।" ਇਸ ਮੌਕੇ ਟਾਵਰ 'ਤੇ ਬੈਠੇ ਭਾਈ ਗੁਰਜੀਤ ਸਿੰਘ ਖਾਲਸਾ ਨਾਲ ਮੋਬਾਈਲ ਰਾਹੀਂ ਗੱਲਬਾਤ ਵੀ ਹੋਈ। ਉਨ੍ਹਾਂ ਨੇ ਸਰਕਾਰ ਦੇ ਫੈਸਲੇ ਦਾ ਸਵਾਗਤ ਕੀਤਾ ਅਤੇ ਭਰੋਸਾ ਦਿੱਤਾ ਕਿ ਕਾਨੂੰਨ ਪਾਸ ਹੋਣ ਤੋਂ ਬਾਅਦ ਉਹ ਟਾਵਰ ਤੋਂ ਹੇਠਾਂ ਉਤਰ ਆਉਣਗੇ।

ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਅੰਮ੍ਰਿਤਸਰ ਦੇ ਸਰਕਟ ਹਾਊਸ ਵਿੱਚ ਸੰਤ ਸਮਾਜ ਨਾਲ ਮੀਟਿੰਗ ਉਪਰੰਤ ਇਹੀ ਐਲਾਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸੰਤ ਸਮਾਜ ਅਤੇ ਕਾਨੂੰਨੀ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰਕੇ ਖਰੜਾ ਤਿਆਰ ਕੀਤਾ ਜਾ ਰਿਹਾ ਹੈ। ਨਵੇਂ ਕਾਨੂੰਨ ਵਿੱਚ ਸਖ਼ਤ ਸਜ਼ਾ, ਭਾਰੀ ਜੁਰਮਾਨੇ, ਜਾਇਦਾਦ ਜ਼ਬਤ ਅਤੇ ਡਿਜੀਟਲ ਸਮੱਗਰੀ ਰਾਹੀਂ ਕੀਤੀ ਬੇਅਦਬੀ ਵੀ ਸ਼ਾਮਲ ਹੋਵੇਗੀ।" ਮੀਟਿੰਗ ਵਿੱਚ ਸੰਤ ਸੇਵਾ ਸਿੰਘ ਰਾਮਪੁਰ ਖੇੜਾ ਸਾਹਿਬ ਵਾਲੇ, ਸੰਤ ਬਲਬੀਰ ਸਿੰਘ ਸੀਚੇਵਾਲ, ਗਿਆਨੀ ਰਘਬੀਰ ਸਿੰਘ ਅਤੇ ਹੋਰ ਧਾਰਮਿਕ ਆਗੂ ਹਾਜ਼ਰ ਸਨ। ਉਨ੍ਹਾਂ ਨੇ ਲੰਬਿਤ ਮਾਮਲਿਆਂ ਵਿੱਚ ਤੇਜ਼ੀ ਦੀ ਮੰਗ ਕੀਤੀ।

ਇਥੇ ਜ਼ਿਕਰਯੋਗ ਹੈ ਕਿ ਪਿਛਲੀਆਂ ਬੇਅਦਬੀਆਂ ਦਾ ਇਤਿਹਾਸ ਬਹੁਤ ਲੰਬਾ ਅਤੇ ਦਰਦਨਾਕ ਹੈ। 2015 ਵਿੱਚ ਬੁਰਜ ਜਵਾਹਰ ਸਿੰਘ ਵਾਲਾ ਅਤੇ ਫਰੀਦਕੋਟ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਨਾਲ ਬੇਅਦਬੀ ਹੋਈ ਸੀ। ਉਸ ਤੋਂ ਬਾਅਦ ਵੀ ਬਰਨਾਲਾ, ਤਰਨ ਤਾਰਨ, ਮੋਗਾ ਅਤੇ ਹੋਰ ਥਾਵਾਂ 'ਤੇ ਘਟਨਾਵਾਂ ਵਾਪਰੀਆਂ। ਹਜ਼ਾਰਾਂ ਕੇਸ ਦਰਜ ਹੋਏ ਪਰ ਬਹੁਤ ਘੱਟ ਵਿੱਚ ਦੋਸ਼ੀਆਂ ਨੂੰ ਸਜ਼ਾ ਹੋਈ। ਪੁਲਿਸ ਰਿਪੋਰਟਾਂ ਅਨੁਸਾਰ ਅਕਸਰ ਇਹ ਘਟਨਾਵਾਂ ਨਸ਼ੇੜੀਆਂ ਜਾਂ ਅਣਪਛਾਤੇ ਵਿਅਕਤੀਆਂ ਵੱਲੋਂ ਵਾਪਰਦੀਆਂ ਹਨ। ਪਰ ਸਿੱਖ ਜਥੇਬੰਦੀਆਂ ਅਤੇ ਬੁੱਧੀਜੀਵੀ ਇਸ ਨੂੰ ਫਿਰਕੂ ਤਾਕਤਾਂ ਦੀ ਸਾਜਿਸ਼ ਮੰਨਦੇ ਹਨ। ਉਨ੍ਹਾਂ ਅਨੁਸਾਰ ਇਹ ਉਹੀ ਤਾਕਤਾਂ ਹਨ ਜਿਨ੍ਹਾਂ ਨੇ ਗੁਰੂ ਨਾਨਕ ਸਾਹਿਬ ਨੂੰ 'ਕੁਰਾਹੀਆ' ਆਖਿਆ ਸੀ ਅਤੇ ਸਮਾਜ ਨੂੰ ਜਾਤੀਆਂ-ਆਧਾਰ ਉਪਰ ਵੰਡਿਆ ਸੀ। ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਦਾ ਮੰਨਣਾ ਸੀ ਕਿ ਇਹ ਤਾਕਤਾਂ ਸਿੱਖੀ ਦੀ ਸਰਬੱਤ ਭਲਾਈ ਅਤੇ ਸਾਂਝੀਵਾਲਤਾ ਦੀ ਵਿਚਾਰਧਾਰਾ ਨੂੰ ਬਰਦਾਸ਼ਤ ਨਹੀਂ ਕਰ ਸਕਦੀਆਂ।

ਸਰਕਾਰ ਦੋਸ਼ੀਆਂ ਤੱਕ ਕਿਉਂ ਨਹੀਂ ਪਹੁੰਚ ਸਕੀ? ਇਸ ਦਾ ਜਵਾਬ ਪੁਲਿਸ ਅਤੇ ਸਿਆਸੀ ਗੋਲਮਾਲ ਵਿੱਚ ਲੁਕਿਆ ਹੈ। ਬਹੁਤੇ ਮਾਮਲਿਆਂ ਵਿੱਚ ਸਬੂਤ ਗਾਇਬ ਕਰ ਦਿਤੇ ਜਾਂਦੇ ਹਨ, ਗਵਾਹ ਚੁਪ ਕਰਾ ਦਿਤੇ ਜਾਂਦੇ ਹਨ ਅਤੇ ਰਾਜਨੀਤੀ ਨਿਆਂ ਨਹੀਂ ਕਰਦੀ , ਉਲਝਣਾਂ ਪੈਦਾ ਕਰਦੀ ਹੈ ਮਸਲੇ ਲਟਕਾਉਂਦੀ ਹੈ। ਪਰ ਸਵਾਲ ਇਹ ਹੈ ਕਿ ਕੀ ਕਾਨੂੰਨ ਬਣਣ ਨਾਲ ਸਿਖਾਂ ਨੂੰ ਨਿਆਂ ਮਿਲੇਗਾ?

ਸਿੱਖ ਬੁੱਧੀਜੀਵੀਆਂ ਅਤੇ ਗੁਰਮਤਿ ਵਿਦਵਾਨਾਂ ਦੀ ਰਾਏ ਹੈ ਕਿ ਕਾਨੂੰਨ ਸਿਰਫ਼ ਗੁਰੂ ਗ੍ਰੰਥ ਸਾਹਿਬ ਜੀ ਲਈ ਹੀ ਹੋਵੇ। ਬਾਕੀ ਧਾਰਮਿਕ ਗ੍ਰੰਥਾਂ ਲਈ ਵੱਖਰਾ ਕਨੂੰਨੀ ਪ੍ਰਬੰਧ ਹੋਵੇ, ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਦਾ ਦਰਜਾ ਰੱਖਦੇ ਹਨ। ਉਨ੍ਹਾਂ ਨੇ ਅਪੀਲ ਕੀਤੀ ਹੈ ਕਿ ਸਰਕਾਰ ਸਿੱਖ ਬੁੱਧੀਜੀਵੀਆਂ ਨਾਲ ਵੀ ਸਲਾਹ ਕਰੇ।

ਸਿੱਖ ਪੰਥ ਵਿੱਚ ਇੱਕ ਵਰਗ ਇਸ ਐਲਾਨ ਤੋਂ ਖੁਸ਼ ਹੈ ਪਰ ਉਨ੍ਹਾਂ ਦੀ ਮੰਗ ਹੈ ਕਿ ਕਾਨੂੰਨ ਸਿਰਫ਼ ਕਾਗਜ਼ੀ ਨਾ ਰਹੇ। ਇਸ ਲਈ ਫਾਸਟ ਟ੍ਰੈਕ ਅਦਾਲਤਾਂ, ਡਿਜੀਟਲ ਮਾਨੀਟਰਿੰਗ ਅਤੇ ਕਨੂੰਨੀ ਸਖ਼ਤੀ ਲੋੜੀਂਦੀ ਹੈ। ਜੇਕਰ ਇਹ ਕਾਨੂੰਨ ਇਮਾਨਦਾਰੀ ਨਾਲ ਲਾਗੂ ਹੋਇਆ ਤਾਂ ਇਹ ਸਿੱਖ ਪੰਥ ਨੂੰ ਸੰਤੁਸ਼ਟ ਕਰ ਸਕਦਾ ਹੈ ਅਤੇ ਬੇਅਦਬੀ ਵਾਲੀਆਂ ਤਾਕਤਾਂ ਨੂੰ ਰੋਕ ਸਕਦਾ ਹੈ। ਨਹੀਂ ਤਾਂ ਇਹ ਵੀ ਪਿਛਲੀਆਂ ਵਾਅਦਿਆਂ ਵਾਂਗ ਰਾਜਨੀਤੀ ਬਣ ਕੇ ਰਹਿ ਜਾਵੇਗਾ।

# ਬਸਪਾ ਦੀ ਮਜ਼ਬੂਤੀ ਹੀ ਬਹੁਜਨਾਂ ਦੀ ਤਰੱਕੀ ਦਾ ਰਾਹ: ਮਾਇਆਵਤੀ



ਲਖਨਊ-ਬਹੁਜਨ ਸਮਾਜ ਪਾਰਟੀ (ਬਸਪਾ) ਦੀ ਰਾਸ਼ਟਰੀ ਪ੍ਰਧਾਨ ਕੁਮਾਰੀ ਮਾਇਆਵਤੀ ਨੇ ਬੀਤੇ ਦਿਨੀਂ ਲਖਨਊ ਵਿਖੇ ਪਾਰਟੀ ਦੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਇੱਕ ਅਹਿਮ ਮੀਟਿੰਗ ਕੀਤੀ ਸੀ। ਇਸ ਦੌਰਾਨ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਦਲਿਤਾਂ, ਪਿਛੜੇ ਵਰਗਾਂ, ਆਦਿਵਾਸੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ ਕੇਵਲ ਉਦੋਂ ਹੀ ਸੰਭਵ ਹੈ ਜਦੋਂ ਬਸਪਾ ਸਿਆਸੀ ਤੌਰ 'ਤੇ ਮਜ਼ਬੂਤ ਹੋਵੇਗੀ। ਬੀਤੇ ਦਿਨੀਂ ਮਾਇਆਵਤੀ ਨੇ ਬਿਹਾਰ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੀਆਂ ਸੂਬਾ ਕਮੇਟੀਆਂ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ ਸੀ।

ਬਸਪਾ ਸੁਪਰੀਮੋ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਵੱਲੋਂ ਸੰਵਿਧਾਨ ਵਿੱਚ ਦਿੱਤੇ ਗਏ ਅਧਿਕਾਰਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਲਈ 'ਬਹੁਜਨਾਂ' ਦੇ ਹੱਥ ਵਿੱਚ ਸੱਤਾ ਦਾ ਹੋਣਾ ਲਾਜ਼ਮੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਤਿਹਾਸ ਗਵਾਹ ਹੈ ਕਿ ਜਦੋਂ-ਜਦੋਂ ਬਸਪਾ ਮਜ਼ਬੂਤ ਹੋਈ ਹੈ, ਸਮਾਜ ਦੇ ਦੱਬੇ-ਕੁਚਲੇ ਵਰਗਾਂ ਦੇ ਹਿੱਤਾਂ ਦੀ ਰਾਖੀ ਹੋਈ ਹੈ। ਇਸ ਮੀਟਿੰਗ ਨੂੰ ਆਉਣ ਵਾਲੀਆਂ ਚੋਣਾਂ ਦੀ ਤਿਆਰੀ ਵਜੋਂ ਦੇਖਿਆ ਜਾ ਰਿਹਾ ਹੈ। ਮਾਇਆਵਤੀ ਨੇ ਪਾਰਟੀ ਵਰਕਰਾਂ ਨੂੰ ਹਦਾਇਤ ਕੀਤੀ ਕਿ ਉਹ ਬਾਬਾ ਸਾਹਿਬ ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾਉਣ ਅਤੇ ਪਾਰਟੀ ਦੇ ਜਨਾਧਾਰ ਨੂੰ ਹੋਰ ਵਿਸ਼ਾਲ ਕਰਨ।

### ਬੇਅਦਬੀ ਮਾਮਲਿਆਂ 'ਤੇ ਐਡਵੋਕੇਟ ਧਾਮੀ ਦੇ ਸਰਕਾਰ ਨੂੰ ਤਿੱਖੇ ਸਵਾਲ

# 'ਸਿਰਫ਼ ਸਿਆਸਤ ਨਾ ਕਰੋ, ਜਾਣਕਾਰੀਆਂ ਮੁਹੱਈਆ ਕਰਵਾਓ'

### ✪ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਅਲੱਗ ਕਨੂੰਨ ਬਣੇ



ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ 'ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025' ਨੂੰ ਲੈ ਕੇ ਪੰਜਾਬ ਸਰਕਾਰ ਦੀ ਨੀਅਤ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਇਸ ਸੰਜੀਦਾ ਮੁੱਦੇ 'ਤੇ ਸਿਰਫ਼ ਸਿਆਸਤ ਕਰ ਰਹੀ ਹੈ ਅਤੇ ਲੋੜੀਂਦੀ ਜਾਣਕਾਰੀ ਸਾਂਝੀ ਕਰਨ ਤੋਂ ਗੁਰੇਜ਼ ਕਰ ਰਹੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਬਿੱਲ ਸਬੰਧੀ ਕੁਝ ਅਹਿਮ ਜਾਣਕਾਰੀਆਂ ਮੰਗੀਆਂ ਸਨ, ਪਰ ਸਰਕਾਰ ਦੀ ਸਲੈਕਟ ਕਮੇਟੀ ਵੱਲੋਂ ਕੋਈ ਹਾਂ-ਪੱਖੀ ਹੁੰਗਾਰਾ ਨਹੀਂ ਮਿਲਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਭਾਵੇਂ ਸਾਰੇ ਧਾਰਮਿਕ ਗ੍ਰੰਥ ਸਤਿਕਾਰਯੋਗ ਹਨ, ਪਰ ਸਿੱਖਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਜਾਗਤ ਜੋਤ' ਹਨ। ਇਸ ਲਈ ਬੇਅਦਬੀ ਰੋਕਣ ਲਈ ਵਿਸ਼ੇਸ਼ ਅਤੇ ਸਖ਼ਤ ਕਾਨੂੰਨੀ ਪ੍ਰਬੰਧ ਹੋਣੇ ਚਾਹੀਦੇ ਹਨ। ਅਲਗ ਕਨੂੰਨ ਬਣੇ।

ਧਾਮੀ ਅਨੁਸਾਰ ਮੌਜੂਦਾ ਕੇਸਾਂ ਵਿੱਚ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ ਤਾਂ ਜੋ ਇਹ ਮਾਮਲਾ ਮਹਿਜ਼ ਸਿਆਸੀ ਚੋਣ ਪ੍ਰਚਾਰ ਤੱਕ ਸੀਮਤ ਨਾ ਰਹਿ ਜਾਵੇ।

ਸ਼੍ਰੋਮਣੀ ਕਮੇਟੀ ਵੱਲੋਂ ਗਠਿਤ ਕੀਤੀ ਗਈ 15 ਮੈਂਬਰੀ ਉੱਚ ਪੱਧਰੀ ਕਮੇਟੀ ਇਸ ਬਿੱਲ ਦੀ ਹਰ ਪਹਿਲੂ ਤੋਂ ਸਮੀਖਿਆ ਕਰ ਰਹੀ ਹੈ। ਧਾਮੀ ਨੇ ਕਿਹਾ ਕਿ "ਸਰਕਾਰ ਵੱਲੋਂ ਜਾਣਕਾਰੀ ਨਾ ਦੇਣਾ ਇਹ ਸਾਬਤ ਕਰਦਾ ਹੈ ਕਿ ਸਲੈਕਟ ਕਮੇਟੀ ਵੱਲੋਂ ਸੁਝਾਅ ਮੰਗਣਾ ਮਹਿਜ਼ ਇੱਕ "ਵਿਖਾਵਾ" ਹੈ। ਜੇਕਰ ਸਰਕਾਰ ਮੰਗੀਆਂ ਗਈਆਂ ਜਾਣਕਾਰੀਆਂ ਮੁਹੱਈਆ ਨਹੀਂ ਕਰਵਾਉਂਦੀ, ਤਾਂ ਇਹ ਮੰਨਿਆ ਜਾਵੇਗਾ ਕਿ ਉਹ ਬੇਅਦਬੀ ਰੋਕੂ ਕਾਨੂੰਨ ਪ੍ਰਤੀ ਗੰਭੀਰ ਨਹੀਂ ਹੈ।"

ਐਡਵੋਕੇਟ ਧਾਮੀ ਨੇ ਸਮਾਣਾ ਵਿਖੇ ਬੇਅਦਬੀ ਕਾਨੂੰਨ ਲਈ ਸੰਘਰਸ਼ ਕਰ ਰਹੇ ਭਾਈ ਗੁਰਜੀਤ ਸਿੰਘ ਦੀ ਮੁਹਿੰਮ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਪੂਰਨ ਹਮਾਇਤ ਦੇਣ ਦਾ ਐਲਾਨ ਵੀ ਕੀਤਾ। ਉਨ੍ਹਾਂ ਸਾਰੀਆਂ ਧਿਰਾਂ ਨੂੰ ਅਪੀਲ ਕੀਤੀ ਕਿ ਇਸ ਮਾਮਲੇ 'ਤੇ ਰਾਜਨੀਤੀ ਛੱਡ ਕੇ ਇਕਜੁੱਟ ਹੋਣਾ ਚਾਹੀਦਾ ਹੈ।

# ਕਬੱਡੀ ਪ੍ਰਮੋਟਰ ਪਿਆਰਾ ਸਿੰਘ ਰੰਧਾਵਾ ਨੂੰ ਹੰਝੂਆਂ ਭਰੀ ਅੰਤਿਮ ਵਿਦਾਇਗੀ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੈਸਟਰ ਕਬੱਡੀ ਕਲੱਬ ਅਤੇ ਇੰਗਲੈਂਡ ਦੇ ਉੱਘੇ ਕਬੱਡੀ ਪ੍ਰਮੋਟਰ ਪਿਆਰਾ ਸਿੰਘ ਰੰਧਾਵਾ ਨੂੰ ਬੀਤੀ 19 ਮਾਰਚ ਨੂੰ ਹੰਝੂਆਂ ਭਰੀ ਅੰਤਿਮ ਵਿਦਾਇਗੀ ਦਿੱਤੀ ਗਈ। ਜਿਸ ਮੌਕੇ ਪ੍ਰੀਵਾਰਿਕ ਮੈਂਬਰਾਂ ਤੋਂ ਇਲਾਵਾ ਇੰਗਲੈਂਡ ਕਬੱਡੀ ਫੈਡਰੇਸ਼ਨ, ਕਬੱਡੀ ਕਲੱਬਾਂ ਦੇ ਨੁਮਾਇੰਦੇ ਅਤੇ ਲੈਸਟਰ ਦੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸਖਸ਼ੀਅਤਾਂ ਨੇ ਅੰਤਮ ਯਾਤਰਾ ਵਿੱਚ ਸ਼ਮੂਲੀਅਤ ਕਰਕੇ ਸ਼ਰਧਾ ਦੇ ਫੁੱਲ ਭੇਟ ਕੀਤੇ।***

ਅੰਤਿਮ ਸੰਸਕਾਰ ਤੋਂ ਉਪਰੰਤ ਗੁਰੂ ਨਾਨਕ ਗੁਰਦੁਆਰਾ ਲੈਸਟਰ ਵਿਖੇ ਪਿਆਰਾ ਸਿੰਘ ਰੰਧਾਵਾ ਨਮਿੱਤ ਰੱਖੇ ਗਏ ਸਹਿਜ ਪਾਠ ਦੇ ਭੋਗ ਪਾਏ ਗਏ ਅਤੇ ਅੰਤਮ ਅਰਦਾਸ ਹੋਈ। ਗੁਰੂ ਘਰ ਦੇ ਜਗਜੀਤ ਸਿੰਘ ਕੁਲਾਰ, ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦ-ਾਰ ਗੁਰਨਾਮ ਸਿੰਘ ਨੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਉਹਨਾਂ ਪਿਆਰਾ ਸਿੰਘ ਰੰਧਾਵਾ ਦਾ ਕਬੱਡੀ ਤੋਂ ਇਲਾਵਾ ਭਾਈਚਾਰੇ ਲਈ ਕੀਤੇ ਕੰਮਾਂ ਨੂੰ ਯਾਦ ਕੀਤਾ। ਪ੍ਰੀਵਾਰ ਵੱਲੋਂ ਸ਼ਿੰਗਾਰਾ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਲੈਸਟਰ ਕਬੱਡੀ ਕਲੱਬ ਵੱਲੋਂ ਨਿਰਮਲ ਸਿੰਘ ਲੱਡੂ, ਰਾਜਮਨਵਿੰਦਰ ਸਿੰਘ ਕੰਗ, ਸਾਬਕਾ ਐਮ ਪੀ ਕੀਥ ਵਾਜ਼, ਡਾ: ਚਰਨਪ੍ਰੀਤ ਸਿੰਘ ਜੌਹਲ, ਹਰਵਿੰਦਰ ਕੌਰ ਰਾਹੀ,



ਪਿਆਰਾ ਸਿੰਘ ਰੰਧਾਵਾ ਨੂੰ ਅੰਤਿਮ ਵਿਦਾਇਗੀ ਦੇਣ ਮੌਕੇ ਪ੍ਰੀਵਾਰਿਕ ਮੈਂਬਰ ਅਤੇ ਹੋਰ ਸਨੇਹੀ

ਕੌਂਸਲਰ ਰੂਪਨ ਬਜਾਜ, ਸੀਤਲ ਸਿੰਘ ਗਿੱਲ, ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਕਰਮਜੀਤ ਸਿੰਘ ਕੰਮਾ ਔਜਲਾ, ਜਨਰਲ ਸਕੱਤਰ ਸਤਨਾਮ ਸਿੰਘ ਸੱਤਾ ਮੁਠੱਡਾ, ਖਜ਼ਾਨਚੀ ਸ਼ੀਰਾ ਸਿੰਘ ਔਲਖ, ਕਾਨੂੰਨੀ ਸਲਾਹਕਾਰ ਸੁਰਿੰਦਰ ਸਿੰਘ ਮਾਣਕ, ਬਲਜਿੰਦਰ ਸਿੰਘ ਭਿੰਡਰ, ਮਨਜੀਤ ਸਿੰਘ ਢੰਡਾ, ਜਰਨੈਲ ਸਿੰਘ ਜ਼ੈਲਾ, ਬਲਬੀਰ ਸਿੰਘ ਰੰਧਾਵਾ, ਗੁਰਦੀਪ ਸਿੰਘ ਸੋਮਲ ਦੀਪਾ ਮੌਲੀ, ਕੁਲਵੰਤ ਸਿੰਘ ਚੱਠਾ, ਭਜਨ ਸਿੰਘ ਸਮਰਾ, ਦਲਬੀਰ ਸਿੰਘ ਸੈਂਬੀ, ਅਮਰਜੀਤ ਸਿੰਘ ਰਾਇਤ, ਸੁਰਿੰਦਰ ਸਿੰਘ ਅਟਵਾਲ, ਦਰਬਾਰਾ ਸਿੰਘ ਧਾਲੀਵਾਲ, ਲਖਵਿੰਦਰ ਸਿੰਘ ਧਾਲੀਵਾਲ, ਮੰਗਾ ਮਿੱਠਾਪੁਰ, ਜੱਗਾ ਵਾਲਸਾਲ, ਅਮਰੀਕ ਸਿੰਘ, ਕੁਲਦੀਪ ਸਿੰਘ ਚਹੇੜੂ, ਆਦਿ ਹਾਜ਼ਰ ਸਨ। ਕੁਲਵੰਤ ਸਿੰਘ ਸੰਘਾ, ਕੁਲਬੀਰ ਸਿੰਘ ਖੱਖ, ਮਨਜੀਤ ਮੌਂਟੀ ਨੇ ਦੁੱਖ ਦਾ ਪ੍ਰਗਟਾਵਾ ਕੀਤਾ। ਪੰਜਾਬ ਟਾਈਮਜ਼ ਨਾਲ ਗੱਲ ਕਰਦਿਆਂ ਕੰਮਾ ਔਜਲਾ, ਸੱਤਾ ਮੁਠੱਡਾ, ਸ਼ੀਰਾ ਔਲਖ, ਸੁਰਿੰਦਰ ਮਾਣਕ ਨੇ ਕਿਹਾ ਕਿ ਪਿਆਰਾ ਸਿੰਘ ਰੰਧਾਵਾ ਹਮੇਸ਼ਾਂ ਕਬੱਡੀ ਵਾਲਿਆਂ ਦੇ ਚੇਤੇ ਵਿੱਚ ਰਹੇਗਾ।

# ਸਾਊਥਾਲ ਦੀ ਉੱਘੀ ਸਖਸ਼ੀਅਤ ਮੁਕੰਦ ਸਿੰਘ ਧਾਲੀਵਾਲ ਨਹੀਂ ਰਹੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਊਥਾਲ ਦੀ ਉੱਘੀ ਸਖਸ਼ੀਅਤ ਅਤੇ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਸੇਵਾਦ-ਾਰ ਸ: ਮੁਕੰਦ ਸਿੰਘ ਧਾਲੀਵਾਲ ਅਕਾਲ ਚਲਾਣਾ ਕਰ ਗਏ ਹਨ। ਉਹ 85 ਵਰ੍ਹਿਆਂ ਦੇ ਸਨ। ਸ: ਧਾਲੀਵਾਲ ਲੁਧਿਆਣਾ ਜਿਲ੍ਹੇ ਦੇ ਪਿੰਡ ਟੂਸੇ ਦੇ ਜੰਮਪਲ ਸਨ ਅਤੇ 1968 ਵਿੱਚ ਯੂ ਕੇ ਆਏ ਅਤੇ ਉਹਨਾਂ ਬ੍ਰਿਟਿਸ਼ ਏਅਰਵੇਜ਼ ਵਿੱਚ ਕੰਮ ਕੀਤਾ। ਉਹਨਾਂ ਦੇ ਕਰੀਬੀ ਸਾਥੀ ਪ੍ਰੀਤਮ ਸਿੰਘ ਬਰਾੜ ਨੇ ਦੱਸਿਆ ਕਿ ਸ: ਧਾਲੀਵਾਲ ਕੁਝ ਸਮਾਂ ਬਤੌਰ ਅਧਿਆਪਕ ਵੀ ਸੇਵਾਵਾਂ ਦਿੰਦੇ ਰਹੇ ਹਨ। ਉਹ ਆਪਣੇ ਪਿੱਛੇ ਇੱਕ ਬੇਟਾ ਅਤੇ ਉਸਦਾ ਹੱਸਦਾ ਵੱਸਦਾ ਪ੍ਰੀਵਾਰ ਛੱਡ ਗਏ ਹਨ। ਸ: ਧਾਲੀਵਾਲ ਦਾ ਅੰਤਮ ਸੰਸਕਾਰ 7 ਅਪ੍ਰੈਲ ਨੂੰ 11:20 ਵਜੇ ਹੈਨਵਰਥ ਸ਼ਸਮਸ਼ਾਨਘਾਟ ਵਿਖੇ ਹੋਵੇਗਾ ਅਤੇ ਉਪਰੰਤ ਪਾਠ ਦੇ ਭੋਗ ਅਤੇ ਅੰਤਮ ਅਰਦਾਸ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗੁਰੂ ਨਾਨਕ ਰੋਡ ਹੋਵੇਗੀ।



# ਵੋਇਸ ਆਫ ਵੂਮੈਨ ਵੱਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ



ਮਹਿਲਾ ਦਿਵਸ ਮੌਕੇ ਮੁੱਖ ਮਹਿਮਾਨ ਮੇਅਰ ਫਾਦੂਮਾ, ਕੌਂਸਲਰ ਅਨੰਦ, ਸੁਰਿੰਦਰ ਕੌਰ ਅਤੇ ਹੋਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਊਥਾਲ ਤੋਂ ਔਰਤਾਂ ਦੇ ਹੱਕਾਂ ਅਤੇ ਭਲਾਈ ਲਈ ਕੰਮ ਕਰਨ ਵਾਲੀ ਸੰਸਥਾ ਵੋਇਸ ਆਫ ਵੂਮੈਨ ਵੱਲੋਂ ਬੀਤੇ ਦਿਨੀ ਅੰਤਰਰਾਸ਼ਟਰੀ ਮਹਿਲਾ ਦਿਵਸ ਸਬੰਧੀ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਈਲਿੰਗ ਦੀ ਮੇਅਰ ਫਾਦੂਮਾ, ਕੈਬਨੈਂਟ ਮੈਂਬਰ ਜਸਬੀਰ ਕੌਰ ਅਨੰਦ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਈਆਂ। ਇਸ ਮੌਕੇ ਚੇਅਰਪਰਸਨ ਸੁਰਿੰਦਰ ਕੌਰ ਨੇ ਜੀ ਆਇਆਂ ਆਖਦਿਆਂ ਸੰਸਥਾਂ ਵੱਲੋਂ ਕੀਤੇ ਕੰਮਾਂ ਬਾਰੇ ਚਾਨਣਾ ਪਾਇਆ। ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਵਿਸ਼ਵ ਭਰ ਵਿੱਚ ਮਨਾਏ ਜਾਂਦੇ ਮਹਿਲਾ ਦਿਵਸ ਮੌਕੇ ਬੀਬੀਆਂ ਨੂੰ ਉਹਨਾਂ ਦੇ ਹੱਕਾਂ, ਹੁਨਰ ਅਤੇ ਪ੍ਰਤਿਭਾ ਨੂੰ ਦੁਨੀਆਂ ਸਾਹ-ਮਣੇ ਲਿਆਉਣ ਦਾ ਮੌਕਾ ਦਿੰਦਾ ਹੈ। ਅੱਜ ਵਿਸ਼ਵ ਭਰ ਵਿੱਚ ਔਰਤਾਂ ਹਰ ਖੇਤਰ ਵਿੱਚ ਨਾਮਣਾ ਖੱਟ ਰਹੀਆਂ ਹਨ, ਸਾਨੂੰ ਮਾਣ ਹੈ ਕਿ ਸਾਡੀ ਈਲਿੰਗ ਕੌਂਸਲ ਦੀ ਮੇਅਰ ਵੀ ਇੱਕ ਮਹਿਲਾ ਹੈ ਅਤੇ ਕੈਬਨੈਂਟ ਵਿੱਚ ਲੰਮੇਂ ਸਮੇਂ ਤੋਂ ਸੇਵਾਵਾਂ ਕਰਨ ਵਾਲੀ ਜਸਬੀਰ ਕੌਰ ਅਨੰਦ ਵੀ ਮਹਿਲਾਵਾਂ ਦੀ ਭਲਾਈ ਲਈ ਯਤਨਸ਼ੀਲ ਹੈ। ਇਸ ਮੌਕੇ ਸੰਸਥਾ ਦੀਆਂ ਮੈਂਬਰ ਬੀਬੀਆਂ ਨਰਿੰਦਰ ਕੌਰ ਖੋਸਾ, ਲਖਵਿੰਦਰ ਪਾਲ ਸਰੇਨ, ਸੰਤੋਸ਼ ਸੂਰ, ਲੈਟਸ ਗੋ ਤੋਂ ਗੀਤਾ, ਹਿਨਾ, ਕਰੁਨਾ ਜੀ, ਵਰਮਾ ਕੁਮਾਰੀ, ਕੌਂਸਲਰ ਅਮਰਜੀਤ ਜੰਮੂ, ਸਾਬਕਾ ਮੇਅਰ ਮਹਿੰਦਰ ਕੌਰ ਮਿੱਡਾ, ਗੁਰਮੇਲ ਕੌਰ ਸੰਘਾ, ਸ਼ਗੁਫਤਾ ਗਿੰਮੀ, ਮਨਜੀਤ ਕੌਰ ਪੱਡਾ, ਸੁਰਿੰਦਰ ਬੰਧਣ, ਸੰਤੋਸ਼ ਸ਼ਿੰਨ, ਗੁਰਮਿੰਦਰ ਕੌਰ ਰੰਧਾਵਾ ਆਦਿ ਹਾਜ਼ਰ ਸਨ।

# ਲੰਡਨ ਦੇ ਗਰੀਨਫੋਰਡ 'ਚ ਹੋਈ ਬੇਅਦਬੀ ਨਹਿਰ ਚੋਂ ਮਿਲਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੱਧਾ ਭਾਗ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਇਲਾਕੇ ਗਰੀਨਫੋਰਡ ਵਿੱਚ ਬੇਅਦਬੀ ਦੀ ਘਟਨਾ ਸਾਹਮਣੇ ਆਈ ਹੈ। ਸਥਾਨਿਕ ਗ੍ਰੈਂਡ ਯੂਨੀਅਨ ਕੈਨਾਲ (ਨਹਿਰ) ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਭਾਗ ਇੱਕ ਔਰਤ ਨੂੰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਸ਼ਃ ਗੁਰਮੇਲ ਸਿੰਘ ਮੱਲੀ ਨੇ ਦੱਸਿਆ ਕਿ ਅੱਜ ਇੱਕ ਬੀਬੀ ਨੇ ਗੁਰਦੁਆਰਾ ਸਾਹਿਬ ਨੂੰ ਸੰਪਰਕ ਕਰਕੇ ਸਰੂਪ ਬਾਰੇ ਜਾਣਕਾਰੀ ਦਿੱਤੀ। ਜਿਸ ਤੋਂ ਬਾਅਦ ਗੁਰਦੁਆਰਾ ਸਾਹਿਬ ਵਿਖੇ ਸਰੂਪ ਨੂੰ ਸਤਿਕਾਰ ਸਹਿਤ ਲਿਆਂਦਾ ਗਿਆ। ਸ਼ਃ ਮੱਲੀ ਨੇ ਦੱਸਿਆ ਕਿ ਸਰੂਪ ਪਾਣੀ ਨਾਲ ਗਿੱਲਾ ਹੋਣ ਕਰਕੇ ਕਾਫ਼ੀ ਖਰਾਬ ਹਾਲਤ ਵਿੱਚ ਸੀ।

ਉਹਨਾਂ ਦੱਸਿਆ ਕਿ ਜਿਸ ਮਹਿਲਾ ਨੂੰ ਸਰੂਪ ਮਿਲਿਆ ਉਹ ਗ਼ੈਰ ਸਿੱਖ ਹੈ, ਉਸ ਨੂੰ ਸਰੀਪ ਬਾਰੇ ਕੋਈ ਜਾਣਕਾਰੀ ਨਹੀਂ ਸੀ, ਪਰ ਇੰਟਰਨੈਟ ਤੇ ਇੱਕ ਪੰਨੇ ਦੀ ਤਸਵੀਰ ਤੋਂ ਜਾਣਕਾਰੀ ਮਿਲੀ ਕਿ ਇਹ ਸਿੱਖਾਂ ਲਈ ਬਹੁਤ ਖਾਸ ਹੈ। ਫਿਰ ਉਸ ਨੇ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਨੂੰ ਸੰਪਰਕ ਕੀਤਾ। ਸ਼ਃ ਮੱਲੀ ਨੇ ਕਿਹਾ ਕਿ ਇਹ ਬਹੁਤ ਗੰਭੀਰ ਮਾਮਲਾ ਹੈ ਇਸ ਸਬੰਧੀ





ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਹਿਰ ਵਿੱਚੋਂ ਮਿਲਿਆ ਭਾਗ

ਪੁਲਿਸ ਨੂੰ ਸੂਚਿਤ ਕੀਤਾ ਜਾ ਰਿਹਾ ਹੈ। ਤਾਂ ਜੋ ਪਤਾ ਲੱਗ ਸਕੇ ਕਿ ਇਹ ਕਿਸ ਨੇ ਅਤੇ ਕਿਉਂ ਕੀਤਾ ਹੈ।

ਸ਼ਃ ਮੱਲੀ ਨੇ ਸੰਗਤਾਂ ਨੂੰ ਅਪੀਲ ਕੀਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ, ਗੁਟਕਾ ਸਾਹਿਬ ਜਾਂ ਹੋਰ ਪੋਥੀਆਂ ਦੀ ਗੁਰ ਮਰਿਯਾਦਾ ਮੁਤਾਬਿਕ ਸੰਭਾਲ ਕੀਤੀ ਜਾਵੇ, ਤਾਂ ਜੋ ਕੋਈ ਵਿਅਕਤੀ ਗਲਤ ਹਰਕਤ ਨਾ ਕਰ ਸਕੇ। ਉਹਨਾਂ ਇਹ ਵੀ ਕਿਹਾ ਕਿ ਜੇ ਕੋਈ ਸਾਂਭ ਸੰਭਾਲ ਨਹੀਂ ਕਰ ਸਕਦਾ ਤਾਂ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਨਾਲ ਸੰਪਰਕ ਕਰ ਸਕਦੇ ਹਨ।

# ਹਸਪਤਾਲ ‘ਚ ਆਤੰਕੀ ਹਮਲੇ ਦੀ ਯੋਜਨਾ ਫੇਲ, ਮਰੀਜ਼ ਨੇ ਬਚਾਈਆਂ ਸੈਕੜੇ ਜਾਨਾਂ

***ਹਿੰਮਤ ਅਤੇ ਸਿਆਣਪ ਨਾਲ ਟਲਿਆ ਬ੍ਰਿਟੇਨ ਦੇ ਹਸਪਤਾਲ ‘ਚ ਵੱਡਾ ਹਾਦਸਾ**

*** ਬੰਬ ਹਮਲੇ ਤੋਂ ਪਹਿਲਾਂ ਹੀ ਦੋਸ਼ੀ ਕਾਬੂ, ਮਰੀਜ਼ ਦੀ ਬਹਾਦਰੀ ਦੀ ਚਰਚਾ**





ਨਾਥਨ ਨਿਊਬੀ ਮੋਹੰਮਦ ਫਾਰੂਕ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੇ ਲੀਡਜ਼ ਸ਼ਹਿਰ ਦੇ ਸੇਂਟ ਜੇਮਜ਼ ਹਸਪਤਾਲ ਵਿੱਚ ਇਕ ਵਿਅਕਤੀ ਦੀ ਹਿੰਮਤ, ਸਮਝਦਾਰੀ ਅਤੇ ਮਨੁੱਖਤਾ ਭਰੇ ਵਤੀਰੇ ਨਾਲ ਵੱਡਾ ਆਤੰਕੀ ਹਮਲਾ ਟਲ ਗਿਆ। ਜਾਣਕਾਰੀ ਅਨੁਸਾਰ ਮੋਹੰਮਦ ਫਾਰੂਕ ਨਾਮਕ ਵਿਅਕਤੀ ਨੇ ਹਸਪਤਾਲ ਦੇ ਮੈਟਰਨਿਟੀ ਵਿੰਗ ਨੂੰ ਨਿਸ਼ਾਨਾ ਬਣਾਉਂਦੇ ਹੋਏ ਬੰਬ ਧਮਾਕਾ ਕਰਨ ਦੀ ਯੋਜਨਾ ਬਣਾਈ ਹੋਈ ਸੀ, ਪਰ ਉਸੇ ਸਮੇਂ ਹਸਪਤਾਲ ਵਿੱਚ ਮੌਜੂਦ ਮਰੀਜ਼ ਨਾਥਨ ਨਿਊਬੀ ਨੇ ਉਸ ਨਾਲ ਗੱਲਬਾਤ ਕਰਕੇ ਉਸਨੂੰ ਹਮਲਾ ਕਰਨ ਤੋਂ ਰੋਕ ਲਿਆ।**

ਦੱਸਿਆ ਜਾਂਦਾ ਹੈ ਕਿ 35 ਸਾਲਾ ਨਾਥਨ ਨਿਊਬੀ ਉਸ ਸਮੇਂ ਹਸਪਤਾਲ ਵਿੱਚ ਮਰੀਜ਼ ਵਜੋਂ ਦਾਖ਼ਲ ਸੀ ਅਤੇ ਤਾਜ਼ਾ ਹਵਾ ਲਈ ਬਾਹਰ ਨਿਕਲਿਆ ਹੋਇਆ ਸੀ। ਉਸ ਨੇ ਇੱਕ ਵਿਅਕਤੀ ਨੂੰ ਸ਼ੱਕੀ ਹਾਲਤ ਵਿੱਚ ਖੜਾ ਦੇਖਿਆ ਜੋ ਆਪਣੇ ਬੈਗ ਵੱਲ ਵਾਰ-ਵਾਰ ਦੇਖ ਰਿਹਾ ਸੀ ਅਤੇ ਘਬਰਾਇਆ ਹੋਇਆ ਲੱਗ ਰਿਹਾ ਸੀ। ਨਿਊਬੀ ਨੇ ਮਨੁੱਖੀ ਹਮਦਰਦੀ ਦੇ ਤੌਰ ‘ਤੇ ਉਸ ਕੋਲ ਜਾ ਕੇ ਪੁੱਛਿਆ ਕਿ ਉਹ ਠੀਕ ਹੈ ਜਾਂ ਨਹੀਂ। ਗੱਲਬਾਤ ਦੌਰਾਨ ਉਸ ਵਿਅਕਤੀ ਨੇ ਦੱਸਿਆ ਕਿ ਉਹ ਹਸਪਤਾਲ ਵਿੱਚ “ਬਦਲਾ” ਲੈਣ ਆਇਆ ਹੈ।

ਨਾਥਨ ਨਿਊਬੀ ਨੇ ਹੌਲੀ-ਹੌਲੀ ਗੱਲ ਕਰਦਿਆਂ ਉਸਨੂੰ ਪੁੱਛਿਆ ਕਿ ਉਸਦੇ ਬੈਗ ਵਿੱਚ ਕੀ ਹੈ। ਪਹਿਲਾਂ ਤਾਂ ਉਹ ਵਿਅਕਤੀ ਹਿਚਕਚਾਇਆ ਪਰ ਬਾਅਦ ਵਿੱਚ ਉਸ ਨੇ ਮੰਨ ਲਿਆ ਕਿ ਬੈਗ ਵਿੱਚ ਬੰਬ ਹੈ। ਨਿਊਬੀ ਨੇ ਬੇਹੱਦ ਹਿੰਮਤ ਨਾਲ ਉਸਨੂੰ ਬੈਗ ਵਿੱਚ ਪਿਆ ਉਪਕਰਣ ਦਿਖਾਉਣ ਲਈ ਕਿਹਾ ਅਤੇ ਇਹ ਯਕੀਨੀ ਬਣਾਇਆ ਕਿ ਇਹ ਇੱਕ ਖ਼ਤਰਨਾਕ ਧਮਾਕੇ ਵਾਲਾ ਯੰਤਰ ਹੈ।

ਇਸ ਤੋਂ ਬਾਅਦ ਨਿਊਬੀ ਨੇ ਸਿਆਣਪ ਨਾਲ ਉਸਨੂੰ ਮੈਟਰਨਿਟੀ ਵਾਰਡ ਤੋਂ ਦੂਰ ਲੈ ਜਾ ਕੇ ਹਸਪਤਾਲ ਦੇ ਬਾਹਰ ਇਕ ਬੈਂਚ ‘ਤੇ ਬਿਠਾ ਲਿਆ ਅਤੇ ਉਸ ਨਾਲ ਲੰਬੀ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ। ਗੱਲਬਾਤ ਦੌਰਾਨ ਦੋਸ਼ੀ ਨੇ ਆਪਣੇ ਪਰਿਵਾਰ, ਬੱਚਿਆਂ ਅਤੇ ਆਪਣੀਆਂ ਮਾਨਸਿਕ ਸਮੱਸਿਆਵਾਂ ਬਾਰੇ ਵੀ ਗੱਲ ਕੀਤੀ। ਇਸ ਦੌਰਾਨ ਉਸ ਨੇ ਕਈ ਵਾਰ ਨਿਊਬੀ ਤੋਂ ਗਲੇ ਮਿਲਣ ਦੀ ਮੰਗ ਵੀ ਕੀਤੀ, ਜਿਸਨੂੰ ਨਿਊਬੀ ਨੇ ਮਨੁੱਖਤਾ ਦੇ ਨਾਤੇ ਸਵੀਕਾਰ ਕਰ ਲਿਆ ਤਾਂ ਜੋ ਉਹ ਸ਼ਾਂਤ ਰਹੇ।

ਕੁਝ ਸਮੇਂ ਬਾਅਦ ਦੋਸ਼ੀ ਨੇ ਖੁਦ ਹੀ ਨਿਊਬੀ ਨੂੰ ਕਿਹਾ ਕਿ ਉਹ ਪੁਲਿਸ ਨੂੰ ਫੋਨ ਕਰ ਦੇਵੇ, ਕਿਉਂਕਿ ਹੋ ਸਕਦਾ ਹੈ ਕਿ ਉਹ ਬਾਅਦ ਵਿੱਚ ਆਪਣਾ ਮਨ ਬਦਲ ਲਵੇ। ਨਿਊਬੀ ਨੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਅਤੇ ਕੁਝ ਸਮੇਂ ਵਿੱਚ ਹੀ ਹਥਿਆਰਬੰਦ ਪੁਲਿਸ ਮੌਕੇ ‘ਤੇ ਪਹੁੰਚ ਗਈ। ਪੁਲਿਸ ਨੇ ਦੋਸ਼ੀ ਨੂੰ ਗ੍ਰਿਫ਼ਤਾਰ ਕਰਕੇ ਬੰਬ ਵੀ ਬਰਾਮਦ ਕਰ ਲਿਆ। ਬਾਅਦ ਵਿੱਚ ਅਦਾਲਤ ਵਿੱਚ ਸੁਣਵਾਈ ਦੌਰਾਨ ਦੱਸਿਆ ਗਿਆ ਕਿ ਮੋਹੰਮਦ ਫਾਰੂਕ ਇੱਕ “ਆਪਣੇ ਆਪ ਰੈਡੀਕਲ ਬਣਿਆ ਇਕੱਲਾ ਆਤੰਕੀ” ਸੀ ਜੋ ਇਸਲਾਮਿਕ ਸਟੇਟ ਤੋਂ ਪ੍ਰਭਾਵਿਤ ਹੋਇਆ ਸੀ।

ਉਹ ਪਹਿਲਾਂ ਇਸੇ ਹਸਪਤਾਲ ਵਿੱਚ ਕਲੀਨੀਕਲ ਸਹਾਇਕ ਕਰਮਚਾਰੀ ਵਜੋਂ ਕੰਮ ਕਰਦਾ ਸੀ ਅਤੇ ਨਰਸਾਂ ਨਾਲ ਕਿਸੇ ਪੁਰਾਣੀ ਰੰਜਿਸ਼ ਕਰਕੇ ਉਸ ਨੇ ਹਸਪਤਾਲ ਨੂੰ ਨਿਸ਼ਾਨਾ ਬਣਾਇਆ ਸੀ।

ਅਦਾਲਤ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਦੋਸ਼ੀ ਨੂੰ ਘੱਟੋ-ਘੱਟ 37 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਜੱਜ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਕਿ ਨਾਥਨ ਨਿਊਬੀ ਇੱਕ ਆਮ ਇਨਸਾਨ ਹੋਣ ਦੇ ਬਾਵਜੂਦ ਅਸਧਾਰਣ ਹਿੰਮਤ ਅਤੇ ਮਨੁੱਖਤਾ ਦਾ ਪਰਚਾ ਦਿੱਤਾ ਹੈ ਅਤੇ ਉਸ ਦੀ ਸਿਆਣਪ ਨਾਲ ਇੱਕ ਵੱਡੀ ਤ੍ਰਾਸਦੀ ਤੋਂ ਬਚਾਵ ਹੋਇਆ ਹੈ। ਨਾਥਨ ਨਿਊਬੀ ਦੀ ਇਸ ਬਹਾਦਰੀ ਲਈ ਉਸਨੂੰ ਬ੍ਰਿਟੇਨ ਦਾ ਦੂਜਾ ਸਭ ਤੋਂ ਵੱਡਾ ਨਾਗਰਿਕ ਸਨਮਾਨ “ਜਾਰਜ ਮੈਡਲ” ਨਾਲ ਨਵਾਜਿਆ ਗਿਆ ਹੈ।

# ਸਿਆਟਲ ਖਾਲਿਸਤਾਨ ਰੈਫਰੰਡਮ ਵੋਟਿੰਗ ਵਿਚ 27 ਹਜਾਰ ਤੋਂ ਵੱਧ ਵੋਟਿੰਗ





***ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਭਾਰਤ ਦੇ ਵਿਰੋਧ ਅਤੇ ਵਿਦੇਸ਼ਾਂ ਵਿੱਚ ਸਿੱਖ ਆਗੂਆਂ 'ਤੇ ਹਮਲਿਆਂ ਨੂੰ ਲੈ ਕੇ ਵਧ ਰਹੇ ਵਿਸ਼ਵਵਿਆਪੀ ਤਣਾਅ ਦੇ ਬਾਵਜੂਦ, ਅਮਰੀਕਾ ਨੇ ਸਿਆਟਲ ਵਿੱਚ ਖਾਲਿਸਤਾਨ ਰਾਏਸ਼ੁਮਾਰੀ ਨੂੰ ਅੱਗੇ ਵਧਣ ਦੀ ਇਜਾਜ਼ਤ ਦੇ ਦਿੱਤੀ। ਸਿੱਖਸ ਫਾਰ ਜਸਟਿਸ ਦੁਆਰਾ ਆਯੋਜਿਤ ਵਿਸ਼ਵਵਿਆਪੀ ਲਹਿਰ ਦੇ ਹਿੱਸੇ ਵਜੋਂ ਹਜ਼ਾਰਾਂ ਸਿੱਖ ਆਪਣੀਆਂ ਵੋਟਾਂ ਪਾਉਣ ਲਈ ਇਕੱਠੇ ਹੋਏ ਹਨ ਅਤੇ 27 ਹਜਾਰ ਤੋਂ ਵੱਧ ਵੋਟਾਂ ਪਾਈਆਂ ਗਈਆਂ ।***

ਵੋਟਿੰਗ ਅਧਿਕਾਰਤ ਤੌਰ 'ਤੇ ਐਤਵਾਰ ਸਵੇਰੇ 9 ਵਜੇ ਸਥਾਨਕ ਸਮੇਂ ਅਨੁਸਾਰ ਸ਼ੁਰੂ ਹੋਈ, ਪ੍ਰਬੰਧਕਾਂ ਨੇ ਇਹ ਯਕੀਨੀ ਬਣਾਇਆ ਕਿ ਹਾਜ਼ਰੀਨ ਲਈ ਭੋਜਨ ਅਤੇ ਰਿਫਰੈਸ਼ਮੈਂਟ ਸਮੇਤ ਸਾਰੀਆਂ ਜ਼ਰੂਰੀ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ। ਕੈਨੇਡਾ ਤੋਂ ਉਚੇਚੇ ਤੌਰ ਤੇ ਪੁੱਜੇ ਭਾਈ ਨਰਿੰਦਰ ਸਿੰਘ ਰੰਧਾਵਾ, ਭਾਈ ਗੁਰਮੀਤ ਸਿੰਘ ਤੂਰ ਨੇ ਦਸਿਆ ਕਿ ਸਿਆਟਲ ਵਿੱਚ ਰਾਏਸ਼ੁਮਾਰੀ, ਸ਼ਹਿਰ ਵਿੱਚ ਆਪਣੀ ਕਿਸਮ ਦਾ ਪਹਿਲਾ ਜਨਮਤ ਸੰਗ੍ਰਹਿ ਹੈ, ਦੀ ਅਗਵਾਈ ਗੁਰਪਤਵੰਤ ਸਿੰਘ ਪੰਨੂ ਅਤੇ ਜਲਾਵਤਨੀ ਭਾਈ ਪਰਮਜੀਤ ਸਿੰਘ ਪੰਮਾ ਕਰ ਰਹੇ ਹਨ, ਜਿਨ੍ਹਾਂ ਨੇ ਪੰਜਾਬ ਦੇ ਇਤਿਹਾਸਕ ਲਚਕੀਲੇਪਣ 'ਤੇ ਜ਼ੋਰ ਦਿੱਤਾ ਅਤੇ ਇੱਕ ਪਰਿਵਰਤਨਸ਼ੀਲ ਭਵਿੱਖ ਵਿੱਚ ਵਿਸ਼ਵਾਸ ਪ੍ਰਗਟ ਕੀਤਾ। ਉਨ੍ਹਾਂ ਦਸਿਆ ਡਾਊਨਟਾਊਨ ਸਿਆਟਲ ਨੂੰ ਖਾਲਿਸਤਾਨੀ ਝੰਡਿਆਂ ਨਾਲ ਸਜਾਇਆ ਗਿਆ, ਜਿਸ ਨਾਲ ਇੱਕ ਜੋਸ਼ੀਲਾ ਮਾਹੌਲ ਪੈਦਾ ਹੋਇਆ ਕਿਉਂਕਿ ਭਾਗੀਦਾਰ ਵੱਡੀ ਗਿਣਤੀ ਵਿੱਚ ਆਪਣੀ ਵੋਟ ਪਾਉਣ ਲਈ ਪਹੁੰਚੇ। ਇਹ ਪ੍ਰੋਗਰਾਮ ਦੁਨੀਆ ਭਰ ਵਿੱਚ 23 ਨਵੰਬਰ 2025 ਨੂੰ ਓਟਾਵਾ, ਅਤੇ ਨਾਲ ਹੀ ਲੰਡਨ, ਟੋਰਾਂਟੋ, ਵੈਨਕੂਵਰ, ਰੋਮ ਅਤੇ ਜੇਨੇਵਾ ਸਮੇਤ ਪਿਛਲੇ ਜਨਮਤ ਸੰਗ੍ਰਹਿ ਤੋਂ ਬਾਅਦ ਹੋਇਆ ਹੈ। ਉਨ੍ਹਾਂ ਦਸਿਆ ਕਿ ਦੁਨੀਆ ਭਰ ਵਿੱਚ ਲੱਖਾਂ ਸਿੱਖਾਂ ਨੇ ਖਾਲਿਸਤਾਨ ਦੇ ਹੱਕ ਵਿੱਚ ਪਿਛਲੀਆਂ ਵੋਟਾਂ ਵਿੱਚ ਹਿੱਸਾ ਲਿਆ ਹੈ, ਜੋ ਭਾਈਚਾਰੇ ਦੀ ਨਿਰੰਤਰ ਅੰਤਰਰਾਸ਼ਟਰੀ ਲਾਮਬੰਦੀ ਨੂੰ ਉਜਾਗਰ ਕਰਦਾ ਹੈ। ਉਨ੍ਹਾਂ ਕਿਹਾ ਭਾਰਤ ਨੂੰ ਵਿਦੇਸ਼ਾਂ ਵਿੱਚ ਸਿੱਖ ਆਗੂਆਂ ਨੂੰ ਨਿਸ਼ਾਨਾ ਬਣਾਉਣ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪਿਆ ਹੈ, ਜਿਸ ਵਿੱਚ 2023 ਵਿੱਚ ਕੈਨੇਡਾ ਵਿੱਚ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵੀ ਸ਼ਾਮਲ ਹੈ। ਜਿਸ ਕਰਕੇ ਅਜਿਹੀਆਂ ਘਟਨਾਵਾਂ ਨੇ ਭਾਰਤੀ ਰਾਜ ਅਤੇ ਵਿਸ਼ਵਵਿਆਪੀ ਸਿੱਖ ਪ੍ਰਵਾਸੀਆਂ ਵਿਚਕਾਰ ਤਣਾਅ ਵਧਾ ਦਿੱਤਾ ਹੈ, ਪ੍ਰਬੰਧਕਾਂ ਨੇ ਜਨਮਤ ਸੰਗ੍ਰਹਿ ਪ੍ਰਤੀ ਭਾਰਤ ਦੀ ਦੱਸੀ ਉਦਾਸੀਨਤਾ 'ਤੇ ਸਵਾਲ ਉਠਾਏ ਹਨ। ਇਸ ਮੌਕੇ ਗੁਰਪਤਵੰਤ ਸਿੰਘ ਪੰਨੂ ਅਤੇ ਭਾਈ ਪਰਮਜੀਤ ਸਿੰਘ ਪੰਮਾ ਨੇ ਜ਼ੋਰ ਦੇ ਕੇ ਕਿਹਾ, ਅਸੀਂ ਮੌਤ ਤੋਂ ਨਹੀਂ ਡਰਦੇ, ਅਤੇ ਸਾਡਾ ਮੰਨਣਾ ਹੈ ਕਿ ਪੰਜਾਬ ਦੇ ਰੋਧਕ ਇਤਿਹਾਸ ਦੇ ਕਾਰਨ, ਅਗਲੇ 10 ਤੋਂ 15 ਸਾਲਾਂ ਵਿੱਚ ਭਾਰਤ ਦਾ ਨਕਸ਼ਾ ਬਦਲ ਜਾਵੇਗਾ ਅਤੇ ਸਿੱਖਾਂ ਦਾ ਵੱਖਰਾ ਮੁੱਲਕ ਨਜ਼ਰ ਆਏਗਾ । ਉਨ੍ਹਾਂ ਦਸਿਆ ਰੈਫਰੰਡਮ ਦੇ ਅਗਲੇ ਪੜਾਅ ਦੇ ਵੋਟ 16 ਅਗਸਤ ਨੂੰ ਇੰਡਿਆਪੋਲਸ ਅਤੇ 18 ਅਕਤੂਬਰ ਨੂੰ ਐਡਮੰਟਨ ਵਿਖੇ ਕਰਵਾਣ ਦਾ ਐਲਾਨ ਕੀਤਾ ਗਿਆ ਹੈ।

## ਆਸਟਰੇਲੀਆ ਅਤੇ ਯੂਰਪੀ ਸੰਘ ਵਿਚਕਾਰ ਇਤਿਹਾਸਕ ਵਪਾਰਕ ਸਮਝੌਤਾ: 8 ਸਾਲਾਂ ਦੀ ਉਡੀਕ ਹੋਈ ਖ਼ਤਮ

ਲੰਬੇ ਸਮੇਂ ਤੋਂ ਚੱਲ ਰਹੀ ਜੱਦੋ-ਜਹਿਦ ਤੋਂ ਬਾਅਦ ਅੱਜ ਆਸਟਰੇਲੀਆ ਅਤੇ ਯੂਰਪੀ ਸੰਘ ਨੇ ਇੱਕ ਵੱਡੇ ਮੁਕਤ ਵਪਾਰ ਸਮਝੌਤੇ ਤੇ ਦਸਤਖ਼ਤ ਕਰ ਦਿੱਤੇ ਹਨ। ਇਹ ਸਮਝੌਤਾ ਅੱਠ ਸਾਲਾਂ ਦੀ ਗੱਲਬਾਤ ਤੋਂ ਬਾਅਦ ਸਿਰੇ ਚੜ੍ਹਿਆ ਹੈ। ਇਸ ਤਹਿਤ ਆਸਟਰੇਲੀਆ ਭੇਜੀਆਂ ਜਾਣ ਵਾਲੀਆਂ 99 ਫੀਸਦ ਤੋਂ ਵੱਧ ਯੂਰਪੀਅਨ ਵਸਤੂਆਂ ਤੇ ਟੈਰਿਫ਼ (ਟੈਕਸ) ਖ਼ਤਮ ਕਰ ਦਿੱਤਾ ਗਿਆ ਹੈ।

# ਪੰਜਾਬਣ ਸਮੇਤ 4 ਲੋਕਾਂ ਨੂੰ ਨਸ਼ਾ ਤਸਕਰੀ ਕਰਨ ਦੇ ਦੋਸ਼ਾਂ ਤਹਿਤ 30 ਸਾਲ ਤੋਂ ਵੱਧ ਕੈਦ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਵਿੱਚ ਇੱਕ ਪੰਜਾਬਣ ਸਮੇਤ 4 ਲੋਕਾਂ ਨੂੰ ਨਸ਼ਾ ਤਸਕਰੀ ਦੇ ਦੋਸ਼ਾਂ ਤਹਿਤ 30 ਸਾਲ ਤੋਂ ਵੱਧ ਕੈਦ ਦੀ ਸਜ਼ਾ ਸੁਣਾਈ ਗਈ ਹੈ। ਬਰਮਿੰਘਮ ਕਰਾਊਨ ਕੋਰਟ ਵਿੱਚ ਸ਼ਾਹਰੁਖ ਹੁਮਯੂਨ ਨੂੰ 10 ਸਾਲ ਅਤੇ ਨੌਂ ਮਹੀਨੇ, ਗੈਬਰੀਏਲ ਟ੍ਰਿੰਕੁਨਾਈਟ ਨੂੰ 7 ਸਾਲ ਅਤੇ 8 ਮਹੀਨੇ, ਸਿੰਦੀਜਾ ਵਿਰਸੇ ਨੂੰ 6 ਸਾਲ ਅਤੇ 8 ਮਹੀਨੇ ਅਤੇ ਰੁਬਨਪ੍ਰੀਤ ਕੌਰ ਨੂੰ 5 ਸਾਲ ਅਤੇ 4 ਮਹੀਨੇ ਦੀ ਸਜ਼ਾ ਸੁਣਾਈ ਗਈ। ਜਦ ਕਿ ਇਸੇ ਮਾਮਲੇ ਵਿੱਚ ਅਰਵਿੰਦਰ ਬੈਂਸ ਨੂੰ ਪਹਿਲਾਂ ਦਸੰਬਰ 2022 ਵਿੱਚ ਕਲਾਸ ਏ ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰਨ ਦੇ ਇਰਾਦੇ ਦੇ ਦੋਸ਼ਾਂ ਤਹਿਤ 9 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ।***



ਨਸ਼ੀਲੇ ਤਦਾਰਥਾਂ ਦੀ ਤਸਕਰੀ ਕਰਨ ਵਾਲੇ ਗ੍ਰੋਹ ਦੇ ਮੈਂਬਰ

ਇੱਕ ਵੱਡੀ ਜਾਂਚ ਤੋਂ ਬਾਅਦ ਰਾਸ਼ਟਰੀ ਅਪਰਾਧ ਏਜੰਸੀ ਅਤੇ ਮੈਟਰੋਪੋਲੀਟਨ ਪੁਲਿਸ ਸੇਵਾ ਦੇ ਅਧਿਕਾਰੀਆਂ ਦੀ ਸਾਂਝੀ ਕਾਰਵਾਈ ਵਿੱਚ ਲੰਡਨ ਅਤੇ ਪੂਰੇ ਯੂ ਕੇ ਵਿੱਚ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰਦਾ ਇੱਕ ਗ੍ਰੋਹ ਕਾਬੂ ਕੀਤਾ।

ਅਪ੍ਰੈਲ ਅਤੇ ਅਗਸਤ 2022 ਦੇ ਵਿਚਕਾਰ ਗ੍ਰੋਹ ਨੇ 170 ਕਿਲੋਗ੍ਰਾਮ ਤੋਂ ਵੱਧ ਕੋਕੀਨ ਡਲੀਵਰ ਕੀਤੀ ਜਿਸਦੀ ਅੰਦਾਜ਼ਨ ਸਟਰੀਟ ਕੀਮਤ 13.6 ਮਿਲੀਅਨ ਪੌਂਡ ਸੀ। ਨੈੱਟਵਰਕ ਨੇ ਆਪਣੀ ਪਛਾਣ ਛੁਪਾਉਣ ਲਈ ਪਾਸਵਰਡ, ਕੋਡਨੇਮ ਅਤੇ ਏਨਕ੍ਰਿਪਟਡ ਮੈਸੇਜਿੰਗ ਐਪਸ ਦੀ ਵਰਤੋਂ ਕੀਤੀ, ਮੀਟਿੰਗ ਦੇ ਸਥਾਨ ਸਿਰਫ ਆਖਰੀ ਸਮੇਂ 'ਤੇ ਸਾਂਝੇ ਕੀਤੇ ਸਨ।

16 ਜੂਨ 2022 ਨੂੰ ਫਿਨਸਬਰੀ ਡਰਾਈਵ ਪ੍ਰਾਇਰਸਲੀ ਟੈਲਫੋਰਡ ਦੇ ਵਾਸੀ 39 ਸਾਲਾ ਅਰਵਿੰਦਰ ਬੈਂਸ ਨੂੰ ਲੰਡਨ ਵਿੱਚ ਡਿਲੀਵਰੀ ਕਰਦੇ ਸਮੇਂ 10 ਕਿਲੋ ਉੱਚ-ਸ਼ੁੱਧਤਾ ਵਾਲਾ ਕੋਕੀਨ ਸਮੇਤ ਗ੍ਰਿਫਤਾਰ ਕੀਤਾ, ਜਿਸਦੀ ਕੀਮਤ ਲਗਭਗ 80,000 ਪੌਂਡ ਸੀ। ਉਸਦੇ ਮੋਬਾਈਲ ਫੋਨ ਜਾਂਚ ਤੋਂ ਪਤਾ ਲੱਗਾ ਕਿ ਉਸੇ ਦਿਨ 22 ਕਿਲੋ ਡਰੱਗ ਸਪਲਾਈ ਕਰਨ ਦੀ ਇੱਕ ਹੋਰ ਸਾਜ਼ਿਸ਼ ਦਾ ਵੀ ਹਿੱਸਾ ਸੀ।

ਹੋਰ ਪੁੱਛਗਿੱਛ ਵਿੱਚ ਸ਼ਾਹਰੁਖ ਹੁਮਯੂਨ 29 ਵਾਸੀ ਲੈਂਗਸੇਟ ਰੋਡ, ਵੁਲਵਰਹੈਂਪਟਨ, ਸਿੰਦੀਜਾ ਵਿਰਸੇ 28 ਵਾਸੀ ਬਿਰਚ ਗਰੋਵ ਬੈਡਫੋਰਡਸ਼ਾਇਰ, ਗੈਬਰੀਏਲ ਟ੍ਰਿੰਕੁਨਾਈਟ 26 ਵਾਸੀ ਟੇਲਰ ਰੋਡ, ਵੁਲਵਰਹੈਂਪਟਨ ਅਤੇ ਰੁਬਨਪ੍ਰੀਤ ਕੌਰ 26 ਵਾਸੀ ਚੈਪਲ ਸਟ੍ਰੀਟ ਵੁਲਵਰਹੈਂਪਟਨ ਇਸੇ ਕੜੀ ਦਾ ਹਿੱਸਾ ਹਨ। ਗ੍ਰੋਹ ਦੇ ਇਹਨਾਂ ਮੈਂਬਰਾਂ ਨੂੰ ਜਨਵਰੀ 2025 ਵਿੱਚ ਵੱਖ ਵੱਖ ਥਾਵਾਂ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

ਜਾਂਚ ਅਧਿਕਾਰੀ ਰਿਚਰਡ ਸਮਿਥ ਨੇ ਕਿਹਾ ਇਹਨਾਂ ਅਪਰਾਧੀਆਂ ਨੂੰ ਜਾਂਚਕਰਤਾਵਾਂ ਦੀ ਮਦਦ ਨਾਲ ਸ਼ਲਾਖਾਂ ਪਿੱਛੇ ਕਰਨ ਵਿੱਚ ਕਾਮਯਾਬ ਹੋਏ ਹਾਂ।

# ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਘੱਟ ਗਿਣਤੀਆਂ ਨਾਲ ਸਬੰਧਿਤ ਸੰਸਦ ਮੈਂਬਰਾਂ ਨੇ ਕੀਤੀ ਮੁਲਾਕਾਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਘੱਟ ਗਿਣਤੀਆਂ ਨਾਲ ਸਬੰਧਿਤ ਸੰਸਦ ਮੈਂਬਰਾਂ ਨੇ ਮਲਾਕਾਤ ਕੀਤੀ । ਇਸ ਮੌਕੇ ਰਹਿਣ-ਸਹਿਣ ਦੀ ਲਾਗਤ, ਨਸਲਵਾਦ ਨਾਲ ਨਜਿੱਠਣ ਅਤੇ ਹੋਰ ਵੱਖ-ਵੱਖ ਮੁੱਦਿਆਂ ਤੇ ਵਿਚਾਰ ਚਰਚਾ ਕੀਤੀ। ਬਲੈਕ ਏਸ਼ੀਅਨ ਅਤੇ ਘੱਟ ਗਿਣਤੀ ਨਸਲੀ ਪੀ ਐਲ ਪੀ ਦੀ ਸਹਿ-ਚੇਅਰਪਰਸਨ ਨੇ ਕਿਹਾ ਕਿ ਅੱਜ ਪ੍ਰਧਾਨ ਮੰਤਰੀ ਨਾਲ ਮਿਲ ਕੇ ਬਹੁਤ ਖੁਸ਼ੀ ਹੋਈ ਹੈ। ਮੈਂ ਅਤੇ ਸਾਥੀਆਂ ਨੇ ਵੱਲੋਂ ਉਠਾਏ ਮੁੱਦਿਆਂ ਤੇ ਪ੍ਰਧਾਨ ਮੰਤਰੀ ਨਫ਼ਰਤੀ ਨੀਤੀ ਨੂੰ ਲੈ ਕੇ ਸਪੱਸ਼ਟ ਸਨ। ਉਨ੍ਹਾਂ ਨੂੰ ਸਾਡੇ ਸ਼ਹਿਰ, ਸਾਡੇ ਦੇਸ਼ ਅਤੇ ਸਾਡੀਆਂ ਕਦਰਾਂ-ਕੀਮਤਾਂ ਲਈ ਖੜ੍ਹੇ ਹੁੰਦੇ ਦੇਖ ਕੇ ਮਾਣ ਮਹਿਸੂਸ ਹੋ ਰਿਹਾ ਹੈ। ਇਸ ਮੌਕੇ ਐਮ ਪੀ ਤਨਮਨਜੀਤ ਸਿੰਘ ਢੇਸੀ, ਐਮ ਪੀ ਜਸ ਅਠਵਾਲ, ਐਮ ਪੀ ਗੁਰਿੰਦਰ ਸਿੰਘ ਜੋਸਨ, ਐਮ ਪੀ ਜੀਵਨ ਸਿੰਘ ਸਿੰਘ ਆਦਿ ਹਾਜ਼ਰ ਸਨ।



ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਏਸ਼ੀਅਨ ਅਤੇ ਘੱਟ ਗਿਣਤੀ ਭਾਈਚਾਰਿਆਂ ਨਾਲ ਸਬੰਧਿਤ ਸੰਸਦ ਮੈਂਬਰ

# ਪਰਮਜੀਤ ਕੌਰ ਦੇ ਕਤਲ ਮਾਮਲੇ ਵਿੱਚ ਪਤੀ ਦੋਸ਼ੀ ਕਰਾਰ



ਮ੍ਰਿਤਕ ਪਰਮਜੀਤ ਕੌਰ



ਹਰਮਿੰਦਰ ਮੱਟੂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬ੍ਰਮਿੰਘਮ ਦੇ ਇਲਾਕੇ ਓਲਡਬਰੀ ਵਿੱਚ ਕਤਲ ਕੀਤੀ ਗਈ ਪਰਮਜੀਤ ਕੌਰ ਦੀ ਹੱਤਿਆ ਦੇ ਦੋਸ਼ਾਂ ਵਿੱਚ ਉਸ ਦੇ ਪਤੀ ਹਰਮਿੰਦਰ ਮੱਟੂ ਨੂੰ ਦੋਸ਼ੀ ਕਰਾਰ ਦੇ ਦਿੱਤਾ ਹੈ। ਵੁਲਵਰਹੈਂਪਟਨ ਕਰਾਊਨ ਕੋਰਟ ਵਿੱਚ ਚੱਲੀ 7 ਦਿਨ ਦੀ ਸੁਣਵਾਈ ਤੋਂ ਬਾਅਦ ਜਿਊਰੀ ਨੇ ਹਰਮਿੰਦਰ ਮੱਟੂ ਨੂੰ ਦੋਸ਼ੀ ਮੰਨਿਆ ਹੈ। ਹਰਮਿੰਦਰ ਸਿੰਘ ਮੱਟੂ ਨੇ ਬੀਤੇ ਸਾਲ 31 ਮਾਰਚ ਨੂੰ ਪਰਮਜੀਤ ਕੌਰ ਉਰਫ ਸੋਨੀ ਦੀ ਹੱਤਿਆ ਕਰਨ ਦੇ ਦੋਸ਼ ਖੁਦ ਥਾਣੇ ਜਾ ਕੇ ਕਬੂਲ ਕੀਤੇ ਸਨ। ਪ੍ਰੰਤੂ ਅਦਾਲਤ ਵਿੱਚ ਸੁਣਵਾਈ ਦੌਰਾਨ ਹੱਤਿਆ ਦੇ ਦੋਸ਼ਾਂ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਹ ਸਭ ਸਵੈ ਰੱਖਿਆ ਲਈ ਕੀਤਾ ਸੀ। ਅਦਾਲਤ ਵਿੱਚ ਦੱਸਿਆ ਗਿਆ ਕਿ ਪਰਮਜੀਤ ਕੌਰ ਨੂੰ 31 ਮਾਰਚ 2025 ਨੂੰ ਸਵੇਰੇ ਕਰੀਬ 8 ਵਜੇ ਓਲਡਬਰੀ ਦੇ ਸਵੈਨ ਕ੍ਰੈਸੈਂਟ ਸਥਿਤ ਘਰ ਵਿੱਚ ਮ੍ਰਿਤਕ ਪਾਇਆ ਗਿਆ ਸੀ। ਜਿਸ ਦੇ ਕੋਲ ਇੱਕ ਚਾਕੂ ਵੀ ਪਿਆ ਸੀ। ਪਰਮਜੀਤ ਕੌਰ ਆਪਣੇ ਪਤੀ ਤੋਂ ਤਲਾਕ ਲੈਣਾ ਚਾਹੁੰਦੀ ਸੀ।

ਵੁਲਵਰਹੈਂਪਟਨ ਕਰਾਉਨ ਕੋਰਟ ਦੇ ਜੱਜ ਜੌਨ ਬਟਰਫੀਲਡ ਨੇ ਜਿਊਰੀ ਦਾ ਧੰਨਵਾਦ ਕਰਦਿਆਂ 2 ਅਪ੍ਰੈਲ ਨੂੰ ਸਜ਼ਾ ਸੁਣਾਉਣ ਦਾ ਫੈਸਲਾ ਦਿੱਤਾ।


## ਕਵੈਂਟਰੀ ਵਿਖੇ 6 ਬੈਡਰੂਮ ਦਾ ਘਰ ਵਿਕਾਊ ਹੈ



**Price**
**£4,50,000**
**O.N.O.**

**ਕੀਮਤ:**
**£4,50,000**
**ਸਾਢੇ ਚਾਰ ਲੱਖ ਪੌਂਡ**
**ਕੀਮਤ ਬਾਰੇ ਵਿਚਾਰ ਵੀ ਕੀਤੀ ਜਾ ਸਕਦੀ**

## 6 BED ROOMS PROPERTY FOR SALE

6 bedrooms property in Coventry is for immediate sale. Two separate entrances to the property, 2 well fitted kitchens with own entry, rear conservatory, fully double glazed, central heated. Block paved all garden, front. All rear slated. 2 off road parking spaces and own garage. Close to city center and university, well maintained.

For viewing and more information please contat Mr. Jay.

**ਕਵੈਂਟਰੀ ਦੇ ਵਧੀਆ ਇਲਾਕੇ ਵਿੱਚ ਸਿਟੀ ਸੈਂਟਰ ਅਤੇ ਕਵੈਂਟਰੀ ਯੂਨੀਵਰਸਿਟੀ ਦੇ ਨੇੜੇ 6 ਬੈਡਰੂਮ ਦਾ ਘਰ ਵਿਕਾਊ ਹੈ। ਇਸ ਦੇ ਦੋ ਵੱਖਰੇ ਦਰਵਾਜ਼ੇ ਹਨ ਤੇ ਦੋ ਰਸੋਈਆਂ ਹਨ। ਪੂਰਾ ਘਰ ਡਬਲ ਗਲੇਜ਼ਡ ਤੇ ਸੈਂਟਰਲ ਹੀਟ ਹੋਇਆ ਹੈ। ਘਰ ਦੇ ਪਿਛਲੇ ਪਾਸੇ ਕੰਨਜ਼ਰਵੇਟਰੀ ਵੀ ਹੈ। ਸਾਰਾ ਬਗੀਚਾ ਅਤੇ ਮੋਹਰਲੇ ਪਾਸੇ ਇੱਟਾਂ ਦੇ ਫਰਸ਼ ਲੱਗੇ ਹੋਏ ਹਨ ਪਿਛਲੇ ਪਾਸੇ ਸਲੇਟਾਂ ਲੱਗੀਆਂ ਹਨ। ਦੋ ਕਾਰਾਂ ਦੀ ਪਾਰਕਿੰਗ ਅਤੇ ਗੈਰਜ ਵੀ ਹੈ। ਘਰ ਦੇਖਣ ਅਤੇ ਹੋਰ ਜਾਣਕਾਰੀ ਲੈਣ ਲਈ ਹੇਠਾਂ ਦਿੱਤੇ ਨੰਬਰ ’ਤੇ ਮਿ: ਜੇ ਨਾਲ ਸੰਪਰਕ ਕਰੋ ਜੀ;**

**Mobile: 07946 366 612**

# ਦੇਸ਼ ਅੰਦਰ ਸਿਰਫ਼ ਹਿੰਦੂ, ਸਿੱਖ, ਬੋਧੀ ਹੀ ਅਨੁਸੂਚਿਤ ਜਾਤੀ ਦਾ ਰੱਖ ਸਕਦੇ ਹਨ ਦਰਜਾ: ਸੁਪਰੀਮ ਕੋਰਟ

***ਨਵੀਂ ਦਿੱਲੀ-(ਮਨਪ੍ਰੀਤ ਸਿੰਘ ਖਾਲਸਾ):- ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਆਂਧਰਾ ਪ੍ਰਦੇਸ਼ ਹਾਈ ਕੋਰਟ ਦੇ ਫੈਸਲੇ ਦੀ ਪੁਸ਼ਟੀ ਕੀਤੀ ਕਿ ਸਿਰਫ਼ ਹਿੰਦੂ, ਸਿੱਖ ਅਤੇ ਬੋਧੀ ਹੀ ਅਨੁਸੂਚਿਤ ਜਾਤੀ ਦਾ ਦਰਜਾ ਪ੍ਰਾਪਤ ਕਰ ਸਕਦੇ ਹਨ - ਅਤੇ ਜਿਨ੍ਹਾਂ ਨੇ ਈਸਾਈ ਧਰਮ ਅਪਣਾਇਆ ਹੈ, ਉਹ ਨਹੀਂ ਲੈ ਸਕਦੇ। ਇਸਦਾ ਮਤਲਬ ਹੈ ਕਿ ਜਿਨ੍ਹਾਂ ਨੇ ਈਸਾਈ ਧਰਮ ਜਾਂ ਕਿਸੇ ਹੋਰ ਧਰਮ ਅਪਣਾਇਆ ਹੈ, ਉਹ ਸਕਾਰਾਤਮਕ ਕਾਰਵਾਈ ਨੀਤੀਆਂ ਦਾ ਲਾਭ ਨਹੀਂ ਲੈ ਸਕਦੇ, ਅਤੇ ਐਸਸੀ /ਐਸਟੀ (ਅੱਤਿਆਚਾਰ ਰੋਕਥਾਮ) ਐਕਟ ਦੇ ਤਹਿਤ ਵਿਤਕਰੇ ਦੇ ਮਾਮਲੇ ਵੀ ਦਰਜ ਨਹੀਂ ਕਰ ਸਕਦੇ।***

ਸੁਪਰੀਮ ਕੋਰਟ ਨੇ ਕਿਹਾ ਕਿ ਜ਼ਿਕਰ ਕੀਤੇ ਗਏ ਤਿੰਨਾਂ ਧਰਮਾਂ ਤੋਂ ਇਲਾਵਾ ਕਿਸੇ ਵੀ ਹੋਰ ਧਰਮ ਵਿੱਚ ਤਬਦੀਲੀ ਕਰਨ ਨਾਲ

## * ਜਾਤੀ ਪ੍ਰਣਾਲੀ ਈਸਾਈ ਧਰਮ ਲਈ ਹੈ "ਪਰਦੇਸੀ"

ਅਨੁਸੂਚਿਤ ਜਾਤੀ ਦਾ ਦਰਜਾ ਤੁਰੰਤ ਅਤੇ ਪੂਰੀ ਤਰ੍ਹਾਂ ਖਤਮ ਹੋ ਜਾਂਦਾ ਹੈ। ਜਸਟਿਸ ਪੀਕੇ ਮਿਸ਼ਰਾ ਦੀ ਅਗਵਾਈ ਵਾਲੇ ਬੈਂਚ ਨੇ ਸੰਵਿਧਾਨ (ਅਨੁਸੂਚਿਤ ਜਾਤੀ) ਆਦੇਸ਼, 1950 ਦਾ ਹਵਾਲਾ ਦਿੱਤਾ, ਜੋ ਇਹ ਹੁਕਮ ਦਿੰਦਾ ਹੈ ਕਿ ਕੋਈ ਵੀ ਵਿਅਕਤੀ ਜੋ ਹਿੰਦੂ ਧਰਮ ਤੋਂ ਵੱਖਰਾ ਧਰਮ ਮੰਨਦਾ ਹੈ, ਉਸਨੂੰ ਅਨੁਸੂਚਿਤ ਜਾਤੀ ਦਾ ਮੈਂਬਰ ਨਹੀਂ ਮੰਨਿਆ ਜਾਵੇਗਾ ਕਿਉਂਕਿ ਇਹ ਧਾਰਾ ਸੰਪੂਰਨ ਹੈ। ਸੁਪਰੀਮ ਕੋਰਟ ਨੇ ਕਿਹਾ ਸੰਵਿਧਾਨ ਜਾਂ ਸੰਸਦ ਜਾਂ ਰਾਜ ਵਿਧਾਨ ਸਭਾ ਦੇ ਕਾਨੂੰਨ ਅਧੀਨ ਕੋਈ ਵੀ ਕਾਨੂੰਨੀ ਲਾਭ, ਸੁਰੱਖਿਆ ਜਾਂ ਰਾਖਵਾਂਕਰਨ ਜਾਂ ਹੱਕ ਕਿਸੇ ਵੀ ਵਿਅਕਤੀ ਦੁਆਰਾ ਦਾਅਵਾ ਨਹੀਂ ਕੀਤਾ ਜਾ ਸਕਦਾ ਜਾਂ ਵਧਾਇਆ ਨਹੀਂ ਜਾ ਸਕਦਾ, ਜਿਸਨੂੰ, ਧਾਰਾ 3 ਦੇ ਕਾਰਜ ਦੁਆਰਾ, ਅਨੁਸੂਚਿਤ ਜਾਤੀ ਦਾ ਮੈਂਬਰ ਨਹੀਂ ਮੰਨਿਆ ਜਾਂਦਾ ਹੈ। ਇਹ ਬਾਰ ਸੰਪੂਰਨ ਹੈ ਅਤੇ ਕਿਸੇ ਵੀ ਅਪਵਾਦ ਨੂੰ ਸਵੀਕਾਰ ਨਹੀਂ ਕਰਦਾ। ਕੋਈ ਵਿਅਕਤੀ ਇੱਕੋ ਸਮੇਂ ਧਾਰਾ 3 ਵਿੱਚ ਦਰਸਾਏ ਗਏ ਧਰਮ ਤੋਂ ਇਲਾਵਾ ਕਿਸੇ ਹੋਰ ਧਰਮ ਦਾ ਦਾਅਵਾ ਅਤੇ ਅਭਿਆਸ ਨਹੀਂ ਕਰ ਸਕਦਾ ਅਤੇ ਅਨੁਸੂਚਿਤ ਜਾਤੀ ਦੀ ਮੈਂਬਰਸ਼ਿਪ ਦਾ ਦਾਅਵਾ ਨਹੀਂ ਕਰ ਸਕਦਾ । ਇਹ ਮਾਮਲਾ ਇੱਕ ਅਜਿਹੇ ਵਿਅਕਤੀ ਨਾਲ ਸਬੰਧਤ ਹੈ ਜਿਸਨੇ ਈਸਾਈ ਧਰਮ ਅਪਣਾ ਲਿਆ ਸੀ ਅਤੇ ਪਾਦਰੀ ਬਣ ਗਿਆ ਸੀ, ਅਤੇ ਫਿਰ ਕਥਿਤ ਹਮਲੇ ਦਾ ਸਾਹਮਣਾ ਕਰਨ ਤੋਂ ਬਾਅਦ ਐਸਸੀ/ਐਸਟੀ ਐਕਟ ਦੇ ਤਹਿਤ ਕੇਸ ਦਾਇਰ ਕੀਤਾ ਸੀ।



ਪਿਛਲੇ ਸਾਲ ਅਪ੍ਰੈਲ ਵਿੱਚ, ਆਂਧਰਾ ਪ੍ਰਦੇਸ਼ ਹਾਈ ਕੋਰਟ ਨੇ ਕਿਹਾ ਸੀ ਕਿ ਜਾਤੀ ਪ੍ਰਣਾਲੀ ਈਸਾਈ ਧਰਮ ਲਈ "ਪਰਦੇਸੀ" ਹੈ ਅਤੇ ਇਸ ਲਈ ਸ਼ਿਕਾਇਤਕਰਤਾ ਦੁਆਰਾ ਐਸਸੀ/ਐਸਟੀ ਐਕਟ ਦੇ ਤਹਿਤ ਦਾਇਰ ਕੀਤੇ ਗਏ ਦੋਸ਼ਾਂ ਨੂੰ ਰੱਦ ਕਰ ਦਿੱਤਾ ਗਿਆ ਸੀ।

# ਇਮੀਗ੍ਰੇਸ਼ਨ ਕਟੌਤੀਆਂ ਦਾ ਅਸਰ: ਬੀ.ਸੀ. ਚ ਵਿਦੇਸ਼ੀ ਵਿਦਿਆਰਥੀਆਂ ਦੀ ਘਟੀ

ਵੈਨਕੂਵਰ-(ਮਲਕੀਤ ਸਿੰਘ) - ਕਨੇਡਾ ਵਿੱਚ ਫੈਡਰਲ ਇਮੀਗ੍ਰੇਸ਼ਨ ਕਟੌਤੀਆਂ ਦੇ ਅਸਰ ਨਾਲ ਬ੍ਰਿਟਿਸ਼ ਕੋਲੰਬੀਆ ਵਿੱਚ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਉਮੀਦਾਂ ਨਾਲੋਂ ਕਾਫ਼ੀ ਘੱਟ ਰਹੀ ਹੈ।




ਪ੍ਰਾਪਤ ਜਾਣਕਾਰੀ ਮੁਤਾਬਕ ਕਨੇਡਾ ਦੇ ਆਡੀਟਰ ਜਨਰਲ ਦੀ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ 2024 ਦੌਰਾਨ ਸਟਡੀ ਪਰਮਿਟ ਮਨਜ਼ੂਰੀਆਂ ਵਿੱਚ ਲਗਭਗ 66 ਫ਼ੀਸਦੀ ਦੀ ਵੱਡੀ ਕਮੀ ਦਰਜ ਕੀਤੀ ਗਈ। ਇਹ ਉਹ ਪਹਿਲਾ ਸਾਲ ਸੀ ਜਦੋਂ ਕੇਂਦਰੀ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਇਮੀਗ੍ਰੇਸ਼ਨ ਕਟੌਤੀਆਂ ਲਾਗੂ ਕੀਤੀਆਂ ਗਈਆਂ ਸਨ। ਰਿਪੋਰਟ ਅਨੁਸਾਰ ਇਸ ਦੇ ਨਤੀਜੇ ਵਜੋਂ ਬੀ.ਸੀ. ਵਿੱਚ ਵਿਦੇਸ਼ੀ ਵਿਦਿਆਰਥੀਆਂ ਦੀ ਆਮਦ ਵਿੱਚ ਤਿੱਖੀ ਗਿਰਾਵਟ ਆਈ ਹੈ, ਜਿਸ ਨਾਲ ਸਿੱਖਿਆ ਸੰਸਥਾਵਾਂ ਅਤੇ ਅਰਥਵਿਵਸਥਾ 'ਤੇ ਵੀ ਅਸਰ ਪਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀ ਸੂਬੇ ਦੀ ਅਰਥਵਿਵਸਥਾ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਇਸ ਲਈ ਉਨ੍ਹਾਂ ਦੀ ਘੱਟ ਗਿਣਤੀ ਭਵਿੱਖ ਵਿੱਚ ਵੱਡੇ ਪ੍ਰਭਾਵ ਪੈਦਾ ਕਰ ਸਕਦੀ ਹੈ।

# ਪੰਜਾਬੀ ਨੌਜਵਾਨ ਦੇ ਕਤਲ ਮਾਮਲੇ 'ਚ 18 ਸਾਲਾ ਨੌਜਵਾਨ ਗ੍ਰਿਫਤਾਰ



ਵੈਨਕੂਵਰ-(ਮਲਕੀਤ ਸਿੰਘ) - ਕੈਨੇਡਾ ਦੇ ਅਲਬਰਟਾ ਸੂਬੇ ਵਿੱਚ ਲਡੁਕ ਨੇੜੇ ਵਾਪਰੀ ਗੋਲੀਬਾਰੀ ਦੀ ਘਟਨਾ ਵਿੱਚ 22 ਸਾਲਾ ਪੰਜਾਬੀ ਨੌਜਵਾਨ ਬਿਰਿੰਦਰ ਸਿੰਘ ਦੇ ਕਤਲ ਮਾਮਲੇ ਵਿੱਚ ਪੁਲਿਸ ਨੇ ਇੱਕ 18 ਸਾਲਾ ਗੋਰੇ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਇਹ ਘਟਨਾ 14 ਮਾਰਚ ਨੂੰ ਕਵੀਨ ਐਲਿਜ਼ਾਬੇਥ ਦੂਜਾ ਹਾਈਵੇ 'ਤੇ ਵਾਪਰੀ, ਜਦੋਂ ਤਿੰਨ ਦੋਸਤ ਆਪਣੀ ਕਾਰ ਵਿੱਚ ਸੈਰ ਲਈ ਜਾ ਰਹੇ ਸਨ। ਇਸ ਦੌਰਾਨ ਇੱਕ ਪਿਕਅੱਪ ਟਰੱਕ ਉਨ੍ਹਾਂ ਦੇ ਨੇੜੇ ਆਇਆ ਅਤੇ ਟਰੱਕ ਵਿੱਚ ਸਵਾਰ ਵਿਅਕਤੀ ਵੱਲੋਂ ਹੱਥ ਨਾਲ ਇਸ਼ਾਰਾ ਕੀਤਾ ਗਿਆ।ਜਵਾਬ ਵਿੱਚ ਕਾਰ ਚਲਾ ਰਹੇ ਬਰਿੰਦਰ ਸਿੰਘ ਨੇ ਵੀ ਬਾਂਹ ਬਾਹਰ ਕੱਢ ਕੇ ਹੱਥ ਹਿਲਾਇਆ, ਜਿਸ ਤੋਂ ਬਾਅਦ ਟਰੱਕ ਵਿੱਚੋਂ ਅਚਾਨਕ ਗੋਲੀ ਚਲਾਈ ਗਈ। ਗੋਲੀ ਬਰਿੰਦਰ ਸਿੰਘ ਦੀ ਗਰਦਨ ਵਿੱਚ ਲੱਗੀ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਦੌਰਾਨ ਮੌਜੂਦ ਹੋਰ ਦੋ ਨੌਜਵਾਨਾਂ ਨੇ ਕਿਸੇ ਤਰ੍ਹਾਂ ਕਾਰ ਨੂੰ ਕਾਬੂ ਕਰਕੇ ਹਾਈਵੇ ਦੇ ਕਿਨਾਰੇ ਲਗਾਇਆ ਅਤੇ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਅਨੁਸਾਰ ਇਸ ਮਾਮਲੇ ਵਿੱਚ 18 ਸਾਲਾ ਜਿੰਮੀ ਗੈਸਨਰ ਨੂੰ ਸਸਕੈਚਵਨ ਤੋਂ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਉਸ ਉੱਤੇ ਦੂਜੇ ਦਰਜੇ ਦੇ ਕਤਲ ਦੇ ਦੋਸ਼ ਲਗਾਏ ਗਏ ਹਨ।ਅਧਿਕਾਰੀਆਂ ਦਾ ਕਹਿਣਾ ਹੈ ਕਿ ਗੋਲੀ ਚੱਲਣ ਦੇ ਅਸਲ ਕਾਰਣਾਂ ਦੀ ਜਾਂਚ ਹਾਲੇ ਜਾਰੀ ਹੈ ਅਤੇ ਹੋਰ ਵੇਰਵੇ ਜਾਂਚ ਮਗਰੋਂ ਸਾਹਮਣੇ ਆਉਣਗੇ।

# ਯਹੂਦੀ ਭਾਈਚਾਰੇ ਦੀ ਚੈਰਿਟੀ ਐਂਬੂਲੈਂਸ ਸੇਵਾ 'ਤੇ ਹਮਲਾ, 4 ਗੱਡੀਆਂ ਨੂੰ ਅੱਗ ਲਗਾਈ-ਦੋ ਬੰਦੇ ਗ੍ਰਿਫਤਾਰ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੇ ਗੋਲਡਰਜ਼ ਗ੍ਰੀਨ ਖੇਤਰ ਵਿੱਚ ਯਹੂਦੀ ਭਾਈਚਾਰੇ ਨਾਲ ਸੰਬੰਧਤ ਚੈਰਿਟੀ ਐਂਬੂਲੈਂਸ ਸੇਵਾ ਹਤਜ਼ੋਲਾ ਦੀਆਂ ਚਾਰ ਐਂਬੂਲੈਂਸਾਂ ਨੂੰ ਅੱਗ ਲਗਾ ਕੇ ਸਾੜ ਦਿੱਤਾ ਗਿਆ। ਪੁਲਿਸ ਵੱਲੋਂ ਇਸ ਘਟਨਾ ਨੂੰ ਯਹੂਦੀ ਵਿਰੋਧੀ ਨਫ਼ਰਤੀ ਹਮਲਾ ਮੰਨਦੇ ਹੋਏ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਹ ਘਟਨਾ ਸਵੇਰੇ ਤੜਕੇ ਵਾਪਰੀ, ਜਿਸ ਨਾਲ ਇਲਾਕੇ ਵਿੱਚ ਰਹਿੰਦੇ ਲੋਕਾਂ ਵਿੱਚ ਡਰ ਅਤੇ ਚਿੰਤਾ ਦਾ ਮਾਹੌਲ ਬਣ ਗਿਆ। ਫਾਇਰ ਬ੍ਰਿਗੇਡ ਨੂੰ ਸਵੇਰੇ ਕਰੀਬ 1:40 ਵਜੇ ਹਾਈਫ਼ੀਲਡ ਰੋਡ ਤੇ ਅੱਗ ਲੱਗਣ ਦੀ ਸੂਚਨਾ ਮਿਲੀ। ਮੌਕੇ ਤੇ ਪਹੁੰਚੇ ਅੱਗ ਬੁਝਾਊ ਕਰਮਚਾਰੀਆਂ ਨੇ ਦੱਸਿਆ ਕਿ ਚਾਰ ਐਂਬੂਲੈਂਸਾਂ ਪੂਰੀ ਤਰ੍ਹਾਂ ਅੱਗ ਦੀ ਲਪੇਟ ਵਿੱਚ ਸਨ। ਅੱਗ ਦੌਰਾਨ ਐਂਬੂਲੈਂਸਾਂ ਵਿੱਚ ਮੌਜੂਦ ਕਈ ਗੈਸ ਸਿਲੰਡਰ ਫਟ ਗਏ, ਜਿਸ ਨਾਲ ਨੇੜਲੇ ਰਿਹਾਇਸ਼ੀ ਫਲੈਟਾਂ ਦੀਆਂ ਖਿੜਕੀਆਂ ਵੀ ਟੁੱਟ ਗਈਆਂ ਅਤੇ ਇਲਾਕੇ ਵਿੱਚ ਜ਼ੋਰਦਾਰ ਧਮਾਕਿਆਂ ਦੀਆਂ ਆਵਾਜ਼ਾਂ ਸੁਣੀਆਂ ਗਈਆਂ। ਸੁਰੱਖਿਆ ਦੇ ਮੱਦੇਨਜ਼ਰ ਆਸਪਾਸ ਦੇ ਘਰਾਂ ਵਿੱਚ ਰਹਿੰਦੇ ਕਰੀਬ 30 ਲੋਕਾਂ ਨੂੰ ਤੁਰੰਤ ਬਾਹਰ ਕੱਢ ਕੇ ਨੇੜਲੇ ਸ਼ੈਲਟਰਾਂ ਵਿੱਚ ਪਹੁੰਚਾਇਆ ਗਿਆ। ਅੱਗ ਤੇ ਕਾਬੂ ਪਾਉਣ ਲਈ ਛੇ ਫਾਇਰ ਇੰਜਣ ਅਤੇ ਕਰੀਬ 40 ਅੱਗ ਬੁਝਾਊ ਕਰਮਚਾਰੀ ਮੌਕੇ ਤੇ ਤੈਨਾਤ ਕੀਤੇ ਗਏ। ਕਈ ਘੰਟਿਆਂ ਦੀ ਮਿਹਨਤ ਤੋਂ ਬਾਅਦ ਅੱਗ ਨੂੰ ਕਾਬੂ ਵਿੱਚ ਲਿਆ ਗਿਆ, ਪਰ ਤਦ ਤੱਕ ਚਾਰਾਂ ਐਂਬੂਲੈਂਸਾਂ ਪੂਰੀ ਤਰ੍ਹਾਂ ਸੜ ਕੇ ਨਸ਼ਟ ਹੋ ਚੁੱਕੀਆਂ ਸਨ। ਪੁਲਿਸ ਨੇ ਇਲਾਕੇ ਨੂੰ ਘੇਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਮੌਕੇ ਤੇ ਫੋਰੈਂਸਿਕ ਟੀਮਾਂ ਨੂੰ ਵੀ ਬੁਲਾਇਆ ਗਿਆ ਹੈ। ਸੀਸੀਟੀਵੀ ਕੈਮਰਿਆਂ ਵਿੱਚ ਤਿੰਨ ਸ਼ੱਕੀ ਵਿਅਕਤੀ ਐਂਬੂਲੈਂਸਾਂ ਦੇ ਨੇੜੇ ਜਾਂਦੇ ਅਤੇ ਉਨ੍ਹਾਂ ਨੂੰ ਅੱਗ ਲਗਾਉਂਦੇ ਦਿਖਾਈ ਦੇ ਰਹੇ ਹਨ। ਪੁਲਿਸ ਦੇ ਅਨੁਸਾਰ ਇਹ ਹਮਲਾ ਯੋਜਨਾਬੱਧ ਤਰੀਕੇ ਨਾਲ ਕੀਤਾ ਗਿਆ ਲੱਗਦਾ ਹੈ । ਦੋ ਦੋਸ਼ੀਆਂ ਜਿਨਾਂ ਦੀ ਉਮਰ 45 ਤੇ 47 ਸਾਲ ਹੈ, ਨੂੰ ਗ੍ਰਿਫ਼ਤਾਰ ਕਰ ਲਿਆ ਹੈ ।**

**ਇਸ ਘਟਨਾ ਦੀ ਦੇਸ਼ ਭਰ ਵਿੱਚ ਕੜੀ ਨਿੰਦਾ ਕੀਤੀ ਜਾ ਰਹੀ ਹੈ। ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨੇ ਇਸ ਹਮਲੇ ਨੂੰ ਬਹੁਤ ਹੀ ਭਿਆਨਕ ਅਤੇ ਹੈਰਾਨ ਕਰਨ ਵਾਲਾ ਯਹੂਦੀ ਵਿਰੋਧੀ ਹਮਲਾ ਦੱਸਦਿਆਂ ਕਿਹਾ ਕਿ ਬਰਤਾਨੀਆ ਦੇ ਸਮਾਜ ਵਿੱਚ ਇਸ ਤਰ੍ਹਾਂ ਦੀ ਨਫ਼ਰਤ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਇਸ ਸਮੇਂ ਸਭ ਨੂੰ ਇਕੱਠੇ ਖੜ੍ਹ ਕੇ ਨਫ਼ਰਤ ਅਤੇ ਹਿੰਸਾ ਦੇ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਿਸ ਕੋਲ ਵੀ ਇਸ ਘਟਨਾ ਬਾਰੇ ਕੋਈ ਜਾਣਕਾਰੀ ਹੋਵੇ ਉਹ ਤੁਰੰਤ ਪੁਲਿਸ ਨਾਲ ਸਾਂਝੀ ਕਰੇ।ਸਿਹਤ ਮੰਤਰੀ ਵੇਸ ਸਟ੍ਰੀਟਿੰਗ ਨੇ ਵੀ ਮੌਕੇ ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਕਿਹਾ ਕਿ ਇਹ ਹਮਲਾ ਯਹੂਦੀ ਭਾਈਚਾਰੇ ਵਿੱਚ ਡਰ ਪੈਦਾ ਕਰਨ ਦੀ ਕੋਸ਼ਿਸ਼ ਹੈ, ਪਰ ਭਾਈਚਾਰਾ ਇਸ ਤਰ੍ਹਾਂ ਦੇ ਹਮਲਿਆਂ ਨਾਲ ਡਰਨ ਵਾਲਾ ਨਹੀਂ। ਉਨ੍ਹਾਂ ਨੇ ਐਲਾਨ ਕੀਤਾ ਕਿ ਹਤਜ਼ੋਲਾ ਸੇਵਾ ਲਈ ਤੁਰੰਤ ਤੌਰ ਤੇ ਚਾਰ ਨਵੀਆਂ ਐਂਬੂਲੈਂਸਾਂ ਉਧਾਰ ਤੇ ਮੁਹੱਈਆ ਕਰਵਾਈਆਂ ਜਾਣਗੀਆਂ ਤਾਂ ਜੋ ਐਮਰਜੈਂਸੀ ਸੇਵਾਵਾਂ ਪ੍ਰਭਾਵਿਤ ਨਾ ਹੋਣ।ਸਥਾਨਕ ਨਿਵਾਸੀਆਂ ਨੇ ਦੱਸਿਆ ਕਿ ਅੱਗ ਲੱਗਣ ਵੇਲੇ ਜ਼ੋਰਦਾਰ ਧਮਾਕਿਆਂ ਦੀਆਂ ਆਵਾਜ਼ਾਂ ਨਾਲ ਉਹ ਨੀਂਦ ਤੋਂ ਜਾਗ ਪਏ ਅਤੇ ਗਲੀਆਂ ਵਿੱਚ ਅੱਗ ਦੀਆਂ ਲਪਟਾਂ ਅਤੇ ਧੂੰਆਂ ਫੈਲਿਆ ਹੋਇਆ ਸੀ। ਕਈ ਲੋਕਾਂ ਨੇ ਇਸ ਘਟਨਾ ਨੂੰ ਬਹੁਤ ਹੀ ਡਰਾਉਣਾ ਦੱਸਦਿਆਂ ਕਿਹਾ ਕਿ ਐਂਬੂਲੈਂਸਾਂ ਜਿਹੀਆਂ ਜ਼ਿੰਦਗੀਆਂ ਬਚਾਉਣ ਵਾਲੀਆਂ ਸੇਵਾਵਾਂ ਨੂੰ ਨਿਸ਼ਾਨਾ ਬਣਾਉਣਾ ਬਹੁਤ ਹੀ ਦੁਖਦਾਈ ਹੈ।ਦੱਸਣਯੋਗ ਹੈ ਕਿ ਹਤਜ਼ੋਲਾ ਇੱਕ ਗੈਰ-ਮੁਨਾਫ਼ਾ ਵਲੰਟੀਅਰ ਐਂਬੂਲੈਂਸ ਸੇਵਾ ਹੈ ਜੋ 1979 ਵਿੱਚ ਸ਼ੁਰੂ ਕੀਤੀ ਗਈ ਸੀ। ਇਹ ਸੇਵਾ ਦੇ ਇਲਾਕੇ ਵਿੱਚ ਰਹਿੰਦੇ ਲੋਕਾਂ ਨੂੰ ਮੁਫ਼ਤ ਐਮਰਜੈਂਸੀ ਮੈਡੀਕਲ ਮਦਦ ਪ੍ਰਦਾਨ ਕਰਦੀ ਹੈ ਅਤੇ ਹਰ ਸਾਲ ਹਜ਼ਾਰਾਂ ਐਮਰਜੈਂਸੀ ਕਾਲਾਂ ਦਾ ਜਵਾਬ ਦਿੰਦੀ ਹੈ। ਇਸ ਸੇਵਾ ਦਾ ਉਦੇਸ਼ ਸਿਰਫ਼ ਯਹੂਦੀ ਭਾਈਚਾਰੇ ਹੀ ਨਹੀਂ, ਸਗੋਂ ਹਰ ਧਰਮ ਅਤੇ ਭਾਈਚਾਰੇ ਦੇ ਲੋਕਾਂ ਦੀ ਜਾਨ ਬਚਾਉਣਾ ਹੈ।**

# ਇਰਾਨ ਸੰਘਰਸ਼ ਕਾਰਨ ਹਵਾਈ ਉਡਾਣਾਂ ਪ੍ਰਭਾਵਿਤ, ਕਈ ਏਅਰਲਾਈਨਾਂ ਨੇ ਉਡਾਣਾਂ ਰੱਦ ਜਾਂ ਮੁਅੱਤਲ ਕੀਤੀਆਂ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇਰਾਨ ਨਾਲ ਜਾਰੀ ਟਕਰਾਅ ਦੇ ਤੀਜੇ ਹਫ਼ਤੇ ਵਿੱਚ ਦਾਖ਼ਲ ਹੋਣ ਨਾਲ ਮੱਧ ਪੂਰਬ ਵੱਲ ਹਵਾਈ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਈ ਹੈ। ਹਾਲਾਤ ਤਣਾਅਪੂਰਨ ਬਣੇ ਰਹਿਣ ਕਾਰਨ ਦੁਨੀਆ ਦੀਆਂ ਕਈ ਵੱਡੀਆਂ ਏਅਰਲਾਈਨਾਂ ਨੇ ਖੇਤਰ ਦੇ ਕਈ ਹਵਾਈ ਅੱਡਿਆਂ ਲਈ ਆਪਣੀਆਂ ਉਡਾਣਾਂ ਰੱਦ ਜਾਂ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤੀਆਂ ਹਨ। ਇਸ ਨਾਲ ਯਾਤਰੀਆਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਦਕਿ ਹਵਾਈ ਯਾਤਰਾ ਦੇ ਖਰਚੇ ਵਿੱਚ ਵੀ ਵਾਧੇ ਦੇ ਸੰਕੇਤ ਮਿਲ ਰਹੇ ਹਨ।

ਮਿਲੀ ਜਾਣਕਾਰੀ ਅਨੁਸਾਰ ਬ੍ਰਿਟਿਸ਼ ਏਅਰਵੇਜ਼, ਕਤਰ ਏਅਰਵੇਜ਼, ਐਮਿਰੇਟਸ ਅਤੇ ਕਾਂਟਾਸ ਵਰਗੀਆਂ ਮੁੱਖ ਏਅਰਲਾਈਨਾਂ ਨੇ ਆਪਣੇ ਤਾਜ਼ਾ ਅਪਡੇਟ ਜਾਰੀ ਕਰਦੇ ਹੋਏ ਕਿਹਾ ਹੈ ਕਿ ਖੇਤਰੀ ਹਵਾਈ ਖੇਤਰ ਵਿੱਚ ਅਨਿਸ਼ਚਿਤਤਾ ਕਾਰਨ ਉਡਾਣਾਂ ਦੇ ਸ਼ਡਿਊਲ ਵਿੱਚ ਵੱਡੇ ਬਦਲਾਅ ਕਰਨ ਪਏ ਹਨ। ਇਰਾਨ ਸੰਘਰਸ਼ ਕਾਰਨ ਤੇਲ ਅਤੇ ਜੈੱਟ ਫਿਊਲ ਦੀਆਂ ਕੀਮਤਾਂ ਵਿੱਚ ਵੀ ਤੇਜ਼ ਵਾਧਾ ਹੋਇਆ ਹੈ, ਜਿਸ ਕਾਰਨ ਆਉਣ ਵਾਲੇ ਦਿਨਾਂ ਵਿੱਚ ਹਵਾਈ ਟਿਕਟਾਂ ਮਹਿੰਗੀਆਂ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

ਬ੍ਰਿਟਿਸ਼ ਏਅਰਵੇਜ਼ ਨੇ ਦੱਸਿਆ ਹੈ ਕਿ ਲਗਾਤਾਰ ਅਨਿਸ਼ਚਿਤ ਹਾਲਾਤਾਂ ਨੂੰ ਦੇਖਦੇ ਹੋਏ ਉਸ ਨੇ ਆਪਣੀ ਉਡਾਣ ਯੋਜਨਾ ਵਿੱਚ ਅਸਥਾਈ ਕਟੌਤੀ ਨੂੰ ਹੋਰ ਅੱਗੇ ਵਧਾ ਦਿੱਤਾ ਹੈ।ਏਅਰਲਾਈਨ ਮੁਤਾਬਕ ਬਹਿਰੀਨ, ਦੁਬਈ, ਤੇਲ ਅਵੀਵ ਅਤੇ ਜਾਰਡਨ ਦੇ ਅੰਮਾਨ ਲਈ ਉਸ ਦੀਆਂ ਉਡਾਣਾਂ 31 ਮਈ ਤੋਂ ਬਾਅਦ ਹੀ ਮੁੜ ਚਲਣ ਦੀ ਸੰਭਾਵਨਾ ਹੈ। ਦੋਹਾ ਲਈ ਉਡਾਣਾਂ 30 ਅਪ੍ਰੈਲ ਤੱਕ ਰੱਦ ਰੱਖੀਆਂ ਗਈਆਂ ਹਨ, ਜਦਕਿ ਅਬੂਧਾਬੀ ਲਈ ਸੇਵਾ ਇਸ ਤੋਂ ਵੀ ਲੰਬੇ ਸਮੇਂ, ਅਕਤੂਬਰ ਤੱਕ ਪ੍ਰਭਾਵਿਤ ਰਹੇਗੀ।




ਕਤਰ ਏਅਰਵੇਜ਼ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ 18 ਮਾਰਚ ਤੋਂ 28 ਮਾਰਚ ਤੱਕ ਸੀਮਤ ਗਿਣਤੀ ਵਿੱਚ ਸੋਧੇ ਹੋਏ ਸ਼ਡਿਊਲ ਅਨੁਸਾਰ ਉਡਾਣਾਂ ਚਲਾਈਆਂ ਜਾ ਰਹੀਆਂ ਹਨ। ਏਅਰਲਾਈਨ ਨੇ ਕਿਹਾ ਕਿ ਯਾਤਰੀਆਂ ਨੂੰ ਵੱਧ ਤੋਂ ਵੱਧ ਲਚਕਤਾ ਦੇਣ ਲਈ ਇਹ ਕਦਮ ਚੁੱਕਿਆ ਗਿਆ ਹੈ, ਪਰ ਹਵਾਈ ਖੇਤਰ ਦੀ ਸਥਿਤੀ ਅਤੇ ਨਿਯਮਕ ਮਨਜ਼ੂਰੀਆਂ ਦੇ ਅਧਾਰ 'ਤੇ ਇਹ ਸ਼ਡਿਊਲ ਕਿਸੇ ਵੀ ਵੇਲੇ ਬਦਲ ਸਕਦੇ ਹਨ। ਏਅਰਲਾਈਨ ਨੇ ਕਿਹਾ ਕਿ ਯਾਤਰੀਆਂ ਅਤੇ ਸਟਾਫ਼ ਦੀ ਸੁਰੱਖਿਆ ਉਸ ਦੀ ਪਹਿਲੀ ਤਰਜੀਹ ਹੈ।

ਐਮਿਰੇਟਸ ਏਅਰਲਾਈਨ ਨੇ ਵੀ ਕਿਹਾ ਹੈ ਕਿ ਖੇਤਰੀ ਹਵਾਈ ਖੇਤਰ ਦੇ ਅੰਸ਼ਿਕ ਤੌਰ 'ਤੇ ਖੁੱਲ੍ਹਣ ਤੋਂ ਬਾਅਦ ਉਹ ਘੱਟ ਸ਼ਡਿਊਲ ਨਾਲ ਉਡਾਣਾਂ ਚਲਾ ਰਹੀ ਹੈ। ਕੰਪਨੀ ਨੇ ਕਿਹਾ ਕਿ ਉਹ ਸਥਿਤੀ 'ਤੇ ਨਿਗਰਾਨੀ ਰੱਖ ਰਹੀ ਹੈ ਅਤੇ ਹਾਲਾਤ ਦੇ ਅਨੁਸਾਰ ਆਪਣਾ ਉਡਾਣ ਪ੍ਰੋਗਰਾਮ ਤੈਅ ਕਰੇਗੀ। 15 ਅਪ੍ਰੈਲ ਤੱਕ ਬੁਕ ਕੀਤੀਆਂ ਉਡਾਣਾਂ ਵਾਲੇ ਯਾਤਰੀਆਂ ਨੂੰ ਵਿਕਲਪਕ ਉਡਾਣ 'ਤੇ ਬਦਲੀ ਜਾਂ ਰਿਫੰਡ ਦੀ ਸਹੂਲਤ ਦਿੱਤੀ ਜਾ ਰਹੀ ਹੈ।

ਕਾਂਟਾਸ ਏਅਰਵੇਜ਼ ਨੇ ਜਾਣਕਾਰੀ ਦਿੱਤੀ ਹੈ ਕਿ ਯੂਏਈ, ਕਤਰ, ਇਸਰਾਈਲ, ਜਾਰਡਨ, ਓਮਾਨ ਅਤੇ ਬਹਿਰੀਨ ਲਈ ਜਾਂ ਉੱਥੋਂ ਆਉਣ ਵਾਲੇ ਯਾਤਰੀਆਂ ਨੂੰ 15 ਅਪ੍ਰੈਲ ਤੱਕ ਖ਼ਾਸ ਲਚਕਤਾ ਦਿੱਤੀ ਜਾ ਰਹੀ ਹੈ। ਏਅਰਲਾਈਨ ਨੇ ਕਿਹਾ ਕਿ ਉਹ ਲਗਾਤਾਰ ਹਾਲਾਤ ਦੀ ਸਮੀਖਿਆ ਕਰ ਰਹੀ ਹੈ। ਪਰਥ ਤੋਂ ਲੰਡਨ ਜਾਣ ਵਾਲੀ ਉਡਾਣ ਨੂੰ ਫਲਾਈਟ ਰਸਤੇ ਵਿੱਚ ਤਬਦੀਲੀ ਕਾਰਨ ਸਿੰਗਾਪੁਰ ਵਿੱਚ ਫਿਊਲ ਸਟਾਪ ਨਾਲ ਚਲਾਇਆ ਜਾ ਰਿਹਾ ਹੈ, ਜਦਕਿ ਸਿੰਗਾਪੁਰ ਅਤੇ ਲੰਡਨ ਵਿਚਾਲੇ ਹੋਰ ਉਡਾਣਾਂ ਇਸ ਵੇਲੇ ਆਮ ਤੌਰ 'ਤੇ ਚੱਲ ਰਹੀਆਂ ਹਨ।

ਇਸ ਦਰਮਿਆਨ ਬਰਤਾਨਵੀ ਸਰਕਾਰ ਨੇ ਵੀ ਵਿਦੇਸ਼ ਯਾਤਰਾ ਸਬੰਧੀ ਆਪਣੀ ਸਲਾਹ ਅਪਡੇਟ ਕੀਤੀ
ਹੈ। ਸਰਕਾਰ ਵੱਲੋਂ 25 ਦੇਸ਼ਾਂ ਲਈ ਪੂਰੀ ਜਾਂ ਵੱਡੇ ਹਿੱਸੇ ਵਿੱਚ ਯਾਤਰਾ ਨਾ ਕਰਨ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਮੱਧ ਪੂਰਬ ਵਿੱਚ ਇਰਾਨ, ਇਰਾਕ, ਇਸਰਾਈਲ, ਲੇਬਨਾਨ, ਫ਼ਲਸਤੀਨ, ਸੀਰੀਆ ਅਤੇ ਯਮਨ ਲਈ ਇਹ ਚੇਤਾਵਨੀ ਲਾਗੂ ਹੈ। ਇਸ ਤੋਂ ਇਲਾਵਾ ਰੂਸ, ਯੂਕਰੇਨ, ਬੇਲਾਰੂਸ, ਅਫ਼ਗਾਨਿਸਤਾਨ, ਮਿਆਂਮਾਰ, ਸੂਡਾਨ, ਸੋਮਾਲੀਆ, ਲੀਬੀਆ, ਹੈਤੀ ਅਤੇ ਵੈਨੇਜ਼ੁਏਲਾ ਸਮੇਤ ਕਈ ਹੋਰ ਦੇਸ਼ਾਂ ਲਈ ਵੀ ਸਖ਼ਤ ਯਾਤਰਾ ਸਲਾਹ ਜਾਰੀ ਹੈ।

ਕੁਝ ਹੋਰ ਦੇਸ਼ਾਂ ਦੇ ਖ਼ਾਸ ਇਲਾਕਿਆਂ ਲਈ ਵੀ "ਸਿਰਫ਼ ਜ਼ਰੂਰੀ ਯਾਤਰਾ" ਦੀ ਹੀ ਸਲਾਹ ਦਿੱਤੀ ਗਈ ਹੈ। ਯਾਤਰਾ ਮਾਹਿਰਾਂ ਦਾ ਕਹਿਣਾ ਹੈ ਕਿ ਜੋ ਯਾਤਰੀ ਆਉਣ ਵਾਲੇ ਦਿਨਾਂ ਵਿੱਚ ਮੱਧ ਪੂਰਬ ਜਾਂ ਨੇੜਲੇ ਖੇਤਰਾਂ ਦੀ ਯਾਤਰਾ ਕਰਨ ਦੀ ਯੋਜਨਾ ਬਣਾ ਰਹੇ ਹਨ, ਉਹ ਆਪਣੀ ਏਅਰਲਾਈਨ ਅਤੇ ਬਰਤਾਨਵੀ ਵਿਦੇਸ਼ ਦਫ਼ਤਰ ਦੀ ਤਾਜ਼ਾ ਸਲਾਹ ਜ਼ਰੂਰ ਚੈੱਕ ਕਰਨ। ਹਾਲਾਤ ਤੇਜ਼ੀ ਨਾਲ ਬਦਲ ਰਹੇ ਹਨ ਅਤੇ ਕਿਸੇ ਵੀ ਵੇਲੇ ਹੋਰ ਰੂਟਾਂ ਜਾਂ ਮੰਜ਼ਿਲਾਂ 'ਤੇ ਅਸਰ ਪੈ ਸਕਦਾ ਹੈ।

ਇਰਾਨ ਸੰਘਰਸ਼ ਕਾਰਨ ਹਵਾਈ ਯਾਤਰਾ ਖੇਤਰ ਵਿੱਚ ਪੈਦਾ ਹੋਈ ਇਹ ਅਨਿਸ਼ਚਿਤਤਾ ਨਾ ਸਿਰਫ਼ ਯਾਤਰੀਆਂ ਲਈ ਚਿੰਤਾ ਦਾ ਕਾਰਨ ਬਣੀ ਹੋਈ ਹੈ, ਸਗੋਂ ਗਲੋਬਲ ਟੂਰਿਜ਼ਮ ਅਤੇ ਏਵੀਏਸ਼ਨ ਇੰਡਸਟਰੀ ਲਈ ਵੀ ਵੱਡੀ ਚੁਣੌਤੀ ਬਣ ਰਹੀ ਹੈ।

## ਲੰਡਨ ਵਿੱਚ ਸੜਕ 'ਤੇ ਪਾਨ ਥੁੱਕਣ 'ਤੇ ਦੋ ਭਾਰਤੀ ਮੂਲ ਦੇ ਲੋਕਾਂ ਨੂੰ ਲੱਗਾ 1.45 ਲੱਖ ਰੁਪਏ ਦਾ ਜੁਰਮਾਨਾ

ਲੰਡਨ: ਲੰਡਨ ਦੇ ਬ੍ਰੇਂਟ ਇਲਾਕੇ ਵਿੱਚ ਜਨਤਕ ਸਥਾਨ 'ਤੇ ਪਾਨ ਥੁੱਕਣ ਦੇ ਮਾਮਲੇ ਵਿੱਚ ਭਾਰਤੀ ਮੂਲ ਦੇ ਦੋ ਵਿਅਕਤੀਆਂ ਨੂੰ ਕੁੱਲ 1,391 ਪਾਊਂਡ (ਲਗਭਗ 1.45 ਲੱਖ ਰੁਪਏ) ਦਾ ਜੁਰਮਾਨਾ ਲਗਾਇਆ ਗਿਆ ਹੈ। ਮੀਡੀਆ ਰਿਪੋਰਟਾਂ ਮੁਤਾਬਕ, ਦੋਨਾਂ ਨੂੰ ਪਹਿਲਾਂ ਮੌਕੇ 'ਤੇ ਹੀ 100 ਪਾਊਂਡ ਦਾ ਜੁਰਮਾਨਾ ਭਰਨ ਲਈ ਕਿਹਾ ਗਿਆ ਸੀ, ਪਰ ਉਨ੍ਹਾਂ ਵੱਲੋਂ ਇਹ ਰਕਮ ਨਾ ਭਰਨ ਕਾਰਨ ਮਾਮਲਾ ਅਦਾਲਤ ਤੱਕ ਪਹੁੰਚ ਗਿਆ ਅਤੇ ਜੁਰਮਾਨਾ ਕਈ ਗੁਣਾ ਵਧ ਗਿਆ।

ਬ੍ਰੇਂਟ ਸਿਟੀ ਕੌਂਸਲ ਵੱਲੋਂ ਪਾਨ ਥੁੱਕਣ ਖਿਲਾਫ ਸਖ਼ਤ ਮੁਹਿੰਮ ਚਲਾਈ ਜਾ ਰਹੀ ਹੈ।ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਨਾਲ ਸੜਕਾਂ ਅਤੇ ਹੋਰ ਜਨਤਕ ਥਾਂਵਾਂ ਗੰਦੀਆਂ ਹੁੰਦੀਆਂ ਹਨ ਅਤੇ ਸਫਾਈ 'ਤੇ ਵੱਡਾ ਖਰਚਾ ਆਉਂਦਾ ਹੈ। ਰਿਪੋਰਟਾਂ ਅਨੁਸਾਰ, ਕੌਂਸਲ ਨੂੰ ਹਰ ਸਾਲ ਕਰੀਬ 30,000 ਪਾਊਂਡ ਸਿਰਫ ਪਾਨ ਦੇ ਦਾਗ ਸਾਫ ਕਰਨ 'ਤੇ ਖਰਚਣੇ ਪੈਂਦੇ ਹਨ।

ਪਹਿਲਾ ਮਾਮਲਾ ਐਡਗਵੇਅਰ ਦੇ ਰਹਿਣ ਵਾਲੇ ਅਕਸ਼ਿਤ ਕੁਮਾਰ ਭਦਰੇ ਪਟੇਲ ਨਾਲ ਜੁੜਿਆ ਹੈ, ਜਿਨ੍ਹਾਂ ਨੇ ਜੂਨ 2025 ਵਿੱਚ ਕਿੰਗਜ਼ਬਰੀ ਰੋਡ 'ਤੇ ਮੈਟਰੋ ਸਟੇਸ਼ਨ ਕੋਲ ਪਾਨ ਥੁੱਕਿਆ ਸੀ। ਉਹ ਅਦਾਲਤ ਵਿੱਚ ਪੇਸ਼ ਨਾ ਹੋਏ, ਜਿਸ ਕਾਰਨ ਫੈਸਲਾ ਉਨ੍ਹਾਂ ਦੀ ਗੈਰਹਾਜ਼ਰੀ ਵਿੱਚ ਸੁਣਾਇਆ ਗਿਆ ਅਤੇ ਜੁਰਮਾਨਾ ਕਾਫੀ ਵਧ ਗਿਆ।

ਦੂਜਾ ਮਾਮਲਾ ਰੁਇਸਲਿਪ ਦੇ ਰਹਿਣ ਵਾਲੇ ਹਿਤੇਸ਼ ਪਟੇਲ ਦਾ ਹੈ, ਜਿਨ੍ਹਾਂ ਨੇ ਵੈਂਬਲੀ ਹਿੱਲ ਰੋਡ 'ਤੇ ਪਾਨ ਥੁੱਕਿਆ ਸੀ। ਉਹ ਵੀ ਅਦਾਲਤ ਵਿੱਚ ਪੇਸ਼ ਨਾ ਹੋਏ ਅਤੇ ਉਨ੍ਹਾਂ 'ਤੇ ਵੀ ਭਾਰੀ ਜੁਰਮਾਨਾ ਲਗਾਇਆ ਗਿਆ।ਬ੍ਰੇਂਟ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਇਸ ਸਮੱਸਿਆ ਦੇ ਵਧਣ ਕਾਰਨ ਪ੍ਰਸ਼ਾਸਨ ਨੇ ਜ਼ੀਰੋ ਟੌਲਰੈਂਸ ਨੀਤੀ ਅਪਣਾਈ ਹੈ, ਜਿਸ ਤਹਿਤ ਸਖ਼ਤ ਨਿਗਰਾਨੀ ਅਤੇ ਤੁਰੰਤ ਕਾਰਵਾਈ ਕੀਤੀ ਜਾ ਰਹੀ ਹੈ।

VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਰੁਟੀਨ ਟੈਸਟ ਦੌਰਾਨ 3 ਸਾਲਾ ਬੱਚੇ ਦੀ ਮੌਤ, ਹਸਪਤਾਲ ਨੇ ਮਾਪਿਆਂ ਕੋਲੋਂ ਮੰਗੀ ਮਾਫ਼ੀ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੇ ਬਰਮਿੰਘਮ ਚਿਲਡਰਨਜ਼ ਹਸਪਤਾਲ ਵਿੱਚ ਇਕ ਰੁਟੀਨ ਮੈਡੀਕਲ ਟੈਸਟ ਦੌਰਾਨ ਤਿੰਨ ਸਾਲਾ ਬੱਚੇ ਦੀ ਮੌਤ ਹੋ ਜਾਣ ਦੇ ਮਾਮਲੇ ਵਿੱਚ ਹਸਪਤਾਲ ਪ੍ਰਬੰਧਨ ਨੇ ਬੱਚੇ ਦੇ ਮਾਪਿਆਂ ਕੋਲੋਂ ਮਾਫ਼ੀ ਮੰਗੀ ਹੈ। ਵੋਲਵਰਹੈਂਪਟਨ ਦੇ ਰਹਿਣ ਵਾਲੇ ਨਿੱਕੇ ਆਰਵ ਚੋਪੜਾ ਦੀ ਬਾਇਓਪਸੀ ਦੌਰਾਨ ਭਾਰੀ ਖ਼ੂਨ ਵਗਣ ਕਾਰਨ ਮੌਤ ਹੋ ਗਈ ਸੀ। ਜਾਂਚ ਦੌਰਾਨ ਸਾਹਮਣੇ ਆਇਆ ਕਿ ਪ੍ਰਕਿਰਿਆ ਕਰਦੇ ਸਮੇਂ ਟ੍ਰੇਨੀ ਡਾਕਟਰ ਵੱਲੋਂ ਉਸ ਦੀ ਧਮਨੀ ਨੂੰ ਨੁਕਸਾਨ ਪਹੁੰਚ ਗਿਆ, ਜਿਸ ਕਾਰਨ ਉਸ ਦੀ ਹਾਲਤ ਗੰਭੀਰ ਹੋ ਗਈ ਅਤੇ ਆਖ਼ਰਕਾਰ ਉਸ ਦੀ ਜਾਨ ਨਾ ਬਚ ਸਕੀ।



ਮਿਲੀ ਜਾਣਕਾਰੀ ਅਨੁਸਾਰ ਆਰਵ ਪਹਿਲਾਂ ਜਿਗਰ ਦਾ ਟ੍ਰਾਂਸਪਲਾਂਟ ਕਰਵਾ ਚੁੱਕਾ ਸੀ, ਪਰ ਉਸ ਦੇ ਸਰੀਰ ਵੱਲੋਂ ਟ੍ਰਾਂਸਪਲਾਂਟ ਨੂੰ ਅਸਵੀਕਾਰ ਕਰਨ ਤੋਂ ਬਾਅਦ ਹਸਪਤਾਲ ਵਿੱਚ ਉਸ ਦੀ ਬਾਇਓਪਸੀ ਕੀਤੀ ਜਾ ਰਹੀ ਸੀ। ਇਸ ਦੌਰਾਨ ਉਸ ਦੀ ਛਾਤੀ ਵਿੱਚ ਖ਼ੂਨ ਇਕੱਠਾ ਹੋ ਗਿਆ ਜਿਸ ਨਾਲ ਉਸ ਨੂੰ ਦਿਲ ਦਾ ਦੌਰਾ ਪਿਆ। ਕੋਰੋਨਰ ਦੀ ਜਾਂਚ ਵਿੱਚ ਇਹ ਨਤੀਜਾ ਨਿਕਲਿਆ ਕਿ ਮੈਡੀਕਲ ਲਾਪਰਵਾਹੀ ਨੇ ਇਸ ਘਟਨਾ ਵਿੱਚ ਭੂਮਿਕਾ ਨਿਭਾਈ ਅਤੇ ਇਹ ਮੌਤ ਟਾਲੀ ਜਾ ਸਕਦੀ ਸੀ।

ਆਰਵ ਦੀ ਮਾਤਾ ਅਮ੍ਰਿਤਾ ਚੋਪੜਾ ਨੇ ਕਿਹਾ ਕਿ ਉਹ ਆਪਣੇ ਪੁੱਤਰ ਨੂੰ ਇਹ ਸੋਚ ਕੇ ਹਸਪਤਾਲ ਲੈ ਕੇ ਗਏ ਸਨ ਕਿ ਉੱਥੇ ਉਸ ਨੂੰ ਸਭ ਤੋਂ ਵਧੀਆ ਇਲਾਜ ਮਿਲੇਗਾ, ਪਰ ਜੋ ਕੁਝ ਵਾਪਰਿਆ ਉਸ ਨੇ ਸਾਰੇ ਪਰਿਵਾਰ ਨੂੰ ਤੋੜ ਕੇ ਰੱਖ ਦਿੱਤਾ। ਉਨ੍ਹਾਂ ਕਿਹਾ ਕਿ ਇਸ ਸਦਮੇ ਨੇ ਉਨ੍ਹਾਂ ਦੇ ਪਰਿਵਾਰ ਫ਼ਰਸਤੁੋਤੇ ਬਹੁਤ ਵੱਡਾ ਅਸਰ ਪਾਇਆ ਹੈ ਅਤੇ ਉਹ ਨਹੀਂ ਚਾਹੁੰਦੇ ਕਿ ਹੋਰ ਕਿਸੇ ਪਰਿਵਾਰ ਨੂੰ ਵੀ ਅਜਿਹਾ ਦੁੱਖ ਸਹਿਣਾ ਪਵੇ।

ਆਰਵ ਦੇ ਪਿਤਾ ਕਿਸ਼ੋਰ ਚੋਪੜਾ ਨੇ ਆਪਣੇ ਪੁੱਤਰ ਨੂੰ ਯਾਦ ਕਰਦਿਆਂ ਕਿਹਾ ਕਿ ਉਹ ਬਹੁਤ ਹੀ ਪਿਆਰਾ ਅਤੇ ਹਮੇਸ਼ਾ ਖ਼ੁਸ਼ ਰਹਿਣ ਵਾਲਾ ਬੱਚਾ ਸੀ। ਉਨ੍ਹਾਂ ਕਿਹਾ ਕਿ ਟ੍ਰਾਂਸਪਲਾਂਟ ਤੋਂ ਬਾਅਦ ਉਨ੍ਹਾਂ ਨੂੰ ਉਮੀਦ ਸੀ ਕਿ ਉਸ ਦੀ ਜ਼ਿੰਦਗੀ ਵਿੱਚ ਨਵੀਂ ਸ਼ੁਰੂਆਤ ਹੋਵੇਗੀ, ਪਰ ਇਹ ਸੋਚਿਆ ਵੀ ਨਹੀਂ ਸੀ ਕਿ ਇਕ ਸਧਾਰਣ ਜਾਂਚ ਲਈ ਹਸਪਤਾਲ ਗਿਆ ਉਹ ਮੁੜ ਕਦੇ ਘਰ ਨਹੀਂ ਆਵੇਗਾ।

ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਜਿਸ ਡਾਕਟਰ ਨੇ ਬਾਇਓਪਸੀ ਕੀਤੀ ਉਸ ਦੀ ਤਜਰਬੇਕਾਰੀ ਬਾਰੇ ਗਲਤਫ਼ਹਿਮੀ ਸੀ। ਪਰਿਵਾਰ ਨੂੰ ਦੱਸਿਆ ਗਿਆ ਸੀ ਕਿ ਇਹ ਪ੍ਰਕਿਰਿਆ ਛੇਵੇਂ ਸਾਲ ਦੇ ਟ੍ਰੇਨੀ ਡਾਕਟਰ ਵੱਲੋਂ ਕੀਤੀ ਜਾ ਰਹੀ ਹੈ, ਪਰ ਬਾਅਦ ਵਿੱਚ ਪਤਾ ਲੱਗਾ ਕਿ ਉਹ ਚੌਥੇ ਸਾਲ ਦਾ ਟ੍ਰੇਨੀ ਸੀ। ਪਰਿਵਾਰ ਦਾ ਇਹ ਵੀ ਕਹਿਣਾ ਹੈ ਕਿ ਉਨ੍ਹਾਂ ਨੂੰ ਪਹਿਲਾਂ ਨਹੀਂ ਦੱਸਿਆ ਗਿਆ ਸੀ ਕਿ ਜਾਂਚ ਵਿੱਚ ਟ੍ਰੇਨੀ ਡਾਕਟਰ ਸ਼ਾਮਲ ਹੋਵੇਗਾ।

ਕੋਰੋਨਰ ਦੀ ਰਿਪੋਰਟ ਵਿੱਚ ਕਿਹਾ ਗਿਆ ਕਿ ਜੇਕਰ ਸਮੇਂ ਤੇ ਢੁੱਕਵੀਂ ਮੈਡੀਕਲ ਦੇਖਭਾਲ ਮਿਲਦੀ ਤਾਂ ਆਰਵ ਦੀ ਜਾਨ ਬਚ ਸਕਦੀ ਸੀ। ਇਸ ਤੋਂ ਬਾਅਦ ਪਰਿਵਾਰ ਵੱਲੋਂ ਹਸਪਤਾਲ ਖ਼ਿਲਾਫ਼ ਕਾਨੂੰਨੀ ਦਾਅਵਾ ਕੀਤਾ ਗਿਆ, ਜਿਸ ਨੂੰ ਹੁਣ ਸਮਝੌਤੇ ਰਾਹੀਂ ਨਿਪਟਾ ਦਿੱਤਾ ਗਿਆ ਹੈ। ਹਸਪਤਾਲ ਟਰੱਸਟ ਨੇ ਵੀ ਮੰਨਿਆ ਹੈ ਕਿ ਉਚਿਤ ਦੇਖਭਾਲ ਨਾਲ ਬੱਚੇ ਦੀ ਮੌਤ ਤੋਂ ਬਚਿਆ ਜਾ ਸਕਦਾ ਸੀ।

ਬਰਮਿੰਘਮ ਵੂਮੈਨਜ਼ ਐਂਡ ਚਿਲਡਰਨਜ਼ ਐਨ ਐਚ ਐਸ ਟਰੱਸਟ ਦੇ ਮੁਖ ਮੈਡੀਕਲ ਅਧਿਕਾਰੀ ਡਾ. ਸਤੀਸ਼ ਰਾਓ ਨੇ ਬਿਆਨ ਵਿੱਚ ਕਿਹਾ ਕਿ ਉਹ ਆਰਵ ਦੇ ਪਰਿਵਾਰ ਨਾਲ ਗਹਿਰਾ ਦੁੱਖ ਸਾਂਝਾ ਕਰਦੇ ਹਨ। ਉਨ੍ਹਾਂ ਮੰਨਿਆ ਕਿ ਹਸਪਤਾਲ ਵੱਲੋਂ ਦਿੱਤੀ ਗਈ ਦੇਖਭਾਲ ਉਮੀਦਾਂ ਦੇ ਮਿਆਰ ਤੇ ਪੂਰੀ ਨਹੀਂ ਉਤਰੀ ਅਤੇ ਇਸ ਲਈ ਉਹ ਦਿਲੋਂ ਮਾਫ਼ੀ ਮੰਗਦੇ ਹਨ। ਉਨ੍ਹਾਂ ਦੱਸਿਆ ਕਿ ਇਸ ਘਟਨਾ ਤੋਂ ਬਾਅਦ ਹਸਪਤਾਲ ਦੀਆਂ ਪ੍ਰਕਿਰਿਆਵਾਂ ਵਿੱਚ ਸੁਧਾਰ ਕੀਤੇ ਗਏ ਹਨ ਤਾਂ ਜੋ ਮਰੀਜ਼ਾਂ ਦੀ ਸੁਰੱਖਿਆ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।

ਇਸ ਮਾਮਲੇ ਨੇ ਸਿਹਤ ਸੇਵਾਵਾਂ ਵਿੱਚ ਮਰੀਜ਼ਾਂ ਦੀ ਸੁਰੱਖਿਆ, ਟ੍ਰੇਨੀ ਡਾਕਟਰਾਂ ਦੀ ਨਿਗਰਾਨੀ ਅਤੇ ਮਾਪਿਆਂ ਨੂੰ ਪੂਰੀ ਜਾਣਕਾਰੀ ਦੇਣ ਦੀ ਲੋੜ ਨੂੰ ਇਕ ਵਾਰ ਫਿਰ ਚਰਚਾ ਵਿੱਚ ਲਿਆ ਦਿੱਤਾ ਹੈ।


# ਮਾਂ ਦਿਵਸ ਤੇ ਵਿਸਾਖੀ ਦੇ ਸਬੰਧ ਚ ਲੈਸਟਰ ਚ ਕਰਵਾਇਆ ਗਿਆ ਸ਼ਾਨਦਾਰ ਸਮਾਗਮ





ਸਮਾਗਮ ਦੇ ਅੰਤ ਵਿੱਚ ਕਲਾਕਾਰਾਂ ਅਤੇ ਆਯੋਜਕਾਂ ਦਾ ਸਨਮਾਨ ਕੀਤਾ ਗਿਆ ਅਤੇ ਹਾਜ਼ਰੀਨਾਂ ਨੇ ਇਸ ਯਾਦਗਾਰ ਸਮਾਗਮ ਦਾ ਭਰਪੂਰ ਆਨੰਦ ਮਾਣਿਆ।

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਮਾਂ ਦਿਵਸ ਅਤੇ ਵਿਸਾਖੀ ਦੇ ਸਬੰਧ ਵਿੱਚ ਸਾਝ ਕਲਾ ਕੇਂਦਰ ਲੈਸਟਰ ਦੀਆਂ ਪ੍ਰਬੰਧਕਾ ਮਨਜਿੰਦਰ ਪੁਰੇਵਾਲ ਅਤੇ ਪਰਮਜੀਤ ਕੌਰ ਵੱਲੋਂ ਲੈਸਟਰ ਵਿਖੇ ਇਕ ਵਿਸ਼ਾਲ ਤੇ ਸ਼ਾਨਦਾਰ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਸ਼ਿਰਕਤ ਕਰਕੇ ਪ੍ਰੋਗਰਾਮ ਦੀ ਰੌਣਕ ਨੂੰ ਹੋਰ ਵੀ ਵਧਾ ਦਿੱਤਾ। ਇਸ ਸਮਾਗਮ ਦਾ ਮੁੱਖ ਮਕਸਦ ਮਾਂ ਦੀ ਮਹਾਨਤਾ ਨੂੰ ਸਲਾਮ ਕਰਨਾ ਅਤੇ ਵਿਸਾਖੀ ਦੇ ਪਵਿੱਤਰ ਤਿਉਹਾਰ ਦੀ ਖ਼ੁਸ਼ੀ ਨੂੰ ਵਿਦੇਸ਼ ਧਰਤੀ 'ਤੇ ਮਨਾਉਣਾ ਸੀ। ਸਮਾਗਮ ਦੌਰਾਨ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਕਲਾਕਾਰਾਂ ਨੇ ਆਪਣੇ ਰੰਗਾਰੰਗ ਪ੍ਰੋਗਰਾਮਾਂ ਰਾਹੀਂ ਦਰਸ਼ਕਾਂ ਨੂੰ ਮੰਤਰਮੁਗਧ ਕਰ ਦਿੱਤਾ। ਕਲਾਕਾਰਾਂ ਵੱਲੋਂ ਗਾਇਕੀ, ਨਾਚ ਅਤੇ ਸਭਿਆਚਾਰਕ ਪ੍ਰਸਤੁਤੀਆਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਰਾਹੀਂ ਪੰਜਾਬੀ ਸਭਿਆਚਾਰ ਦੀ ਰੰਗਤ ਅਤੇ ਮਾਂ ਦੇ ਪਿਆਰ ਦੀ ਮਹਾਨਤਾ ਨੂੰ ਬੜੀ ਸੁੰਦਰ ਢੰਗ ਨਾਲ ਦਰਸਾਇਆ ਗਿਆ। ਵਿਸਾਖੀ ਦੇ ਇਤਿਹਾਸਕ ਮਹੱਤਵ ਅਤੇ ਪੰਜਾਬ ਦੀ ਸੰਸਕ੍ਰਿਤੀ ਨੂੰ ਉਜਾਗਰ ਕਰਦੀਆਂ ਪੇਸ਼ਕਾਰੀਆਂ ਨੂੰ ਦਰਸ਼ਕਾਂ ਵੱਲੋਂ ਭਰਪੂਰ ਤਾਲੀਆਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮਾਜਿਕ ਅਤੇ ਪੱਤਰਕਾਰੀ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਸੀਨੀਅਰ ਪੱਤਰਕਾਰ ਸੁਖਜਿੰਦਰ ਸਿੰਘ ਢੱਡੇ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਵੀ ਕੀਤਾ ਗਿਆ। ਆਯੋਜਕਾਂ ਵੱਲੋਂ ਉਨ੍ਹਾਂ ਨੂੰ ਸਿਰੋਪਾ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਮੌਜੂਦ ਮਹਿਮਾਨਾਂ ਨੇ ਵੀ ਉਨ੍ਹਾਂ ਦੀ ਸੇਵਾ ਅਤੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਇਸ ਦੌਰਾਨ ਸਮਾਗਮ ਵਿੱਚ ਸ਼ਾਮਲ ਹੋਏ ਮਹਿਮਾਨਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਭਿਆਚਾਰਕ ਪ੍ਰੋਗਰਾਮ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਲਈ ਆਪਣੀ ਮਾਤਭੂਮੀ ਅਤੇ ਰਿਵਾਇਤਾਂ ਨਾਲ ਜੁੜੇ ਰਹਿਣ ਦਾ ਸੁਨਹਿਰਾ ਮੌਕਾ ਹੁੰਦੇ ਹਨ। ਉਨ੍ਹਾਂ ਕਿਹਾ ਕਿ ਮਾਂ ਦਿਵਸ ਵਰਗੇ ਮੌਕੇ ਸਾਨੂੰ ਮਾਂ ਦੀ ਕੁਰਬਾਨੀ ਅਤੇ ਪਿਆਰ ਦੀ ਯਾਦ ਦਿਵਾਉਂਦੇ ਹਨ, ਜਦਕਿ ਵਿਸਾਖੀ ਦਾ ਤਿਉਹਾਰ ਸਾਡੇ ਲਈ ਖ਼ੁਸ਼ੀ, ਇਕਤਾ ਅਤੇ ਇਤਿਹਾਸਕ ਮਾਣ ਦਾ ਪ੍ਰਤੀਕ ਹੈ। ਪ੍ਰਬੰਧਕਾ ਮਨਜਿੰਦਰ ਪੁਰੇਵਾਲ ਅਤੇ ਪਰਮਜੀਤ ਕੌਰ ਨੇ ਆਏ ਹੋਏ ਮਹਿਮਾਨਾਂ, ਕਲਾਕਾਰਾਂ ਅਤੇ ਦਰਸ਼ਕਾਂ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਸਾਝ ਕਲਾ ਕੇਂਦਰ ਦਾ ਮਕਸਦ ਹਮੇਸ਼ਾਂ ਪੰਜਾਬੀ ਸਭਿਆਚਾਰ ਨੂੰ ਉਭਾਰਨਾ ਅਤੇ ਨਵੀਂ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜ ਕੇ ਰੱਖਣਾ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸਮਾਗਮ ਕਰਵਾਏ ਜਾਂਦੇ ਰਹਿਣਗੇ ਤਾਂ ਜੋ ਪੰਜਾਬੀ ਭਾਈਚਾਰਾ ਇਕ ਮੰਚ 'ਤੇ ਇਕੱਠਾ ਹੋ ਕੇ ਆਪਣੀ ਸੰਸਕ੍ਰਿਤੀ ਦਾ ਜਸ਼ਨ ਮਨਾ ਸਕੇ।

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਉਟਿੰਗ ਸੂਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਸਵ: ਸ੍ਰ. ਉਮਰਾਓ ਅਟਵਾਲ
ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ
KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਪੰਜਾਬ ਦੇ ਪਾਣੀਆਂ ਉਪਰ, ਰਾਜਸਥਾਨ ਦਾ ਕਬਜ਼ਾ ਕਿਉਂ ?

**✪ ਕੀ ਰਾਜਸਥਾਨ ਦੇਵੇਗਾ ਪੰਜਾਬ ਦੇ ਪਾਣੀ ਦਾ ਮੁੱਲ ? 1.44 ਲੱਖ ਕਰੋੜ ਦੀ ਰਾਇਲਟੀ ਦਾ ਕੀ ਹੈ ਪੂਰਾ ਸੱਚ ? ✪ ਆਪ ਸਰਕਾਰ ਨੇ ਪੰਜਾਬ ਦੇ ਪਾਣੀਆਂ ਲਈ ਉਠਾਈ ਆਵਾਜ਼ ✪ ਪੰਜਾਬ ਦਾ 80% ਪਾਣੀ ਗੈਰ-ਰਿਪੇਰੀਅਨ ਸੂਬਿਆਂ ਕੋਲ, ਸੂਬਾ ਬੰਜਰ ਹੋਣ ਕੰਢੇ - ਗੁਰਤੇਜ ਸਿੰਘ**

ਪੰਜਾਬ ਦੀ ਸਿਆਸਤ ਵਿੱਚ ਦਰਿਆਈ ਪਾਣੀਆਂ ਦਾ ਮੁੱਦਾ ਹਮੇਸ਼ਾ ਭਾਵੁਕ ਰਿਹਾ ਹੈ, ਪਰ ਹੁਣ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਰਾਜਸਥਾਨ ਤੋਂ 1.44 ਲੱਖ ਕਰੋੜ ਰੁਪਏ ਦੀ ‘ਪਾਣੀ ਰਾਇਲਟੀ’ ਮੰਗਣ ਦੇ ਐਲਾਨ ਨੇ ਇਸ ਨੂੰ ਇੱਕ ਵੱਡੇ ਕਾਨੂੰਨੀ ਅਤੇ ਮਾਲੀ ਮੋਰਚੇ ਵਿੱਚ ਬਦਲ ਦਿੱਤਾ ਹੈ। ਇਹ ਮਹਿਜ਼ ਇੱਕ ਅੰਕੜਾ ਨਹੀਂ, ਸਗੋਂ ਪਿਛਲੀ ਇੱਕ ਸਦੀ ਦੇ ਦਸਤਾਵੇਜ਼ਾਂ ਅਤੇ ਸਮਝੌਤਿਆਂ ਦਾ ਨਿਚੋੜ ਹੈ।

ਇਸ ਵਿਵਾਦ ਦੀ ਜੜ੍ਹ ਸਤੰਬਰ 1920 ਵਿੱਚ ਹੋਏ ਇੱਕ ਤ੍ਰੈ-ਪੱਖੀ ਸਮਝੌਤੇ ਵਿੱਚ ਹੈ। ਉਸ ਸਮੇਂ ਬ੍ਰਿਟਿਸ਼ ਸਰਕਾਰ, ਬੀਕਾਨੇਰ ਰਿਆਸਤ ਅਤੇ ਬਹਾਵਲਪੁਰ ਰਿਆਸਤ ਵਿਚਕਾਰ ਇੱਕ ਲਿਖਤੀ ਕਰਾਰ ਹੋਇਆ ਸੀ। ਇਸੇ ਸਮਝੌਤੇ ਤਹਿਤ ਫਿਰੋਜ਼ਪੁਰ ਦੇ ਹੁਸੈਨੀਵਾਲਾ ਤੋਂ ਪਾਣੀ ਦੇਣ ਲਈ ‘ਗੰਗ ਨਹਿਰ’ ਕੱਢੀ ਗਈ ਸੀ। ਬ੍ਰਿਟਿਸ਼ ਨਿਜ਼ਾਮ ਨੇ ਸਪਸ਼ਟ ਕੀਤਾ ਸੀ ਕਿ ਪੰਜਾਬ ਦਾ ਪਾਣੀ ਵਰਤਣ ਬਦਲੇ ਬੀਕਾਨੇਰ ਰਿਆਸਤ ਨੂੰ ਰਾਇਲਟੀ (ਜਲ ਸੈੱਸ) ਦੇਣੀ ਪਵੇਗੀ। ਰਾਜਸਥਾਨ 1960 ਤੱਕ ਇਹ ਪੈਸੇ ਦਿੰਦਾ ਰਿਹਾ। ਪਰ 1960 ਦੇ ‘ਸਿੰਧੂ ਜਲ ਸਮਝੌਤੇ’ ਤੋਂ ਬਾਅਦ, ਰਾਜਸਥਾਨ ਨੇ ਇਹ ਕਹਿ ਕੇ ਪੈਸੇ ਦੇਣੇ ਬੰਦ ਕਰ ਦਿੱਤੇ ਕਿ ਹੁਣ ਨਵੇਂ ਕੌਮਾਂਤਰੀ ਨਿਯਮ ਲਾਗੂ ਹੋ ਗਏ ਹਨ।

ਪੰਜਾਬ ਸਰਕਾਰ ਦਾ ਤਰਕ ਹੈ ਕਿ ਜੇਕਰ 1920 ਵਾਲਾ ਸਮਝੌਤਾ ਰੱਦ ਨਹੀਂ ਹੋਇਆ, ਤਾਂ ਪਾਣੀ ਦਾ ਮੁੱਲ ਦੇਣਾ ਵੀ ਬੰਦ ਨਹੀਂ ਕੀਤਾ ਜਾ ਸਕਦਾ। ਸਾਲ 1960 ਤੋਂ 2026 ਤੱਕ ਦੇ 66 ਸਾਲਾਂ ਦਾ ਬਕਾਇਆ ਹੁਣ 1.44 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ ਹੈ।



ਪੰਜਾਬ ਦੇ ਪਾਣੀਆਂ ਦੇ ਡੂੰਘੇ ਜਾਣਕਾਰ ਅਤੇ ਸਾਬਕਾ ਆਈ.ਏ.ਐੱਸ. ਅਧਿਕਾਰੀ ਗੁਰਤੇਜ ਸਿੰਘ ਇਸ ਮਸਲੇ ਨੂੰ ਸੰਵਿਧਾਨਕ ਨਜ਼ਰੀਏ ਤੋਂ ਦੇਖਦੇ ਹਨ। ਉਨ੍ਹਾਂ ਦਾ ਵਿਸ਼ਲੇਸ਼ਣ ਪੰਜਾਬ ਦੇ ਦਾਅਵੇ ਨੂੰ ਮਜ਼ਬੂਤੀ ਦਿੰਦਾ ਹੈ ਕਿ

“ਭਾਰਤੀ ਸੰਵਿਧਾਨ ਦੀ ਧਾਰਾ 246 (ਅਨੁਸੂਚੀ 7, ਸੂਚੀ 2, ਐਂਟਰੀ 17) ਸਪਸ਼ਟ ਕਰਦੀ ਹੈ ਕਿ ਪਾਣੀ ਸੂਬੇ ਦਾ ਵਿਸ਼ਾ ਹੈ। ਅੰਤਰਰਾਸ਼ਟਰੀ ‘ਰਿਪੇਰੀਅਨ ਸਿਧਾਂਤ’ ਮੁਤਾਬਕ ਦਰਿਆਵਾਂ ਦੇ ਪਾਣੀ ’ਤੇ ਪਹਿਲਾ ਹੱਕ ਉਸੇ ਖਿੱਤੇ ਦਾ ਹੈ ਜਿੱਥੋਂ ਉਹ ਲੰਘਦੇ ਹਨ।”

ਗੁਰਤੇਜ ਸਿੰਘ ਅਨੁਸਾਰ, ਦੇਸ਼ ਦੀ ਵੰਡ ਤੋਂ ਪਹਿਲਾਂ ਪੰਜਾਬ ਦਾ ਸਿਰਫ਼ 20% ਪਾਣੀ ਗੈਰ-ਰਿਪੇਰੀਅਨ (ਰਾਜਸਥਾਨ ਵਰਗੇ) ਇਲਾਕਿਆਂ ਨੂੰ ਜਾਂਦਾ ਸੀ। ਪਰ ਅੱਜ ਸਥਿਤੀ ਉਲਟ ਹੈ-80% ਪਾਣੀ ਬਾਹਰ ਜਾ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹਰਿਆਣਾ, ਰਾਜਸਥਾਨ ਅਤੇ ਦਿੱਲੀ ਤਿੰਨੇ ਹੀ ਗੈਰ-ਰਿਪੇਰੀਅਨ ਹਨ, ਫਿਰ ਵੀ ਇਹ ਪੰਜਾਬ ਦੇ ਪਾਣੀ ’ਤੇ ਕਬਜ਼ਾ ਜਮਾਈ ਬੈਠੇ ਹਨ ਜਦ ਕਿ ਪੰਜਾਬ ਦਾ ਆਪਣਾ ਜ਼ਮੀਨੀ ਪਾਣੀ ਖ਼ਤਮ ਹੋ ਰਿਹਾ ਹੈ ਅਤੇ ਸੂਬਾ ਬੰਜਰ ਹੋਣ ਵੱਲ ਵਧ ਰਿਹਾ ਹੈ।

ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਅਤੇ ਸਾਬਕਾ ਸਕੱਤਰ (ਜਲ ਸਰੋਤ) ਸਵਰਨ ਸਿੰਘ ਬੋਪਾਰਾਏ ਨੇ ਵੀ ਕਈ ਅਹਿਮ ਤੱਥ ਰੱਖੇ ਹਨ।ਉਨ੍ਹਾਂ ਮੁਤਾਬਕ, 1947 ਦੀ ਵੰਡ ਤੋਂ ਬਾਅਦ ਜਦੋਂ ਬੀਕਾਨੇਰ ਰਿਆਸਤ ਰਾਜਸਥਾਨ ਦਾ ਹਿੱਸਾ ਬਣੀ ਸੀ, ਤਾਂ ਉਸ ਦੀਆਂ ਸਾਰੀਆਂ ਦੇਣਦਾਰੀਆਂ ਵੀ ਨਵੀਂ ਸਰਕਾਰ ਸਿਰ ਆਈਆਂ ਸਨ। ਪੰਜਾਬ ਸਰਕਾਰ ਅਤੇ ਰਾਜਸਥਾਨ ਵਿਚਾਲੇ ਆਜ਼ਾਦੀ ਤੋਂ ਬਾਅਦ ਵੀ ਇੱਕ ਸਮਝੌਤਾ ਹੋਇਆ ਸੀ ਜਿਸ ਵਿੱਚ ਰਾਇਲਟੀ ਦਾ ਜ਼ਿਕਰ ਸੀ। ਬੋਪਾਰਾਏ ਅਨੁਸਾਰ, ਕੇਂਦਰ ਸਰਕਾਰ ਕੋਲ ਦੋ ਰਾਜਾਂ ਵਿਚਾਲੇ ਪਾਣੀ ਵੰਡਣ ਦਾ ਕੋਈ ਸੰਵਿਧਾਨਕ ਅਧਿਕਾਰ ਨਹੀਂ ਸੀ, ਜੋ ਉਸ ਨੇ 1960 ਤੋਂ ਬਾਅਦ ਵਰਤਿਆ। ਇਥੋਂ ਹੀ ਪੰਜਾਬ ਦੇ ਪਾਣੀਆਂ ਦੇ ਹੱਕ ਨਾਲ ਵਿਤਕਰਾ ਹੋਇਆ।

ਰਾਜਸਥਾਨ ਦੇ ਜਲ ਸਰੋਤ ਮੰਤਰੀ ਸੁਰੇਸ਼ ਸਿੰਘ ਰਾਵਤ ਨੇ ਪੰਜਾਬ ਦੇ ਦਾਅਵਿਆਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਰਾਜਸਥਾਨ ਦਾ ਕਹਿਣਾ ਹੈ ਕਿ ਬ੍ਰਿਟਿਸ਼ ਕਾਲ ਦੇ ਸਮਝੌਤਿਆਂ ਦੀ ਆਜ਼ਾਦ ਭਾਰਤ ਵਿੱਚ ਕੋਈ ਅਹਿਮੀਅਤ ਨਹੀਂ ਹੈ। ਸਾਲ 1960 ਦਾ ‘ਸਿੰਧੂ ਜਲ ਸਮਝੌਤਾ’ ਇੱਕ ਨਵਾਂ ਅਧਾਰ ਹੈ, ਜਿਸ ਵਿੱਚ ਪੰਜਾਬ ਨੂੰ ਪਾਕਿਸਤਾਨ ਜਾਣ ਵਾਲਾ ਪਾਣੀ ਰੋਕਣ ਦਾ ਹੱਕ ਮਿਲਿਆ ਅਤੇ ਇਸ ਪਾਣੀ ਦੀ ਵੰਡ ਕੇਂਦਰ ਦੇ ਫ਼ੈਸਲੇ ਅਨੁਸਾਰ ਹੋਈ। ਰਾਜਸਥਾਨ ਹੁਣ ਪੰਜਾਬ ਦੇ ਇਸ ਦਾਅਵੇ ਖ਼ਿਲਾਫ਼ ਅਦਾਲਤ ਵਿੱਚ ਜਾਣ ਦੀ ਤਿਆਰੀ ਕਰ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਸਿੱਧੀ ਚੇਤਾਵਨੀ ਦਿੱਤੀ ਹੈ ਕਿ ਪੰਜਾਬ ਦੇ ਪਾਣੀਆਂ ਦਾ ਪਹਿਲਾ ਅਤੇ ਆਖਰੀ ਮਾਲਕ ਪੰਜਾਬੀ ਹਨ। ਅਕਾਲੀ ਦਲ ਦਾ ਦਾਅਵਾ ਹੈ ਕਿ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਵਿਧਾਨ ਸਭਾ ਵਿੱਚ ਮਤਾ ਪਾਸ ਕਰਕੇ ਰਾਇਲਟੀ ਦੀ ਮੰਗ ਕੀਤੀ ਸੀ। ਬਾਦਲ ਨੇ ਕਿਹਾ, “ਜੇਕਰ ਰਾਇਲਟੀ ਨਾ ਮਿਲੀ, ਤਾਂ ਅਕਾਲੀ ਸਰਕਾਰ ਆਉਣ ’ਤੇ ਰਾਜਸਥਾਨ ਨੂੰ ਜਾਂਦੀਆਂ ਨਹਿਰਾਂ ਬੰਦ ਕਰ ਦਿਤੀਆਂ ਜਾਣਗੀਆਂ।”

ਕਾਂਗਰਸ ਦਾ ਪੰਜਾਬ ਦੇ ਪਾਣੀਆਂ ਬਾਰੇ ਸਟੈਂਡ ਸਪਸ਼ਟ ਨਹੀਂ ਹੈ। ਪੰਜਾਬ ਕਾਂਗਰਸ ਦਾ ਸਿਰਫ ਇਹੀ ਕਹਿਣਾ ਹੈ ਕਿ ਪੰਜਾਬ ਕੋਲ ਵਾਧੂ ਪਾਣੀ ਨਹੀਂ ਹੈ। ਹਾਲਾਂਕਿ, ਉਹ ਮੌਜੂਦਾ ਸਰਕਾਰ ਦੀ ਰਾਇਲਟੀ ਦੀ ਮੰਗ ਨੂੰ ‘ਸਿਆਸੀ ਸਟੰਟ’ ਵੀ ਦੱਸਦੇ ਹਨ, ਪਰ ਪਾਣੀ ਦੇ ਹੱਕ ’ਤੇ ਉਹ ਪੰਜਾਬ ਦੇ ਨਾਲ ਖੜ੍ਹੇ ਹੋਣ ਦਾ ਦਾਅਵਾ ਕਰਦੇ ਹਨ।

ਪੰਜਾਬ ਸਰਕਾਰ ਨੇ ਆਪਣੀ ਗਣਨਾ ਵਿੱਚ ਕਿਹਾ ਹੈ ਕਿ ਰਾਜਸਥਾਨ ਆਪਣੇ ਕਿਸਾਨਾਂ ਤੋਂ ਪਾਣੀ ਬਦਲੇ 70 ਰੁਪਏ ਪ੍ਰਤੀ ਫ਼ਸਲ ਵਸੂਲ ਰਿਹਾ ਹੈ, ਜਿਸ ਨਾਲ ਉਸ ਨੂੰ ਸਾਲਾਨਾ ਕਰੋੜਾਂ ਦੀ ਆਮਦਨ ਹੁੰਦੀ ਹੈ, ਜਦਕਿ ਪੰਜਾਬ ਨੂੰ ਕੁਝ ਨਹੀਂ ਮਿਲਦਾ।

ਇਹ ਮਸਲਾ ਹੁਣ ਸਿਰਫ਼ ਪੈਸਿਆਂ ਦਾ ਨਹੀਂ ਰਿਹਾ, ਸਗੋਂ ਰਾਜਾਂ ਦੇ ਅਧਿਕਾਰਾਂ ਅਤੇ ਸੰਘੀ ਢਾਂਚੇ ਦੀ ਪਰਖ ਬਣ ਗਿਆ ਹੈ। ਕੀ ਪੰਜਾਬ ਆਪਣੀ 1.44 ਲੱਖ ਕਰੋੜ ਰੁਪਏ ਦੀ ਮੰਗ ਮਨਵਾ ਸਕੇਗਾ ਜਾਂ ਇਹ ਇੱਕ ਹੋਰ ਲੰਬੀ ਕਾਨੂੰਨੀ ਉਲਝਣ ਫਸ ਜਾਵੇਗਾ, ਇਹ ਆਉਣ ਵਾਲਾ ਸਮਾਂ ਦੱਸੇਗਾ।

## ਵਿਸਾਖੀ ਤੋਂ ਪਹਿਲਾਂ ਸਿੱਖ ਕੌਮ ਨੂੰ ਵੱਡਾ ਤੋਹ.ਫਾ

# ਤਖ਼ਤ ਸ੍ਰੀ ਦਮਦਮਾ ਸਾਹਿਬ ਹੁਣ ਰੇਲ ਮਾਰਗ ਨਾਲ ਜੁੜੇਗਾ

ਬਠਿੰਡਾ-ਕੇਂਦਰ ਦੀ ਭਾਜਪਾ ਸਰਕਾਰ ਨੇ ਵਿਸਾਖੀ ਦੇ ਪਵਿੱਤਰ ਦਿਹਾੜੇ ਤੋਂ ਪਹਿਲਾਂ ਪੰਜਾਬ ਅਤੇ ਸਿੱਖ ਸੰਗਤਾਂ ਲਈ ਇੱਕ ਇਤਿਹਾਸਕ ਐਲਾਨ ਕੀਤਾ ਹੈ। ਸਿੱਖ ਕੌਮ ਦੇ ਚੌਥੇ ਤਖ਼ਤ, ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਨੂੰ ਰੇਲਵੇ ਨੈੱਟਵਰਕ ਨਾਲ ਜੋੜਨ ਦੀ ਅਧਿਕਾਰਤ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਫ਼ੈਸਲੇ ਨਾਲ ਹੁਣ ਸਿੱਖਾਂ ਦੇ ਪੰਜੇ ਤਖ਼ਤ ਸਾਹਿਬਾਨ ਰੇਲ ਸੰਪਰਕ ਨਾਲ ਜੁੜ ਜਾਣਗੇ।

ਇਸ ਪ੍ਰੋਜੈਕਟ ’ਤੇ ਕੁੱਲ 1118.47 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ ਅਤੇ 42.9 ਕਿਲੋਮੀਟਰ ਲੰਬੀ ਨਵੀਂ ਰੇਲਵੇ ਲਾਈਨ ਵਿਛਾਈ ਜਾਵੇਗੀ। ਇਸ ਰੂਟ ’ਤੇ ਕੁੱਲ 6 ਸਟੇਸ਼ਨ ਹੋਣਗੇ। ਰਾਮਾਂ ਮੰਡੀ ਅਤੇ ਸੱਦਾ ਸਿੰਘ ਵਾਲਾ ਤੋਂ ਇਲਾਵਾ ਲਾਲੇਆਣਾ, ਤਲਵੰਡੀ ਸਾਬੋ, ਜਗਾ ਰਾਮ ਤੀਰਥ ਅਤੇ ਕਮਾਲੂ ਸਵੈਚ ਨਵੇਂ ਸਟੇਸ਼ਨ ਬਣਾਏ ਜਾਣਗੇ। ਇਹ ਲਾਈਨ



ਪੂਰੀ ਤਰ੍ਹਾਂ ਫਾਟਕ ਮੁਕਤ ਹੋਵੇਗੀ। ਇਸ ਵਿੱਚ 2 ਵੱਡੇ ਪੁਲ, 56 ਛੋਟੇ ਪੁਲ ਅਤੇ 55 ਅੰਡਰਬ੍ਰਿਜ ਬਣਾਏ ਜਾਣਗੇ। ਪ੍ਰੋਜੈਕਟ ਲਈ 192.42 ਹੈਕਟੇਅਰ ਜ਼ਮੀਨ ਐਕੁਆਇਰ ਕੀਤੀ ਜਾਵੇਗੀ, ਜਿਸ ਵਿੱਚ ਬਠਿੰਡਾ ਅਤੇ ਮਾਨਸਾ ਜ਼ਿਲ੍ਹਿਆਂ ਦਾ ਰਕਬਾ ਸ਼ਾਮਿਲ ਹੈ।

ਕੇਂਦਰੀ ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਇਹ ਮੋਦੀ ਸਰਕਾਰ ਦਾ ਸਿੱਖ ਕੌਮ ਲਈ ਵੱਡਾ ਤੋਹ.ਫਾ ਹੈ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਅਤੇ ਸਾਂਸਦ ਹਰਸਿਮਰਤ ਕੌਰ ਬਾਦਲ ’ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਅਕਾਲੀ ਦਲ ਨੇ ਲੰਬਾ ਸਮਾਂ ਸੱਤਾ ਵਿੱਚ ਰਹਿ ਕੇ ਵੀ ਇਸ ਮੰਗ ਨੂੰ ਗੰਭੀਰਤਾ ਨਾਲ ਨਹੀਂ ਲਿਆ। ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਮੰਤਰੀ ਰਹਿੰਦਿਆਂ ਸਿਰ.ਫ ‘ਚਿੱਠੀ-ਪੱਤਰਾਂ ਦੀ ਸਿਆਸਤ’ ਕੀਤੀ, ਜਦਕਿ ਭਾਜਪਾ ਨੇ ਅਮਲੀ ਰੂਪ ਵਿੱਚ ਇਸ ਨੂੰ ਪੂਰਾ ਕੀਤਾ ਹੈ। ਇਸ ਰੇਲ ਲਾਈਨ ਦੇ ਬਣਨ ਨਾਲ ਦੇਸ਼-ਵਿਦੇਸ਼ ਤੋਂ ਆਉਣ ਵਾਲੀਆਂ ਸੰਗਤਾਂ ਨੂੰ ਤਖ਼ਤ ਸਾਹਿਬ ਵਿਖੇ ਨਤਮਸਤਕ ਹੋਣ ਲਈ ਆਵਾਜਾਈ ਦੀ ਵੱਡੀ ਸਹੂਲਤ ਮਿਲੇਗੀ।

# ਪੰਜਾਬ ਵਿਚ 53 ਸਾਲਾਂ ਦੌਰਾਨ ਸਿਰਫ਼ ਇੱਕ ਮੈਡੀਕਲ ਕਾਲਜ

## ✪ 'ਆਪ' ਦੇ 16 ਕਾਲਜਾਂ ਦੇ ਵਾਅਦੇ ਦਾ ਕੀ ਬਣਿਆ ? ✪ ਸਿਹਤ ਸਹੂਲਤਾਂ ਦੇ ਨਾਂ 'ਤੇ ਸਿਰਫ਼ ਨੀਂਹ ਪੱਥਰ ?-ਸੁਖਬੀਰ ਬਾਦਲ

ਚੰਡੀਗੜ੍ਹ-ਪੰਜਾਬ ਦੀ ਸਿਹਤ ਪ੍ਰਣਾਲੀ ਅਤੇ ਮੈਡੀਕਲ ਸਿੱਖਿਆ ਨੂੰ ਲੈ ਕੇ ਸਿਆਸੀ ਮਾਹੌਲ ਗਰਮਾਇਆ ਹੋਇਆ ਹੈ। ਜਿੱਥੇ ਇੱਕ ਪਾਸੇ ਪਿਛਲੇ ਪੰਜ ਦਹਾਕਿਆਂ ਵਿੱਚ ਸੂਬੇ ਕੋਲ ਸਿਰਫ਼ ਇੱਕ ਨਵਾਂ ਸਰਕਾਰੀ ਮੈਡੀਕਲ ਕਾਲਜ ਮੌਜੂਦ ਹੈ, ਉੱਥੇ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਗਏ 16 ਮੈਡੀਕਲ ਕਾਲਜਾਂ ਦੇ ਐਲਾਨ ਹੁਣ ਸਵਾਲਾਂ ਦੇ ਘੇਰੇ ਵਿੱਚ ਹਨ। ਵਿਰੋਧੀ ਧਿਰਾਂ ਅਤੇ ਬੁੱਧੀਜੀਵੀ ਇਸ ਨੂੰ "ਝੂਠੇ ਵਾਅਦਿਆਂ ਦੀ ਰਾਜਨੀਤੀ" ਕਰਾਰ ਦੇ ਰਹੇ ਹਨ।

ਆਮ ਆਦਮੀ ਪਾਰਟੀ ਨੇ ਸੱਤਾ ਵਿੱਚ ਆਉਣ ਤੋਂ ਬਾਅਦ ਆਪਣੇ ਪਹਿਲੇ ਬਜਟ ਵਿੱਚ 16 ਨਵੇਂ ਮੈਡੀਕਲ ਕਾਲਜ ਖੋਲ੍ਹਣ ਦਾ ਵੱਡਾ ਐਲਾਨ ਕੀਤਾ ਸੀ। ਹਾਲਾਂਕਿ, ਸਰਕਾਰ ਦੇ ਚਾਰ ਸਾਲਾਂ ਦੇ ਕਾਰਜਕਾਲ ਦੇ ਬਾਵਜੂਦ ਅਜੇ ਤੱਕ ਇੱਕ ਵੀ ਨਵਾਂ ਕਾਲਜ ਮੁਕੰਮਲ ਨਹੀਂ ਹੋ ਸਕਿਆ ਹੈ। ਸਰਕਾਰ ਦਾ ਕਹਿਣਾ ਹੈ ਕਿ 7 ਨਵੇਂ ਕਾਲਜਾਂ 'ਤੇ ਕੰਮ ਚੱਲ ਰਿਹਾ ਹੈ। ?ਹੁਸ਼ਿਆਰਪੁਰ (ਸ਼ਹੀਦ ਊਧਮ ਸਿੰਘ ਸਟੇਟ ਇੰਸਟੀਚਿਊਟ) ਦਾ ਨਿਰਮਾਣ 20 ਮਾਰਚ 2026 ਤੋਂ ਸ਼ੁਰੂ ਹੋਵੇਗਾ, ਜੋ ਮਾਰਚ 2028 ਤੱਕ ਪੂਰਾ ਹੋਣ ਦੀ ਉਮੀਦ ਹੈ? ਕਪੂਰਥਲਾ, ਸੰਗਰੂਰ, ਐਸ.ਬੀ.ਐਸ ਨਗਰ,



ਲਹਿਰਾਗਾਗਾ ਅਤੇ ਮਲੇਰਕੋਟਲਾ ਵਿੱਚ ਕਾਲਜਾਂ ਦੀ ਪ੍ਰਕਿਰਿਆ ਵੱਖ-ਵੱਖ ਪੜਾਵਾਂ (ਟੈਂਡਰ ਜਾਂ ਡੀ.ਪੀ.ਆਰ) 'ਤੇ ਹੈ।

### ਵਿਰੋਧੀ ਪਾਰਟੀਆਂ ਦਾ ਤਿੱਖਾ ਹਮਲਾ

ਵਿਰੋਧੀ ਧਿਰਾਂ ਨੇ ਸਰਕਾਰ ਨੂੰ "ਇਸ਼ਤਿਹਾਰਬਾਜ਼ੀ ਦੀ ਸਰਕਾਰ" ਕਹਿ ਕੇ ਘੇਰਿਆ ਹੈ। ਅਕਾਲੀ ਦਲ ਦੇ ਸੁਪਰੀਮੋ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਕਿ ਸਰਕਾਰ ਸਿਰਫ਼ ਨੀਂਹ ਪੱਥਰ ਰੱਖਣ ਤੱਕ ਸੀਮਤ ਹੈ। ਉਨ੍ਹਾਂ ਐਲਾਨ ਕੀਤਾ ਕਿ ਜੇਕਰ ਅਕਾਲੀ ਦਲ ਦੀ ਸਰਕਾਰ ਆਉਂਦੀ ਹੈ, ਤਾਂ ਹਰ ਜ਼ਿਲ੍ਹੇ ਵਿੱਚ ਮੈਡੀਕਲ ਕਾਲਜ ਹੋਵੇਗਾ ਅਤੇ 50% ਸੀਟਾਂ ਗਰੀਬ ਬੱਚਿਆਂ ਲਈ ਰਾਖਵੀਆਂ ਹੋਣਗੀਆਂ। ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਦਾ ਤਰਕ ਹੈ ਕਿ ਸੰਗਰੂਰ ਵਰਗੇ ਪ੍ਰੋਜੈਕਟ ਕਾਨੂੰਨੀ ਉਲਝਣਾਂ ਕਾਰਨ ਲਟਕ ਗਏ ਹਨ, ਜੋ ਸਰਕਾਰ ਦੀ ਮਾੜੀ ਯੋਜਨਾਬੰਦੀ ਦਾ ਸਬੂਤ ਹੈ।

### ਪੰਜਾਬ ਵਿੱਚ ਮੈਡੀਕਲ ਕਾਲਜਾਂ ਦਾ ਇਤਿਹਾਸਕ ਪਿਛੋਕੜ

ਪੰਜਾਬ ਵਿੱਚ ਸਰਕਾਰੀ ਮੈਡੀਕਲ ਕਾਲਜਾਂ ਦੀ ਸਥਿਤੀ ਕਾਫ਼ੀ ਚਿੰਤਾਜਨਕ ਰਹੀ ਹੈ:

| ਕਾਲਜ ਦਾ ਨਾਮ | ਸਥਾਪਨਾ ਸਾਲ | ਵਿਸ਼ੇਸ਼ ਨੋਟ |
|---|---|---|
| ਅੰਮ੍ਰਿਤਸਰ ਮੈਡੀਕਲ ਕਾਲਜ | 1864 (ਲਾਹੌਰ) / 1944 | ਆਜ਼ਾਦੀ ਤੋਂ ਪਹਿਲਾਂ ਦੀ ਵਿਰਾਸਤ |
| ਪਟਿਆਲਾ ਮੈਡੀਕਲ ਕਾਲਜ | 1953 | ਪੈਪਸੂ ਰਾਜ ਵੇਲੇ ਬਣਿਆ |
| ਫਰੀਦਕੋਟ ਮੈਡੀਕਲ ਕਾਲਜ | 1973 | 53 ਸਾਲ ਪਹਿਲਾਂ ਬਣਿਆ ਮੁੱਖ ਕਾਲਜ |
| ਮੋਹਾਲੀ ਮੈਡੀਕਲ ਕਾਲਜ | 2021 | |

### ਬੁੱਧੀਜੀਵੀਆਂ ਅਤੇ ਮਾਹਿਰਾਂ ਦੀ ਰਾਏ

ਸੇਵਾਮੁਕਤ ਸਿਵਲ ਸਰਜਨ ਡਾ. ਜਸਬੀਰ ਔਲਖ ਅਨੁਸਾਰ, ਮੈਡੀਕਲ ਕਾਲਜਾਂ ਦੀ ਘਾਟ ਦੇ ਦੋ ਮੁੱਖ ਨੁਕਸਾਨ ਹਨ ਜਦੋਂ ਮੈਡੀਕਲ ਕਾਲਜ ਨਹੀਂ ਹੁੰਦਾ, ਤਾਂ ਉੱਥੇ ਸੁਪਰ-ਸਪੈਸ਼ਲਿਟੀ ਹਸਪਤਾਲ ਵੀ ਨਹੀਂ ਬਣਦਾ। ਇਸ ਕਾਰਨ ਗੰਭੀਰ ਮਰੀਜ਼ਾਂ ਨੂੰ ਨਿੱਜੀ ਹਸਪਤਾਲਾਂ ਜਾਂ ਦੂਰ-ਦੁਰਾਡੇ ਦੇ ਸ਼ਹਿਰਾਂ ਵਿੱਚ ਜਾਣਾ ਪੈਂਦਾ ਹੈ, ਜਿੱਥੇ ਇਲਾਜ ਮਹਿੰਗਾ ਹੁੰਦਾ ਹੈ ਅਤੇ ਦੇਰੀ ਕਾਰਨ ਜਾਨ ਜਾਣ ਦਾ ਖ਼ਤਰਾ ਰਹਿੰਦਾ ਹੈ। ਸਰਕਾਰੀ ਸੀਟਾਂ ਘੱਟ ਹੋਣ ਕਾਰਨ ਪੰਜਾਬ ਦੇ ਵਿਦਿਆਰਥੀਆਂ ਨੂੰ ਕਰੋੜਾਂ ਰੁਪਏ ਖਰਚ ਕੇ ਯੂਕਰੇਨ, ਰੂਸ ਜਾਂ ਚੀਨ ਵਰਗੇ ਦੇਸ਼ਾਂ ਵਿੱਚ ਜਾਣਾ ਪੈਂਦਾ ਹੈ।

### ਪਿਛਲੇ 53 ਸਾਲ ਪਹਿਲਾਂ ਬਣਿਆ ਇਕੋ ਇਕ ਕਾਲਜ

ਮੁੱਖ ਮੰਤਰੀ ਭਗਵੰਤ ਮਾਨ ਨੇ ਕਬੂਲਿਆ ਹੈ ਕਿ ਸੰਗਰੂਰ ਵਰਗੇ ਪ੍ਰੋਜੈਕਟਾਂ ਵਿੱਚ ਦੇਰੀ ਹੋਈ ਹੈ, ਪਰ ਉਹਨਾਂ ਦਾ ਦਾਅਵਾ ਹੈ ਕਿ ਉਹ ਸਿਸਟਮ ਨੂੰ ਸੁਧਾਰ ਰਹੇ ਹਨ। ਦੂਜੇ ਪਾਸੇ, ਜਨਤਾ ਅਜੇ ਵੀ ਸਸਤੇ ਇਲਾਜ ਅਤੇ ਮੈਡੀਕਲ ਸੀਟਾਂ ਲਈ ਉਡੀਕ ਕਰ ਰਹੀ ਹੈ। ਕੀ 'ਆਪ' ਸਰਕਾਰ 2027 ਦੀਆਂ ਚੋਣਾਂ ਤੋਂ ਪਹਿਲਾਂ ਇਨ੍ਹਾਂ 16 ਵਿੱਚੋਂ ਕੁਝ ਕਾਲਜਾਂ ਨੂੰ ਚਾਲੂ ਕਰ ਸਕੇਗੀ? ਇਹ ਇੱਕ ਵੱਡਾ ਸਵਾਲ ਬਣਿਆ ਹੋਇਆ ਹੈ।

# ਸਾਬਕਾ ਵਡਾ ਅਫ਼ਸਰ ਕੇ. ਜੀ. ਐੱਸ. ਚੀਮਾ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ

ਚੰਡੀਗੜ੍ਹ-ਪੰਜਾਬ ਦੀ ਸਿਆਸਤ ਵਿੱਚ ਅੱਜ ਉਸ ਸਮੇਂ ਵੱਡਾ ਫੇਰਬਦਲ ਦੇਖਣ ਨੂੰ ਮਿਲਿਆ ਜਦੋਂ ਪ੍ਰਸ਼ਾਸਨਿਕ ਹਲਕਿਆਂ ਦਾ ਜਾਣਾ-



ਪਛਾਣਿਆ ਚਿਹਰਾ ਅਤੇ ਸਾਬਕਾ ਸੀਨੀਅਰ ਅਫ਼ਸਰ ਕੇ. ਜੀ. ਐੱਸ. ਚੀਮਾ ਅਧਿਕਾਰਤ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਦਾ ਪਾਰਟੀ ਵਿੱਚ ਨਿੱਘਾ ਸਵਾਗਤ ਕੀਤਾ। ਕੇ. ਜੀ. ਐੱਸ. ਚੀਮਾ ਲਗਭਗ 17 ਸਾਲ ਤੱਕ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪ੍ਰਿੰਸੀਪਲ ਸੈਕਟਰੀ ਰਹੇ ਹਨ ਚੀਮਾ ਨੇ 5 ਸਾਲ ਲੋਕ ਸਭਾ ਸਪੀਕਰ ਸੋਮਨਾਥ ਚੈਟਰਜੀ ਦੇ ਸੈਕਟਰੀ ਵਜੋਂ ਸੇਵਾਵਾਂ ਨਿਭਾਈਆਂ। ਉਹ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਐਡੀਸ਼ਨਲ ਚੀਫ ਸੈਕਟਰੀ ਵੀ ਰਹਿ ਚੁੱਕੇ ਹਨ। ਉਹ ਮੂਲ ਰੂਪ ਵਿੱਚ ਪੰਜਾਬ ਦੇ ਲਹਿਰਾ ਹਲਕੇ ਨਾਲ ਸਬੰਧ ਰੱਖਦੇ ਹਨ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਚੀਮਾ ਵਰਗੇ ਇਮਾਨਦਾਰ ਅਤੇ ਸੂਝਵਾਨ ਅਫ਼ਸਰ ਦੇ ਪਾਰਟੀ ਵਿੱਚ ਆਉਣ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਵੱਡੀ ਮਜ਼ਬੂਤੀ ਮਿਲੇਗੀ। ਉਨ੍ਹਾਂ ਕਿਹਾ ਕਿ ਚੀਮਾ ਦੇ ਲੰਮੇ ਪ੍ਰਸ਼ਾਸਨਿਕ ਤਜਰਬੇ ਦੀ ਵਰਤੋਂ ਪੰਜਾਬ ਅਤੇ ਲੋਕਾਂ ਦੀ ਭਲਾਈ ਲਈ ਕੀਤੀ ਜਾਵੇਗੀ।

ਪਾਰਟੀ ਵਿੱਚ ਸ਼ਾਮਲ ਹੋਣ ਉਪਰੰਤ ਕੇ. ਜੀ. ਐੱਸ. ਚੀਮਾ ਨੇ ਆਖਿਆ ਕਿ ਸਿਰਫ਼ ਸ਼੍ਰੋਮਣੀ ਅਕਾਲੀ ਦਲ ਹੀ ਅਜਿਹੀ ਪਾਰਟੀ ਹੈ ਜੋ ਸਹੀ ਮਾਇਨਿਆਂ ਵਿੱਚ ਪੰਜਾਬ ਅਤੇ ਪੰਜਾਬੀਆਂ ਦੇ ਹਿੱਤਾਂ ਦੀ ਗੱਲ ਕਰਦੀ ਹੈ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਹ ਤਨਦੇਹੀ ਨਾਲ ਪਾਰਟੀ ਅਤੇ ਜਨਤਾ ਦੀ ਸੇਵਾ ਕਰਨਗੇ।

# ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਖ਼ੂਨੀ ਟਕਰਾਅ

## ✪ ਨੌਜਵਾਨ ਦਾ ਕਿਰਚ ਮਾਰ ਕੇ ਕਤਲ


ਕਾਦੀਆਂ-ਪਿੰਡ ਖੁਜਾਲਾ ਵਿੱਚ ਮਾਮੂਲੀ ਤਕਰਾਰ ਨੇ ਉਸ ਸਮੇਂ ਭਿਆਨਕ ਰੂਪ ਧਾਰ ਲਿਆ ਜਦੋਂ ਇੱਕ ਨੌਜਵਾਨ ਜੋਬਨਜੀਤ ਸਿੰਘ ਨੇ ਹਰਮਨਪ੍ਰੀਤ ਸਿੰਘ ਉਰਫ਼ ਬਬਲੂ ਨੂੰ ਕਿਰਚ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਇਹ ਖ਼ੂਨੀ ਝਗੜਾ ਪੈਸਿਆਂ ਦੇ ਲੈਣ-ਦੇਣ ਦੇ ਵਿਵਾਦ ਕਾਰਨ ਹੋਇਆ ਦੱਸਿਆ ਜਾ ਰਿਹਾ ਹੈ।

ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਮੌਕੇ ਤੋਂ ਫ਼ਰਾਰ ਹੋਣ ਵਿੱਚ ਕਾਮਯਾਬ ਰਿਹਾ। ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਬਟਾਲਾ ਦੇ ਸਿਵਲ ਹਸਪਤਾਲ ਭੇਜ ਦਿੱਤਾ ਹੈ। ਮੁਲਜ਼ਮ ਦੀ ਭਾਲ ਲਈ ਛਾਪੇਮਾਰੀ ਜਾਰੀ ਹੈ।

# ਜਲੰਧਰ ਪੁਲਿਸ ਵਲੋਂ ਅਮਰੀਕਾ ਬੈਠੇ ਗੈਂਗਸਟਰ ਜੋਗਾ ਫੋਲੜੀਵਾਲ ਦੇ 2 ਸ਼ੂਟਰ ਅਸਲੇ ਸਣੇ ਗ੍ਰਿਫ਼ਤਾਰ

ਜਲੰਧਰ-ਕਮਿਸ਼ਨਰੇਟ ਪੁਲਿਸ ਜਲੰਧਰ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਅਮਰੀਕਾ ਵਿੱਚ ਬੈਠੇ ਖ਼ਤਰਨਾਕ ਗੈਂਗਸਟਰ ਜੋਗਾ ਫੋਲੜੀਵਾਲ ਦੇ ਦੋ ਸਰਗਰਮ ਮੈਂਬਰਾਂ ਹਰਪ੍ਰੀਤ ਲਾਲ ਹੈਪੀ





ਨਿਵਾਸੀ ਪਿੰਡ ਫੋਲੜੀਵਾਲ ਤੇ ਸਾਜਨ ਗਿੱਲ ਗੱਬਰ ਨਿਵਾਸੀ ਖਾਂਬੜਾ ਕਾਲੋਨੀ, ਜਲੰਧਰ ਨੂੰ 2 ਪਿਸਤੌਲ (.32 ਬੋਰ) ਸਮੇਤ ਕਾਬੂ ਕੀਤਾ ਹੈ। ਪੁਲਿਸ ਮੁਤਾਬਕ ਇਹ ਮੁਲਜ਼ਮ ਸ਼ਹਿਰ ਵਿੱਚ ਕਿਸੇ ਵੱਡੀ ਫ਼ਿਰੌਤੀ ਦੀ ਵਾਰਦਾਤ ਨੂੰ ਅੰਜਾਮ ਦੇਣ ਲਈ ਫਾਇਰਿੰਗ ਕਰਨ ਦੀ ਫਿਰਾਕ ਵਿੱਚ ਸਨ। ਪੁੱਛਗਿੱਛ ਦੌਰਾਨ ਸਾਹਮਣੇ ਆਇਆ ਹੈ ਕਿ ਇਹ ਦੋਵੇਂ ਮੁਲਜ਼ਮ ਸਿੱਧੇ ਤੌਰ 'ਤੇ ਵਿਦੇਸ਼ ਬੈਠੇ ਆਕਾ ਜੋਗਾ ਫੋਲੜੀਵਾਲ ਦੇ ਇਸ਼ਾਰਿਆਂ 'ਤੇ ਕੰਮ ਕਰਦੇ ਸਨ। ਸਾਜਨ ਗਿੱਲ ਨੇ ਕਬੂਲਿਆ ਕਿ ਉਹ 12 ਜਨਵਰੀ 2026 ਨੂੰ ਫਗਵਾੜਾ ਵਿੱਚ ਹੋਈ ਗੋਲੀਬਾਰੀ ਦੀ ਘਟਨਾ ਵਿੱਚ ਸ਼ਾਮਲ ਸੀ। ਉਹ ਗੈਂਗ ਨੂੰ ਹਥਿਆਰ ਸਪਲਾਈ ਕਰਨ, ਨਸ਼ਾ ਤਸਕਰੀ ਅਤੇ ਭਗੌੜੇ ਅਪਰਾਧੀਆਂ ਨੂੰ ਪਨਾਹ ਦੇਣ ਦਾ ਕੰਮ ਕਰਦਾ ਸੀ, ਜਿਸ ਦੇ ਬਦਲੇ ਉਸ ਨੂੰ ਵਿਦੇਸ਼ ਤੋਂ ਪੈਸੇ ਮਿਲਦੇ ਸਨ। ਹਰਪ੍ਰੀਤ ਹੈਪੀ ਖ਼ਿਲਾਫ਼ ਪਹਿਲਾਂ ਵੀ ਕਤਲ ਦੀ ਕੋਸ਼ਿਸ਼ ਵਰਗੇ ਗੰਭੀਰ ਮਾਮਲੇ ਦਰਜ ਹਨ। ਹੈਪੀ ਪਹਿਲਾਂ ਪੁਲਿਸ ਨੂੰ ਚਕਮਾ ਦੇ ਕੇ ਭੱਜ ਗਿਆ ਸੀ, ਜਿਸ ਕਾਰਨ ਇੱਕ ਪੁਲਿਸ ਮੁਲਾਜ਼ਮ 'ਤੇ ਵੀ ਕਾਰਵਾਈ ਹੋਈ ਸੀ। ਜਾਣਕਾਰੀ ਮੁਤਾਬਕ ਇਹ ਦੋਵੇਂ ਮੁਲਜ਼ਮ ਲੱਕੀ ਹੱਤਿਆਕਾਂਡ ਦੇ ਮੁੱਖ ਸ਼ੂਟਰ ਦੀ ਰੇਕੀ ਕਰਨ ਅਤੇ ਉਸ ਨੂੰ ਲੁਕਾਉਣ ਵਿੱਚ ਵੀ ਮਦਦਗਾਰ ਸਨ। ਥਾਣਾ ਡਵੀਜ਼ਨ ਨੰਬਰ-1 ਵਿੱਚ ਮੁਲਜ਼ਮਾਂ ਖ਼ਿਲਾਫ਼ ਅਸਲਾ ਐਕਟ ਅਤੇ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

# ਅੰਮ੍ਰਿਤਸਰ ਪੁਲਿਸ ਵਲੋਂ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ

## ✪ ਮੌਜੂਦਾ ਆਪ ਪਾਰਟੀ ਨਾਲ ਸਬੰਧਿਤ ਸਰਪੰਚ ਸਣੇ 3 ਗ੍ਰਿਫ਼ਤਾਰ, ਕਰੋੜਾਂ ਦੀ ਹੈਰੋਇਨ ਬਰਾਮਦ



ਅੰਮ੍ਰਿਤਸਰ-ਸਰਹੱਦੀ ਜ਼ਿਲ੍ਹੇ ਵਿੱਚ ਨਸ਼ਾ ਤਸਕਰੀ ਵਿਰੁੱਧ ਵਿੱਢੀ ਮੁਹਿੰਮ ਤਹਿਤ ਅੰਮ੍ਰਿਤਸਰ ਪੁਲਿਸ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ ਜਦੋਂ ਪੁਲਿਸ ਨੇ ਆਪ ਪਾਰਟੀ ਨਾਲ ਸਬੰਧਿਤ ਇੱਕ ਮੌਜੂਦਾ ਸਰਪੰਚ ਲਵਪ੍ਰੀਤ ਸਿੰਘ, ਸਿਮਰਪ੍ਰੀਤ ਸਿੰਘ: ਨਿਵਾਸੀ ਪੱਤੀ ਸੁੱਹ, ਵੇਰਕਾ, ਬਲਵੰਤ ਸਿੰਘ: ਨਿਵਾਸੀ ਵੇਰਕਾ ਨੂੰ ਭਾਰੀ ਮਾਤਰਾ ਵਿੱਚ ਨਸ਼ੀਲੇ ਪਦਾਰਥਾਂ 4 ਕਿਲੋ 300 ਗ੍ਰਾਮ ਹੈਰੋਇਨ ਅਤੇ ਇੱਕ .30 ਬੋਰ ਪਿਸਤੌਲ ਸਮੇਤ ਕਾਬੂ ਕੀਤਾ। ਮੌਜੂਦਾ ਸਰਪੰਚ ਲਵਪ੍ਰੀਤ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਅਦ ਇਲਾਕੇ ਵਿੱਚ ਸਨਸਨੀ ਫੈਲ ਗਈ ਹੈ। ਗ੍ਰਿਫ਼ਤਾਰੀ ਤੋਂ ਤੁਰੰਤ ਬਾਅਦ ਸਰਪੰਚ ਦੀਆਂ ਕਈ ਸਿਆਸੀ ਆਗੂਆਂ ਨਾਲ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ, ਜਿਸ ਨੇ ਪੁਲਿਸ ਅਤੇ ਸਿਆਸੀ ਹਲਕਿਆਂ ਵਿੱਚ ਚਰਚਾ ਛੇੜ ਦਿੱਤੀ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁਲਜ਼ਮਾਂ ਵਿਰੁੱਧ ਐੱਨ.ਡੀ.ਪੀ.ਐੱਸ. ਐਕਟ ਅਤੇ ਅਸਲਾ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਿਸ ਇਸ ਗੱਲ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਕਿ ਇਨ੍ਹਾਂ ਤਸਕਰਾਂ ਦੇ ਤਾਰ ਕਿੱਥੇ-ਕਿੱਥੇ ਜੁੜੇ ਹੋਏ ਹਨ ਅਤੇ ਨਸ਼ੇ ਦੀ ਇਹ ਖੇਪ ਕਿੱਥੋਂ ਆਈ ਸੀ।

### ਕੀ ਇਹੀ ਹੈ ਆਪ ਸਰਕਾਰ ਦਾ 'ਯੁੱਧ ਨਸ਼ਿਆਂ ਵਿਰੁੱਧ'?

ਜਲੰਧਰ ਕੈਂਟ ਤੋਂ ਕਾਂਗਰਸੀ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪਰਗਟ ਸਿੰਘ ਨੇ ਆਮ ਆਦਮੀ ਪਾਰਟੀ ਆਗੂ ਤੋਂ ਹੈਰੋਇਨ ਬਰਾਮਦ ਹੋਣ 'ਤੇ ਤਿੱਖਾ ਹਮਲਾ ਬੋਲਿਆ ਹੈ। ਉਨ੍ਹਾਂ ਆਖਿਆ ਕਿ ਪਹਿਲਾਂ ਆਮ ਆਦਮੀ ਪਾਰਟੀ ਦੇ ਇਕ ਸਰਪੰਚ ਅਤੇ ਨਸ਼ਾ ਛੁਡਾਊ ਕਮੇਟੀ ਦੇ ਮੈਂਬਰ ਕੋਲੋਂ 18 ਕਿੱਲੋ ਤੋਂ ਵੱਧ ਹੈਰੋਇਨ ਦੀ ਬਰਾਮਦਗੀ ਹੋਈ ਅਤੇ ਹੁਣ ਮਜੀਠਾ ਦੇ ਪਿੰਡ ਕੋਟ ਹਿਰਦੇ ਰਾਮ ਵਿਚ ਇਕ ਹੋਰ ਆਮ ਆਦਮੀ ਪਾਰਟੀ ਦੇ ਸਰਪੰਚ ਕੋਲੋਂ 4 ਕਿੱਲੋ ਤੋਂ ਵੱਧ ਹੈਰੋਇਨ ਬਰਾਮਦ ਹੋਈ ਹੈ। ਪਰਗਟ ਸਿੰਘ ਨੇ ਇਨ੍ਹਾਂ ਦੋਹਾਂ ਸਰਪੰਚਾਂ ਦਾ ਹਵਾਲਾ ਦਿੰਦਿਆਂ ਆਮ ਆਦਮੀ ਪਾਰਟੀ ਦੀ ਸਰਕਾਰ ਦੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ 'ਤੇ ਵੀ ਸਵਾਲ ਚੁੱਕੇ ਹਨ। ਉਨ੍ਹਾਂ ਆਖਿਆ ਕਿ ਨਸ਼ਾ ਤਸਕਰਾਂ ਦਾ ਸਿਆਸੀ ਗੱਠਜੋੜ ਵਧ ਰਿਹਾ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਉਕਤ ਸਰਪੰਚ ਦੀਆਂ ਆਮ ਆਦਮੀ ਪਾਰਟੀ ਦੇ ਲੀਡਰ ਮਨੀਸ਼ ਸਿਸੋਦੀਆ ਦੇ ਨਾਲ ਤਸਵੀਰ ਵੀ ਸਾਂਝੀ ਕੀਤੀ ਹੈ। ਇਸ ਦੇ ਨਾਲ ਹੀ ਪਰਗਟ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਬਾਕਾਇਦਾ ਟੈਗ ਕਰ ਕੇ ਪੁੱਛਿਆ ਹੈ ਕਿ ਕੀ ਇਹੀ ਹੈ 'ਯੁੱਧ ਨਸ਼ਿਆਂ ਵਿਰੁੱਧ'?

ਸੀਨੀਅਰ ਕਾਂਗਰਸੀ ਆਗੂ ਤੇ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਨਸ਼ਾ ਤਸਕਰੀ ਦੇ ਮਾਮਲੇ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਕਰੜੇ ਹੱਥੀਂ ਲਿਆ ਹੈ। ਉਨ੍ਹਾਂ ਇਸ ਘਟਨਾ ਨੂੰ ਸਰਕਾਰ ਲਈ ਸ਼ਰਮਨਾਕ ਦੱਸਦਿਆਂ ਕਿਹਾ ਕਿ ਸੱਤਾਧਾਰੀ ਪਾਰਟੀ ਦੇ ਨੁਮਾਇੰਦਿਆਂ ਦੀ ਨਸ਼ਾ ਤਸਕਰੀ 'ਚ ਸ਼ਮੂਲੀਅਤ ਚਿੰਤਾ ਦਾ ਵਿਸ਼ਾ ਹੈ। ਬਾਜਵਾ ਨੇ ਇਸ ਘਟਨਾ ਦੀ ਤੁਲਨਾ ਤਰਨਤਾਰਨ ਦੇ ਇੱਕ ਪੁਰਾਣੇ ਮਾਮਲੇ ਨਾਲ ਕੀਤੀ, ਜਿੱਥੇ ਇੱਕ ਹੋਰ 'ਆਪ' ਸਰਪੰਚ ਕੋਲੋਂ 18 ਕਿਲੋ ਹੈਰੋਇਨ ਬਰਾਮਦ ਹੋਈ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਘਟਨਾਵਾਂ ਦੇ ਲਗਾਤਾਰ ਵਾਪਰਨ ਨਾਲ ਇੱਕ ਅਜਿਹਾ ਪੈਟਰਨ ਸਾਹਮਣੇ ਆ ਰਿਹਾ ਹੈ ਜਿਸ ਨੂੰ ਨਜ਼ਰਅੰਦਾਜ਼ ਕਰਨਾ ਮੁਸ਼ਕਲ ਹੈ। ਪ੍ਰਤਾਪ ਸਿੰਘ ਬਾਜਵਾ ਨੇ ਮੰਗ ਕੀਤੀ ਹੈ ਕਿ ਨਾਰਕੋਟਿਕਸ ਕੰਟਰੋਲ ਬਿਊਰੋ ਨੂੰ ਇਸ ਪੂਰੇ ਨੈਕਸਸ ਅਤੇ ਇਸ ਪਿੱਛੇ ਮੌਜੂਦ ਸਿਆਸੀ ਸਬੰਧਾਂ ਦੀ ਡੂੰਘਾਈ ਨਾਲ ਜਾਂਚ ਕਰਨੀ ਚਾਹੀਦੀ ਹੈ ਤਾਂ ਜੋ ਵੱਡੇ ਮਗਰਮੱਛਾਂ ਨੂੰ ਫੜਿਆ ਜਾ ਸਕੇ

ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿ ਕੋਟ ਹਿਰਦੇ ਰਾਮ ਤੋਂ 'ਆਪ' ਸਰਪੰਚ ਲਵਪ੍ਰੀਤ ਸਿੰਘ, ਜੋ ਕਿ ਯੂਥ ਹਲਕਾ ਇੰਚਾਰਜ, ਤਲਬੀਰ ਗਿੱਲ ਦਾ ਪੀਏ ਅਤੇ ਆਮ ਆਦਮੀ ਪਾਰਟੀ ਦਾ ਫਾਈਨੈਂਸਰ ਦੱਸਿਆ ਜਾਂਦਾ ਹੈ, ਨੂੰ 4.5 ਕਿੱਲੋ ਤੋਂ ਵੱਧ ਹੈਰੋਇਨ, ਇੱਕ ਪਿਸਤੌਲ ਅਤੇ ਕਾਰਤੂਸਾਂ ਸਮੇਤ ਕਾਬੂ ਕੀਤਾ ਗਿਆ ਹੈ। ਮਜੀਠੀਆ ਨੇ ਲਵਪ੍ਰੀਤ ਸਿੰਘ ਨੂੰ ਨਸ਼ਾ ਤਸਕਰੀ ਦੀ "ਵੱਡੀ ਮੱਛੀ" ਕਰਾਰ ਦਿੱਤਾ ਹੈ। ਬਿਕਰਮ ਮਜੀਠੀਆ ਨੇ ਗੰਭੀਰ ਇਲਜ਼ਾਮ ਲਗਾਉਂਦਿਆਂ ਕਿਹਾ ਕਿ ਸਿਸਟਮ ਇਸ ਹੱਦ ਤੱਕ ਪ੍ਰਭਾਵਿਤ ਹੈ ਕਿ ਇਲਾਕੇ ਦਾ ਐੱਸਐੱਚਓ ਵੀ ਕਥਿਤ ਤੌਰ 'ਤੇ ਲਵਪ੍ਰੀਤ ਸਿੰਘ ਨੂੰ ਰਿਪੋਰਟ ਕਰਦਾ ਸੀ। ਉਨ੍ਹਾਂ ਕਿਹਾ ਕਿ ਇਸ ਘਟਨਾ ਨੇ 'ਆਪ' ਸਰਕਾਰ ਦੇ "ਨਸ਼ਾ ਵਿਰੋਧੀ ਯੁੱਧ" ਦੇ ਦਾਅਵਿਆਂ ਦੀ ਫੂਕ ਕੱਢ ਦਿੱਤੀ ਹੈ। ਮਜੀਠੀਆ ਨੇ ਇਸ ਪੂਰੇ ਨੈੱਟਵਰਕ ਅਤੇ ਇਸ ਦੇ ਸਿਆਸੀ ਸਬੰਧਾਂ ਦੀ ਗਹਿਰਾਈ ਨਾਲ ਜਾਂਚ ਕਰਨ ਲਈ ਨਾਰਕੋਟਿਕਸ ਕੰਟਰੋਲ ਬਿਊਰੋ ਤੋਂ ਜਾਂਚ ਦੀ ਮੰਗ ਕੀਤੀ ਹੈ।

ਅਕਾਲੀ ਆਗੂ ਨੇ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਇਸ ਮੁੱਦੇ 'ਤੇ ਚੁੱਪੀ 'ਤੇ ਵੀ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ 'ਆਪ' ਲੀਡਰਸ਼ਿਪ ਦੀ ਇਸ ਮਾਮਲੇ ਵਿੱਚ ਚੁੱਪੀ ਸ਼ੱਕ ਨੂੰ ਹੋਰ ਡੂੰਘਾ ਕਰਦੀ ਹੈ।

# ਪੰਜਾਬੀ ਗਾਇਕ ਮਨਕੀਰਤ ਔਲਖ ਨੂੰ ਬੰਬੀਹਾ ਗੈਂਗ ਵੱਲੋਂ ਜਾਨੋਂ ਮਾਰਨ ਦੀ ਧਮਕੀ; ਪੁਲਿਸ ਪ੍ਰਸ਼ਾਸਨ ਵਿਚ ਮਚੀ ਤੜਥਲੀ

ਚੰਡੀਗੜ੍ਹ-ਪੰਜਾਬੀ ਮਿਊਜ਼ਿਕ ਇੰਡਸਟਰੀ ਤੋਂ ਇੱਕ ਬੇਹੱਦ ਚਿੰਤਾਜਨਕ ਖ਼ਬਰ ਸਾਹਮਣੇ ਆ ਰਹੀ ਹੈ। ਮਸ਼ਹੂਰ ਗਾਇਕ ਮਨਕੀਰਤ ਔਲਖ ਨੂੰ ਬੰਬੀਹਾ ਗੈਂਗ ਵੱਲੋਂ ਸਿੱਧੀ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਇਸ ਸਬੰਧੀ ਗੈਂਗਸਟਰ ਲੱਕੀ ਪਟਿਆਲ ਦੀ ਇੱਕ ਕਥਿਤ ਆਡੀਓ ਰਿਕਾਰਡਿੰਗ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ ਨੇ ਸੁਰੱਖਿਆ ਏਜੰਸੀਆਂ ਦੀ ਨੀਂਦ ਉਡਾ ਦਿੱਤੀ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਆਡੀਓ ਵਿੱਚ ਗੈਂਗਸਟਰ ਲੱਕੀ ਪਟਿਆਲ ਵੱਲੋਂ ਬੇਹੱਦ ਸਖ਼ਤ ਸ਼ਬਦਾਵਲੀ ਵਰਤੀ ਗਈ ਹੈ। ਆਡੀਓ ਵਿੱਚ ਚੰਡੀਗੜ੍ਹ ਦੇ ਸੈਕਟਰ 9 ਵਿੱਚ ਹੋਏ ਹਾਲੀਆ ਕਤਲ ਦਾ ਹਵਾਲਾ ਦਿੱਤਾ ਗਿਆ ਹੈ। ਗੈਂਗਸਟਰ ਨੇ ਸਾਫ਼ ਸ਼ਬਦਾਂ ਵਿੱਚ ਚਿਤਾਵਨੀ ਦਿੱਤੀ ਹੈ ਕਿ ਵਿਰੋਧੀਆਂ ਨੂੰ ਇਸ ਕਤਲ ਕਾਰਨ "ਮਿਰਚਾਂ" ਲੱਗੀਆਂ ਹਨ ਅਤੇ ਹੁਣ ਅਗਲੀ ਵਾਰੀ ਮਨਕੀਰਤ ਔਲਖ ਦੀ ਹੈ।



ਕਲਾਕਾਰਾਂ ਦੀ ਸੁਰੱਖਿਆ 'ਤੇ ਮੁੜ ਉੱਠੇ ਸਵਾਲ-ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਪੰਜਾਬੀ ਕਲਾਕਾਰਾਂ ਦੀ ਸੁਰੱਖਿਆ ਹਮੇਸ਼ਾ ਚਰਚਾ ਦਾ ਵਿਸ਼ਾ ਰਹੀ ਹੈ। ਮਨਕੀਰਤ ਔਲਖ ਪਹਿਲਾਂ ਵੀ ਕਈ ਵਾਰ ਗੈਂਗਸਟਰਾਂ ਦੇ ਨਿਸ਼ਾਨੇ 'ਤੇ ਰਹੇ ਹਨ, ਜਿਸ ਕਾਰਨ ਉਨ੍ਹਾਂ ਦੀ ਸੁਰੱਖਿਆ ਪਹਿਲਾਂ ਹੀ ਵਧਾਈ ਗਈ ਸੀ। ਇਸ ਤਾਜ਼ਾ ਧਮਕੀ ਤੋਂ ਬਾਅਦ ਉਨ੍ਹਾਂ ਦੇ ਪ੍ਰਸ਼ੰਸਕਾਂ ਅਤੇ ਪਰਿਵਾਰ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ।

ਪੁਲਿਸ ਪ੍ਰਸ਼ਾਸਨ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਿਹਾ ਹੈ। ਸੂਤਰਾਂ ਅਨੁਸਾਰ ਵਾਇਰਲ ਹੋਈ ਆਡੀਓ ਦੀ ਫੋਰੈਂਸਿਕ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਇਸ ਦੀ ਸੱਚਾਈ ਦਾ ਪਤਾ ਲਗਾਇਆ ਜਾ ਸਕੇ। ਅਜੇ ਤੱਕ ਮਨਕੀਰਤ ਔਲਖ ਜਾਂ ਉਨ੍ਹਾਂ ਦੀ ਟੀਮ ਵੱਲੋਂ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ।

# ਐਰੋਸਿਟੀ ਵਿੱਚ ਗੁਟਕਾ ਸਾਹਿਬ ਦੀ ਬੇਅਦਬੀ; ਸੰਗਤਾਂ ਵਿੱਚ ਭਾਰੀ ਰੋਸ, ਪੁਲਿਸ ਵੱਲੋਂ ਕੇਸ ਦਰਜ

ਜ਼ੀਰਕਪੁਰ-ਜ਼ੀਰਕਪੁਰ ਦੇ ਐਰੋਸਿਟੀ ਖੇਤਰ ਵਿੱਚ ਗੁਟਕਾ ਸਾਹਿਬ ਦੀ ਬੇਅਦਬੀ ਹੋਣ ਦੀ ਮੰਦਭਾਗੀ ਘਟਨਾ ਸਾਹਮਣੇ ਆਈ ਹੈ। ਐਰੋਸਿਟੀ ਦੇ ਐੱਚ-ਬਲਾਕ ਵਿੱਚ ਗੁਟਕਾ ਸਾਹਿਬ ਦੇ ਅੰਗ ਖਿੱਲਰੇ ਹੋਏ ਮਿਲਣ ਤੋਂ ਬਾਅਦ ਪੂਰੇ ਇਲਾਕੇ ਵਿੱਚ ਤਣਾਅ ਅਤੇ ਸਿੱਖ ਸੰਗਤਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ, ਐਰੋਸਿਟੀ ਦੇ ਐੱਚ-ਬਲਾਕ ਵਿੱਚ ਸੜਕ ਦੇ ਵਿਚਕਾਰ ਬਣੀ ਇੱਕ ਸਮਾਧੀ ਦੇ ਨੇੜੇ ਗੁਟਕਾ ਸਾਹਿਬ ਦੇ ਪਵਿੱਤਰ ਅੰਗ ਖਿੱਲਰੇ ਹੋਏ ਮਿਲੇ। ਸ਼ਾਮ ਨੂੰ ਸੈਰ ਲਈ ਨਿਕਲੇ ਪਿੰਡ ਛੱਤ ਦੇ ਕੁਝ ਵਸਨੀਕਾਂ ਨੇ ਸਭ ਤੋਂ ਪਹਿਲਾਂ ਇਹ ਮੰਦਭਾਗਾ ਦ੍ਰਿਸ਼ ਦੇਖਿਆ ਅਤੇ ਤੁਰੰਤ ਸਥਾਨਕ ਪੁਲਿਸ ਨੂੰ ਸੂਚਨਾ ਦਿੱਤੀ। ਘਟਨਾ ਦੀ ਖ਼ਬਰ ਫੈਲਦਿਆਂ ਹੀ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਅਤੇ ਸਥਾਨਕ ਲੋਕ ਮੌਕੇ 'ਤੇ ਇਕੱਠੇ ਹੋ ਗਏ। ਲੋਕਾਂ ਨੇ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਇਸ ਨੂੰ ਧਾਰਮਿਕ ਭਾਵਨਾਵਾਂ ਭੜਕਾਉਣ ਵਾਲੀ ਕਾਰਵਾਈ ਕਰਾਰ ਦਿੱਤਾ ਹੈ।



ਪੁਲਿਸ ਦੀ ਕਾਰਵਾਈ-ਸੂਚਨਾ ਮਿਲਦੇ ਹੀ ਜ਼ੀਰਕਪੁਰ ਥਾਣਾ ਮੁਖੀ ਇੰਸਪੈਕਟਰ ਸਤਿੰਦਰ ਸਿੰਘ ਪੁਲਿਸ ਟੀਮ ਸਮੇਤ ਮੌਕੇ 'ਤੇ ਪਹੁੰਚੇ। ਪੁਲਿਸ ਨੇ ਸਥਿਤੀ ਨੂੰ ਸੰਭਾਲਦਿਆਂ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

ਪੁਲਿਸ ਵੱਲੋਂ ਇਲਾਕੇ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ ਤਾਂ ਜੋ ਦੋਸ਼ੀਆਂ ਦੀ ਪਛਾਣ ਕੀਤੀ ਜਾ ਸਕੇ।

# ਕੈਨੇਡਾ: ਹਾਈਵੇਅ 'ਤੇ ਦਿਨ-ਦਿਹਾੜੇ ਗੋਲੀਆਂ ਮਾਰ ਕੇ 22 ਸਾਲਾ ਸਿੱਖ ਨੌਜਵਾਨ ਦਾ ਕਤਲ

ਐਡਮਿੰਟਨ-ਐਡਮਿੰਟਨ ਦੇ ਦੱਖਣ ਵਿੱਚ ਹਾਈਵੇਅ 'ਤੇ ਇੱਕ ਬੇਹੱਦ ਖ਼ੌਫ਼ਨਾਕ ਵਾਰਦਾਤ ਸਾਹਮਣੇ ਆਈ ਹੈ। ਭਾਰਤ ਤੋਂ ਪੜ੍ਹਾਈ ਕਰਨ ਗਏ 22 ਸਾਲਾ ਅੰਤਰਰਾਸ਼ਟਰੀ ਵਿਦਿਆਰਥੀ ਬੀਰਇੰਦਰ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ।

ਪੁਲਿਸ ਅਨੁਸਾਰ ਇਹ ਘਟਨਾ ਬੀਤੇ ਸ਼ਨੀਵਾਰ ਦੁਪਹਿਰ ਕਰੀਬ 3 ਵਜੇ ਵਾਪਰੀ। ਬੀਰਇੰਦਰ ਸਿੰਘ ਆਪਣੀ ਕਾਲੇ ਰੰਗ ਦੀ 2012 ਮਾਡਲ ਹੋਡਾ ਸਿਵਿਕ ਕਾਰ ਵਿੱਚ ਹਾਈਵੇਅ 'ਤੇ ਜਾ ਰਿਹਾ ਸੀ। ਇੱਕ ਸਲੇਟੀ ਰੰਗ ਦਾ 2022 ਫੋਰਡ ਪਿਕਅੱਪ ਟਰੱਕ ਉਸਦੀ ਕਾਰ ਦੇ ਬਰਾਬਰ ਆਇਆ।ਟਰੱਕ ਵਿੱਚ ਸਵਾਰ ਕਿਸੇ ਵਿਅਕਤੀ ਨੇ ਚਲਦੀ ਗੱਡੀ ਵਿੱਚੋਂ ਬੀਰਇੰਦਰ 'ਤੇ ਅੰਨ੍ਹੇਵਾਹ ਫਾਇਰਿੰਗ ਕਰ ਦਿੱਤੀ।

ਗੋਲੀਆਂ ਲੱਗਣ ਦੇ ਬਾਵਜੂਦ ਬੀਰਇੰਦਰ ਨੇ ਹਿੰਮਤ ਕਰਕੇ ਗੱਡੀ ਸੜਕ ਕਿਨਾਰੇ ਰੋਕ ਲਈ, ਪਰ ਜ਼ਖ਼ਮਾਂ ਦੀ ਤਾਬ ਨਾ



ਸਹਿਣ ਕਰਕੇ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ।

## ਵਰਲਡ ਸਿੱਖ ਆਰਗੇਨਾਈਜ਼ੇਸ਼ਨ ਦੀ ਮੰਗ: 'ਨਫ਼ਰਤੀ ਅਪਰਾਧ' ਦਾ ਸ਼ੱਕ

ਕੈਨੇਡਾ ਦੀ ਪ੍ਰਮੁੱਖ ਸਿੱਖ ਜਥੇਬੰਦੀ 'ਵਰਲਡ ਸਿੱਖ ਆਰਗੇਨਾਈਜ਼ੇਸ਼ਨ' ਨੇ ਇਸ ਕਤਲ 'ਤੇ ਡੂੰਘੇ ਦੁੱਖ ਅਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ।

ਵਰਲਡ ਸਿੱਖ ਆਰਗੇਨਾਈਜ਼ੇਸ਼ਨ ਦੇ ਪ੍ਰਧਾਨ ਦਾਨਿਸ਼ ਸਿੰਘ ਨੇ ਮੰਗ ਕੀਤੀ ਹੈ ਕਿ ਪੁਲਿਸ ਇਸ ਨੂੰ 'ਹੇਟ ਕ੍ਰਾਈਮ' (ਨਫ਼ਰਤੀ ਅਪਰਾਧ) ਦੇ ਪੱਖ ਤੋਂ ਜ਼ਰੂਰ ਜਾਂਚੇ। ਉਨ੍ਹਾਂ ਕਿਹਾ ਕਿ ਕੈਨੇਡਾ ਵਿੱਚ ਸਿੱਖ ਵਿਰੋਧੀ ਨਫ਼ਰਤ ਦੀਆਂ ਘਟਨਾਵਾਂ ਵਧ ਰਹੀਆਂ ਹਨ, ਇਸ ਲਈ ਇਹ ਦੇਖਣਾ ਜ਼ਰੂਰੀ ਹੈ ਕਿ ਕੀ ਬੀਰਇੰਦਰ ਨੂੰ ਉਸਦੀ ਸਿੱਖ ਪਛਾਣ ਕਾਰਨ ਨਿਸ਼ਾਨਾ ਬਣਾਇਆ ਗਿਆ ਹੈ।

## ਪੁਲਿਸ ਦੀ ਕਾਰਵਾਈ ਅਤੇ ਜਾਂਚ ਦੀ ਸਥਿਤੀ

ਆਰਸੀਐਮਪੀ ਦੇ ਬੁਲਾਰੇ ਕਾਰਪੋਰਲ ਟ੍ਰੋਏ ਸਾਵਿਨਕੋਫ ਨੇ ਦੱਸਿਆ ਕਿ ਪੁਲਿਸ ਨੇ ਸ਼ੱਕੀ ਫੋਰਡ ਟਰੱਕ ਨੂੰ ਬਰਾਮਦ ਕਰ ਲਿਆ ਹੈ, ਪਰ ਅਜੇ ਤੱਕ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ। ਪੁਲਿਸ ਅਜੇ ਤੱਕ ਕਤਲ ਦੇ ਅਸਲ ਕਾਰਨਾਂ ਤੱਕ ਨਹੀਂ ਪਹੁੰਚ ਸਕੀ। ਹਾਲਾਂਕਿ ਉਨ੍ਹਾਂ ਨੇ 'ਹੇਟ ਕ੍ਰਾਈਮ' ਦੀ ਸੰਭਾਵਨਾ ਨੂੰ ਨਕਾਰਿਆ ਨਹੀਂ ਹੈ। ਚਸ਼ਮਦੀਦਾਂ ਅਨੁਸਾਰ ਸ਼ੱਕੀ ਟਰੱਕ ਕਾਫੀ ਦੇਰ ਤੋਂ ਹਾਈਵੇਅ 'ਤੇ ਹਮਲਾਵਰ ਤਰੀਕੇ ਨਾਲ ਚੱਲ ਰਿਹਾ ਸੀ। ਅਜੇ ਤੱਕ ਇਹ ਸਾਬਤ ਨਹੀਂ ਹੋਇਆ ਕਿ ਬੀਰਇੰਦਰ ਅਤੇ ਹਮਲਾਵਰ ਵਿਚਕਾਰ ਪਹਿਲਾਂ ਤੋਂ ਕੋਈ ਜਾਣ-ਪਛਾਣ ਜਾਂ ਦੁਸ਼ਮਣੀ ਸੀ।

ਇਹ ਘਟਨਾ ਕੈਨੇਡਾ ਵਿੱਚ ਪੜ੍ਹਨ ਗਏ ਹਜ਼ਾਰਾਂ ਭਾਰਤੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਚਿੰਤਾ ਦਾ ਵਿਸ਼ਾ ਹੈ। ਦਿਨ-ਦਿਹਾੜੇ ਇੱਕ ਵਿਅਸਤ ਹਾਈਵੇਅ 'ਤੇ ਅਜਿਹੀ ਵਾਰਦਾਤ ਹੋਣਾ ਕੈਨੇਡਾ ਦੀ ਕਾਨੂੰਨ ਵਿਵਸਥਾ 'ਤੇ ਸਵਾਲ ਖੜ੍ਹੇ ਕਰਦਾ ਹੈ।


ਬੀਰਇੰਦਰ ਅਜੇ ਸਿਰਫ਼ 22 ਸਾਲਾਂ ਦਾ ਸੀ ਅਤੇ ਆਪਣੇ ਸੁਪਨੇ ਪੂਰੇ ਕਰਨ ਵਿਦੇਸ਼ ਗਿਆ ਸੀ। ਉਸਦੇ ਭਰਾ ਨੇ ਬੀਰਇੰਦਰ ਦੀ ਦੇਹ ਭਾਰਤ ਭੇਜਣ ਦੇ ਖਰਚੇ ਲਈ ਫੰਡ ਇਕੱਠਾ ਕਰਨਾ ਸ਼ੁਰੂ ਕੀਤਾ ਹੈ, ਜੋ ਕਿਸੇ ਵੀ ਪਰਿਵਾਰ ਲਈ ਬੇਹੱਦ ਦੁਖਦਾਈ ਸਥਿਤੀ ਹੈ।

ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਉਸ ਦਿਨ ਦੀ ਕੋਈ ਡੈਸ਼ਕੈਮ ਫੁਟੇਜ ਜਾਂ ਜਾਣਕਾਰੀ ਹੈ, ਤਾਂ ਉਹ ਤੁਰੰਤ ਸਾਹਮਣੇ ਆਉਣ। ਕੈਨੇਡਾ ਵਿੱਚ ਰਹਿੰਦੇ ਸਿੱਖ ਭਾਈਚਾਰੇ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਵਿੱਚ ਇਸ ਘਟਨਾ ਤੋਂ ਬਾਅਦ ਸਹਿਮ ਦਾ ਮਾਹੌਲ ਹੈ।

# ਪਾਕਿਸਤਾਨ: ਈਸਾਈ ਸਕੂਲ ਵਿੱਚ ਸਿੱਖ ਵਿਦਿਆਰਥਣ ਦੀ ਕੇਸਕੀ ਉਤਰਵਾਈ

## ✪ ਪ੍ਰਾਰਥਨਾ ਨਾ ਕਰਨ 'ਤੇ ਅਧਿਆਪਕਾਵਾਂ ਨੇ ਕੀਤੀ ਕੁੱਟਮਾਰ

ਇਸਲਾਮਾਬਾਦ-ਪਾਕਿਸਤਾਨ ਦੇ ਜ਼ਿਲ੍ਹਾ ਫੈਸਲਾਬਾਦ (ਲਾਇਲਪੁਰ) ਤੋਂ ਸਿੱਖ ਹਿਰਦਿਆਂ ਨੂੰ



ਵਲੂੰਧਰਨ ਵਾਲੀ ਇੱਕ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਸ਼ਹਿਰ ਦੇ ਇੱਕ ਨਾਮੀ ਈਸਾਈ ਸਕੂਲ ਵਿੱਚ ਪੜ੍ਹਦੀ ਸਿੱਖ ਵਿਦਿਆਰਥਣ ਸਤਨਾਮ ਕੌਰ ਨਾਲ ਨਾ ਸਿਰਫ਼ ਧਾਰਮਿਕ ਵਿਤਕਰਾ ਕੀਤਾ ਗਿਆ, ਬਲਕਿ ਉਸ ਦੀ ਕੇਸਕੀ (ਛੋਟੀ ਦਸਤਾਰ) ਉਤਰਵਾ ਕੇ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਵੀ ਕੀਤੀ ਗਈ। ਪੀੜਤ ਬੱਚੀ ਦੀ ਮਾਂ ਮਨਮੀਤ ਕੌਰ ਨੇ ਸਕੂਲ ਪ੍ਰਬੰਧਕਾਂ 'ਤੇ ਗੰਭੀਰ ਦੋਸ਼ ਲਗਾਏ ਹਨ। ਮਨਮੀਤ ਕੌਰ ਅਨੁਸਾਰ, ਸਕੂਲ ਵਿੱਚ ਬੱਚੀ 'ਤੇ ਮਸੀਹੀ ਪ੍ਰਾਰਥਨਾ ਕਰਨ ਲਈ ਦਬਾਅ ਪਾਇਆ ਗਿਆ। ਜਦੋਂ ਸਤਨਾਮ ਕੌਰ ਨੇ ਪ੍ਰਾਰਥਨਾ ਕਰਨ ਤੋਂ ਮਨਾ ਕਰ ਦਿੱਤਾ, ਤਾਂ ਗੁੱਸੇ ਵਿੱਚ ਆਈਆਂ ਅਧਿਆਪਕਾਵਾਂ ਨੇ ਉਸ ਦੀ ਕੇਸਕੀ ਉਤਰਵਾ ਦਿੱਤੀ। ਦੋਸ਼ ਹੈ ਕਿ ਅਧਿਆਪਕਾਵਾਂ ਨੇ ਮਾਸੂਮ ਬੱਚੀ ਦੇ ਢਿੱਡ ਵਿੱਚ ਠੁੱਡੇ ਮਾਰੇ। ਦੱਸਣਯੋਗ ਹੈ ਕਿ ਸਤਨਾਮ ਕੌਰ ਪਹਿਲਾਂ ਹੀ ਅਸਥਮਾ ਸਾਹ ਦੀ ਬਿਮਾਰੀ ਦੀ ਮਰੀਜ਼ ਹੈ। ਜਦੋਂ ਸਤਨਾਮ ਦਰਦ ਨਾਲ ਤੜਫਦੀ ਹੋਈ ਜ਼ਮੀਨ 'ਤੇ ਡਿੱਗ ਪਈ, ਤਾਂ ਉਸ ਦੀ ਭੈਣ (ਜੋ ਉਸੇ ਸਕੂਲ ਵਿੱਚ ਪੜ੍ਹਦੀ ਹੈ) ਉਸ ਨੂੰ ਚੁੱਕਣ ਲਈ ਅੱਗੇ ਵਧੀ। ਪਰ ਅਧਿਆਪਕਾਵਾਂ ਨੇ ਉਸ ਨੂੰ ਇਹ ਕਹਿ ਕੇ ਰੋਕ ਦਿੱਤਾ ਕਿ "ਇਹ ਬੇਹੋਸ਼ ਹੋਣ ਦਾ ਡਰਾਮਾ ਕਰ ਰਹੀ ਹੈ।"

## ਸਿੱਖ ਆਗੂਆਂ ਦੀ ਚੁੱਪ 'ਤੇ ਸਵਾਲ

ਪੀੜਤ ਮਾਂ ਨੇ ਬੇਹੱਦ ਦੁਖੀ ਹਿਰਦੇ ਨਾਲ ਦੱਸਿਆ ਕਿ ਇਸ ਘਿਨਾਉਣੀ ਘਟਨਾ ਦੇ ਬਾਵਜੂਦ, ਪਾਕਿਸਤਾਨ ਦੇ ਸਿੱਖ ਆਗੂਆਂ ਨੇ ਉਨ੍ਹਾਂ ਦੀ ਕੋਈ ਬਾਂਹ ਨਹੀਂ ਫੜੀ। ਸਕੂਲ ਪ੍ਰਬੰਧਕਾਂ ਖ਼ਿਲਾਫ਼ ਕਾਰਵਾਈ ਦੀ ਅਪੀਲ ਕਰਨ 'ਤੇ ਕਿਸੇ ਵੀ ਸਿੱਖ ਆਗੂ ਨੇ ਹਾਮੀ ਨਹੀਂ ਭਰੀ, ਜਿਸ ਕਾਰਨ ਪੀੜਤ ਪਰਿਵਾਰ ਆਪਣੇ ਆਪ ਨੂੰ ਬੇਸਹਾਰਾ ਮਹਿਸੂਸ ਕਰ ਰਿਹਾ ਹੈ।

## ਪਰਿਵਾਰਕ ਪਿਛੋਕੜ

ਮਨਮੀਤ ਕੌਰ ਦੇ ਕੁੱਲ ਪੰਜ ਬੱਚੇ ਹਨ-ਚਾਰ ਧੀਆਂ (ਸਤਨਾਮ ਕੌਰ, ਅਸ਼ਮੀਤ ਕੌਰ, ਸੁਖਮਨੀ ਕੌਰ, ਸਿਮਰਨ ਕੌਰ) ਅਤੇ ਇੱਕ ਪੁੱਤਰ (ਜੁਝਾਰ ਸਿੰਘ)। ਪਰਿਵਾਰ ਹੁਣ ਆਪਣੀ ਸੁਰੱਖਿਆ ਅਤੇ ਇਨਸਾਫ਼ ਲਈ ਚਿੰਤਤ ਹੈ। ਇਸ ਘਟਨਾ ਨੇ ਪਾਕਿਸਤਾਨ ਵਿੱਚ ਘੱਟ ਗਿਣਤੀਆਂ, ਖ਼ਾਸਕਰ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਅਤੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਵਿਸ਼ਵ ਭਰ ਦੀਆਂ ਸਿੱਖ ਜਥੇਬੰਦੀਆਂ ਨੂੰ ਇਸ ਮਾਮਲੇ ਵਿੱਚ ਦਖ਼ਲ ਦੇਣ ਦੀ ਲੋੜ ਹੈ।

# ਕੈਨੇਡਾ ਨੇ ਪੰਜਾਬ ਦੇ ਦੋ ਗੈਂਗਸਟਰ ਕੀਤੇ ਡਿਪੋਰਟ

## ✪ ਸਟੱਡੀ ਵੀਜ਼ੇ 'ਤੇ ਜਾ ਕੇ ਬਣ ਗਏ ਸਨ ਅਪਰਾਧੀ

ਓਟਾਵਾ/ਨਵੀਂ ਦਿੱਲੀ-ਕੈਨੇਡਾ ਸਰਕਾਰ ਨੇ ਸੰਗਠਿਤ ਅਪਰਾਧ ਅਤੇ ਫਿਰੌਤੀ ਦੇ ਮਾਮਲਿਆਂ ਵਿੱਚ ਸ਼ਾਮਲ ਪੰਜਾਬ ਨਾਲ ਸਬੰਧਤ ਦੋ ਗੈਂਗਸਟਰਾਂ ਨੂੰ ਦੇਸ਼ ਵਿੱਚੋਂ ਬਾਹਰ ਕੱਢ ਦਿੱਤਾ (ਡਿਪੋਰਟ ਕਰ ਦਿੱਤਾ) ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਇਹ ਸਖ਼ਤ ਕਾਰਵਾਈ ਕਰਦਿਆਂ ਅਰਸ਼ਦੀਪ ਸਿੰਘ ਅਤੇ ਸੁਖਨਾਜ ਸਿੰਘ ਨੂੰ ਵਾਪਸ ਭਾਰਤ ਭੇਜ ਦਿੱਤਾ ਹੈ।



ਅਰਸ਼ਦੀਪ ਸਿੰਘ ਸਾਲ 2022 ਵਿੱਚ ਸਟੱਡੀ ਪਰਮਿਟ ਉੱਤੇ ਕੈਨੇਡਾ ਗਿਆ ਸੀ। ਕੈਨੇਡਾ ਪਹੁੰਚਣ ਤੋਂ ਕੁਝ ਸਮੇਂ ਬਾਅਦ ਹੀ ਉਹ ਅਪਰਾਧਿਕ ਗਿਰੋਹਾਂ ਦੇ ਸੰਪਰਕ ਵਿੱਚ ਆ ਗਿਆ।

ਨਵੰਬਰ 2025 ਵਿੱਚ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਜਾਂਚ ਵਿੱਚ ਪਾਇਆ ਗਿਆ ਕਿ ਉਹ ਜ਼ਬਰਨ ਵਸੂਲੀ , ਗੋਲੀਬਾਰੀ, ਨਸ਼ਾ ਤਸਕਰੀ ਅਤੇ ਗੈਰ-ਕਾਨੂੰਨੀ ਹਥਿਆਰਾਂ ਦੇ ਨੈੱਟਵਰਕ ਦਾ ਅਹਿਮ ਹਿੱਸਾ ਸੀ। ਕੈਨੇਡਾ ਦੇ 'ਇਮੀਗ੍ਰੇਸ਼ਨ ਐਂਡ ਰਿਫਊਜੀ ਬੋਰਡ' ਨੇ ਉਸ ਨੂੰ ਦੇਸ਼ ਦੀ ਸੁਰੱਖਿਆ ਲਈ ਖ਼ਤਰਾ ਐਲਾਨਿਆ ਹੋਇਆ ਸੀ।

ਸੁਖਨਾਜ ਸਿੰਘ 2016 ਤੋਂ ਕੈਨੇਡਾ ਵਿੱਚ ਅਸਥਾਈ ਨਿਵਾਸੀ ਵਜੋਂ ਰਹਿ ਰਿਹਾ ਸੀ। ਉਸ ਨੂੰ ਵੀ ਸੰਗਠਿਤ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਕਾਰਨ ਨਵੰਬਰ 2025 ਵਿੱਚ ਹਿਰਾਸਤ ਵਿੱਚ ਲਿਆ ਗਿਆ ਸੀ।

ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਦੱਸਿਆ ਕਿ ਉਹ ਹੁਣ ਤੱਕ ਅਜਿਹੇ 35 ਅਪਰਾਧੀਆਂ ਨੂੰ ਡਿਪੋਰਟ ਕਰ ਚੁੱਕੇ ਹਨ। ਏਜੰਸੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿਇਹ ਕਾਰਵਾਈ ਉਨ੍ਹਾਂ ਲੋਕਾਂ ਲਈ ਇੱਕ ਵੱਡੀ ਚਿਤਾਵਨੀ ਹੈ ਜੋ ਕੈਨੇਡਾ ਦੀ ਧਰਤੀ ਦੀ ਵਰਤੋਂ ਅਪਰਾਧਿਕ ਗਤੀਵਿਧੀਆਂ ਲਈ ਕਰਨਾ ਚਾਹੁੰਦੇ ਹਨ। ਕੈਨੇਡਾ ਵਿੱਚ ਅਪਰਾਧ ਕਰਨ ਵਾਲਿਆਂ ਲਈ ਕੋਈ ਥਾਂ ਨਹੀਂ ਹੈ।"

## ਮੁੱਖ ਬਿੰਦੂ

ਦੋਸ਼: ਫਿਰੌਤੀਆਂ ਮੰਗਣਾ, ਹਥਿਆਰਾਂ ਦੀ ਤਸਕਰੀ ਅਤੇ ਸੰਗਠਿਤ ਅਪਰਾਧ।

ਗ੍ਰਿਫ਼ਤਾਰੀ: ਦੋਵਾਂ ਨੂੰ ਨਵੰਬਰ 2025 ਵਿੱਚ ਕਾਬੂ ਕੀਤਾ ਗਿਆ ਸੀ।

ਸੁਨੇਹਾ: ਵਿਦੇਸ਼ ਪੜ੍ਹਨ ਗਏ ਨੌਜਵਾਨਾਂ ਲਈ ਇਹ ਖ਼ਬਰ ਇੱਕ ਸਬਕ ਹੈ ਕਿ ਗ਼ਲਤ ਸੰਗਤ ਜੀਵਨ ਅਤੇ ਭਵਿੱਖ ਦੋਵੇਂ ਬਰਬਾਦ ਕਰ ਸਕਦੀ ਹੈ।

# ਗੈਰ-ਕਾਨੂੰਨੀ ਪਰਵਾਸੀਆਂ ਲਈ ਸੁਨਹਿਰੀ ਮੌਕਾ: ਅਮਰੀਕਾ ਹੁਣ ਖੁਦ ਪੈਸੇ ਦੇ ਕੇ ਵਾਪਸ ਭੇਜੇਗਾ ਵਤਨ

ਖਾਸ ਖਬਰ

## ✪ ਅਮਰੀਕਾ ਦਾ ਵੱਡਾ ਐਲਾਨ: ਦੇਸ਼ ਛੱਡੋ, 2.5 ਲੱਖ ਰੁਪਏ ਤੇ ਮੁਫ਼ਤ ਟਿਕਟ ਪਾਓ!
## ✪ ਗ੍ਰਿਫਤਾਰੀ ਨਹੀਂ, ਸਿਰਫ਼ ਇੱਕ ਐਪ! ਅਮਰੀਕਾ ਨੇ ਬਦਲਿਆ ਡਿਪੋਰਟੇਸ਼ਨ ਦਾ ਅੰਦਾਜ਼

ਅਮਰੀਕਾ ਦੇ ਇਮੀਗ੍ਰੇਸ਼ਨ ਇਤਿਹਾਸ ਵਿੱਚ ਇੱਕ ਨਵਾਂ ਅਧਿਆਇ ਜੁੜ ਗਿਆ ਹੈ। ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ ਨੇ 'ਸੀਬੀਪੀ ਹੋਮ' ਨਾਮਕ ਇੱਕ ਅਜਿਹਾ ਇਨਕਲਾਬੀ ਪ੍ਰੋਗਰਾਮ ਪੇਸ਼ ਕੀਤਾ ਹੈ, ਜੋ ਗੈਰ-ਕਾਨੂੰਨੀ ਪਰਵਾਸੀਆਂ ਨੂੰ ਦੇਸ਼ ਛੱਡਣ ਲਈ ਸਿਰਫ਼ ਮਜਬੂਰ ਨਹੀਂ ਕਰ ਰਿਹਾ, ਸਗੋਂ ਉਨ੍ਹਾਂ ਨੂੰ 2,600 ਡਾਲਰ ਅਤੇ ਮੁਫ਼ਤ ਹਵਾਈ ਟਿਕਟ ਦੀ ਪੇਸ਼ਕਸ਼ ਕਰਕੇ 'ਲਾਲਚ' ਅਤੇ 'ਸਹੂਲਤ' ਦੋਵੇਂ ਦੇ ਰਿਹਾ ਹੈ।



### ਡਿਜੀਟਲ ਦੌਰ ਦੀ ਨਵੀਂ ਡਿਪੋਰਟੇਸ਼ਨ: ਸੀਬੀਪੀ ਹੋਮ ਐਪ

ਹੁਣ ਤੱਕ ਡਿਪੋਰਟੇਸ਼ਨ (ਦੇਸ਼ ਨਿਕਾਲਾ) ਦਾ ਮਤਲਬ ਹੁੰਦਾ ਸੀ-ਪੁਲਿਸ ਦੀ ਛਾਪੇਮਾਰੀ, ਹੱਥਕੜੀਆਂ ਅਤੇ ਜੇਲ੍ਹ। ਪਰ ਇਸ ਨਵੇਂ ਪ੍ਰੋਗਰਾਮ ਨੇ ਇਸ ਨੂੰ ਇੱਕ ਮੋਬਾਈਲ ਐਪ ਤੱਕ ਸੀਮਤ ਕਰ ਦਿੱਤਾ ਹੈ। ਕੋਈ ਵੀ ਵਿਅਕਤੀ ਜੋ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਿਹਾ ਹੈ, ਉਹ ਇਸ ਐਪ 'ਤੇ ਆਪਣਾ ਇਰਾਦਾ ਦਰਜ ਕਰ ਸਕਦਾ ਹੈ। ਐਪ ਰਾਹੀਂ ਮਨਜ਼ੂਰੀ ਮਿਲਣ ਤੋਂ ਬਾਅਦ, ਵਿਅਕਤੀ ਨੂੰ ਆਪਣਾ ਬੋਰਿਆ-ਬਿਸਤਰਾ ਸਮੇਟਣ, ਨਿੱਜੀ ਮਾਮਲੇ ਨਿਬੇੜਨ ਅਤੇ ਪਰਿਵਾਰ ਨੂੰ ਮਿਲਣ ਲਈ 21 ਦਿਨਾਂ ਦਾ ਸਮਾਂ ਦਿੱਤਾ ਜਾਂਦਾ ਹੈ। ਸਭ ਤੋਂ ਵੱਡੀ ਰਾਹਤ ਇਹ ਹੈ ਕਿ ਇਸ ਪ੍ਰਕਿਰਿਆ ਦੌਰਾਨ ਆਈਸੀਈ ਉਸ ਵਿਅਕਤੀ ਨੂੰ ਗ੍ਰਿਫਤਾਰ ਜਾਂ ਨਜ਼ਰਬੰਦ ਨਹੀਂ ਕਰੇਗੀ।

### ਵਿੱਤੀ ਪੈਕੇਜ ਅਤੇ ਲਾਭ: ਕੀ-ਕੀ ਮਿਲੇਗਾ?

ਅਮਰੀਕੀ ਸਰਕਾਰ ਨੇ ਇਸ ਪ੍ਰੋਗਰਾਮ ਨੂੰ ਇੰਨਾ ਆਕਰਸ਼ਕ ਬਣਾਇਆ ਹੈ ਕਿ ਕੋਈ ਵੀ ਇਸ ਬਾਰੇ ਸੋਚਣ ਲਈ ਮਜਬੂਰ ਹੋ ਜਾਵੇ। 2,600 ਡਾਲਰ ਦੀ ਰਾਸ਼ੀ ਸਿੱਧੀ ਤੁਹਾਡੇ ਹੱਥ ਜਾਂ ਖਾਤੇ ਵਿੱਚ ਉਦੋਂ ਮਿਲੇਗੀ ਜਦੋਂ ਤੁਸੀਂ ਆਪਣੇ ਵਤਨ (ਜਿਵੇਂ ਭਾਰਤ) ਪਹੁੰਚ ਜਾਵੋਗੇ। ਇਸ ਲਈ ਬੈਂਕ ਖਾਤੇ ਦੀ ਵੀ ਸ਼ਰਤ ਨਹੀਂ ਹੈ। ਹਵਾਈ ਜਹਾਜ਼ ਦੀ ਟਿਕਟ ਦਾ ਪੂਰਾ ਖਰਚਾ ਅਮਰੀਕੀ ਸਰਕਾਰ ਚੁੱਕੇਗੀ। ਜੇਕਰ ਕਿਸੇ ਉੱਤੇ ਦੇਸ਼ ਨਾ ਛੱਡਣ ਕਾਰਨ ਪਹਿਲਾਂ ਹੀ ਭਾਰੀ ਸਿਵਲ ਜੁਰਮਾਨੇ ਲੱਗੇ ਹੋਏ ਹਨ, ਤਾਂ ਉਹ ਸਾਰੇ ਮੁਆਫ ਕਰ ਦਿੱਤੇ ਜਾਣਗੇ ਜੇਕਰ ਤੁਹਾਡੇ ਨਾਲ ਬੱਚੇ ਹਨ, ਤਾਂ ਉਨ੍ਹਾਂ ਦੀ ਯਾਤਰਾ ਅਤੇ ਕਾਨੂੰਨੀ ਦਸਤਾਵੇਜ਼ ਬਣਾਉਣ ਵਿੱਚ ਵੀ ਡੀਐਚਐਸ ਮਦਦ ਕਰੇਗਾ।

ਬਹੁਤ ਸਾਰੇ ਲੋਕ ਹੈਰਾਨ ਹਨ ਕਿ ਜੋ ਅਮਰੀਕਾ ਕੰਧਾਂ ਬਣਾਉਣ ਦੀ ਗੱਲ ਕਰਦਾ ਸੀ, ਉਹ ਹੁਣ ਪੈਸੇ ਦੇ ਕੇ ਵਾਪਸ ਕਿਉਂ ਭੇਜ ਰਿਹਾ ਹੈ? ਇਸ ਦੇ ਪਿੱਛੇ 'ਗਣਿਤ' ਬਹੁਤ ਸਪੱਸ਼ਟ ਹੈ। ਇੱਕ ਵਿਅਕਤੀ ਨੂੰ ਜ਼ਬਰਦਸਤੀ ਡਿਪੋਰਟ ਕਰਨ 'ਤੇ ਅਮਰੀਕਾ ਨੂੰ ਔਸਤਨ 10,000 ਤੋਂ 15,000 ਡਾਲਰ ਖਰਚਣੇ ਪੈਂਦੇ ਹਨ (ਜਿਸ ਵਿੱਚ ਪੁਲਿਸ, ਅਦਾਲਤ, ਅਤੇ ਜੇਲ੍ਹ ਦਾ ਖਰਚਾ ਸ਼ਾਮਲ ਹੈ)। 2,600 ਡਾਲਰ ਦੇਣਾ ਸਰਕਾਰ ਲਈ ਬਹੁਤ ਵੱਡੀ ਬਚਤ ਹੈ। ਅਮਰੀਕਾ ਦੀਆਂ ਜੇਲ੍ਹਾਂ ਭਰ ਚੁੱਕੀਆਂ ਹਨ। ਮਾਨਵਤਾਵਾਦੀ ਸੰਸਥਾਵਾਂ ਅਕਸਰ ਉੱਥੇ ਰੱਖੇ ਗਏ ਪਰਵਾਸੀਆਂ ਦੀ ਹਾਲਤ 'ਤੇ ਸਵਾਲ ਉਠਾਉਂਦੀਆਂ ਹਨ। ਇਹ ਪ੍ਰੋਗਰਾਮ ਉਨ੍ਹਾਂ ਸਵਾਲਾਂ ਦਾ ਜਵਾਬ ਹੈ। ਐਪ ਰਾਹੀਂ ਡਾਟਾ ਇਕੱਠਾ ਕਰਨਾ ਸਰਕਾਰ ਲਈ ਸੌਖਾ ਹੈ। ਇਸ ਨਾਲ ਉਹ ਜਾਣ ਸਕਦੇ ਹਨ ਕਿ ਕੌਣ-ਕੌਣ ਦੇਸ਼ ਵਿੱਚ ਸੀ ਅਤੇ ਕੌਣ ਵਾਪਸ ਚਲਾ ਗਿਆ ਹੈ।

### ਪਰਵਾਸੀਆਂ ਲਈ 'ਕਾਨੂੰਨੀ ਫਾਇਦਾ'

ਜੇਕਰ ਕੋਈ ਵਿਅਕਤੀ ਜ਼ਬਰਦਸਤੀ ਡਿਪੋਰਟ ਕੀਤਾ ਜਾਂਦਾ ਹੈ, ਤਾਂ ਉਸ 'ਤੇ 10 ਸਾਲ ਤੱਕ ਅਮਰੀਕਾ ਆਉਣ 'ਤੇ ਪਾਬੰਦੀ ਲੱਗ ਸਕਦੀ ਹੈ। ਪਰ 'ਸੀਬੀਪੀ ਹੋਮ' ਤਹਿਤ ਵਾਪਸ ਜਾਣ ਵਾਲਿਆਂ ਲਈ ਭਵਿੱਖ ਦੇ ਰਾਹ ਖੁੱਲ੍ਹੇ ਹੋ ਸਕਦੇ ਹਨ। ਅਮਰੀਕੀ ਅਧਿਕਾਰੀਆਂ ਮੁਤਾਬਕ, ਸਵੈ-ਇੱਛਾ ਨਾਲ ਵਾਪਸ ਜਾਣ ਵਾਲੇ ਵਿਅਕਤੀ ਨੂੰ ਭਵਿੱਖ ਵਿੱਚ ਕਿਸੇ ਕਾਨੂੰਨੀ ਵੀਜ਼ਾ (ਜਿਵੇਂ ਵਰਕ ਵੀਜ਼ਾ) ਲਈ ਅਪਲਾਈ ਕਰਨ ਵੇਲੇ 'ਭਗੌੜਾ' ਨਹੀਂ ਮੰਨਿਆ ਜਾਵੇਗਾ। ਇਹ ਇੱਕ ਵੱਡਾ 'ਪਲੱਸ ਪੁਆਇੰਟ' ਹੈ।

ਭਾਵੇਂ ਇਹ ਯੋਜਨਾ ਕਾਗਜ਼ਾਂ 'ਤੇ ਬਹੁਤ ਵਧੀਆ ਲੱਗਦੀ ਹੈ, ਪਰ ਇਸ ਵਿੱਚ ਕੁਝ ਅੜਿੱਕੇ ਵੀ ਹਨ: ਕੀ ਗੈਰ-ਕਾਨੂੰਨੀ ਪਰਵਾਸੀ ਐਪ 'ਤੇ ਆਪਣਾ ਡਾਟਾ ਦੇ ਕੇ ਸਰਕਾਰ 'ਤੇ ਭਰੋਸਾ ਕਰਨਗੇ? ਇਹ ਯੋਜਨਾ ਸਿਰਫ਼ ਗੈਰ-ਅਪਰਾਧਿਕ ਲੋਕਾਂ ਲਈ ਹੈ। ਜਿਨ੍ਹਾਂ 'ਤੇ ਕੋਈ ਕੇਸ ਹੈ, ਉਨ੍ਹਾਂ ਨੂੰ ਇਸ ਦਾ ਫਾਇਦਾ ਨਹੀਂ ਮਿਲੇਗਾ। ਕੀ ਉਸ ਵੱਡੇ ਕਰਜ਼ੇ ਦੀ ਭਰਪਾਈ ਕਰ ਸਕਣਗੇ ਜੋ ਇੱਕ ਪਰਵਾਸੀ ਨੇ 'ਡੌਂਕੀ' ਰਾਹੀਂ ਅਮਰੀਕਾ ਪਹੁੰਚਣ ਲਈ ਲਿਆ ਹੁੰਦਾ ਹੈ?

ਇਹ ਪ੍ਰੋਗਰਾਮ ਉਨ੍ਹਾਂ ਲਈ 'ਸੁਨਹਿਰੀ ਮੌਕਾ' ਹੈ ਜੋ ਅਮਰੀਕਾ ਵਿੱਚ ਬਿਨਾਂ ਕੰਮ ਅਤੇ ਬਿਨਾਂ ਪਛਾਣ ਦੇ ਸੰਘਰਸ਼ ਕਰ ਰਹੇ ਹਨ। ਇਹ 'ਡਰ ਦੇ ਸਾਏ' ਤੋਂ ਨਿਕਲ ਕੇ ਆਪਣੇ ਵਤਨ ਸਿਰ ਉੱਚਾ ਕਰਕੇ ਜਾਣ ਦਾ ਇੱਕ ਰਸਤਾ ਹੈ।

## ਸੁਖਬੀਰ ਬਾਦਲ ਵੱਲੋਂ ਕੋਟਕਪੂਰਾ ਤੋਂ ਉਮੀਦਵਾਰੀ ਦਾ ਐਲਾਨ



ਕੋਟਕਪੂਰਾ-ਸ਼੍ਰੋਮਣੀ ਅਕਾਲੀ ਦਲ ਨੇ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਆਪਣੀਆਂ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਐਤਵਾਰ ਨੂੰ ਕੋਟਕਪੂਰਾ ਵਿਖੇ ਹੋਈ ਇੱਕ ਵਿਸ਼ਾਲ 'ਪੰਜਾਬ ਬਚਾਓ ਰੈਲੀ' ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੱਡਾ ਐਲਾਨ ਕਰਦਿਆਂ ਸਾਬਕਾ ਵਿਧਾਇਕ ਮਨਤਾਰ ਸਿੰਘ ਬਰਾੜ ਨੂੰ ਕੋਟਕਪੂਰਾ ਹਲਕੇ ਤੋਂ ਅਗਾਮੀ ਚੋਣਾਂ ਲਈ ਅਧਿਕਾਰਤ ਉਮੀਦਵਾਰ ਐਲਾਨ ਦਿੱਤਾ ਹੈ। ਸੁਖਬੀਰ ਬਾਦਲ ਨੇ ਮੌਜੂਦਾ 'ਆਪ' ਸਰਕਾਰ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਸਰਕਾਰ ਬੇਅਦਬੀ ਵਿਰੁੱਧ ਕਾਨੂੰਨ ਬਣਾਉਣ ਦੇ ਨਾਂ 'ਤੇ ਸਿਰਫ਼ ਡਰਾਮੇਬਾਜ਼ੀ ਕਰ ਰਹੀ ਹੈ।

## ਦਿਲਜੀਤ ਦੁਸਾਂਝ ਦਾ 'ਦਿਲ-ਲੁਮੀਨਾਟੀ ਟੂਰ' ਬਣਿਆ ਭਾਰਤੀ ਇਤਿਹਾਸ ਦਾ ਸਭ ਤੋਂ ਕਾਮਯਾਬ ਕੰਸਰਟ; ਕਮਾਏ 943 ਕਰੋੜ ਰੁਪਏ

ਚੰਡੀਗੜ੍ਹ-ਪੰਜਾਬੀ ਗਾਇਕ ਅਤੇ ਗਲੋਬਲ ਸਟਾਰ ਦਿਲਜੀਤ ਦੁਸਾਂਝ ਨੇ ਆਪਣੇ 'ਦਿਲ-ਲੁਮੀਨਾਟੀ ਟੂਰ' ਰਾਹੀਂ ਭਾਰਤੀ ਮਨੋਰੰਜਨ ਜਗਤ ਵਿੱਚ ਨਵਾਂ ਇਤਿਹਾਸ ਸਿਰਜ ਦਿੱਤਾ ਹੈ। EY (Ernst & Young) ਦੀ ਤਾਜ਼ਾ ਰਿਪੋਰਟ ਅਨੁਸਾਰ, ਇਹ ਟੂਰ ਭਾਰਤ ਵਿੱਚ ਹੁਣ ਤੱਕ ਦਾ ਸਭ ਤੋਂ ਵੱਧ ਮਾਲੀਆ ਪੈਦਾ ਕਰਨ ਵਾਲਾ ਮਿਊਜ਼ਿਕ ਕੰਸਰਟ ਬਣ ਗਿਆ ਹੈ। ਦਿਲਜੀਤ ਦੇ ਇਸ ਟੂਰ ਨੇ ਭਾਰਤੀ ਆਰਥਿਕਤਾ ਵਿੱਚ 943 ਕਰੋੜ ਰੁਪਏ ਦਾ ਯੋਗਦਾਨ ਪਾਇਆ ਹੈ। ਰਿਪੋਰਟ ਅਨੁਸਾਰ ਕੁੱਲ ਕਮਾਈ: 943 ਕਰੋੜ ਰੁਪਏ ਕੀਤੀ। 276 ਕਰੋੜ ਰੁਪਏ (ਮੁੱਖ ਤੌਰ 'ਤੇ ਟਿਕਟਾਂ ਦੀ ਵਿਕਰੀ ਤੋਂ)। 553 ਕਰੋੜ ਰੁਪਏ (ਹੋਟਲ, ਖਾਣਾ-ਪੀਣਾ, ਸੈਰ-ਸਪਾਟਾ ਅਤੇ ਟ੍ਰੈਵਲ ਰਾਹੀਂ)। ਦਿਲਜੀਤ ਵੱਲੋਂ ਲਗਭਗ 114 ਕਰੋੜ ਰੁਪਏ ਦਾ ਟੈਕਸ ਅਦਾ ਕੀਤਾ ਗਿਆ ਹੈ।

### 1.18 ਲੱਖ ਲੋਕਾਂ ਨੂੰ ਮਿਲਿਆ ਰੁਜ਼ਗਾਰ



ਇਹ ਟੂਰ ਸਿਰਫ਼ ਮਨੋਰੰਜਨ ਤੱਕ ਸੀਮਤ ਨਹੀਂ ਰਿਹਾ, ਸਗੋਂ ਇਸ ਨੇ ਵੱਡੇ ਪੱਧਰ 'ਤੇ ਰੁਜ਼ਗਾਰ ਦੇ ਮੌਕੇ ਵੀ ਪੈਦਾ ਕੀਤੇ। ਲੌਜਿਸਟਿਕਸ, ਸੁਰੱਖਿਆ, ਅਤੇ ਸਥਾਨਕ ਵਿਕਰੇਤਾਵਾਂ ਸਮੇਤ ਲਗਭਗ 1,18,000 ਲੋਕਾਂ ਨੂੰ ਇਸ ਟੂਰ ਸਦਕਾ ਕੰਮ ਮਿਲਿਆ। ਟੂਰ ਦੌਰਾਨ ਲਗਭਗ 38% ਦਰਸ਼ਕ ਦੂਜੇ ਸ਼ਹਿਰਾਂ ਤੋਂ ਪਹੁੰਚੇ ਸਨ, ਜਿਨ੍ਹਾਂ ਵਿੱਚੋਂ 20% ਲੋਕਾਂ ਨੇ ਕੰਸਰਟ ਵਾਲੇ ਸ਼ਹਿਰ ਵਿੱਚ ਆਪਣਾ ਰਹਿਣ ਦਾ ਸਮਾਂ ਵਧਾਇਆ, ਜਿਸ ਨਾਲ ਸਥਾਨਕ ਪਰਾਹੁਣਚਾਰੀ ਖੇਤਰ ਨੂੰ ਭਾਰੀ ਫਾਇਦਾ ਹੋਇਆ।

### ਛੋਟੇ ਸ਼ਹਿਰਾਂ ਦਾ ਵੱਡਾ ਯੋਗਦਾਨ

ਰਿਪੋਰਟ ਵਿੱਚ ਇੱਕ ਦਿਲਚਸਪ ਤੱਥ ਸਾਹਮਣੇ ਆਇਆ ਹੈ ਕਿ ਕੰਸਰਟ ਦੇਖਣ ਵਾਲੇ 49% ਲੋਕ ਟਿਅਰ-2 ਅਤੇ ਟਿਅਰ-3 ਸ਼ਹਿਰਾਂ ਤੋਂ ਸਨ। ਇਹ ਦਰਸਾਉਂਦਾ ਹੈ ਕਿ ਪੰਜਾਬੀ ਸੰਗੀਤ ਦਾ ਕ੍ਰੇਜ਼ ਹੁਣ ਸਿਰਫ਼ ਵੱਡੇ ਮਹਾਨਗਰਾਂ ਤੱਕ ਹੀ ਸੀਮਤ ਨਹੀਂ ਰਿਹਾ। ਦਿਲਜੀਤ ਨੇ 2024 ਦੇ ਅਖੀਰਲੇ ਦੋ ਮਹੀਨਿਆਂ ਵਿੱਚ ਦਿੱਲੀ, ਹੈਦਰਾਬਾਦ, ਅਹਿਮਦਾਬਾਦ, ਪੁਣੇ, ਕੋਲਕਾਤਾ ਅਤੇ ਚੰਡੀਗੜ੍ਹ ਸਮੇਤ ਕੁੱਲ 13 ਸ਼ਹਿਰਾਂ ਵਿੱਚ 14 ਸ਼ੋਅ ਕੀਤੇ। Zomato Live ਰਾਹੀਂ 3,20,000 ਤੋਂ ਵੱਧ ਟਿਕਟਾਂ ਦੀ ਵਿਕਰੀ ਹੋਈ, ਹਾਲਾਂਕਿ ਮਾਹਰਾਂ ਦਾ ਮੰਨਣਾ ਹੈ ਕਿ ਜੇਕਰ ਟਿਕਟਾਂ ਦੀ ਕਾਲਾਬਾਜ਼ਾਰੀ ਨਾ ਹੁੰਦੀ ਤਾਂ ਇਹ ਅੰਕੜਾ ਹੋਰ ਵੀ ਵੱਡਾ ਹੋ ਸਕਦਾ ਸੀ।

# ਭਾਰਤੀ ਆਈਟੀ ਸੈਕਟਰ ’ਤੇ ਮੰਡਰਾ ਰਹੇ ਨੇ ਖ਼ਤਰੇ ਦੇ ਬੱਦਲ

## ✪ ਕੀ ਏਆਈ ਖਾ ਜਾਵੇਗੀ ਲੱਖਾਂ ਨੌਕਰੀਆਂ ? ✪ ਗਲੋਬਲ ਪੱਧਰ ’ਤੇ ਚੱਲ ਰਹੇ ਤਣਾਅ ਕਾਰਨ ਕੰਪਨੀਆਂ ਨਵੇਂ ਨਿਵੇਸ਼ ਤੋਂ ਡਰਨ ਲਗੀਆਂ

### ਨਿਊਜ਼ ਸਟੋਰੀ

ਭਾਰਤ ਦਾ ਆਈਟੀ ਸੈਕਟਰ, ਜਿਸ ਨੇ ਪਿਛਲੇ ਸਾਢੇ ਤਿੰਨ ਦਹਾਕਿਆਂ ਵਿੱਚ ਦੇਸ਼ ਦੀ ਅਰਥ-ਵਿਵਸਥਾ ਦੀ ਨੁਹਾਰ ਬਦਲੀ ਅਤੇ ਲੱਖਾਂ ਨੌਜਵਾਨਾਂ ਨੂੰ ਵ੍ਹਾਈਟ-ਕਾਲਰ ਨੌਕਰੀਆਂ ਦਿੱਤੀਆਂ, ਅੱਜ ਇੱਕ ਵੱਡੇ ਸੰਕਟ ਦੇ ਮੁਹਾਣੇ ’ਤੇ ਖੜ੍ਹਾ ਹੈ। ਆਰਟੀਫ਼ਿਸ਼ਲ ਇੰਟੈਲੀਜੈਂਸ ਦੇ ਉਭਾਰ ਨੇ ਇਸ 300 ਅਰਬ ਡਾਲਰ ਦੀ ਇੰਡਸਟਰੀ ਦੇ ਰਵਾਇਤੀ ਬਿਜ਼ਨਸ ਮਾਡਲ ’ਤੇ ਸਵਾਲੀਆ ਨਿਸ਼ਾਨ ਲਗਾ ਦਿੱਤੇ ਹਨ।

ਪਿਛਲੇ ਕੁਝ ਹਫ਼ਤਿਆਂ ਵਿੱਚ ਭਾਰਤੀ ਆਈਟੀ ਕੰਪਨੀਆਂ ਦੇ ਸ਼ੇਅਰਾਂ ਵਿੱਚ ਜ਼ਬਰਦਸਤ ਗਿਰਾਵਟ ਦੇਖੀ ਗਈ ਹੈ। ਨਿਫਟੀ ਆਈਟੀ ਇੰਡੈਕਸ ਇਸ ਸਾਲ ਲਗਭਗ 20% ਤੱਕ ਡਿੱਗ ਚੁੱਕਾ ਹੈ। ਨਿਵੇਸ਼ਕਾਂ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ। ਇਹ ਘਬਰਾਹਟ ਉਦੋਂ ਵਧੀ ਜਦੋਂ ਐਂਥਰੋਪਿਕ ਵਰਗੀਆਂ ਕੰਪਨੀਆਂ ਨੇ ਅਜਿਹੇ ਏਆਈ ਟੂਲ ਪੇਸ਼ ਕੀਤੇ ਜੋ ਡਾਟਾ ਅਤੇ ਕੰਪਲਾਇੰਸ ਨਾਲ ਜੁੜੇ ਗੁੰਝਲਦਾਰ ਕੰਮਾਂ ਨੂੰ ਆਟੋਮੇਟ ਕਰ ਸਕਦੇ ਹਨ।

#### ਨੌਕਰੀਆਂ ਅਤੇ ਬਿਜ਼ਨਸ ਮਾਡਲ ’ਤੇ ਅਸਰ

ਮਾਹਿਰਾਂ ਦਾ ਮੰਨਣਾ ਹੈ ਕਿ ਏਆਈ ਭਾਰਤੀ ਆਈਟੀ ਕੰਪਨੀਆਂ ਦੇ “ਬੈਕ-ਆਫਿਸ” ਮਾਡਲ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਸਕਦਾ ਹੈ।

ਕੁਝ ਟੈੱਕ ਮਾਹਿਰਾਂ ਅਨੁਸਾਰ, 2030 ਤੱਕ ਐਂਟ੍ਰੀ-ਲੇਵਲ ਦੀਆਂ 50% ਨੌਕਰੀਆਂ ਖ਼ਤਮ ਹੋ ਸਕਦੀਆਂ ਹਨ।

ਜੈਫਰੀਜ਼ ਅਨੁਸਾਰ, ਅਗਲੇ 5 ਸਾਲਾਂ ਵਿੱਚ ਰੇਵਿਨਿਊ ਵਾਧਾ 3% ਤੱਕ ਘਟ ਸਕਦਾ ਹੈ ਅਤੇ 2031 ਤੋਂ ਬਾਅਦ ਇਹ ਪੂਰੀ ਤਰ੍ਹਾਂ ਰੁਕ ਸਕਦਾ ਹੈ।

ਬਿਲਿੰਗ ਮਾਡਲ ਵਿੱਚ ਬਦਲਾਅ: ਹੁਣ ਕੰਪਨੀਆਂ ‘ਕੰਮ ਦੇ ਘੰਟਿਆਂ’ ਦੀ ਬਜਾਏ ‘ਨਤੀਜਿਆਂ’ ਦੇ ਅਧਾਰ ’ਤੇ ਪੈਸੇ ਮੰਗ ਰਹੀਆਂ ਹਨ।

#### ਕੀ ਉਮੀਦ ਦੀ ਕਿਰਨ ਹੈ

ਹਾਲਾਂਕਿ ਖ਼ਤਰਾ ਵੱਡਾ ਹੈ, ਪਰ ਇੰਫੋਸਿਸ ਵਰਗੀਆਂ ਵੱਡੀਆਂ ਕੰਪਨੀਆਂ ਦੇ ਮੁਖੀਆਂ ਦਾ ਨਜ਼ਰੀਆ ਵੱਖਰਾ ਹੈ:

“ਏਆਈ ਨਵੀਆਂ ਸੰਭਾਵਨਾਵਾਂ ਵੀ ਪੈਦਾ ਕਰੇਗੀ। ਜਿੱਥੇ 9.2 ਕਰੋੜ ਪੁਰਾਣੀਆਂ ਨੌਕਰੀਆਂ ਪ੍ਰਭਾਵਿਤ ਹੋ ਸਕਦੀਆਂ ਹਨ, ਉੱਥੇ ਹੀ 17 ਕਰੋੜ ਨਵੀਆਂ ਨੌਕਰੀਆਂ (ਜਿਵੇਂ ਏਆਈ ਇੰਜੀਨੀਅਰ, ਡਾਟਾ ਐਨੋਟੇਟਰ) ਪੈਦਾ ਹੋਣ ਦੀ ਉਮੀਦ ਹੈ।” - ਸਲਿਲ ਪਾਰੇਖ, ਸੀਈਓ, ਇੰਫੋਸਿਸ

#### ਹੋਰ ਬਾਹਰੀ ਚੁਣੌਤੀਆਂ

ਸਿਰਫ਼ ਏਆਈ ਹੀ ਨਹੀਂ, ਭਾਰਤੀ ਆਈਟੀ ਸੈਕਟਰ ਹੋਰ ਵੀ ਕਈ ਮੁਸ਼ਕਲਾਂ ਨਾਲ ਜੂਝ ਰਿਹਾ ਹੈ। ਅਮਰੀਕਾ ਵਿੱਚ ਨਵੀਂ ਵੀਜ਼ਾ ਫੀਸ ਕਾਰਨ ਕੰਪਨੀਆਂ ਦੇ ਖਰਚੇ ਵਿੱਚ 100 ਤੋਂ 250 ਮਿਲੀਅਨ ਡਾਲਰ ਦਾ ਵਾਧਾ ਹੋ ਸਕਦਾ ਹੈ।

ਗਲੋਬਲ ਪੱਧਰ ’ਤੇ ਚੱਲ ਰਹੇ ਤਣਾਅ ਕਾਰਨ ਕੰਪਨੀਆਂ ਨਵੇਂ ਨਿਵੇਸ਼ ਤੋਂ ਡਰ ਰਹੀਆਂ ਹਨ।

ਭਾਰਤੀ ਆਈਟੀ ਉਦਯੋਗ ਇੱਕ ਵੱਡੇ ਬਦਲਾਅ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਹਾਲਾਂਕਿ ਰਵਾਇਤੀ ਨੌਕਰੀਆਂ ’ਤੇ ਖ਼ਤਰਾ ਹੈ, ਪਰ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਕੰਪਨੀਆਂ ਆਪਣੇ ਆਪ ਨੂੰ ਨਵੀਂ ਤਕਨੀਕ ਅਨੁਸਾਰ ਢਾਲ ਲੈਂਦੀਆਂ ਹਨ, ਤਾਂ ਉਹ ਇਸ ਸੰਕਟ ਨੂੰ ਮੌਕੇ ਵਿੱਚ ਬਦਲ ਸਕਦੀਆਂ ਹਨ।

## ਕੀ ਕਰਨ ਆਈਟੀ ਨਾਲ ਜੁੜੇ ਨੌਜਵਾਨ

ਏਆਈ ਦੇ ਇਸ ਦੌਰ ਵਿੱਚ ਆਪਣੇ ਕਰੀਅਰ ਨੂੰ ਸੁਰੱਖਿਅਤ ਰੱਖਣ ਅਤੇ ਆਈਟੀ ਸੈਕਟਰ ਵਿੱਚ ਬਣੇ ਰਹਿਣ ਲਈ, ਨੌਜਵਾਨਾਂ ਨੂੰ ਆਪਣੇ ਹੁਨਰ ਵਿੱਚ ਵੱਡੀ ਤਬਦੀਲੀ ਲਿਆਉਣ ਦੀ ਲੋੜ ਹੈ। ਇੱਥੇ ਕੁਝ ਅਜਿਹੇ ਪ੍ਰਮੁੱਖ ਖੇਤਰ ਅਤੇ ਕੋਰਸ ਹਨ ਜੋ ਆਉਣ ਵਾਲੇ ਸਮੇਂ ਵਿੱਚ ਸਭ ਤੋਂ ਵੱਧ ਮੰਗ ਵਿੱਚ ਰਹਿਣਗੇ:

1. ਜਨਰੇਟਿਵ ਏਆਈ ਅਤੇ ਪ੍ਰੌਂਪਟ ਇੰਜੀਨੀਅਰਿੰਗ

ਸਿਰਫ਼ ਕੋਡ ਲਿਖਣਾ ਹੁਣ ਕਾਫ਼ੀ ਨਹੀਂ ਹੈ। ਹੁਣ ਅਜਿਹੇ ਇੰਜੀਨੀਅਰਾਂ ਦੀ ਲੋੜ ਹੈ ਜੋ ਏਆਈ ਟੂਲਸ (ਜਿਵੇਂ ChatGPT, Claude, GitHub Copilot) ਦੀ ਵਰਤੋਂ ਕਰਕੇ ਤੇਜ਼ੀ ਨਾਲ ਕੰਮ ਕਰ ਸਕਣ।

ਏਆਈ ਨੂੰ ਸਹੀ ਨਿਰਦੇਸ਼ (Prompts) ਦੇਣਾ, ਏਆਈ ਮਾਡਲਾਂ ਨੂੰ ਕਸਟਮਾਈਜ਼ ਕਰਨਾ। ਤੁਸੀਂ 10 ਘੰਟੇ ਦਾ ਕੰਮ 2 ਘੰਟੇ ਵਿੱਚ ਕਰ ਸਕੋਗੇ।

2. ਡਾਟਾ ਸਾਇੰਸ ਤੇ ਐਨਾਲਿਟਿਕਸ

ਏਆਈ ਡਾਟਾ ’ਤੇ ਚੱਲਦੀ ਹੈ। ਜਿਨ੍ਹਾਂ ਨੂੰ ਡਾਟਾ ਨੂੰ ਸਮਝਣ, ਸਾਫ਼ ਕਰਨ ਅਤੇ ਉਸ ਤੋਂ ਸਿੱਟੇ ਕੱਢਣ ਦੀ ਮੁਹਾਰਤ ਹੋਵੇਗੀ, ਉਨ੍ਹਾਂ ਦੀ ਮੰਗ ਕਦੇ ਘੱਟ ਨਹੀਂ ਹੋਵੇਗੀ।

Python, R, SQL ਅਤੇ ਮਸ਼ੀਨ ਲਰਨਿੰਗ (Machine Learning) ਐਲਗੋਰਿਦਮ ਨੂੰ ਸਿਖਣ ਦੀ ਲੋੜ ਹੈ।



Google Data Analytics ਜਾਂ IBM Data Science Professional Certificate ਕੋਰਸ ਕਰਨ ਦੀ ਲੋੜ ਹੈ।

3. ਸਾਈਬਰ ਸੁਰੱਖਿਆ

ਜਿੰਨੀ ਜ਼ਿਆਦਾ ਤਕਨੀਕ ਵਧੇਗੀ, ਓਨਾ ਹੀ ਹੈਕਿੰਗ ਅਤੇ ਡਾਟਾ ਚੋਰੀ ਦਾ ਖ਼ਤਰਾ ਵਧੇਗਾ। ਏਆਈ ਖ਼ੁਦ ਸਾਈਬਰ ਹਮਲਿਆਂ ਲਈ ਵਰਤੀ ਜਾ ਰਹੀ ਹੈ, ਇਸ ਲਈ ਇਸ ਨੂੰ ਰੋਕਣ ਵਾਲੇ ਮਾਹਿਰਾਂ ਦੀ ਬਹੁਤ ਲੋੜ ਹੈ।

Ethical Hacking, Cloud Security ਅਤੇ Network Defense ਸਿਖਣ ਦੀ ਲੋੜ ਹੈ।

4. ਕਲਾਊਡ ਕੰਪਿਊਟਿੰਗ

ਸਾਰੀਆਂ ਵੱਡੀਆਂ ਕੰਪਨੀਆਂ ਆਪਣਾ ਡਾਟਾ ਕਲਾਊਡ ’ਤੇ ਸ਼ਿਫਟ ਕਰ ਰਹੀਆਂ ਹਨ। ਏਆਈ ਸਿਸਟਮ ਵੀ ਕਲਾਊਡ ’ਤੇ ਹੀ ਚੱਲਦੇ ਹਨ।

ਪਲੇਟਫਾਰਮ: AWS (ਐਮਾਜ਼ੋਨ ਵੈਬ ਸਰਵਿਸਿਜ਼ ), ਮਾਈਕਰੋਸਾਫਟ ਏਜ਼ੂਅਰ, ਜਾਂ ਗੂਗਲ ਕਲਾਊਡ (ਜੀਸੀਪੀ)।

ਇਹ ਆਈਟੀ ਇੰਡਸਟਰੀ ਦੀ ਰੀੜ੍ਹ ਦੀ ਹੱਡੀ ਹੈ।

5. ਸਾਫਟ ਸਕਿੱਲਜ਼: ਜੋ ਏਆਈ ਨਹੀਂ ਕਰ ਸਕਦੀ। ਵਿਸ਼ਲੇਸ਼ਣ ਮੁਤਾਬਕ, ਏਆਈ ਕੋਡ ਤਾਂ ਲਿਖ ਸਕਦੀ ਹੈ ਪਰ ਉਹ “ਇਨਸਾਨੀ ਭਾਵਨਾਵਾਂ” ਅਤੇ “ਜਟਿਲ ਫੈਸਲੇ” ਨਹੀਂ ਲੈ ਸਕਦੀ।

#### ਕੀ ਵਿਕਸਿਤ ਕਰੀਏ:

ਸਮੱਸਿਆ ਨੂੰ ਨਵੇਂ ਤਰੀਕੇ ਨਾਲ ਹੱਲ ਕਰਨਾ।

ਗਾਹਕਾਂ ਦੀਆਂ ਲੋੜਾਂ ਨੂੰ ਸਮਝਣਾ ਅਤੇ ਉਨ੍ਹਾਂ ਨਾਲ ਰਿਸ਼ਤਾ ਬਣਾਉਣਾ।

ਨਵੀਂ ਤਕਨੀਕ ਨੂੰ ਤੇਜ਼ੀ ਨਾਲ ਸਿੱਖਣ ਦੀ ਸਮਰੱਥਾ।

ਮੁਫ਼ਤ ਸਿੱਖਣ ਲਈ ਵਧੀਆ ਸਰੋਤ Platforms)@:

Coursera & edX: ਯੂਨੀਵਰਸਿਟੀਆਂ ਦੇ ਸਰਟੀਫਾਈਡ ਕੋਰਸ।

Udemy: ਸਸਤੇ ਅਤੇ ਪ੍ਰੈਕਟੀਕਲ ਕੋਰਸ।

YouTube: 'FreeCodeCamp' ਜਾਂ 'Krish Naik' ਵਰਗੇ ਚੈਨਲ ਏਆਈ ਸਿੱਖਣ ਲਈ ਬਹੁਤ ਵਧੀਆ ਹਨ।

LinkedIn Learning: ਪੇਸ਼ੇਵਰ ਨੈੱਟਵਰਕਿੰਗ ਦੇ ਨਾਲ ਸਿੱਖਣ ਲਈ।

# ਪੰਜਾਬ ਵਿਚ ‘ਬਾਹੂਬਲੀ’ ਸੱਭਿਆਚਾਰ ਦਾ ਖ਼ਤਰਾ

## ✪ ਪ੍ਰਤਾਪ ਸਿੰਘ ਬਾਜਵਾ ਨੇ ਆਪ ਸਰਕਾਰ ਨੂੰ ਘੇਰਿਆ ✪ ਬੇਅਦਬੀਆਂ ਤੇ ਪਾਣੀ ਦਾ ਮਸਲਾ ਉਠਾਇਆ

ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸੂਬੇ ਦੀ ਸਿਆਸਤ ਵਿੱਚ ਵਧ ਰਹੇ ਅਪਰਾਧਿਕ ਪ੍ਰਭਾਵ ’ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੀ ਹੁਣ ਬਿਹਾਰ ਵਾਂਗ ‘ਬਾਹੂਬਲੀ’ ਸੱਭਿਆਚਾਰ ਪੈਦਾ ਹੋ ਰਿਹਾ ਹੈ, ਜੋ ਲੋਕਤੰਤਰ ਲਈ ਖ਼ਤਰਨਾਕ ਹੈ। ਬਾਜਵਾ ਨੇ ਸਿਆਸੀ ਪਾਰਟੀਆਂ ਵੱਲੋਂ ਗੈਂਗਸਟਰਾਂ ਦੇ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਨੂੰ ਚੋਣ ਮੈਦਾਨ ਵਿੱਚ ਉਤਾਰਨ ਦੀ ਸਖ਼ਤ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਜਿਸ ਰਫ਼ਤਾਰ ਨਾਲ ਅਪਰਾਧਿਕ ਪਿਛੋਕੜ ਵਾਲੇ ਲੋਕਾਂ ਦੇ ਨੇੜਲਿਆਂ ਨੂੰ ਰਾਜਨੀਤੀ ਵਿੱਚ ਲਿਆਂਦਾ ਜਾ ਰਿਹਾ ਹੈ, ਅਗਲੀ ਵਿਧਾਨ ਸਭਾ ਵਿੱਚ ਅੱਧਾ ਦਰਜਨ ਦੇ ਕਰੀਬ ਅਜਿਹੇ ਵਿਧਾਇਕ ਹੋਣਗੇ। ਬਾਜਵਾ ਮੁਤਾਬਕ ‘ਆਪ’ ਦੇ ਅੱਧਾ ਦਰਜਨ ਤੋਂ ਵੱਧ ਵਿਧਾਇਕ ਵੱਖ-ਵੱਖ ਕੇਸਾਂ ਵਿੱਚ ਫਸੇ ਹੋਏ ਹਨ। ਉਨ੍ਹਾਂ ਖਡੂਰ ਸਾਹਿਬ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦਾ ਹਵਾਲਾ ਦਿੰਦਿਆਂ ਕਿਹਾ ਕਿ



ਸਜ਼ਾ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਅਹੁਦੇ ਤੋਂ ਨਹੀਂ ਹਟਾਇਆ ਗਿਆ, ਜੋ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਹੈ। ਬਾਜਵਾ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਹਰਿਆਣਾ ਅਤੇ ਭਾਜਪਾ ਨਾਲ ਸਮਝੌਤਾ ਕਰ ਲਿਆ ਹੈ, ਜਿਸ ਕਾਰਨ ਉਹ ਹੁਣ ਪਾਣੀਆਂ ਦੇ ਮੁੱਦੇ ’ਤੇ ਹਰਿਆਣਾ ਖ਼ਿਲਾਫ਼ ਬੋਲਣ ਦੀ ਬਜਾਏ ਰਾਜਸਥਾਨ ਦੀ ਗੱਲ ਕਰਨ ਲੱਗ ਪਏ ਹਨ।

ਉਨ੍ਹਾਂ ਕਿਹਾ ਕਿ ਕੇਂਦਰ ਨੇ ਭਾਖੜਾ ਡੈਮ ’ਤੇ ਸੀਆਈਐਸਐਫ ਤੈਨਾਤ ਕਰ ਦਿੱਤੀ ਹੈ ਅਤੇ ਰਾਜ ਸਰਕਾਰ ਚੰਡੀਗੜ੍ਹ ਦੇ ਹੱਕਾਂ ਦਾ ਜ਼ਿਕਰ ਕਰਨਾ ਵੀ ਛੱਡ ਚੁੱਕੀ ਹੈ। ਬੇਅਦਬੀ, ਬਰਗਾੜੀ ਇਨਸਾਫ਼, ਨਸ਼ਾ ਤਸਕਰੀ ਅਤੇ ਨਾਜਾਇਜ਼ ਮਾਈਨਿੰਗ ਨੂੰ ਰੋਕਣ ਵਿੱਚ ਸਰਕਾਰ ਪੂਰੀ ਤਰ੍ਹਾਂ ਅਸਫਲ ਸਾਬਤ ਹੋਈ ਹੈ।

# ਪੰਜਾਬੀਆਂ ਦੀ ਈਰਾਨ ਨਾਲ ਹਮਦਰਦੀ ਕਿਉਂ ?

## ✪ ਪਰਮਜੀਤ ਸਿੰਘ ਸਰਨਾ ਨੇ ਈਰਾਨੀ ਦੂਤਘਰ ਵਿੱਚ ਸੋਗ ਪੁਸਤਕ ਉੱਤੇ ਦਸਤਖਤ ਕਿਉਂ ਕੀਤੇ ?





**ਖਾਸ ਖਬਰ**

ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲ੍ਹ ਅਲੀ ਖਾਮਨੇਈ ਦੀ 28 ਫਰਵਰੀ 2026 ਨੂੰ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਸ਼ੁਰੂ ਕੀਤੇ ਗਏ ਵੱਡੇ ਪੱਧਰ ਦੇ ਹਮਲਿਆਂ ਵਿੱਚ ਮੌਤ ਨੇ ਪੂਰੇ ਵਿਸ਼ਵ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਹ ਹਮਲੇ ਈਰਾਨ ਦੇ ਨਿਊਕਲੀਅਰ ਪ੍ਰੋਗਰਾਮ ਅਤੇ ਖੇਤਰੀ ਵਿਵਾਦਾਂ ਨੂੰ ਲੈ ਕੇ ਸ਼ੁਰੂ ਹੋਏ ਸਨ, ਜਿਸ ਵਿੱਚ ਖਾਮਨੇਈ ਤਹਿਰਾਨ ਵਿੱਚ ਆਪਣੇ ਕੰਪਾਊਂਡ ਵਿੱਚ ਮਾਰੇ ਗਏ ਸਨ। ਈਰਾਨ ਨੇ ਇਸ ਨੂੰ “ਸ਼ਹਾਦਤ” ਦੱਸ ਕੇ 40 ਦਿਨਾਂ ਦਾ ਸੋਗ ਐਲਾਨ ਕੀਤਾ ਸੀ ਅਤੇ ਦੇਸ਼ ਭਰ ਵਿੱਚ ਵੱਡੇ ਪੱਧਰ ਤੇ ਸੋਗ ਸਭਾਵਾਂ ਹੋ ਰਹੀਆਂ ਹਨ। ਵਿਸ਼ਵ ਭਰ ਵਿੱਚ ਪ੍ਰਤੀਕਿਰਿਆਵਾਂ ਹੋ ਰਹੀਆਂ ਹਨ - ਕੁਝ ਦੇਸ਼ਾਂ ਨੇ ਈਰਾਨ ਉਪਰ ਹਮਲੇ ਨੂੰ ਅਮਰੀਕਾ-ਇਜ਼ਰਾਈਲ ਦੀ ਅਤਿਆਚਾਰ ਵਜੋਂ ਨਿੰਦਾ ਕੀਤੀ ਹੈ, ਜਦਕਿ ਕੁਝ ਨੇ ਚੁੱਪੀ ਸਾਧ ਲਈ ਹੈ। ਪਰ ਪੰਜਾਬ ਵਿੱਚ ਇਸ ਘਟਨਾ ਨੇ ਬਹੁਤ ਡੂੰਘੀ ਹਮਦਰਦੀ ਪੈਦਾ ਕੀਤੀ ਹੈ। ਕੁਝ ਜਥੇਬੰਦੀਆਂ ਇਸ ਨੂੰ ਇੱਕ ਸੰਪ੍ਰਭੂ ਰਾਜ ਦੇ ਮੁਖੀ ਦੀ ਹੱਤਿਆ ਮੰਨ ਰਹੇ ਹਨ ਅਤੇ ਈਰਾਨ ਉੱਤੇ ਚੱਲ ਰਿਹਾ ਯੁੱਧ ਨੂੰ ਅਨੁਚਿਤ ਅਤੇ ਜ਼ੁਲਮ ਵਜੋਂ ਵੇਖ ਰਹੇ ਹਨ।

ਪੰਜਾਬ ਵਿੱਚ ਹਮਦਰਦੀ ਦੇ ਪ੍ਰਤੀਕ ਵਜੋਂ ਹਾਲ ਹੀ ਵਿੱਚ ਕਈ ਘਟਨਾਵਾਂ ਵਾਪਰੀਆਂ ਹਨ। 9 ਮਾਰਚ ਨੂੰ ਅਕਾਲੀ ਦਲ (ਦਿੱਲੀ ਯੂਨਿਟ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਦੀ ਅਗਵਾਈ ਵਿੱਚ ਸਿੱਖਾਂ ਦੀ ਇੱਕ ਵੱਡਾ ਜਥਾ ਨਵੀਂ ਦਿੱਲੀ ਵਿੱਚ ਈਰਾਨੀ ਦੂਤਘਰ ਪਹੁੰਚਿਆ। ਉਨ੍ਹਾਂ ਨੇ ਅਯਾਤੁੱਲ੍ਹ ਅਲੀ ਖਾਮਨੇਈ ਦੇ ਸੋਗ ਸੰਦੇਸ਼ ਪੁਸਤਕ ਉੱਤੇ ਦਸਤਖਤ ਕੀਤੇ ਸਨ, ਅਰਦਾਸ ਕੀਤੀ ਸੀ ਅਤੇ ਈਰਾਨ ਦੇ ਲੋਕਾਂ ਨਾਲ ਹਮਦਰਦੀ ਪ੍ਰਗਟ ਕੀਤੀ ਸੀ। ਪਰਮਜੀਤ ਸਿੰਘ ਸਰਨਾ ਨੇ ਇਸ ਨੂੰ “ਸ਼ਾਂਤੀ ਅਤੇ ਇਨਸਾਫ਼ ਲਈ ਪ੍ਰਾਰਥਨਾ” ਦੱਸਿਆ ਸੀ ਅਤੇ ਕਿਹਾ ਸੀ ਕਿ ਸਿੱਖ ਕੌਮ ਜ਼ੁਲਮ ਵਿਰੁੱਧ ਹਮੇਸ਼ਾ ਖੜ੍ਹੀ ਰਹਿੰਦੀ ਹੈ। ਇਹ ਕਦਮ ਅਕਾਲੀ ਦਲ ਦੀ ਪੰਥਕ ਰਾਜਨੀਤੀ ਨੂੰ ਵੀ ਮਜ਼ਬੂਤ ਕਰਦਾ ਹੈ, ਜੋ 2027 ਦੀਆਂ ਚੋਣਾਂ ਤੋਂ ਪਹਿਲਾਂ ਸਿੱਖ ਭਾਈਚਾਰੇ ਵਿੱਚ ਆਪਣੀ ਪਕੜ ਮਜ਼ਬੂਤ ਕਰਨ ਲਈ ਜਦੋਜਹਿਦ ਕਰ ਰਿਹਾ ਹੈ।

ਪੰਜਾਬ ਵਿੱਚ ਈਰਾਨ ਪ੍ਰਤੀ ਹਮਦਰਦੀ ਦੇ ਕਈ ਕਾਰਨ ਹਨ, ਜੋ ਸਦੀਆਂ ਪੁਰਾਣੇ ਇਤਿਹਾਸ, ਧਰਮ, ਭਾਸ਼ਾ, ਸੱਭਿਆਚਾਰ ਅਤੇ ਵਪਾਰ ਨਾਲ ਜੁੜੇ ਹੋਏ ਹਨ। ਸਭ ਤੋਂ ਪਹਿਲਾਂ ਧਾਰਮਿਕ ਅਤੇ ਅਧਿਆਤਮਿਕ ਜੁੜਾਅ ਬਹੁਤ ਮਜ਼ਬੂਤ ਹੈ। ਗੁਰੂ ਸਾਹਿਬ ਨੇ ਆਪਣੀ ਚੌਥੀ ਉਦਾਸੀ ਦੌਰਾਨ ਇਸਲਾਮੀ ਜਗਤ ਦੇ ਪ੍ਰਮੁੱਖ ਕੇਂਦਰਾਂ ਦੀ ਯਾਤਰਾ ਕੀਤੀ ਸੀ। ਤਹਿਰਾਨ ਵਿੱਚ ਅੱਜ ਵੀ ਸਿੱਖ ਭਾਈਚਾਰੇ ਦੀ ਮੌਜੂਦਗੀ ਅਤੇ ਗੁਰਦੁਆਰਾ ਸਾਹਿਬ ਉਸ ਸਾਂਝ ਦੀ ਗਵਾਹੀ ਭਰਦੇ ਹਨ। ਬਾਬਾ ਫ਼ਰੀਦ ਜੀ, ਜਿਨ੍ਹਾਂ ਦੇ ਸ਼ਲੋਕ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ, ਇਰਾਨੀ ਅਤੇ ਪੰਜਾਬੀ ਸੱਭਿਆਚਾਰ ਵਿਚਕਾਰ ਸਭ ਤੋਂ ਮਜ਼ਬੂਤ ਕੜੀ ਹਨ।

ਸਿੱਖ ਧਰਮ ਵਿੱਚ “ਸ਼ਹਾਦਤ” ਦਾ ਸੰਕਲਪ ਇਸਲਾਮੀ ਅਤੇ ਪਾਰਸੀ ਵਿਚਾਰਾਂ ਤੋਂ ਪ੍ਰੇਰਿਤ ਹੈ - ਜਿੱਥੇ ਕੋਈ ਵਿਅਕਤੀ ਸੱਚ ਅਤੇ ਇਨਸਾਫ਼ ਲਈ ਜਾਨ ਵਾਰ ਦਿੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲਾਂ ਵਿਰੁੱਧ ਜ਼ਫਰਨਾਮਾ ਫਾਰਸੀ ਵਿੱਚ ਲਿਖਿਆ ਸੀ। ਉਨ੍ਹਾਂ ਦੇ ਦਰਬਾਰੀ ਕਵੀ ਭਾਈ ਨੰਦ ਲਾਲ ਨੇ ਫਾਰਸੀ ਵਿੱਚ ਸੂਫੀ ਰਹੱਸ ਅਤੇ ਸਿੱਖ ਸਿਧਾਂਤਾਂ ਨੂੰ ਮਿਲਾ ਕੇ ਰਚਨਾਵਾਂ ਲਿਖੀਆਂ ਸਨ। ਪਹਿਲਵੀ ਰਾਜਵੰਸ਼ (1925-1979) ਦੇ ਸਮੇਂ ਈਰਾਨ ਵਿੱਚ ਲਗਭਗ 10,000 ਸਿੱਖ ਪਰਿਵਾਰ ਰਹਿੰਦੇ ਸਨ ਅਤੇ ਅੱਜ ਵੀ ਤਹਿਰਾਨ ਵਿੱਚ ਲਗਭਗ 2,500 ਸਿੱਖ ਵਸਦੇ ਹਨ, ਜੋ ਗੁਰਦੁਆਰਿਆਂ ਅਤੇ ਸਿੱਖ ਸੰਸਥਾਵਾਂ ਨੂੰ ਚਲਾਉਂਦੇ ਹਨ।

ਸਰਦਾਰ ਪਰਦੁਮਨ ਸਿੰਘ ਚੰਢੋਕ ਵਰਗੇ ਸਿੱਖ ਨੇਤਾਵਾਂ ਨੇ ਈਰਾਨ ਵਿੱਚ ਗੁਰਦੁਆਰੇ ਸਥਾਪਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਸੀ, ਜਿਸ ਦੀ ਅੰਤਿਮ ਅਰਦਾਸ ਵਿੱਚ 16 ਮਾਰਚ ਨੂੰ ਈਰਾਨੀ ਨੁਮਾਇੰਦੇ ਪ੍ਰੋਫੈਸਰ ਅਯਾਤੁੱਲ੍ਹ ਅਬਦੁਲ ਮਜੀਦ ਹਕੀਮ ਇਲਾਹੀ ਗੁਰਦੁਆਰਾ ਰਕਾਬ ਗੰਜ ਸਾਹਿਬ ਪਹੁੰਚੇ ਸਨ।

ਚੰਡੀਗੜ੍ਹ ਯੂਨੀਵਰਸਿਟੀ ਵਿੱਚ ਗੁਰੂ ਨਾਨਕ ਰਿਸਰਚ ਚੇਅਰ ਦੇ ਚੇਅਰਮੈਨ ਹਰਪਾਲ ਸਿੰਘ ਪੰਨੂ ਨੇ ਕਿਹਾ ਕਿ ਇਹ ਸਾਂਝਾ ਸੰਕਲਪ ਪੰਜਾਬ ਵਿੱਚ “ਹੱਦਾ ਨਾਅਰਾ” (ਇਨਸਾਫ਼ ਦੀ ਪੁਕਾਰ) ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਲਈ ਖਾਮਨੇਈ ਦੀ ਮੌਤ ਨੂੰ “ਸ਼ਹੀਦੀ” ਵਜੋਂ ਵੇਖਿਆ ਜਾ ਰਿਹਾ ਹੈ ਅਤੇ ਪੰਜਾਬ ਵਿੱਚ ਇਸ ਨੂੰ ਜ਼ੁਲਮ ਵਿਰੁੱਧ ਖੜ੍ਹੇ ਹੋਣ ਵਾਲੇ ਵਿਅਕਤੀ ਵਜੋਂ ਸਤਿਕਾਰਿਆ ਜਾ ਰਿਹਾ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਿੱਖ ਧਰਮ ਵਿਸ਼ਵਕੋਸ਼ ਵਿਭਾਗ ਦੇ ਪ੍ਰੋਫੈਸਰ ਪਰਮਵੀਰ ਸਿੰਘ ਦੱਸਦੇ ਹਨ ਕਿ ਇਰਾਨ ਨਾਲ ਸਿੱਖਾਂ ਦਾ ਸਬੰਧ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੈ।

ਬਾਕੀ ਹਿਸਾ ਸਫਾ 24 ਤੇ ਪੜ੍ਹੋ

# ਚਾਬਹਾਰ ਬੰਦਰਗਾਹ ਪੰਜਾਬ ਦੀ ਆਰਥਿਕਤਾ ਲਈ ਜ਼ਰੂਰੀ ਕਿਉਂ

ਚਾਬਹਾਰ ਬੰਦਰਗਾਹ ਦਾ ਪ੍ਰੋਜੈਕਟ ਪੰਜਾਬ ਲਈ ਸਿਰਫ਼ ਇੱਕ ਸਮੁੰਦਰੀ ਰਸਤਾ ਨਹੀਂ ਸੀ, ਸਗੋਂ ਇਹ “ਲੈਂਡਲੌਕਡ” (ਚਾਰੋਂ ਪਾਸਿਓਂ ਜ਼ਮੀਨ ਨਾਲ ਘਿਰੇ) ਪੰਜਾਬ ਲਈ ਸੁਨਹਿਰੀ ਭਵਿੱਖ ਦੀ ਚਾਬੀ ਮੰਨਿਆ ਜਾਂਦਾ ਸੀ। ਇਸ ਦੇ ਰੁਕਣ ਜਾਂ ਜੰਗ ਕਾਰਨ ਅਸਥਿਰ ਹੋਣ ਨਾਲ ਪੰਜਾਬ ਦੇ ਉਦਯੋਗਾਂ ’ਤੇ ਬਹੁਤ ਗੰਭੀਰ ਅਤੇ ਬਹੁ-ਪੱਖੀ ਪ੍ਰਭਾਵ ਪੈ ਰਹੇ ਹਨ। ਪੰਜਾਬ ਭਾਰਤ ਦੇ ਬਾਸਮਤੀ ਨਿਰਯਾਤ ਦਾ ਇੱਕ ਵੱਡਾ ਹਿੱਸਾ ਪੈਦਾ ਕਰਦਾ ਹੈ।

ਸਿੱਧੀ ਮਾਰ: ਇਰਾਨ ਪੰਜਾਬੀ ਬਾਸਮਤੀ ਦਾ ਸਭ ਤੋਂ ਵੱਡਾ ਗਾਹਕ ਹੈ। ਚਾਬਹਾਰ ਬੰਦਰਗਾਹ ਰਾਹੀਂ ਇਹ ਮਾਲ ਘੱਟ ਖ਼ਰਚੇ ’ਤੇ ਇਰਾਨ ਅਤੇ ਮੱਧ ਏਸ਼ੀਆ ਪਹੁੰਚਣਾ ਸੀ। ਜੰਗ ਅਤੇ ਪਾਬੰਦੀਆਂ ਕਾਰਨ ਬੈਂਕਿੰਗ ਚੈਨਲ ਰੁਕ ਗਏ ਹਨ, ਜਿਸ ਨਾਲ ਅੰਮ੍ਰਿਤਸਰ ਅਤੇ ਤਰਨਤਾਰਨ ਦੇ ਵੱਡੇ ਰਾਈਸ ਮਿੱਲਰਾਂ ਦੇ ਕਰੋੜਾਂ ਰੁਪਏ ਫਸੇ ਹੋਏ ਹਨ। ਲੁਧਿਆਣਾ ਨੂੰ “ਭਾਰਤ ਦਾ ਮੈਨਚੈਸਟਰ” ਕਿਹਾ ਜਾਂਦਾ ਹੈ, ਜੋ ਗਰਮ ਕੱਪੜਿਆਂ ਲਈ ਮਸ਼ਹੂਰ ਹੈ। ਰੂਸ, ਉਜ਼ਬੇਕਿਸਤਾਨ ਅਤੇ ਕਜ਼ਾਕਿਸਤਾਨ ਵਰਗੇ ਠੰਢੇ ਦੇਸ਼ਾਂ ਵਿੱਚ ਲੁਧਿਆਣਾ ਦੇ ਕੱਪੜਿਆਂ ਦੀ ਭਾਰੀ ਮੰਗ ਹੈ। ਚਾਬਹਾਰ ਬੰਦਰਗਾਹ ਨੇ ਪਾਕਿਸਤਾਨ ਨੂੰ ਬਾਈਪਾਸ ਕਰਕੇ ਇਹ ਰਸਤਾ ਖੋਲ੍ਹਣਾ ਸੀ। ਹੁਣ ਇਹ ਮਾਲ ਮਹਿੰਗੇ ਸਮੁੰਦਰੀ ਰਸਤਿਆਂ ਰਾਹੀਂ ਭੇਜਣਾ ਪੈ ਰਿਹਾ ਹੈ, ਜਿਸ ਨਾਲ ਪੰਜਾਬੀ ਉਦਯੋਗਪਤੀਆਂ ਦੀ ਲਾਗਤ ਵਧ ਗਈ ਹੈ ਅਤੇ ਉਹ ਕੌਮਾਂਤਰੀ ਬਾਜ਼ਾਰ ਵਿੱਚ ਪਛੜ ਰਹੇ ਹਨ। ਜਲੰਧਰ ਦੇ ਹੈਂਡ-ਟੂਲਜ਼ ਉਦਯੋਗ ਲਈ ਕਈ ਖਣਿਜ ਅਤੇ ਕੱਚਾ ਮਾਲ ਮੱਧ ਏਸ਼ੀਆਈ ਦੇਸ਼ਾਂ ਤੋਂ ਆਉਣਾ ਸੌਖਾ ਹੋਣਾ ਸੀ।

ਚੀਨ ਆਪਣੀ ‘ਬੈਲਟ ਐਂਡ ਰੋਡ’ ਨੀਤੀ ਰਾਹੀਂ ਇਨ੍ਹਾਂ ਮੰਡੀਆਂ ’ਤੇ ਕਬਜ਼ਾ ਕਰ ਰਿਹਾ ਹੈ। ਚਾਬਹਾਰ ਦੇ ਰੁਕਣ ਨਾਲ ਪੰਜਾਬੀ ਇੰਜੀਨੀਅਰਿੰਗ ਉਦਯੋਗ ਲਈ ਇਨ੍ਹਾਂ ਦੇਸ਼ਾਂ ਵਿੱਚ ਚੀਨੀ ਮਾਲ ਦਾ ਮੁਕਾਬਲਾ ਕਰਨਾ ਅਸੰਭਵ ਹੁੰਦਾ ਜਾ ਰਿਹਾ ਹੈ।

ਪੰਜਾਬ ਵਿੱਚ ਕਈ ਮਲਟੀ-ਨੈਸ਼ਨਲ ਕੰਪਨੀਆਂ ਨੇ ਇਸ ਉਮੀਦ ਵਿੱਚ ਨਿਵੇਸ਼ ਕਰਨ ਦੀ ਯੋਜਨਾ ਬਣਾਈ ਸੀ ਕਿ ਚਾਬਹਾਰ ਰਾਹੀਂ ਪੰਜਾਬ ਇੱਕ “ਐਕਸਪੋਰਟ ਹੱਬ” ਬਣ ਜਾਵੇਗਾ। ਇਸ ਅਸਥਿਰਤਾ ਕਾਰਨ ਨਵੇਂ ਉਦਯੋਗਿਕ ਯੂਨਿਟ ਹਾਲ ਦੀ ਘੜੀ ਲਗਣੇ ਅਸੰਭਵ ਹਨ।

ਜਦੋਂ ਨਿਰਯਾਤ ਘਟਦਾ ਹੈ, ਤਾਂ ਫੈਕਟਰੀਆਂ ਵਿੱਚ ਉਤਪਾਦਨ ਘੱਟ ਜਾਂਦਾ ਹੈ, ਜਿਸਦਾ ਸਿੱਧਾ ਅਸਰ ਮਜ਼ਦੂਰਾਂ ਅਤੇ ਨੌਜਵਾਨਾਂ ਦੇ ਰੁਜ਼ਗਾਰ ’ਤੇ ਪੈ ਰਿਹਾ ਹੈ।

ਸਿੱਟਾ : ਚਾਬਹਾਰ ਬੰਦਰਗਾਹ ਦਾ ਰੁਕਣਾ ਪੰਜਾਬ ਲਈ ਸਿਰਫ਼ ਇੱਕ ਪ੍ਰੋਜੈਕਟ ਦਾ ਰੁਕਣਾ ਨਹੀਂ, ਸਗੋਂ ਪੰਜਾਬ ਦੀ ਆਰਥਿਕ ਸੁਰਜੀਤੀ ਦੇ ਇੱਕ ਵੱਡੇ ਮੌਕੇ ਦਾ ਖੁੱਸ ਜਾਣਾ ਹੈ। ਜੇਕਰ ਖੇਤਰੀ ਅਸਥਿਰਤਾ ਜਾਰੀ ਰਹਿੰਦੀ ਹੈ, ਤਾਂ ਪੰਜਾਬ ਦੇ ਉਦਯੋਗਾਂ ਨੂੰ ਦੂਰ-ਦੁਰਾਡੇ ਦੀਆਂ ਮੰਡੀਆਂ ਲਈ ਗੁਜਰਾਤ ਜਾਂ ਮੁੰਬਈ ਦੀਆਂ ਬੰਦਰਗਾਹਾਂ ’ਤੇ ਨਿਰਭਰ ਰਹਿਣਾ ਪਵੇਗਾ, ਜੋ ਭੂਗੋਲਿਕ ਤੌਰ ’ਤੇ ਪੰਜਾਬ ਲਈ ਮਹਿੰਗਾ ਸੌਦਾ ਹੈ।

# ਇਰਾਨ-ਇਜ਼ਰਾਈਲ ਜੰਗ ਦੌਰਾਨ ਤਹਿਰਾਨ ਵਿੱਚ ਸਿੱਖ ਭਾਈਚਾਰੇ ਨਾਲ ਸੰਪਰਕ ਟੁੱਟਿਆ, ਪੰਜਾਬ ਵਿੱਚ ਚਿੰਤਾ ਦੀ ਲਹਿਰ

ਇਰਾਨ, ਇਜ਼ਰਾਈਲ ਅਤੇ ਅਮਰੀਕਾ ਵਿਚਾਲੇ ਵਧਦੇ ਫੌਜੀ ਟਕਰਾਅ ਨੇ ਤਹਿਰਾਨ ਵਿੱਚ ਰਹਿ ਰਹੇ ਮੁੱਠੀ ਭਰ ਭਾਰਤੀ ਭਾਈਚਾਰੇ, ਖਾਸ ਕਰਕੇ ਸਿੱਖਾਂ ਲਈ ਗੰਭੀਰ ਸੰਕਟ ਪੈਦਾ ਕਰ ਦਿੱਤਾ ਹੈ। ਤਾਜ਼ਾ ਰਿਪੋਰਟਾਂ ਅਨੁਸਾਰ, ਜੰਗ ਦੇ ਮੈਦਾਨ ਵਿੱਚ ਬਦਲੇ ਹਾਲਾਤਾਂ ਕਾਰਨ ਉੱਥੇ ਰਹਿ ਰਹੇ ਸਿੱਖਾਂ ਨਾਲ ਸੰਪਰਕ ਪੂਰੀ ਤਰ੍ਹਾਂ ਟੁੱਟ ਚੁੱਕਾ ਹੈ, ਜਿਸ ਨਾਲ ਪੰਜਾਬ ਵਿੱਚ ਰਹਿੰਦੇ ਉਨ੍ਹਾਂ ਦੇ ਰਿਸ਼ਤੇਦਾਰਾਂ ਵਿੱਚ ਭਾਰੀ ਚਿੰਤਾ ਪਾਈ ਜਾ ਰਹੀ ਹੈ।ਤਹਿਰਾਨ ਵਿੱਚ ਸਿੱਖਾਂ ਦੀ ਗਿਣਤੀ ਹੁਣ 100 ਤੋਂ ਵੀ ਘੱਟ ਰਹਿ ਗਈ ਹੈ। ਸਿੱਖ ਕਾਰੋਬਾਰੀ ਅਮਰਦੀਪ ਸਿੰਘ ਆਨੰਦ, ਜੋ ਇਸ ਵੇਲੇ ਭਾਰਤ ਵਿੱਚ ਹਨ, ਨੇ ਦੱਸਿਆ ਕਿ ਜੰਗ ਸ਼ੁਰੂ ਹੋਣ ਵਾਲੇ ਦਿਨ ਉਨ੍ਹਾਂ ਦਾ ਸੰਪਰਕ ਉੱਥੇ ਰਹਿ ਰਹੇ ਜਾਣਕਾਰਾਂ ਨਾਲ ਹੋਇਆ ਸੀ, ਪਰ ਉਸ ਤੋਂ ਬਾਅਦ ਕੋਈ ਖ਼ਬਰ ਨਹੀਂ ਮਿਲ ਰਹੀ।

ਗੁਰਦੁਆਰਾ ਸਾਹਿਬ ਬਣਿਆ ਸਹਾਰਾ: ਸਾਲ 1941 ਵਿੱਚ ਸਥਾਪਿਤ 'ਭਾਈ ਗੰਗਾ ਸਿੰਘ ਸਭਾ ਗੁਰਦੁਆਰਾ' ਦਹਾਕਿਆਂ ਤੋਂ ਉੱਥੇ ਆਸਰੇ ਦਾ ਕੇਂਦਰ ਰਿਹਾ ਹੈ। ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਸੰਚਾਰ ਸਾਧਨ ਠੱਪ ਹੋਣ ਕਾਰਨ ਸਿੱਖ ਪਰਿਵਾਰਾਂ ਨੇ ਜਾਂ ਤਾਂ ਗੁਰਦੁਆਰਾ ਸਾਹਿਬ ਵਿੱਚ ਸ਼ਰਨ ਲਈ ਹੈ ਜਾਂ ਉਹ ਸ਼ਹਿਰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਚਲੇ ਗਏ ਹਨ। ਤਹਿਰਾਨ ਸਥਿਤ ਕੇਂਦਰੀ ਵਿਦਿਆਲਿਆ, ਜਿੱਥੇ ਭਾਰਤੀ ਬੱਚੇ ਪੜ੍ਹਦੇ ਹਨ, ਦੀ ਸਥਿਤੀ ਵੀ ਸਪਸ਼ਟ ਨਹੀਂ ਹੈ। ਸਕੂਲ ਦੀਆਂ ਸਾਰੀਆਂ ਪ੍ਰੀਖਿਆਵਾਂ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤੀਆਂ ਗਈਆਂ ਹਨ।

23 ਸਫ਼ੇ ਦੀ ਬਾਕੀ

"ਗੁਰੂ ਨਾਨਕ ਦੇਵ ਜੀ ਨੇ ਆਪਣੀ ਚੌਥੀ ਅਧਿਆਤਮਿਕ ਯਾਤਰਾ ਦੌਰਾਨ ਮੱਕਾ ਦੀ ਯਾਤਰਾ ਕੀਤੀ ਅਤੇ ਇਰਾਨ ਦੇ ਰਸਤੇ ਕਰਤਾਰਪੁਰ ਸਾਹਿਬ ਵਾਪਸ ਪਰਤੇ। ਸਿੱਖਾਂ ਨੇ 1900 ਦੇ ਦਹਾਕੇ ਵਿੱਚ ਇਰਾਨ ਦੇ ਸ਼ਹਿਰ ਜ਼ਾਹੇਦਾਨ (ਜੋ ਪਾਕਿਸਤਾਨ-ਅਫ਼ਗਾਨਿਸਤਾਨ ਸਰਹੱਦ ਦੇ ਨੇੜੇ ਹੈ) ਅਤੇ ਤਹਿਰਾਨ ਵਿੱਚ ਵੱਸਣਾ ਸ਼ੁਰੂ ਕੀਤਾ ਸੀ। ਸਾਲਾਂ ਦੌਰਾਨ ਇਹ ਆਬਾਦੀ ਲਗਾਤਾਰ ਘਟਦੀ ਗਈ ਹੈ ਅਤੇ ਹੁਣ ਇਰਾਨ ਵਿੱਚ ਸਿੱਖਾਂ ਦੀ ਗਿਣਤੀ ਸਿਰਫ਼ ਕੁਝ ਸੌ ਰਹਿ ਗਈ ਹੈ, ਜਿਸ ਦੀ ਸਹੀ ਸੰਖਿਆ ਦਾ ਪਤਾ ਲਗਾਉਣਾ ਮੁਸ਼ਕਲ ਹੈ।"

ਇਤਿਹਾਸਕ ਤੌਰ ਤੇ ਪੰਜਾਬ ਪਾਰਸੀ ਸਾਮਰਾਜ ਦਾ ਹਿੱਸਾ ਰਿਹਾ ਹੈ। ਦਾਰੀਅਸ ਦੇ ਰਾਜ ਵਿੱਚ ਪੰਜਾਬ ਪਾਰਸੀ ਖੇਤਰ ਸੀ। ਸਮਾਜਿਕ ਕਾਰਕੁਨ ਗੰਗਵੀਰ ਰਠੌਰ ਨੇ ਕਿਹਾ ਕਿ ਪੰਜਾਬ ਵਿੱਚ ਨਫ਼ਰਤ ਦੀ ਰਾਜਨੀਤੀ ਨਹੀਂ ਚੱਲਦੀ, ਇਸ ਲਈ ਈਰਾਨ ਵਰਗੇ ਦੇਸ਼ ਨਾਲ ਹਮਦਰਦੀ ਸੁਭਾਵਿਕ ਹੈ।

ਵਪਾਰਕ ਨਜ਼ਰੀਏ ਤੋਂ ਵੀ ਰਿਸ਼ਤੇ ਮਜ਼ਬੂਤ ਹਨ। ਪੰਜਾਬ ਦੀ ਬਾਸਮਤੀ ਚਾਵਲ ਦਾ ਵੱਡਾ ਬਾਜ਼ਾਰ ਪੱਛਮੀ ਏਸ਼ੀਆ ਅਤੇ ਈਰਾਨ ਹੈ। ਕਿਸਾਨ ਆਗੂ ਸਤਨਾਮ ਸਿੰਘ ਅਜਨਾਲਾ ਨੇ ਚੇਤਾਵਨੀ ਦਿੱਤੀ ਕਿ ਯੁੱਧ ਕਾਰਨ ਅਗਲੇ ਸੀਜ਼ਨ ਵਿੱਚ ਕਿਸਾਨਾਂ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ। ਚਾਬਹਾਰ ਪੋਰਟ ਪ੍ਰੋਜੈਕਟ ਨਾਲ ਵਪਾਰ ਵਧਣ ਦੀਆਂ ਉਮੀਦਾਂ ਸਨ, ਪਰ ਯੁੱਧ ਨੇ ਪੰਜਾਬ ਦੇ ਕਿਸਾਨਾਂ ਨੂੰ ਨੁਕਸਾਨ ਪਹੁੰਚਾਇਆ ਹੈ।

ਪੰਜਾਬ ਵਿੱਚ ਪ੍ਰਤੀਕਿਰਿਆਵਾਂ ਵੀ ਜ਼ੋਰਦਾਰ ਰਹੀਆਂ ਹਨ। ਪੰਜਾਬ ਵਿਧਾਨ ਸਭਾ ਵਿੱਚ ਅਕਾਲੀ ਦਲ ਦੇ ਐਮਐਲਏ ਸੁਖਵਿੰਦਰ ਕੁਮਾਰ ਸੁਖੀ ਨੇ ਈਰਾਨ ਦੇ ਸਮਰਥਨ ਵਿੱਚ ਮਤਾ ਪਾਸ ਕਰਨ ਦੀ ਮੰਗ ਕੀਤੀ ਸੀ, ਜੋ ਸਪੀਕਰ ਨੇ ਨਾ ਮੰਨੀ। ਇੰਡੀਅਨ ਐਕਸਪ੍ਰੈਸ ਅਨੁਸਾਰ ਇਰਾਨ ਦੇ ਹੱਕ ਵਿੱਚ ਬੋਲਣ ਵਾਲਿਆਂ ਵਿੱਚ ਖਾਲਿਸਤਾਨ ਪੱਖੀ ਪਾਰਟੀਆਂ ਜਿਵੇਂ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਦਲ ਖ਼ਾਲਸਾ ਵੀ ਸ਼ਾਮਲ ਹਨ, ਜਿਨ੍ਹਾਂ ਨੇ ਇਰਾਨ ਉੱਤੇ ਹਮਲੇ ਸ਼ੁਰੂ ਹੋਣ ਤੋਂ ਠੀਕ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇਜ਼ਰਾਈਲ ਦੌਰੇ 'ਤੇ ਵੀ ਸਵਾਲ ਚੁੱਕੇ ਸਨ। ਆਪਣੇ ਗੁਆਂਢੀ ਦੇਸ਼ਾਂ 'ਤੇ ਇਰਾਨ ਵੱਲੋਂ ਕੀਤੇ ਗਏ ਹਮਲਿਆਂ 'ਤੇ ਅਫ਼ਸੋਸ ਪ੍ਰਗਟਾਉਂਦਿਆਂ, ਦਲ ਖ਼ਾਲਸਾ ਨੇ ਖਮੇਨੇਈ ਦੀ ਹੱਤਿਆ ਦੀ ਸਖ਼ਤ ਨਿਖੇਧੀ ਕੀਤੀ ਸੀ ਅਤੇ 'ਇੱਕ ਪ੍ਰਭੂਸੱਤਾ ਸੰਪੰਨ ਦੇਸ਼ ਦੇ ਮੁਖੀ' ਦੇ ਕਤਲ ਨੂੰ 'ਬੇਹੱਦ ਮੰਦਭਾਗਾ' ਕਰਾਰ ਦਿੱਤਾ ਸੀ।"

ਕਿਸਾਨ-ਮਜ਼ਦੂਰ ਯੂਨੀਅਨਾਂ ਨੇ ਨੇਤਨਯਾਹੂ ਦੇ ਪੁਤਲੇ ਫੂਕੇ ਸਨ। ਪੰਜਾਬ ਯੂਨੀਵਰਸਿਟੀ ਅਤੇ ਚੰਡੀਗੜ੍ਹ ਵਿੱਚ ਵਿਦਿਆਰਥੀਆਂ ਨੇ ਕੈਂਡਲ ਮਾਰਚ ਅਤੇ ਸੋਗ ਸਭਾਵਾਂ ਕੀਤੀਆਂ ਸਨ।

ਇਹ ਸਭ ਮਿਲ ਕੇ ਸਾਬਤ ਕਰਦਾ ਹੈ ਕਿ ਪੰਜਾਬੀਆਂ ਦੀ ਈਰਾਨ ਨਾਲ ਹਮਦਰਦੀ ਸਿਰਫ਼ ਰਾਜਨੀਤਿਕ ਨਹੀਂ, ਸਗੋਂ ਡੂੰਘੇ ਇਤਿਹਾਸਕ, ਧਾਰਮਿਕ ਤੇ ਮਾਨਵੀ ਜੁੜਾਅ ਕਾਰਨ ਹੈ। ਭਾਰਤ ਸਰਕਾਰ ਦੇ ਇਜ਼ਰਾਈਲ ਨਾਲ ਰਣਨੀਤਕ ਸਬੰਧ ਬਹੁਤ ਗੂੜ੍ਹੇ ਹਨ। ਪਰ ਅਕਾਲੀ ਦਲ ਅਤੇ ਕਿਸਾਨ ਯੂਨੀਅਨਾਂ ਵੱਲੋਂ ਇਰਾਨ ਦਾ ਪੱਖ ਪੂਰਨਾ ਕੇਂਦਰ ਦੀ ਨੀਤੀ ਤੋਂ ਵੱਖਰੀ ਸੁਰ ਪੈਦਾ ਕਰਦਾ ਹੈ।

### ਅੰਮ੍ਰਿਤਸਰ ਹਵਾਈ ਅੱਡੇ 'ਤੇ ਜੰਗ ਦੀ ਮਾਰ

ਇਸ ਖੇਤਰੀ ਅਸਥਿਰਤਾ ਦਾ ਸਿੱਧਾ ਅਸਰ ਪੰਜਾਬ ਦੇ ਹਵਾਈ ਸੰਪਰਕ 'ਤੇ ਪਿਆ ਹੈ। ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ, ਅੰਮ੍ਰਿਤਸਰ ਦੇ ਡਾਇਰੈਕਟਰ ਭੁਪਿੰਦਰ ਸਿੰਘ ਅਨੁਸਾਰ:

ਉਡਾਣਾਂ ਰੱਦ: ਖਾੜੀ ਦੇਸ਼ਾਂ (ਦੁਬਈ, ਸ਼ਾਰਜਾਹ, ਦੋਹਾ) ਨੂੰ ਜਾਣ ਵਾਲੀਆਂ ਲਗਭਗ 11 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ।

ਰਸਤੇ ਬਦਲੇ: ਕਈ ਉਡਾਣਾਂ ਨੂੰ ਵਿਚਕਾਰੋਂ ਹੀ ਮੋੜ ਕੇ ਸੂਰਤ ਅਤੇ ਅਹਿਮਦਾਬਾਦ ਵੱਲ ਭੇਜ ਦਿੱਤਾ ਗਿਆ ਹੈ।

ਯਾਤਰੀਆਂ ਦੀ ਖ਼ੁਆਰੀ: ਹਵਾਈ ਰਸਤੇ ਬੰਦ ਹੋਣ ਕਾਰਨ ਹਜ਼ਾਰਾਂ ਯਾਤਰੀ ਹਵਾਈ ਅੱਡੇ 'ਤੇ ਫਸੇ ਹੋਏ ਹਨ, ਜਿਸ ਨਾਲ ਵਪਾਰ ਅਤੇ ਸੈਰ-ਸਪਾਟੇ ਨੂੰ ਵੱਡਾ ਝਟਕਾ ਲੱਗਾ ਹੈ।

# ਅਮਰੀਕਾ ਵਿੱਚ ਭਾਰਤੀਆਂ ਦਾ ਬੋਲਬਾਲਾ

## ✪ ਆਰਥਿਕ ਤੇ ਬੌਧਿਕ ਸਿਖ਼ਰਾਂ 'ਤੇ ਪਰ ਸਿਆਸੀ ਪੈਂਠ ਅਜੇ ਵੀ ਚੁਣੌਤੀ



ਕਾਸ਼ ਪਟੇਲ | ਡਾ. ਜੈ ਭੱਟਾਚਾਰੀਆ | ਸ਼੍ਰੀਰਾਮ ਕ੍ਰਿਸ਼ਨਨ | ਅਜੇ ਸਿੰਘ ਬੰਗਾ | ਗੀਤਾ ਗੋਪੀਨਾਥ | ਸੌਮਿਆ ਸਵਾਮੀਨਾਥਨ

ਵਾਸ਼ਿੰਗਟਨ/ਨਿਊਯਾਰਕ-ਅਮਰੀਕਾ ਦੇ ਵਿਕਾਸ ਵਿੱਚ ਭਾਰਤੀ ਭਾਈਚਾਰਾ ਇੱਕ ਅਨਿਖੜਵਾਂ ਅੰਗ ਬਣ ਚੁੱਕਾ ਹੈ। ਬੀ.ਸੀ.ਜੀ. ਅਤੇ ਇੰਡੀਆਸਪੋਰਾ ਦੀ ਤਾਜ਼ਾ ਰਿਪੋਰਟ ਮੁਤਾਬਕ, ਭਾਰਤੀ ਮੂਲ ਦੇ ਲੋਕ ਅਮਰੀਕਾ ਦੀ ਕੁੱਲ ਆਬਾਦੀ ਦਾ ਸਿਰਫ਼ 1 ਫੀਸਦੀ ਹੋਣ ਦੇ ਬਾਵਜੂਦ ਦੌਲਤ, ਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਸਭ ਤੋਂ ਅੱਗੇ ਹਨ। ਹਾਲਾਂਕਿ, ਰਿਪੋਰਟ ਇਹ ਵੀ ਦੱਸਦੀ ਹੈ ਕਿ ਸਿਆਸੀ ਪ੍ਰਤੀਨਿਧਤਾ ਦੇ ਮਾਮਲੇ ਵਿੱਚ ਭਾਰਤਵੰਸ਼ੀ ਅਜੇ ਵੀ ਆਪਣੀ ਆਬਾਦੀ ਦੇ ਅਨੁਪਾਤ ਮੁਤਾਬਕ ਪਿੱਛੇ ਹਨ। ਅਮਰੀਕੀ ਸੰਸਦ ਵਿੱਚ ਭਾਰਤੀਆਂ ਦੀ ਮੌਜੂਦਗੀ ਅਜੇ ਵੀ ਸੀਮਤ ਹੈ: ਨਿਚਲਾ ਸਦਨ (House of Representatives) 435 ਸੀਟਾਂ ਵਿੱਚੋਂ ਸਿਰਫ਼ 6 ਸੀਟਾਂ (1.4%) 'ਤੇ ਭਾਰਤੀ ਕਾਬਜ਼ ਹਨ। ਉੱਚ ਸਦਨ (Senate) ਵਰਤਮਾਨ ਵਿੱਚ ਸੀਨੇਟ ਵਿੱਚ ਕੋਈ ਵੀ ਭਾਰਤੀ ਮੈਂਬਰ ਨਹੀਂ ਹੈ। 2020 ਵਿੱਚ ਕਮਲਾ ਹੈਰਿਸ ਦੇ ਉਪ-ਰਾਸ਼ਟਰਪਤੀ ਬਣਨ ਤੋਂ ਬਾਅਦ ਇਹ ਸੀਟ ਖਾਲੀ ਹੈ।

### ਪ੍ਰਸ਼ਾਸਨ ਵਿੱਚ ਵਧਦਾ ਪ੍ਰਭਾਵ

ਭਾਵੇਂ ਚੁਣੇ ਹੋਏ ਨੁਮਾਇੰਦੇ ਘੱਟ ਹਨ, ਪਰ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਵਿੱਚ ਭਾਰਤੀਆਂ ਨੂੰ ਅਹਿਮ ਅਹੁਦੇ ਮਿਲੇ ਹਨ।

ਕਾਸ਼ ਪਟੇਲ: ਐਫਬੀਆਈ ਦੇ ਡਾਇਰੈਕਟਰ ਵਜੋਂ ਨਿਯੁਕਤ।

ਡਾ. ਜੈ ਭੱਟਾਚਾਰੀਆ: ਨੈਸ਼ਨਲ ਇੰਸਟੀਚਿਊਟਸ ਆਫ ਹੈਲਥ ਦੇ ਨਿਰਦੇਸ਼ਕ।

ਸ਼੍ਰੀਰਾਮ ਕ੍ਰਿਸ਼ਨਨ: ਸਰਕਾਰ ਦੀ ਆਰਟੀਫੀਸ਼ੀਅਲ ਇੰਟੈਲੀਜੈਂਸ) ਨੀਤੀ ਦੇ ਮਾਰਗਦਰਸ਼ਕ।

### ਵਿਸ਼ਵ ਪੱਧਰੀ ਲੀਡਰਸ਼ਿਪ

ਅਮਰੀਕਾ ਤੋਂ ਬਾਹਰ ਵੀ ਭਾਰਤੀ ਮੂਲ ਦੇ ਪੇਸ਼ੇਵਰ ਦੁਨੀਆ ਦੀਆਂ ਸਭ ਤੋਂ ਸ਼ਕਤੀਸ਼ਾਲੀ ਸੰਸਥਾਵਾਂ ਦੀ ਕਮਾਨ ਸੰਭਾਲ ਰਹੇ ਹਨ:

ਅਜੇ ਸਿੰਘ ਬੰਗਾ: ਪ੍ਰਧਾਨ, ਵਿਸ਼ਵ ਬੈਂਕ


ਗੀਤਾ ਗੋਪੀਨਾਥ: ਮੁੱਖ ਅਹੁਦੇਦਾਰ, ਆਈ.ਐਮ.ਐਫ.

ਸੌਮਿਆ ਸਵਾਮੀਨਾਥਨ: ਸਾਬਕਾ ਮੁੱਖ ਵਿਗਿਆਨੀ, ਵਿਸ਼ਵ ਸਿਹਤ ਸੰਗਠਨ

ਭਾਰਤੀ ਭਾਈਚਾਰਾ ਅਮਰੀਕੀ ਚੋਣਾਂ ਵਿੱਚ 'ਗੇਮ ਚੇਂਜਰ' ਸਾਬਤ ਹੋ ਰਿਹਾ ਹੈ। ਖਾਸ ਕਰਕੇ 'ਸਵਿੰਗ ਸਟੇਟਸ' ਵਿੱਚ ਇਨ੍ਹਾਂ ਦੀ ਵੋਟ ਫੈਸਲਾਕੁੰਨ ਹੁੰਦੀ ਹੈ। ਨਿੱਕੀ ਹੇਲੀ ਅਤੇ ਵਿਵੇਕ ਰਾਮਾਸਵਾਮੀ ਵਰਗੇ ਆਗੂਆਂ ਦੀ ਵਧਦੀ ਲੋਕਪ੍ਰਿਯਤਾ ਇਹ ਸੰਕੇਤ ਦਿੰਦੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਅਮਰੀਕੀ ਸਿਆਸਤ ਦੇ ਸਿਖ਼ਰਲੇ ਅਹੁਦਿਆਂ 'ਤੇ ਭਾਰਤੀਆਂ ਦੀ ਮੌਜੂਦਗੀ ਹੋਰ ਮਜ਼ਬੂਤ ਹੋਵੇਗੀ।

# ਅਪਰਾਧ ਅਤੇ ਸਿਆਸਤ ਵਿਚਕਾਰ ਖ਼ਤਰਨਾਕ ਗੱਠਜੋੜ

ਗੁਰਮੀਤ ਸਿੰਘ ਪਲਾਹੀ
9815802070



ਲੋਕਤੰਤਰ ਦੀ ਮਜ਼ਬੂਤੀ ਸਾਫ਼-ਸੁਥਰੀ ਸਿਆਸਤ 'ਤੇ ਨਿਰਭਰ ਕਰਦੀ ਹੈ, ਪਰ ਜਦੋਂ ਕਾਨੂੰਨ ਬਣਾਉਣ ਵਾਲੇ ਹੀ ਕਾਨੂੰਨ ਤੋੜਨ ਦੇ ਦੋਸ਼ਾਂ ਵਿਚ ਘਿਰੇ ਹੋਣ, ਤਾਂ ਇਹ ਪ੍ਰਣਾਲੀ ਲਈ ਵੱਡੀ ਚਿੰਤਾ ਬਣ ਜਾਂਦੀ ਹੈ। ਭਾਰਤ ਵਰਗੇ ਵਿਸ਼ਾਲ ਲੋਕਤੰਤਰ ਵਿੱਚ ਅਪਰਾਧ ਅਤੇ ਸਿਆਸਤ ਦੇ ਵਿਚਕਾਰ ਵੱਧਦਾ ਗੱਠਜੋੜ ਨਾ ਸਿਰਫ਼ ਨੈਤਿਕ ਪਤਨ ਦਾ ਸੰਕੇਤ ਹੈ, ਸਗੋਂ ਇਹ ਲੋਕਤੰਤਰ ਦੀ ਜੜ੍ਹ ਨੂੰ ਵੀ ਕਮਜ਼ੋਰ ਕਰ ਰਿਹਾ ਹੈ।

ਸਿਆਸੀ ਪਾਰਟੀਆਂ ਆਪਣੇ ਸਿਧਾਂਤਾਂ ਨੂੰ ਛਿੱਕੇ ਟੰਗ ਕੇ ਆਪਰਾਧਿਕ ਪਿਛੋਕੜ ਵਾਲੇ ਲੋਕਾਂ ਨੂੰ ਉਹਨਾਂ ਸੰਵਿਧਾਨਕ ਅਹੁਦਿਆਂ ਉੱਤੇ ਬੈਠਾ ਦਿੰਦੀਆਂ ਹਨ, ਉਹਨਾਂ ਹੱਥ ਦੇਸ਼ ਦੀ ਵਾਗਡੋਰ ਸੰਭਾਲ਼ ਦਿੰਦੀਆਂ ਹਨ, ਜਿੱਥੇ ਉਹ ਉਸ ਸੰਵਿਧਾਨਕ ਪ੍ਰਕਿਰਿਆ ਦਾ ਹਿੱਸਾ ਬਣ ਜਾਂਦੇ ਹਨ, ਜਿੱਥੇ ਨਾ ਸਿਰਫ਼ ਦੇਸ਼ ਦੇ ਅਹਿਮ ਫ਼ੈਸਲੇ ਹੀ ਲਏ ਜਾਂਦੇ ਹਨ, ਸਗੋਂ ਕਾਨੂੰਨ ਵੀ ਬਣਾਏ ਜਾਂਦੇ ਹਨ। ਸਵਾਲ ਇਹ ਉੱਠਦਾ ਹੈ ਕਿ ਅਪਰਾਧ ਅਤੇ ਸਿਆਸਤ ਦੇ ਵਿਚਕਾਰ ਇਹ ਕਾਲਾ ਅਤੇ ਖ਼ਤਰਨਾਕ ਗੱਠਜੋੜ ਕਿਉਂ ਅਤੇ ਕਿਵੇਂ ਵੱਧ-ਫੁੱਲ ਰਿਹਾ ਹੈ।

ਭਾਰਤੀ ਸਿਆਸਤ ਵਿੱਚ ਸਾਰੀਆਂ ਸਿਆਸੀ ਧਿਰਾਂ ਸਾਫ਼-ਸੁਥਰੀ ਸਿਆਸਤ ਦੇ ਪੱਖ ਵਿੱਚ ਹਨ, ਲੇਕਿਨ ਹੈਰਾਨੀ ਵਾਲੀ ਗੱਲ ਹੈ ਕਿ ਚੋਣਾਂ ਦੌਰਾਨ ਉਹਨਾਂ ਅਪਰਾਧਿਕ ਪਿਛੋਕੜ ਵਾਲੇ ਨੇਤਾਵਾਂ ਨੂੰ ਅੱਗੇ ਲਿਆਉਣ 'ਚ ਕੋਈ ਹਿਚਕਾਹਟ ਨਹੀਂ ਵਿਖਾਈ ਜਾਂਦੀ। ਨਤੀਜਾ ਇਹ ਨਿਕਲਦਾ ਹੈ ਕਿ ਦਾਗ਼ੀ ਨੇਤਾ ਵਿਧਾਨ ਸਭਾਵਾਂ ਤੋਂ ਲੈ ਕੇ ਭਾਰਤੀ ਸੰਸਦ ਤੱਕ ਪਹੁੰਚ ਜਾਂਦੇ ਹਨ ਅਤੇ ਹੋਰ ਤਾਕਤਵਰ "ਧੱਕਾ-ਧੌਂਸ ਨੇਤਾ" ਬਣ ਜਾਂਦੇ ਹਨ।

ਦੇਸ਼ ਵਿੱਚ ਪਿਛਲੇ ਕਈ ਦਹਾਕਿਆਂ ਵਿੱਚ ਸਿਆਸਤ ਦਾ ਜਿਸ ਤਰ੍ਹਾਂ ਅਪਰਾਧੀਕਰਨ ਹੋਇਆ ਹੈ, ਉਸ ਨਾਲ ਲੋਕਤੰਤਰ ਦੇ ਉਦੇਸ਼ਾਂ ਅਤੇ ਨਿਸ਼ਾਨਿਆਂ ਨੂੰ ਗਹਿਰੀ ਸੱਟ ਲੱਗੀ ਹੈ।

ਭਾਰਤੀ ਪਾਰਲੀਮੈਂਟ ਵਿੱਚ ਸਿਆਣਿਆਂ ਦੇ ਸਦਨ "ਰਾਜ ਸਭਾ" ਸੰਬੰਧੀ ਛਪੀ ਇੱਕ ਰਿਪੋਰਟ ਨਾਲ ਆਮ ਲੋਕਾਂ ਵਿਚ ਵੱਡੀ ਚਿੰਤਾ ਉਸ ਸਮੇਂ ਸਾਹਮਣੇ ਆਈ ਜਦੋਂ ਵੇਖਿਆ ਗਿਆ ਕਿ ਰਾਜ ਸਭਾ ਦੇ 32 ਫ਼ੀਸਦੀ ਮੌਜੂਦਾ ਮੈਂਬਰਾਂ ਉੱਤੇ ਅਪਰਾਧਿਕ ਮਾਮਲੇ ਭਾਰਤੀ ਅਦਾਲਤਾਂ ਵਿੱਚ ਲੰਬਿਤ ਹਨ। ਉਹ ਰਾਜ ਸਭਾ, ਜਿਸ ਵਿੱਚ ਮੈਂਬਰ ਹਰ ਛੇ ਸਾਲਾਂ ਬਾਅਦ ਸੂਬਿਆਂ ਦੀਆਂ ਵਿਧਾਨ ਸਭਾਵਾਂ, ਵਿਧਾਨ ਪਰਿਸ਼ਦਾਂ ਦੇ ਮੈਂਬਰਾਂ ਵੱਲੋਂ ਚੁਣੇ ਜਾਂਦੇ ਹਨ ਅਤੇ ਕੁਝ ਪ੍ਰਤੀਸ਼ਤ ਭਾਰਤ ਸਰਕਾਰ ਵੱਲੋਂ ਚੰਗੀ ਯੋਗਤਾ, ਵੱਖ-ਵੱਖ ਖੇਤਰਾਂ 'ਚ ਪ੍ਰਸਿੱਧੀ ਪ੍ਰਾਪਤ ਲੋਕ ਭੇਜੇ ਜਾਂਦੇ ਹਨ ਅਤੇ ਸਿਆਸੀ ਧਿਰਾਂ ਵਾਹ ਲੱਗਦੀ ਆਪਣੇ ਸਿਆਣੇ ਮੈਂਬਰਾਂ ਨੂੰ ਇਸ "ਸਿਆਣੀ ਸੰਸਦ" ਵਿੱਚ ਭੇਜਣ ਦਾ ਦਾਅਵਾ ਕਰਦੀਆਂ ਹਨ।

ਅਪ੍ਰੈਲ 2026 ਵਿੱਚ ਦੇਸ਼ ਦੀਆਂ ਪੱਛਮੀ ਬੰਗਾਲ, ਤਾਮਿਲਨਾਡੂ, ਕੇਰਲ, ਅਸਾਮ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਪਾਂਡੀਚੇਰੀ ਵਿੱਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਖੱਬੇ ਪੱਖੀ ਵਿਚਾਰਧਾਰਾ ਵਾਲੇ ਕੇਰਲ ਵਿੱਚ ਏ.ਡੀ.ਆਰ. ਦੀ 2025 'ਚ ਛਪੀ ਰਿਪੋਰਟ ਵਿੱਚ ਸਾਹਮਣੇ ਆਇਆ ਕਿ 92 ਵਿਧਾਇਕ ਅਪਰਾਧਿਕ ਮਾਮਲਿਆਂ 'ਚ ਲਿਪਤ ਹਨ। ਇਸ ਸੰਬੰਧੀ ਉਹਨਾਂ ਵੱਲੋਂ ਦਿੱਤੇ ਹਲਫ਼ਨਾਮਿਆਂ ਵਿੱਚ ਉਹਨਾਂ ਇਹ ਗੱਲ ਕਬੂਲੀ ਹੈ ਕਿ ਉਹਨਾਂ ਖ਼ਿਲਾਫ਼ ਅਪਰਾਧਿਕ ਮਾਮਲੇ ਅਦਾਲਤਾਂ ਵਿੱਚ ਹਨ। ਪੱਛਮੀ ਬੰਗਾਲ ਦੀ ਏ.ਡੀ.ਆਰ. ਰਿਪੋਰਟ ਦੱਸਦੀ ਹੈ ਕਿ 223 ਤ੍ਰਿਣਮੂਲ ਕਾਂਗਰਸ ਦੇ ਵਿਧਾਇਕਾਂ ਵਿੱਚੋਂ 92 (41%), ਭਾਜਪਾ ਦੇ 64 ਵਿੱਚੋਂ 42 (66%) ਵਿਧਾਇਕਾਂ ਖ਼ਿਲਾਫ਼ ਕੇਸ ਕੋਰਟਾਂ ਵਿੱਚ ਹਨ ਤੇ 50 ਫ਼ੀਸਦੀ ਕਰੋੜਪਤੀ ਹਨ।

ਇਹਨਾਂ ਅਪਰਾਧਿਕ ਮਾਮਲਿਆਂ ਵਿੱਚ ਧੋਖਾਧੜੀ, ਔਰਤਾਂ ਨਾਲ ਬਲਾਤਕਾਰ ਅਤੇ ਕਤਲ ਤੱਕ ਦੇ ਕੇਸ ਦਰਜ ਹਨ। ਤਾਮਿਲਨਾਡੂ ਵਿੱਚ 224 ਵਿੱਚੋਂ 134 ਵਿਧਾਇਕਾਂ ਉੱਤੇ, ਅਸਾਮ ਵਿੱਚ 34 ਵਿਧਾਇਕ ਅਤੇ ਪਾਂਡੀਚੇਰੀ 'ਚ 30 ਵਿੱਚੋਂ 13 ਵਿਧਾਇਕਾਂ ਉੱਤੇ ਅਪਰਾਧਿਕ ਮਾਮਲੇ ਦਰਜ ਹਨ। ਅਸਲ ਵਿੱਚ ਸਿਰਫ਼ ਕੁਝ ਪਾਰਟੀਆਂ ਨੂੰ ਛੱਡ ਕੇ ਬਾਕੀ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਵਿੱਚੋਂ ਬਹੁਤਿਆਂ ਵਿਰੁੱਧ ਇਹ ਕੇਸ ਅਦਾਲਤਾਂ ਵਿੱਚ ਲੰਮੇ ਸਮੇਂ ਤੋਂ ਚੱਲ ਰਹੇ ਹਨ।

ਧਿਆਨ ਦੇਣ ਯੋਗ ਹੈ ਕਿ ਹਰ ਸਾਲ ਏ.ਡੀ.ਆਰ. ਦੀ ਰਿਪੋਰਟ ਛਪਦੀ ਹੈ। ਇਸ ਪ੍ਰਤੀ ਚਿੰਤਾ ਵੱਡੇ ਪੱਧਰ 'ਤੇ ਦਰਸਾਈ ਜਾਂਦੀ ਹੈ, ਪਰ ਬਾਅਦ ਵਿੱਚ ਚੁੱਪੀ ਸਾਧ ਲਈ ਜਾਂਦੀ ਹੈ, ਜਿਵੇਂ ਇਹ ਇੱਕ ਸਧਾਰਣ ਜਿਹੀ ਰਿਪੋਰਟ ਹੈ।

ਪਰ ਇਵੇਂ ਲੱਗਦਾ ਹੈ ਕਿ ਨਾ ਤਾਂ ਕੋਈ ਸਿਆਸੀ ਦਲ ਇਸਨੂੰ ਗੰਭੀਰਤਾ ਨਾਲ ਲੈਂਦਾ ਹੈ ਅਤੇ ਨਾ ਹੀ ਭਾਰਤੀ ਚੋਣ ਕਮਿਸ਼ਨ ਇਸ ਸੰਬੰਧੀ ਕੋਈ ਠੋਸ ਪਹਿਲ ਕਰਦਾ ਹੈ। ਨਤੀਜਾ ਇਹ ਨਿਕਲਦਾ ਹੈ ਕਿ ਹਰ ਵਾਰ ਦਾਗ਼ੀ ਪਿਛੋਕੜ ਵਾਲੇ ਲੋਕਾਂ ਨੂੰ ਸਿਆਸੀ ਪਾਰਟੀਆਂ ਟਿਕਟ ਦੇ ਦਿੰਦੀਆਂ ਹਨ ਅਤੇ ਉਸਦੇ ਨਾਮਜ਼ਦਗੀ ਉੱਤੇ ਚੋਣ ਕਮਿਸ਼ਨ ਦੀ ਮੋਹਰ ਲੱਗ ਜਾਂਦੀ ਹੈ।

ਨਰਿੰਦਰ ਮੋਦੀ ਜਦੋਂ 26 ਮਈ 2014 ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਸਨ ਤਾਂ ਉਹਨਾਂ ਪਾਰਲੀਮੈਂਟ ਵਿੱਚ ਇਹ ਗੱਲ ਗੱਜ-ਵੱਜ ਕੇ ਕਹੀ ਸੀ ਕਿ 'ਉਹ ਦੇਸ਼ ਦੀ ਪਾਰਲੀਮੈਂਟ ਵਿੱਚੋਂ ਅਪਰਾਧਿਕ ਪਿਛੋਕੜ ਵਾਲੇ ਲੋਕਾਂ ਤੋਂ ਸਮੁੱਚੀ ਸੰਸਦ ਨੂੰ ਮੁਕਤੀ ਦਿਵਾਉਣਗੇ।' ਪਰ ਆਪਣੇ 2014 ਤੋਂ 2026 ਤੱਕ ਦੇ ਰਾਜਕਾਲ 'ਚ ਏ.ਡੀ.ਆਰ. ਦੀ ਰਿਪੋਰਟ ਅਨੁਸਾਰ ਅਪਰਾਧਿਕ ਮਾਮਲਿਆਂ ਵਾਲੇ ਐੱਮ.ਪੀ. ਅਤੇ ਐੱਮ.ਐੱਲ.ਏ. ਦੀ ਹਕੀਕਤ ਇਹ ਹੈ ਕਿ ਮੌਜੂਦਾ ਲੋਕ ਸਭਾ, ਜੋ 2024 ਵਿੱਚ ਚੁਣੀ ਗਈ, ਕੁੱਲ 543 ਮੈਂਬਰਾਂ ਵਿੱਚੋਂ 251 (46%) ਉੱਤੇ ਅਪਰਾਧਿਕ ਮਾਮਲੇ ਹਨ, ਜਿਨ੍ਹਾਂ ਵਿੱਚ 170 ਉੱਤੇ ਗੰਭੀਰ ਅਪਰਾਧਿਕ ਮਾਮਲੇ ਹਨ, ਜਿਨ੍ਹਾਂ ਵਿੱਚ 151 ਇਹਨਾਂ ਕਾਨੂੰਨ-ਘਾੜਿਆਂ ਵਿਰੁੱਧ ਔਰਤਾਂ ਨਾਲ ਬਲਾਤਕਾਰ ਅਤੇ ਹੋਰ ਮਾਮਲਿਆਂ ਸੰਬੰਧੀ ਕੇਸ ਹਨ। ਦੇਸ਼ ਵਿੱਚ ਭਾਜਪਾ ਦੇ ਐੱਮ.ਪੀ. ਇਹਨਾਂ ਮਾਮਲਿਆਂ 'ਚ ਪਹਿਲੇ ਨੰਬਰ ਉੱਤੇ ਅਤੇ ਕਾਂਗਰਸ ਦੇ ਐੱਮ.ਪੀ. ਦੂਜੇ ਨੰਬਰ ਉੱਤੇ ਹਨ। ਇਹ ਅਪਰਾਧਿਕ ਮਾਮਲੇ ਅਦਾਲਤਾਂ ਵਿੱਚ ਭੁਗਤ ਰਹੇ ਹਨ।

ਸਿਤਮ ਦੀ ਗੱਲ ਵੇਖੋ ਕਿ ਦੇਸ਼ ਦਾ ਰਾਜਭਾਗ ਚਲਾਉਣ ਵਾਲੇ ਕੇਂਦਰ ਅਤੇ ਰਾਜ ਸਰਕਾਰਾਂ ਦੇ ਕੁੱਲ ਮੰਤਰੀਆਂ ਵਿੱਚੋਂ 47 ਫ਼ੀਸਦੀ ਉੱਤੇ ਅਪਰਾਧਿਕ ਮਾਮਲੇ ਦਰਜ ਹਨ। ਇੱਕ ਏ.ਡੀ.ਆਰ. ਰਿਪੋਰਟ ਅਨੁਸਾਰ ਦੇਸ਼ ਦੇ 643 ਮੰਤਰੀਆਂ, ਜਿਨ੍ਹਾਂ ਵਿੱਚ ਕੇਂਦਰ ਅਤੇ 27 ਸੂਬਾ ਅਸੈਂਬਲੀ ਦੇ ਕੁੱਲ ਮੰਤਰੀਆਂ ਵਿੱਚੋਂ 302 (47%) ਵਿਰੁੱਧ ਅਪਰਾਧਿਕ ਅਦਾਲਤੀ ਕੇਸ ਹਨ, ਜਿਨ੍ਹਾਂ ਵਿੱਚ 174 (27 ਫ਼ੀਸਦੀ) ਮੰਤਰੀਆਂ ਵਿਰੁੱਧ ਗੰਭੀਰ ਦੋਸ਼ ਹਨ।

ਦਾਗ਼ੀ ਸਿਆਸਤਦਾਨਾਂ ਦੇ ਕੇਸਾਂ ਦੀ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਦਾ ਗਠਨ ਸੁਪਰੀਮ ਕੋਰਟ ਵੱਲੋਂ ਕੀਤਾ ਗਿਆ ਹੈ, ਪਰ ਅਨੇਕਾਂ ਕੇਸਾਂ ਵਿੱਚ ਫ਼ੈਸਲਾ ਸਾਲਾਂ ਬਾਅਦ ਆਉਂਦਾ ਹੈ ਅਤੇ ਇਹ ਨੇਤਾ ਆਪਣੇ ਅਹੁਦਿਆਂ ਉੱਤੇ ਕਾਇਮ ਰਹਿੰਦੇ ਹਨ। ਕਈ ਵਾਰ ਤਾਂ ਪੁਲਿਸ ਅਤੇ ਪ੍ਰਸ਼ਾਸਨ ਦੇ ਗੱਠਜੋੜ ਦੇ ਕਾਰਨ ਸਮੇਂ-ਸਿਰ ਜਾਂਚ ਹੀ ਪੂਰੀ ਨਹੀਂ ਕੀਤੀ ਜਾਂਦੀ ਅਤੇ ਸਿਆਸੀ ਦਲ ਆਪਣੇ ਇਹਨਾਂ ਨੇਤਾਵਾਂ ਦਾ ਅਪਰਾਧਿਕ ਪਿਛੋਕੜ ਲੋਕਾਂ ਸਾਹਮਣੇ ਵਿਖਾਉਂਦੇ ਹੀ ਨਹੀਂ। ਹਾਲਾਂਕਿ ਭਾਰਤੀ ਚੋਣ ਆਯੋਗ ਚੋਣ ਲੜਨ ਵਾਲੇ ਇਹੋ-ਜਿਹੇ ਉਮੀਦਵਾਰਾਂ ਨੂੰ ਇਸ ਕਿਸਮ ਦੇ ਵੇਰਵੇ ਪ੍ਰੈੱਸ ਵਿੱਚ ਦਰਸਾਉਣ ਦੀ ਹਦਾਇਤ ਕਰਦਾ ਹੈ।

ਅਪਰਾਧਿਕ ਪਿਛੋਕੜ ਵਾਲੇ ਇਹ ਨੇਤਾ, ਧੱਕੇ-ਧੌਂਸ ਦੀ ਸਿਆਸਤ ਕਰਦਿਆਂ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰਨ ਲਈ ਪੈਸੇ ਅਤੇ ਬਾਹੂਬਲ ਦੀ ਵਰਤੋਂ ਕਰਨ ਤੱਕ ਵੀ ਜਾਂਦੇ ਹਨ। ਹਾਲਾਂਕਿ ਭਾਰਤ ਦੀ ਸਰਬ ਉੱਚ ਅਦਾਲਤ ਸੁਪਰੀਮ ਕੋਰਟ ਨੇ ਇਹਨਾਂ ਮਾਮਲਿਆਂ ਸੰਬੰਧੀ ਗੰਭੀਰ ਫ਼ੈਸਲੇ ਲਏ ਹਨ। ਤੇਜ਼ ਗਤੀ ਵਾਲੀਆਂ ਅਦਾਲਤਾਂ ਦਾ ਗਠਨ ਕੀਤਾ ਹੈ, ਤਾਂ ਕਿ ਇਹਨਾਂ ਕੇਸਾਂ ਦਾ ਹਾਈਕੋਰਟਾਂ ਰਾਹੀਂ ਬਕਾਇਦਾ ਮੁਲਾਂਕਣ ਕਰਨ ਉਪਰੰਤ ਫ਼ੈਸਲੇ ਲਏ ਜਾਣ ਅਤੇ ਉਹਨਾਂ ਐੱਮ.ਪੀ. ਜਾਂ ਵਿਧਾਇਕਾਂ ਨੂੰ ਆਪਣੇ ਅਹੁਦਿਆਂ ਤੋਂ ਬਰਖ਼ਾਸਤ ਕੀਤਾ ਜਾ ਸਕੇ। ਪਰ ਇਸ ਸੰਬੰਧੀ ਅੱਗੋਂ ਕਾਰਵਾਈ ਚਿੰਤਾ ਦਾ ਵਿਸ਼ਾ ਹੈ।

ਸਿਆਸਤ ਵਿੱਚ ਜਦੋਂ ਤੋਂ ਬਾਹੂਬਲ ਅਤੇ ਧਨ ਦੀ ਵਰਤੋਂ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਵਧੀ ਹੈ, ਚੋਣਾਂ ਜਿੱਤਣ ਲਈ ਇਸ ਦੀ ਵਰਤੋਂ ਲਗਭਗ ਸਾਰੀਆਂ ਪਾਰਟੀਆਂ ਕਰਨ ਲੱਗੀਆਂ ਹਨ ਤਾਂ ਕਿ ਸੱਤਾ ਹਥਿਆਈ ਜਾ ਸਕੇ। ਸਿਆਸੀ ਪਾਰਟੀਆਂ ਦੀ ਪਹਿਲ ਹੁਣ ਲੋਕ ਸੇਵਾ ਨਹੀਂ ਰਹੀ, ਸਗੋਂ "ਚੋਣ ਜਿੱਤ" ਤੱਕ ਸੀਮਤ ਹੋ ਗਈ ਹੈ, ਕਿਉਂਕਿ ਦੇਸ਼ ਵਿੱਚ ਜਾਤ ਅਤੇ ਧਰਮ ਦੇ ਆਧਾਰ ਉੱਤੇ ਵੋਟ ਬੈਂਕ ਹਥਿਆਏ ਜਾ ਰਹੇ ਹਨ। ਇਸੇ ਕਰਕੇ "ਤਾਕਤਵਰ" ਉਮੀਦਵਾਰ ਅੱਗੇ ਆ ਰਹੇ ਹਨ, ਜਿਹੜੇ ਕਾਲੇ ਧਨ ਦੀ ਖੁੱਲ੍ਹੇਆਮ ਵਰਤੋਂ ਕਰਦੇ ਹਨ। ਇਹਨਾਂ ਪਿੱਛੇ ਗੈਂਗ ਜੁੜੇ ਹਨ ਅਤੇ ਲੋੜ ਵੇਲੇ ਤਾਕਤ ਦੀ ਵਰਤੋਂ ਕਰਦੇ ਹਨ।

ਦੇਸ਼ ਦੇ ਪੇਂਡੂ ਅਤੇ ਪਿਛੜੇ ਖੇਤਰਾਂ ਵਿੱਚ ਇਹਨਾਂ ਉਮੀਦਵਾਰਾਂ ਦੇ ਅਪਰਾਧਿਕ ਪਿਛੋਕੜ ਦੀ ਗੱਲ ਨਹੀਂ ਪੁੱਜਦੀ, ਜੇਕਰ ਪੁੱਜਦੀ ਵੀ ਹੈ ਤਾਂ ਸਿਆਸੀ ਧਿਰਾਂ ਇਸਦਾ ਕੋਈ ਨਾ ਕੋਈ ਤੋੜ ਲੱਭ ਕੇ "ਪੈਸੇ" ਦੀ ਵਰਤੋਂ ਕਰਕੇ ਵੋਟਰਾਂ ਨੂੰ ਭਰਮਾ ਲੈਂਦੀਆਂ ਹਨ ਜਾਂ ਡਰਾ ਲੈਂਦੀਆਂ ਹਨ।

ਧਨ ਅਤੇ ਬਲ ਦੀ ਵਰਤੋਂ ਸਿਰਫ਼ ਸਿਆਸਤ ਵਿੱਚ ਹੀ ਨਹੀਂ, ਸਮੁੱਚੇ ਸਮਾਜ ਵਿੱਚ ਫੈਲ ਰਹੀ ਹੈ, ਜਿਸ ਨਾਲ ਸਿਆਸਤ ਵਿੱਚ ਤਾਨਾਸ਼ਾਹੀ ਅਤੇ ਸਮਾਜ ਵਿੱਚ ਧੱਕੇਸ਼ਾਹੀ ਅਤੇ ਬਾਹੂਬਲ ਸਿਖਰਾਂ ਛੋਹ ਰਿਹਾ ਹੈ। ਚੋਣਾਂ 'ਚ ਸਿਆਸੀ ਧੱਕਾ ਤੇ ਪੈਸੇ ਦੀ ਵਰਤੋਂ ਚੋਣਾਵੀਂ ਬਾਂਡ (ਇਲੈਕਟੋਰਲ ਬੌਂਡਜ਼) ਨੇ ਵਧਾਈ, ਕਿਉਂਕਿ ਵੱਡੇ ਕਾਰਪੋਰੇਟ ਅਸਿੱਧੇ ਨਹੀਂ ਸਗੋਂ ਸਿੱਧੇ ਤੌਰ 'ਤੇ ਇਸ 'ਚ ਆਪਣਾ "ਹਿੱਸਾ", "ਯੋਗਦਾਨ" ਪਾਉਣ ਲੱਗੇ ਅਤੇ ਸਮਾਜ, ਵਪਾਰ, ਸਿਆਸਤ ਨੂੰ ਪ੍ਰਭਾਵਿਤ ਕਰਨ ਲੱਗੇ। ਉਹਨਾਂ ਦੀ ਪਹੁੰਚ "ਦੰਭੀ ਸਿਆਸਤਦਾਨਾਂ" ਤੱਕ ਵਧੀ ਅਤੇ ਉਹਨਾਂ ਦੇਸ਼ ਦੀ ਸਿਆਸਤ ਨੂੰ ਪ੍ਰਭਾਵਿਤ ਕਰਨ ਅਤੇ ਆਪਣੇ ਅਨੁਸਾਰ ਨੀਤੀਆਂ ਬਣਾਉਣ ਲਈ ਇਸ ਹਥਿਆਰ ਦੀ ਵਰਤੋਂ ਪਹਿਲਾਂ ਚੁੱਪ-ਚਾਪ ਅਤੇ ਹੁਣ ਸਿੱਧੇ ਤੌਰ 'ਤੇ ਕਰਨੀ ਸ਼ੁਰੂ ਕੀਤੀ ਹੋਈ ਹੈ ਅਤੇ ਦੇਸ਼ ਦੇ ਹਰ ਅਦਾਰੇ ਤੱਕ ਪਹੁੰਚ ਵਧਾਈ ਹੋਈ ਹੈ।

ਜਦੋਂ ਤੱਕ ਸਿਆਸੀ ਧਿਰਾਂ ਸਾਫ਼ ਦਿੱਖ ਅਤੇ ਲੋਕ-ਹਿਤੈਸ਼ੀ ਪਹੁੰਚ ਵਾਲੇ ਲੋਕਾਂ ਨੂੰ ਅੱਗੇ ਨਹੀਂ ਲਿਆਉਂਦੀਆਂ, ਉਦੋਂ ਤੱਕ ਇਸ "ਕਾਲੇ ਕਾਰੋਬਾਰ-ਕਾਲੇ ਬਜ਼ਾਰ" ਉੱਤੇ ਕਾਬੂ ਪਾਉਣਾ ਔਖਾ ਹੈ। ਸਮੇਂ ਦੀ ਲੋੜ ਹੈ ਕਿ ਕਾਇਦੇ-ਕਾਨੂੰਨ ਅਨੁਸਾਰ ਅਪਰਾਧਿਕ ਮਾਮਲੇ ਦਰਜ ਹੋਣ ਉੱਤੇ ਦਾਗ਼ੀ ਨੇਤਾਵਾਂ ਨੂੰ ਚੋਣ ਲੜਨ ਤੋਂ ਰੋਕਿਆ ਜਾਣਾ ਚਾਹੀਦਾ ਹੈ। ਇਹ ਸਾਫ਼-ਸੁਥਰੀ ਰਾਜਨੀਤੀ ਲਈ ਜ਼ਮੀਨ ਤਿਆਰ ਕਰਨ ਦੀ ਦਿਸ਼ਾ ਵੱਲ ਵੱਡਾ ਕਦਮ ਸਾਬਤ ਹੋ ਸਕਦਾ ਹੈ।

ਅੱਜ ਭਾਰਤੀ ਲੋਕਤੰਤਰ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਸਮੇਂ ਦੀ ਲੋੜ ਹੈ, ਜਿਸ ਤੋਂ ਲਗਭਗ ਸਮੁੱਚੀਆਂ ਸਿਆਸੀ ਪਾਰਟੀਆਂ ਪਿੱਠ ਕਰੀ ਬੈਠੀਆਂ ਹਨ। ਜੇਕਰ ਇਸ ਰੁਝਾਨ ਨੂੰ ਸਮੇਂ ਸਿਰ ਨਹੀਂ ਰੋਕਿਆ ਗਿਆ, ਤਾਂ ਉਹ ਦਿਨ ਦੂਰ ਨਹੀਂ ਜਦੋਂ ਲੋਕਤੰਤਰ ਸਿਰਫ਼ ਕਾਗਜ਼ੀ ਪ੍ਰਣਾਲੀ ਬਣ ਕੇ ਰਹਿ ਜਾਵੇਗਾ। ਲੋੜ ਹੈ ਕਿ ਸਿਆਸੀ ਪਾਰਟੀਆਂ ਆਪਣੀ ਜ਼ਿੰਮੇਵਾਰੀ ਸਮਝਣ, ਚੋਣ ਪ੍ਰਣਾਲੀ ਵਿੱਚ ਪਾਰਦਰਸ਼ਤਾ ਲਿਆਈ ਜਾਵੇ ਅਤੇ ਜਨਤਾ ਵੀ ਸਚੇਤ ਹੋ ਕੇ ਸਹੀ ਉਮੀਦਵਾਰਾਂ ਦੀ ਚੋਣ ਕਰੇ। ਕਿਉਂਕਿ ਆਖ਼ਿਰਕਾਰ, ਲੋਕਤੰਤਰ ਦੀ ਅਸਲੀ ਤਾਕਤ ਜਾਗਰੂਕ ਵੋਟਰ ਹੀ ਹੁੰਦਾ ਹੈ।

# ਉਡਦਾ ਤੀਰ ਫੜਨ ਦਾ ਰਿਵਾਜ਼ ਬਣ ਗਿਆ....!

ਸੰਦੀਪ ਕੁਮਾਰ
7009807121



ਪੰਜਾਬ ਵਿੱਚ ਇੱਕ ਨਵਾਂ ਰਿਵਾਜ਼ ਬਣ ਗਿਆ ਹੈ, ਉਡਦਾ ਤੀਰ ਫੜਨ ਦਾ। ਇਹ ਤੀਰ ਕੋਈ ਸਾਧਾਰਨ ਤੀਰ ਨਹੀਂ, ਬਲਕਿ ਉਹ ਤੀਰ ਹੈ ਜੋ ਸਮਾਜਿਕ ਮੀਡੀਆ ਰਾਹੀ ਉਡਦਾ ਫਿਰਦਾ ਹੈ। ਇੱਕ ਵਿਸ਼ਾ ਆਉਂਦਾ ਹੈ, ਭਾਵੇਂ ਉਹ ਧਾਰਮਿਕ ਹੋਵੇ, ਸਮਾਜਿਕ ਹੋਵੇ ਜਾਂ ਰਾਜਨੀਤਕ ਅਤੇ ਤੁਰੰਤ ਹੀ ਕੋਈ ਨਾ ਕੋਈ ਉਸ ਤੀਰ ਨੂੰ ਫੜ ਲੈਂਦਾ ਹੈ। ਫੜਨ ਵਾਲਾ ਆਮ ਤੌਰ ਤੇ ਉਹ ਵਿਅਕਤੀ ਹੁੰਦਾ ਹੈ ਜਿਸ ਨੂੰ ਆਪਣੇ ਆਪ ਤੇ ਪੂਰਾ ਵਿਸ਼ਵਾਸ ਹੈ ਕਿ ਉਹ ਇਸ ਵਿਸ਼ੇ ਦਾ ਸਭ ਤੋਂ ਵੱਡਾ ਗਿਆਨਵਾਨ ਹੈ। ਇਹ ਗਿਆਨ ਉਸ ਨੂੰ ਨਾ ਤਾਂ ਕਿਸੇ ਯੂਨੀਵਰਸਿਟੀ ਤੋਂ ਮਿਲਿਆ ਹੈ, ਨਾ ਕਿਸੇ ਪੁਸਤਕ ਤੋਂ ਅਤੇ ਨਾ ਹੀ ਕਿਸੇ ਅਨੁਭਵ ਤੋਂ। ਇਹ ਗਿਆਨ ਤਾਂ ਫੇਸਬੁੱਕ ਯੂਨੀਵਰਸਿਟੀ ਤੇ ਵਟਸਐਪ ਯੂਨੀਵਰਸਿਟੀ ਤੋਂ ਆਇਆ ਹੈ। ਇੱਕ ਪੋਸਟ ਵੇਖੀ, ਇੱਕ ਵੀਡੀਓ ਚੱਲੀ ਅਤੇ ਬੱਸ, ਉਸ ਨੂੰ ਲੱਗਦਾ ਹੈ ਕਿ ਉਸ ਨੇ ਪੂਰਾ ਵਿਸ਼ਵ ਜਿੱਤ ਲਿਆ ਹੈ। ਇਸ ਰਿਵਾਜ਼ ਨੇ ਪੰਜਾਬੀ ਸਮਾਜ ਨੂੰ ਇੱਕ ਐਸੇ ਮਾਹੌਲ ਵਿੱਚ ਧੱਕ ਦਿੱਤਾ ਹੈ ਜਿੱਥੇ ਹਰ ਵਿਅਕਤੀ ਆਪਣੇ ਆਪ ਨੂੰ ਸਰਵਉੱਚ ਸਮਝਦਾ ਹੈ ਅਤੇ ਬਾਕੀ ਸਭ ਨੂੰ ਘਟੀਆ। ਅੱਜ ਦੇ ਪੰਜਾਬ ਵਿੱਚ ਲੋਕਾਂ ਦੀ ਇੱਕ ਵੱਡੀ ਗਿਣਤੀ ਸਰਕਾਰੀ ਨੀਤੀਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਕੰਟਰੋਲ ਤੋਂ ਪੂਰੀ ਤਰ੍ਹਾਂ ਬਾਹਰ ਹੋ ਚੁੱਕੀ ਹੈ। ਉਹ ਆਪ ਮੁਹਾਰੇ ਹੋ ਗਏ ਹਨ। ਕੋਈ ਕਾਨੂੰਨ ਦਾ ਡਰ ਨਹੀਂ, ਕੋਈ ਪ੍ਰਸ਼ਾਸਨ ਦਾ ਭੈਅ ਨਹੀਂ। ਇੱਕ ਵਿਅਕਤੀ ਆਪਣੀ ਮਰਜ਼ੀ ਨਾਲ ਉਠਦਾ ਹੈ ਅਤੇ ਕਿਸੇ ਵੀ ਵਿਸ਼ੇ ਤੇ ਆਪਣਾ ਗਿਆਨ ਝਾੜਨ ਲੱਗ ਜਾਂਦਾ ਹੈ। ਇਸ ਗਿਆਨ ਦਾ ਮੂਲ ਸਰੋਤ ਤਾਂ ਉਹੀ ਵਟਸਐਪ ਫਾਰਵਰਡ ਅਤੇ ਫੇਸਬੁੱਕ ਪੋਸਟਾਂ ਹਨ ਜਿਨ੍ਹਾਂ ਨੂੰ ਉਹ ਆਪਣੀ ਖੋਜ ਵਜੋਂ ਪੇਸ਼ ਕਰਦਾ ਹੈ। ਉਸ ਨੂੰ ਲੱਗਦਾ ਹੈ ਕਿ ਇਸ ਗਿਆਨ ਨਾਲ ਉਹ ਸਮਾਜ ਵਿੱਚ ਆਪਣੀ ਇੱਕ ਵੱਖਰੀ ਸ਼ਾਖ ਸਥਾਪਿਤ ਕਰ ਲਵੇਗਾ। ਉਸ ਦਾ ਮਕਸਦ ਸਿਰਫ ਇੱਕੋ ਹੈ, ਲੋਕਾਂ ਵਿੱਚ ਹਰਮਨ ਪਿਆਰਾ ਬਣਨਾ, ਫੋਲੋਅਰ ਵਧਾਉਣਾ, ਲਾਈਕਾਂ ਇਕੱਠੀਆਂ ਕਰਨਾ ਅਤੇ ਸਰਕਾਰ ਵਿਰੋਧੀ ਰੂਪ ਵਿੱਚ ਆਪਣੀ ਇੱਕ ਛੋਟੀ ਜਿਹੀ ਰਾਜਨੀਤੀ ਚਲਾਉਣਾ। ਇਸ ਨਾਲ ਭਾਵੇਂ ਸਮਾਜ ਦਾ ਭਲਾ ਹੋਵੇ ਜਾਂ ਨਾ ਹੋਵੇ, ਉਸ ਦਾ ਨਿਜੀ ਫਾਇਦਾ ਤਾਂ ਹੋਣਾ ਚਾਹੀਦਾ ਹੈ। ਇਸ ਲਈ ਉਹ ਬਿਨਾਂ ਰੋਕ-ਟੋਕ ਤੋਂ ਆਪਣੀ ਗੱਲ ਚਲਾਉਂਦਾ ਹੈ।

ਜਦੋਂ ਇੱਕ ਵਿਅਕਤੀ ਇਸ ਤਰ੍ਹਾਂ ਉਡਦਾ ਤੀਰ ਫੜਦਾ ਹੈ ਤਾਂ ਉਸ ਨੂੰ ਆਪਣੇ ਆਪ ਤੇ ਬਹੁਤ ਗਰਵ ਹੁੰਦਾ ਹੈ। ਉਹ ਸਮਝਦਾ ਹੈ ਕਿ ਉਸ ਨੇ ਇੱਕ ਵੱਡਾ ਕੰਮ ਕਰ ਦਿਖਾਇਆ ਹੈ। ਉਹ ਆਪਣੇ ਆਪ ਨੂੰ ਬਾਕੀਆਂ ਤੋਂ ਉੱਚਾ ਦਿਖਾਉਣ ਲਈ ਹਰ ਤਰ੍ਹਾਂ ਦੀ ਗੱਲ ਕਰਨ ਲੱਗ ਜਾਂਦਾ ਹੈ। ਭਾਵੇਂ ਉਸ ਨੂੰ ਉਸ ਵਿਸ਼ੇ ਬਾਰੇ ਗਿਆਨ ਹੀ ਨਾ ਹੋਵੇ, ਫਿਰ ਵੀ ਉਹ ਆਪਣੀ ਗੱਲ ਨੂੰ ਇੱਕ ਤਾਕਤਵਰ ਰੂਪ ਵਿੱਚ ਪੇਸ਼ ਕਰਦਾ ਹੈ। ਜੇਕਰ ਉਸ ਤੇ ਪ੍ਰਸ਼ਾਸਨਿਕ ਜਾਂ ਸਮਾਜਿਕ ਤੌਰ ਤੇ ਘਿਰਾਅ ਹੋਣ ਲੱਗਦਾ ਹੈ ਤਾਂ



ਉਹ ਤੁਰੰਤ ਧਾਰਮਿਕ ਸ਼ਰਨ ਲੈ ਲੈਂਦਾ ਹੈ। ਉਸ ਦਾ ਗਿਆਨ ਫਿਰ ਧਾਰਮਿਕ ਰੰਗ ਵਿੱਚ ਰੰਗਿਆ ਜਾਣ ਲੱਗਦਾ ਹੈ। ਉਹ ਆਪਣੀਆਂ ਬੇਤੁਕੀਆਂ ਗੱਲਾਂ ਨੂੰ ਧਰਮ ਨਾਲ ਜੋੜ ਦਿੰਦਾ ਹੈ, ਉਸ ਨੂੰ ਇੱਕ ਧਾਰਮਿਕ ਸੰਦੇਸ਼ ਵਜੋਂ ਪੇਸ਼ ਕਰਦਾ ਹੈ ਅਤੇ ਮਾਹੌਲ ਨੂੰ ਖਰਾਬ ਕਰਨ ਵਿੱਚ ਕੋਈ ਕਸਰ ਨਹੀਂ ਛੱਡਦਾ। ਇਸ ਤਰ੍ਹਾਂ ਉਹ ਆਪਣੇ ਆਪ ਨੂੰ ਬਚਾਅ ਲੈਂਦਾ ਹੈ ਅਤੇ ਆਪਣੀ ਗੱਲ ਨੂੰ ਇੱਕ ਪਵਿੱਤਰ ਰੂਪ ਦੇ ਦਿੰਦਾ ਹੈ। ਧਰਮ ਅਤੇ ਧਾਰਮਿਕ ਹੋਣਾ ਲੋਕਾਂ ਅਤੇ ਸਮਾਜ ਦੀ ਆਸਥਾ ਦਾ ਪ੍ਰਤੀਕ ਹੈ। ਇਸ ਲਈ ਇਸ ਵਿਸ਼ੇ ਤੇ ਗਿਆਨ ਦੇਣ ਦਾ ਅਧਿਕਾਰ ਸਿਰਫ ਉਨ੍ਹਾਂ ਲੋਕਾਂ ਨੂੰ ਹੀ ਹੋਣਾ ਚਾਹੀਦਾ ਹੈ ਜਿਨ੍ਹਾਂ ਨੇ ਇਸ ਖੇਤਰ ਵਿੱਚ ਗਹਿਰਾਈ ਨਾਲ ਅਧਿਐਨ ਕੀਤਾ ਹੋਵੇ, ਜਿਨ੍ਹਾਂ ਦਾ ਅਨੁਭਵ ਹੋਵੇ ਅਤੇ ਜਿਨ੍ਹਾਂ ਦੀ ਸੋਚ ਸੁਲਝੀ ਹੋਈ ਹੋਵੇ। ਪਰ ਅੱਜ ਦੇ ਪੰਜਾਬ ਵਿੱਚ ਹਾਲਾਤ ਇਸ ਤੋਂ ਬਿਲਕੁਲ ਉਲਟ ਹਨ। ਹਰ ਲੱਲੀ ਛੱਲੀ, ਹਰ ਉਹ ਵਿਅਕਤੀ ਜਿਸ ਨੇ ਕਦੇ ਧਾਰਮਿਕ ਗ੍ਰੰਥਾਂ ਨੂੰ ਵੀ ਧਿਆਨ ਨਾਲ ਨਹੀਂ ਪੜ੍ਹਿਆ, ਆਪਣੇ ਆਪ ਨੂੰ ਧਾਰਮਿਕ ਗਿਆਨਵਾਨ ਸਮਝਦਾ ਹੈ। ਉਹ ਫੇਸਬੁੱਕ ਤੇ ਇੱਕ ਵੀਡੀਓ ਵੇਖ ਕੇ ਆਪਣੇ ਆਪ ਨੂੰ ਧਰਮ ਦਾ ਵੱਡਾ ਠੇਕੇਦਾਰ ਸਮਝਣ ਲੱਗ ਜਾਂਦਾ ਹੈ। ਉਹ ਬਿਨਾਂ ਕਿਸੇ ਖਾਸ ਪ੍ਰਾਪਤੀ ਤੋਂ ਸਮਾਜ ਵਿੱਚ ਧਾਰਮਿਕ ਵਿਸ਼ਿਆਂ ਤੇ ਗੱਲਾਂ ਕਰਨ ਲੱਗ ਜਾਂਦਾ ਹੈ ਅਤੇ ਇਸ ਤਰ੍ਹਾਂ ਮਾਹੌਲ ਨੂੰ ਖਰਾਬ ਕਰਦਾ ਹੈ। ਉਸ ਦਾ ਇੱਕੋ ਮਕਸਦ ਹੈ ਕਿ ਲੋਕ ਉਸ ਨੂੰ ਧਾਰਮਿਕ ਤੌਰ ਤੇ ਜਾਂ ਸਮਾਜਿਕ ਤੌਰ ਤੇ ਹਰਮਨ ਪਿਆਰਾ ਸਮਝਣ ਅਤੇ ਉਸ ਦੇ ਫੋਲੋਅਰ ਵਧਣ। ਇਸ ਲਈ ਉਹ ਬੇਤੁਕੀਆਂ ਗੱਲਾਂ ਵੀ ਧਾਰਮਿਕ ਰੰਗ ਵਿੱਚ ਰੰਗ ਕੇ ਪੇਸ਼ ਕਰਦਾ ਹੈ।

ਇਸ ਰਿਵਾਜ਼ ਨੇ ਸਮਾਜ ਨੂੰ ਬਹੁਤ ਡੂੰਘਾ ਨੁਕਸਾਨ ਪਹੁੰਚਾਇਆ ਹੈ। ਜਦੋਂ ਇੱਕ ਵਿਅਕਤੀ ਉਡਦਾ ਤੀਰ ਫੜਦਾ ਹੈ ਭਾਵ ਨਾ-ਸਮਝੀ ਨਾਲ ਕਿਸੇ ਵੀ ਵਿਸ਼ੇ ਤੇ ਬੇਤੁੱਕੀ ਬਿਆਨਬਾਜੀ ਕਰਦਾ ਹੈ ਤਾਂ ਉਸ ਨਾਲ ਨਾ ਸਿਰਫ ਉਸ ਦੀ ਨਿਜੀ ਜ਼ਿੰਦਗੀ ਪ੍ਰਭਾਵਿਤ ਹੁੰਦੀ ਹੈ ਬਲਕਿ ਪੂਰਾ ਸਮਾਜ ਵੀ ਪ੍ਰਭਾਵਿਤ ਹੁੰਦਾ ਹੈ । ਉਸ ਦੀਆਂ ਗੱਲਾਂ ਲੋਕਾਂ ਵਿੱਚ ਭਰਮ ਪੈਦਾ ਕਰਦੀਆਂ ਹਨ। ਲੋਕ ਉਸ ਗੱਲ ਨੂੰ ਸੱਚ ਸਮਝ ਕੇ ਉਸ ਤੇ ਵਿਸ਼ਵਾਸ ਕਰਨ ਲੱਗ ਜਾਂਦੇ ਹਨ। ਫਿਰ ਉਹ ਗੱਲ ਵਾਇਰਲ ਹੋ ਜਾਂਦੀ ਹੈ ਅਤੇ ਇੱਕ ਛੋਟੀ ਜਿਹੀ ਗਲਤੀ ਵੱਡੀ ਸਮੱਸਿਆ ਬਣ ਜਾਂਦੀ ਹੈ। ਇਸ ਗਲਤੀ ਦੀ ਭਰਪਾਈ ਫਿਰ ਸਮਾਜ ਨੂੰ ਹੀ ਕਰਨੀ ਪੈਂਦੀ ਹੈ। ਲੋਕ ਆਪਸ ਵਿੱਚ ਝਗੜਦੇ ਹਨ, ਧਾਰਮਿਕ ਭਾਵਨਾਵਾਂ ਠੇਸ ਪਹੁੰਚਦੀਆਂ ਹਨ ਅਤੇ ਪ੍ਰਸ਼ਾਸਨ ਨੂੰ ਵੀ ਇਸ ਤੋਂ ਨੁਕਸਾਨ ਹੁੰਦਾ ਹੈ। ਇਸ ਤਰ੍ਹਾਂ ਉਡਦੇ ਤੀਰਾਂ ਨੂੰ ਫੜਨ ਵਾਲਿਆਂ ਨੇ ਸਮਾਜ ਨੂੰ ਇੱਕ ਅਜਿਹੀ ਜਗ੍ਹਾ ਬਣਾ ਦਿੱਤਾ ਹੈ ਜਿੱਥੇ ਹਰ ਕੋਈ ਆਪਣੀ ਮਰਜ਼ੀ ਨਾਲ ਗੱਲ ਕਰਦਾ ਹੈ ਅਤੇ ਕੋਈ ਜਵਾਬਦੇਹੀ ਨਹੀਂ। ਪੰਜਾਬ ਵਿੱਚ ਇਸ ਰਿਵਾਜ਼ ਨੇ ਖਾਸ ਤੌਰ ਤੇ ਧਾਰਮਿਕ ਮਾਹੌਲ ਨੂੰ ਪ੍ਰਭਾਵਿਤ ਕੀਤਾ ਹੈ। ਧਰਮ ਇੱਕ ਐਸੀ ਚੀਜ਼ ਹੈ ਜਿਸ ਨਾਲ ਲੋਕਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਇਸ ਲਈ ਇਸ ਤੇ ਗੱਲ ਕਰਨ ਵਾਲਾ ਵਿਅਕਤੀ ਬਹੁਤ ਸਾਵਧਾਨ ਹੋਣਾ ਚਾਹੀਦਾ ਹੈ। ਪਰ ਅੱਜ ਉਡਦਾ ਤੀਰ ਫੜਨ ਵਾਲੇ ਲੋਕ ਇਸ ਗੱਲ ਨੂੰ ਬਿਲਕੁਲ ਨਹੀਂ ਸਮਝਦੇ। ਉਹ ਆਪਣੀਆਂ ਬੇਤੁਕੀਆਂ ਗੱਲਾਂ ਨੂੰ ਧਾਰਮਿਕ ਰੂਪ ਵਿੱਚ ਪੇਸ਼ ਕਰ ਕੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ। ਇਸ ਨਾਲ ਧਾਰਮਿਕ ਏਕਤਾ ਟੁੱਟਦੀ ਹੈ ਅਤੇ ਸਮਾਜ ਵਿੱਚ ਫੁੱਟ ਪੈਦਾ ਹੁੰਦੀ ਹੈ। ਲੋਕ ਆਪਸ ਵਿੱਚ ਝਗੜਦੇ ਹਨ ਅਤੇ ਇੱਕ ਦੂਜੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੇ ਹਨ। ਇਸ ਤਰ੍ਹਾਂ ਉਡਦੇ ਤੀਰਾਂ ਨੂੰ ਫੜਨ ਵਾਲਿਆਂ ਨੇ ਸਮਾਜ ਨੂੰ ਇੱਕ ਅਜਿਹੀ ਅੱਗ ਵਿੱਚ ਸੁੱਟ ਦਿੱਤਾ ਹੈ ਜਿਸ ਵਿੱਚੋਂ ਨਿਕਲਣਾ ਬਹੁਤ ਮੁਸ਼ਕਲ ਹੈ।

ਇਸ ਰਿਵਾਜ਼ ਨਾਲ ਨਾ ਸਿਰਫ ਸਮਾਜ ਨੂੰ ਨੁਕਸਾਨ ਹੋ ਰਿਹਾ ਹੈ ਬਲਕਿ ਵਿਅਕਤੀਗਤ ਤੌਰ ਤੇ ਵੀ ਲੋਕਾਂ ਦੀ ਜ਼ਿੰਦਗੀ ਪ੍ਰਭਾਵਿਤ ਹੋ ਰਹੀ ਹੈ। ਜਦੋਂ ਇੱਕ ਵਿਅਕਤੀ ਲਗਾਤਾਰ ਉਡਦਾ ਤੀਰ ਫੜਦਾ ਹੈ ਤਾਂ ਉਸ ਦੀ ਆਪਣੀ ਨਿਜੀ ਜ਼ਿੰਦਗੀ ਵਿੱਚ ਵੀ ਅਸਥਿਰਤਾ ਆ ਜਾਂਦੀ ਹੈ। ਉਸ ਨੂੰ ਆਪਣੇ ਆਪ ਤੇ ਇੱਕ ਝੂਠਾ ਗਰਵ ਹੋ ਜਾਂਦਾ ਹੈ। ਉਹ ਸਮਝਦਾ ਹੈ ਕਿ ਉਹ ਸਭ ਕੁਝ ਜਾਣਦਾ ਹੈ ਅਤੇ ਉਸ ਨੂੰ ਕਿਸੇ ਤੋਂ ਵੀ ਸਲਾਹ ਲੈਣ ਦੀ ਲੋੜ ਨਹੀਂ। ਇਸ ਤਰ੍ਹਾਂ ਉਸ ਦੇ ਰਿਸ਼ਤੇ ਖਰਾਬ ਹੋ ਜਾਂਦੇ ਹਨ, ਉਸ ਦੀ ਇੱਜ਼ਤ ਘਟਦੀ ਹੈ ਅਤੇ ਉਸ ਨੂੰ ਅਸਲ ਜੀਵਨ ਵਿੱਚ ਵੀ ਮੁਸ਼ਕਲਾਂ ਆਉਂਦੀਆਂ ਹਨ। ਪਰ ਉਸ ਨੂੰ ਇਸ ਗੱਲ ਦੀ ਕੋਈ ਫਿਕਰ ਨਹੀਂ ਹੁੰਦਾ ਕਿਉਂਕਿ ਉਸ ਨੂੰ ਲੱਗਦਾ ਹੈ ਕਿ ਉਸ ਦੀ ਸੋਸ਼ਲ ਮੀਡੀਆ ਤੇ ਲੋਕਪ੍ਰਿਅਤਾ ਵਧ ਰਹੀ ਹੈ। ਇਸ ਲਈ ਉਹ ਆਪਣੀ ਨਿਜੀ ਜ਼ਿੰਦਗੀ ਨੂੰ ਕੁਰਬਾਨ ਕਰ ਕੇ ਵੀ ਇਸ ਰਿਵਾਜ਼ ਨੂੰ ਜਾਰੀ ਰੱਖਦਾ ਹੈ।

ਪੰਜਾਬ ਵਿੱਚ ਇਸ ਰਿਵਾਜ਼ ਨੂੰ ਰੋਕਣ ਲਈ ਸਮਾਜ ਨੂੰ ਆਪਣੇ ਆਪ ਤੇ ਗੰਭੀਰਤਾ ਨਾਲ ਵਿਚਾਰ ਕਰਨਾ ਪਵੇਗਾ। ਲੋਕਾਂ ਨੂੰ ਸਮਝਣਾ ਪਵੇਗਾ ਕਿ ਵਟਸਐਪ ਅਤੇ ਫੇਸਬੁੱਕ ਤੋਂ ਮਿਲਿਆ ਗਿਆਨ ਅਸਲ ਗਿਆਨ ਨਹੀਂ ਹੈ। ਇਸ ਲਈ ਉਨ੍ਹਾਂ ਨੂੰ ਧਾਰਮਿਕ ਅਤੇ ਸਮਾਜਿਕ ਵਿਸ਼ਿਆਂ ਤੇ ਗੱਲ ਕਰਨ ਤੋਂ ਪਹਿਲਾਂ ਆਪਣੇ ਆਪ ਨੂੰ ਪਰਖਣਾ ਚਾਹੀਦਾ ਹੈ। ਉਨ੍ਹਾਂ ਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਧਰਮ ਇੱਕ ਗੰਭੀਰ ਵਿਸ਼ਾ ਹੈ ਅਤੇ ਇਸ ਤੇ ਗੱਲ ਕਰਨ ਵਾਲਾ ਵਿਅਕਤੀ ਬਹੁਤ ਜ਼ਿਮੇਵਾਰ ਹੋਣਾ ਚਾਹੀਦਾ ਹੈ। ਜੇਕਰ ਹਰ ਵਿਅਕਤੀ ਆਪਣੇ ਆਪ ਨੂੰ ਗਿਆਨਵਾਨ ਸਮਝ ਕੇ ਗੱਲਾਂ ਕਰਨ ਲੱਗ ਪਵੇਗਾ ਤਾਂ ਸਮਾਜ ਵਿੱਚ ਇੱਕ ਵੱਡਾ ਅਰਾਜਕਤਾ ਵਾਲਾ ਮਾਹੌਲ ਬਣ ਜਾਵੇਗਾ। ਇਸ ਲਈ ਲੋਕਾਂ ਨੂੰ ਆਪਣੀਆਂ ਗੱਲਾਂ ਤੋਂ ਪਹਿਲਾਂ ਸੋਚਣਾ ਚਾਹੀਦਾ ਹੈ ਕਿ ਉਸ ਗੱਲ ਨਾਲ ਸਮਾਜ ਨੂੰ ਕੀ ਫਾਇਦਾ ਹੋਵੇਗਾ ਅਤੇ ਕੀ ਨੁਕਸਾਨ।

ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ ਵਿੱਚ ਉਡਦਾ ਤੀਰ ਫੜਨ ਦਾ ਰਿਵਾਜ਼ ਇੱਕ ਖਤਰਨਾਕ ਰੁਝਾਨ ਹੈ। ਇਸ ਨੇ ਲੋਕਾਂ ਨੂੰ ਆਪ ਮੁਹਾਰੇ ਬਣਾ ਦਿੱਤਾ ਹੈ ਅਤੇ ਉਨ੍ਹਾਂ ਵਿੱਚ ਕਾਨੂੰਨ ਅਤੇ ਪ੍ਰਸ਼ਾਸਨ ਦਾ ਡਰ ਖਤਮ ਕਰ ਦਿੱਤਾ ਹੈ। ਇਸ ਰਿਵਾਜ਼ ਨੇ ਸਮਾਜ ਨੂੰ ਇੱਕ ਅਜਿਹੀ ਜਗ੍ਹਾ ਬਣਾ ਦਿੱਤਾ ਹੈ ਜਿੱਥੇ ਹਰ ਵਿਅਕਤੀ ਆਪਣੀ ਮਰਜ਼ੀ ਨਾਲ ਗੱਲ ਕਰਦਾ ਹੈ ਅਤੇ ਆਪਣੇ ਨਿਜੀ ਫਾਇਦੇ ਲਈ ਸਮਾਜ ਨੂੰ ਕੁਰਬਾਨ ਕਰਦਾ ਹੈ। ਇਸ ਰਿਵਾਜ਼ ਨੂੰ ਰੋਕਣ ਲਈ ਲੋਕਾਂ ਨੂੰ ਆਪਣੀਆਂ ਭਾਵਨਾਵਾਂ ਨੂੰ ਕੰਟਰੋਲ ਕਰਨਾ ਪਵੇਗਾ ਅਤੇ ਅਸਲ ਗਿਆਨ ਨਾਲ ਜੁੜਨਾ ਪਵੇਗਾ, ਤਾਂ ਹੀ ਸਮਾਜ ਇੱਕ ਚੰਗਾ ਅਤੇ ਸੁਲਝਿਆ ਹੋਇਆ ਮਾਹੌਲ ਬਣਾ ਸਕਦਾ ਹੈ। ਉਡਦਾ ਤੀਰ ਫੜਨ ਵਾਲੇ ਲੋਕਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਦੀਆਂ ਗੱਲਾਂ ਨਾਲ ਨਾ ਸਿਰਫ ਉਨ੍ਹਾਂ ਦਾ ਨੁਕਸਾਨ ਹੋ ਰਿਹਾ ਹੈ ਬਲਕਿ ਪੂਰੇ ਸਮਾਜ ਦਾ ਵੀ ਨੁਕਸਾਨ ਹੋ ਰਿਹਾ ਹੈ। ਇਸ ਲਈ ਇਸ ਰਿਵਾਜ਼ ਨੂੰ ਛੱਡ ਕੇ ਲੋਕਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਣਾ ਚਾਹੀਦਾ ਹੈ ਅਤੇ ਸਮਾਜ ਲਈ ਇੱਕ ਚੰਗਾ ਯੋਗਦਾਨ ਦੇਣਾ ਚਾਹੀਦਾ ਹੈ, ਤਾਂ ਹੀ ਪੰਜਾਬ ਵਿੱਚ ਇੱਕ ਸਾਫ਼ ਅਤੇ ਸੁਖਾਲਾ ਮਾਹੌਲ ਬਣ ਸਕਦਾ ਹੈ।

ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ
liberalthinker1621@gmail.com

# *ਜੰਗ ਦੌਰਾਨ ਮੀਡੀਆ ਦੀ ਭੂਮਿਕਾ*

ਪ੍ਰੋ: ਕੁਲਬੀਰ ਸਿੰਘ
9417153513





ਜੰਗ ਸਮੇਂ ਮੀਡੀਆ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੁੰਦੀ ਹੈ। ਇਸ ਦੀ ਜ਼ਿੰਮੇਵਾਰੀ ਲੋਕਾਂ ਨੂੰ ਸਹੀ ਜਾਣਕਾਰੀ ਦੇਣੀ ਅਤੇ ਤਾਜ਼ਾ ਸਥਿਤੀ ਤੋਂ ਜਾਣੂ ਕਰਵਾਉਣ ਦੀ ਹੁੰਦੀ ਹੈ। ਜੰਗ ਸਮੇਂ ਧਿਆਨ ਰੱਖਣਯੋਗ ਗੱਲਾਂ ਨੂੰ ਲੋਕਾਂ ਤੱਕ ਪਹੁੰਚਾਉਣ ਦੇ ਨਾਲ ਨਾਲ ਸੰਜਮ ਤੇ ਸੰਕੋਚ ਲਈ ਪ੍ਰੇਰਨਾ, ਪ੍ਰਸ਼ਾਸਨ ਅਤੇ ਸਰਕ-ਾਰਾ ਦੁਆਰਾ ਦਿੱਤੀਆਂ ਜਾਂਦੀਆਂ ਹਦਾਇਤਾਂ ਨੂੰ ਇਨ ਬਿਨ ਮੰਨਣ ਤੇ ਲਾਗੂ ਕਰਨ ਲਈ ਉਤਸ਼ਾਹਿਤ ਕਰਨਾ ਮੀਡੀਆ ਦਾ ਮੁੱਢਲਾ ਫ਼ਰਜ਼ ਹੁੰਦਾ ਹੈ।

ਪਰੰਤੂ ਹੋ ਕੀ ਰਿਹਾ ਹੈ ? ਸੋਸ਼ਲ ਮੀਡੀਆ ਅਤੇ ਭਾਰਤੀ ਟੈਲੀਵਿਜ਼ਨ ਦਾ ਇਕ ਹਿੱਸਾ ਆਪਹੁਦੇਰਪਨ ਦੀਆਂ ਸਾਰੀਆਂ ਸੀਮਾਵਾਂ ਪਾਰ ਕਰ ਗਿਆ ਹੈ। 'ਸੂਤਰਾਂ ਦੇ ਹਵਾਲੇ' ਨੇ ਖ਼ਬਰਾਂ ਦਾ ਹੁਲੀਆ ਵਿਗਾੜ ਦਿੱਤਾ ਹੈ।

ਜੰਗ ਦੀਆਂ ਅਜਿਹੀਆਂ ਖ਼ਬਰਾਂ ਪ੍ਰਸਾਰਿਤ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਦਾ ਕੋਈ ਸਰੋਤ, ਕੋਈ ਆਧਾਰ ਨਹੀਂ ਹੈ। ਸੋਸ਼ਲ ਮੀਡੀਆ 'ਤੇ ਵੱਖ-ਵੱਖ ਮੁਲਕਾਂ ਦੇ ਨੇਤਾਵਾਂ ਦੀਆਂ ਤਸਵੀਰਾਂ ਨਾਲ ਅਜਿਹੇ ਦਾਅਵੇ, ਅਜਿਹੇ ਦਾਅਵੇ ਉਭਾਰੇ ਜਾ ਰਹੇ ਹਨ, ਜਿਨ੍ਹਾਂ ਦਾ ਕੋਈ ਸਿਰ ਪੈਰ ਨਹੀਂ ਹੈ। ਸਾਡੇ ਕੋਲ ਇਹ ਤਿੰਨ ਭਾਸ਼ਾਵਾਂ ਪੰਜਾਬੀ, ਹਿੰਦੀ, ਅੰਗਰੇਜ਼ੀ ਵਿਚ ਪਹੁੰਚ ਰਹੇ ਹਨ।

ਸੋਸ਼ਲ ਮੀਡੀਆ ਦੀ ਵਰਤੋਂ ਕਰਨ ਵਾਲੇ ਜਿਹੜੇ ਕੌਮਾਂਤਰੀ ਸਿਆਸਤ ਵਿਚ ਵਿਸ਼ੇਸ਼ ਰੁਚੀ ਰੱਖਦੇ ਹਨ, ਆਪਣੇ ਕੋਲੋਂ ਹੀ ਜੰਗ ਸੰਬੰਧੀ ਕਿਆਸ ਆਰਾਈਆਂ ਕਰ ਰਹੇ ਹਨ, ਭਵਿੱਖ ਬਾਰੇ ਤਰ੍ਹਾਂ ਤਰ੍ਹਾਂ ਦੀਆਂ ਪੋਸਟਾਂ ਪਾ ਰਹੇ ਹਨ, ਜਿਨ੍ਹਾਂ ਨੂੰ ਪੜ੍ਹ ਪੜ੍ਹ ਕੇ ਹੈਰਾਨੀ ਵੀ ਹੁੰਦੀ ਹੈ, ਪ੍ਰੇਸ਼ਾਨੀ ਵੀ ਹੁੰਦੀ ਹੈ। ਹਿੰਦੀ ਚੈਨਲਾਂ ਦੇ ਐਂਕਰ ਵੀ ਘੱਟ ਨਹੀਂ। ਉਹ ਆਪਣੀ ਸੋਚ, ਆਪਣੀ ਨੀਤੀ ਅਨੁਸਾਰ ਕਿਸੇ ਦੇਸ਼ ਨੂੰ ਜਿਤਾ ਦਿੰਦੇ ਹਨ, ਕਿਸੇ ਦਾ ਮਲੀਆਮੇਟ ਕਰ ਦਿੰਦੇ ਹਨ।

ਅਜਿਹੇ ਸੰਕਟ ਸਮੇਂ ਫ਼ਰਜ਼ੀ ਖ਼ਬਰਾਂ, ਫ਼ਰਜ਼ੀ ਵੀਡੀਓ ਅਤੇ ਅਫ਼ਵਾਹਾਂ ਤੋਂ ਸੁਚੇਤ ਰਹਿਣ ਦੀ ਲੋੜ ਹੁੰਦੀ ਹੈ। ਅਕਸਰ ਜੰਗ ਸਮੇਂ ਮੀਡੀਆ ਲਈ ਐਡਵਾਈਜ਼ਰੀ ਜਾਰੀ ਕੀਤੀ ਜਾਂਦੀਹੈ ਪਰੰਤੂ ਨਾ ਕੋਈ ਉਸ ਨੂੰ ਮੰਨਦਾ ਹੈ, ਨਾ ਸੁਣਦਾ-ਸਮਝਦਾ ਹੈ।

**ਸੋਸ਼ਲ ਮੀਡੀਆ ਦੀ ਵਰਤੋਂ ਕਰਨ ਵਾਲੇ ਜਿਹੜੇ ਕੌਮਾਂਤਰੀ ਸਿਆਸਤ ਵਿਚ ਵਿਸ਼ੇਸ਼ ਰੁਚੀ ਰੱਖਦੇ ਹਨ, ਆਪਣੇ ਕੋਲੋਂ ਹੀ ਜੰਗ ਸੰਬੰਧੀ ਕਿਆਸ ਆਰਾਈਆਂ ਕਰ ਰਹੇ ਹਨ, ਭਵਿੱਖ ਬਾਰੇ ਤਰ੍ਹਾਂ ਤਰ੍ਹਾਂ ਦੀਆਂ ਪੋਸਟਾਂ ਪਾ ਰਹੇ ਹਨ, ਜਿਨ੍ਹਾਂ ਨੂੰ ਪੜ੍ਹ ਪੜ੍ਹ ਕੇ ਹੈਰਾਨੀ ਵੀ ਹੁੰਦੀ ਹੈ, ਪ੍ਰੇਸ਼ਾਨੀ ਵੀ ਹੁੰਦੀ ਹੈ। ਹਿੰਦੀ ਚੈਨਲਾਂ ਦੇ ਐਂਕਰ ਵੀ ਘੱਟ ਨਹੀਂ। ਉਹ ਆਪਣੀ ਸੋਚ, ਆਪਣੀ ਨੀਤੀ ਅਨੁਸਾਰ ਕਿਸੇ ਦੇਸ਼ ਨੂੰ ਜਿਤਾ ਦਿੰਦੇ ਹਨ, ਕਿਸੇ ਦਾ ਮਲੀਆਮੇਟ ਕਰ ਦਿੰਦੇ ਹਨ। ਅਜਿਹੇ ਸੰਕਟ ਸਮੇਂ ਫ਼ਰਜ਼ੀ ਖ਼ਬਰਾਂ, ਫ਼ਰਜ਼ੀ ਵੀਡੀਓ ਅਤੇ ਅਫ਼ਵਾਹਾਂ ਤੋਂ ਸੁਚੇਤ ਰਹਿਣ ਦੀ ਲੋੜ ਹੁੰਦੀ ਹੈ। ਅਕਸਰ ਜੰਗ ਸਮੇਂ ਮੀਡੀਆ ਲਈ ਐਡਵਾਈਜ਼ਰੀ ਜਾਰੀ ਕੀਤੀ ਜਾਂਦੀਹੈ ਪਰੰਤੂ ਨਾ ਕੋਈ ਉਸ ਨੂੰ ਮੰਨਦਾ ਹੈ, ਨਾ ਸੁਣਦਾ-ਸਮਝਦਾ ਹੈ।**

ਟੈਲੀਵਿਜ਼ਨ ਚੈਨਲਾਂ ਦਾ ਇਕ ਵੱਡਾ ਹਿੱਸਾ ਝੂਠ ਵਿਖਾਉਂਦਾ ਹੈ, ਦਰਸ਼ਕਾਂ ਨੂੰ ਡਰਾਉਂਦਾ ਹੈ, ਉਕਾਉਂਦਾ ਹੈ, ਸਾਇਰਨ ਵਜਾਉਂਦਾ ਹੈ। ਡਰ, ਘਬਰਾਹਟ ਤੇ ਸਨਸਨੀ ਦਾ ਮਾਹੌਲ ਬਣਾਉਂਦਾ ਹੈ। ਸਿਆਣੇ ਦਰਸ਼ਕ ਅਜਿਹੇ ਸਮੇਂ ਨਿਊਜ਼ ਚੈਨਲ ਵੇਖਣੇ ਬੰਦ ਕਰ ਦਿੰਦੇ ਹਨ। ਬਹੁਤ ਸਾਰੇ ਸੋਸ਼ਲ ਮੀਡੀਆ 'ਤੇ ਤਰ੍ਹਾਂ-ਤਰ੍ਹਾਂ ਦੀਆਂ ਅਪੀਲਾਂ ਕਰਦੇ ਵੇਖੇ ਜਾ ਸਕਦੇ ਹਨ।

ਇਹ ਵੀ ਸੋਚ ਹੈ ਕਿ ਸੰਕਟ ਸਮੇਂ ਮੀਡੀਆ ਲੋਕਾਂ ਦੀ ਸੋਚ ਨੂੰ, ਧਾਰਨਾ ਨੂੰ ਵੱਡੀ ਪੱਧਰ 'ਤੇ ਪ੍ਰਭਾਵਿਤ ਕਰਦਾ ਹੈ। ਅਜਿਹੇ ਸਮੇਂ ਮੀਡੀਆ ਦੁਆਰਾ ਵਰਤੀ ਗਈ ਭਾਸ਼ਾ ਦਾ, ਸ਼ਬਦਾਵਲੀ ਦਾ ਬੇਹੱਦ ਮਹੱਤਵ ਹੁੰਦਾ ਹੈ। ਵੱਡਾ ਤੇ ਵਿਸ਼ਾਲ ਪ੍ਰਭਾਵ ਪੈਂਦਾ ਹੈ।

ਵਿਲੀਅਮ ਥਾਮਸ ਦਾ ਕਹਿਣਾ ਹੈ, "ਪੱਤਰਕਾਰ ਦੀ ਭੂਮਿਕਾ, ਚੌਕੀਦਾਰ ਦੀ ਭੂਮਿਕਾ ਵਰਗੀ ਹੁੰਦੀ ਹੈ। ਪਰੰਤੂ ਜੰਗ ਸਮੇਂ ਐਨ ਇਸ ਦੇ ਉਲਟ ਹੋ ਰਿਹਾ ਹੁੰਦਾ ਹੈ। ਐਂਕਰ ਗ਼ਲਤ, ਝੂਠੀ ਤੇ ਫ਼ਰਜ਼ੀ ਜਾਣਕਾਰੀ ਪ੍ਰਸਾਰਿਤ ਕਰੀ ਜਾਂਦੇ ਹਨ। ਕਿਸੇ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਸੀ—'ਜੰਗ ਨਾਲੋਂ ਵਧੇਰੇ ਅੱਗ ਤਾਂ ਮੀਡੀਆ ਲਗਾ ਰਿਹਾ ਹੈ'।"

ਕਿਸੇ ਹੋਰ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਰਾਹੀਂ ਕਿਹਾ ਹੈ, "ਮਿਹਰਬਾਨੀ ਕਰਕੇ ਟੀ.ਵੀ. ਬੰਦ ਕਰ ਦਿਉ। ਸੁਣਨਾ, ਸ਼ੇਅਰ ਕਰਨਾ ਬੰਦ ਕਰ ਦਿਉ ਕਿਉਂਕਿ ਚੈਨਲ ਨਫ਼ਰਤ ਫੈਲਾਉਂਦੇ ਹਨ। ਚੀਖ਼ ਚੀਖ਼ ਕੇ ਗ਼ਲਤ ਜਾਣਕਾਰੀ ਦਿੰਦੇ ਹਨ। ਕੇਵਲ ਸਰਕਾਰਾਂ ਅਤੇ ਜ਼ਿੰਮੇਵਾਰ ਨੇਤਾਵਾਂ ਦੁਆਰਾ ਪ੍ਰੈੱਸ ਕਾਨਫ਼ਰੰਸਾਂ ਰਾਹੀਂ ਦਿੱਤੀ ਜਾਂਦੀ ਜਾਣਕਾਰੀ ਤੇ ਭਰੋਸਾ ਕਰੋ।"

ਇਸ ਵੇਲੇ ਅਮਰੀਕਾ, ਇਜ਼ਰਾਈਲ ਤੇ ਇਰਾਨ ਟਕਰਾ 'ਤੇ ਪੂਰੀ ਦੁਨੀਆ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ ਪਰੰਤੂ ਭਾਰਤੀ ਟੈਲੀਵਿਜ਼ਨ ਦਾ ਇਕ ਵੱਡਾ ਹਿੱਸਾ ਬਚੀ-ਖੁਚੀ ਭਰੋਸੇਯੋਗਤਾ ਵੀ ਗਵਾਉਂਦਾ ਜਾ ਰਿਹਾ ਹੈ।

ਹਰੇਕ ਮੁਲਕ ਦਾ ਮੀਡੀਆ ਇਸ ਜੰਗ ਨੂੰ, ਇਸ ਟਕਰਾ ਨੂੰ ਆਪਣੇ ਆਪਣੇ ਢੰਗ ਨਾਲ ਕਵਰ ਕਰ ਰਿਹਾ ਹੈ। ਲੋੜ ਇਸ ਗੱਲ ਦੀ ਹੈ ਕਿ ਦੁਨੀਆ ਦਾ ਮੀਡੀਆ ਜੰਗ ਰੁਕਵਾਉਣ ਲਈ, ਟਕਰਾ ਘਟਾਉਣ ਲਈ ਅੱਗੇ ਆਵੇ, ਆਪਣੇ ਪ੍ਰਭਾਵ ਦੀ ਵਰਤੋਂ ਕਰੇ।

ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ। ਜੰਗ ਤਾਂ ਆਪਣੇ ਆਪ ਵਿਚ ਵੱਡਾ ਮਸਲਾ ਹੈ। ਜੰਗ ਦੇ ਦੂਰ-ਪ੍ਰਭਾਵਾਂ ਦਾ ਅਨੁਮਾਨ ਲਗਾਉਣਾ ਕਠਿਨ ਹੈ। ਇਹ ਬਹੁਤ ਭਿਆਨਕ ਹੁੰਦੇ ਹਨ। ਦਹਾਕਿਆਂ ਤੱਕ ਮਹਿਸੂਸ ਕੀਤੇ ਜਾਂਦੇ ਹਨ। ਸਰੀਰਕ, ਮਾਨਸਿਕ, ਸਮਾਜਕ, ਆਰਥਿਕ, ਰਾਜਨੀਤਕ ਅਤੇ ਵਾਤਾਵਰਨ ਦੀ ਪੱਧਰ 'ਤੇ ਇਸ ਦਾ ਪ੍ਰਭਾਵ ਸਦੀਆਂ ਤੱਕ ਰਹਿੰਦਾ ਹੈ।

ਜੰਗ ਦੀ ਲਾਈਵ ਕਵਰੇਜ ਹੋਣ ਲੱਗੀ ਹੈ। ਬਹੁਤ ਸਾਰੇ ਪੱਤਰਕਾਰ ਫਰੰਟ 'ਤੇ ਪਹੁੰਚ ਜਾਂਦੇ ਹਨ। ਕਈ ਅਣਸੁਖਾਵੀਆਂ ਘਟਨਾਵਾਂ ਵੀ ਵਾਪਰਦੀਆਂ ਹਨ। ਦੁਨੀਆ ਭਰ ਵਿਚੋਂ ਮੀਡੀਆ ਕਰਮਚਾਰੀ, ਅਧਿਕਾਰੀ ਅੰਤਰ-ਰਾਸ਼ਟਰੀ ਨਿਯਮ-ਕਾਨੂੰਨ ਤਹਿਤ ਪ੍ਰਵਾਨਗੀ ਲੈ ਕੇ ਜਦ ਕਵਰੇਜ ਲਈ ਪਹੁੰਚਦੇ ਹਨ ਤਾਂ ਅਚਨਚੇਤ ਹਮਲੇ ਦੀ ਲਪੇਟ ਵਿਚ ਆ ਜਾਂਦੇ ਹਨ।

ਜੰਗ ਹਮੇਸ਼ਾ ਮੀਡੀਆ ਲਈ ਆਕਰਸ਼ਣ ਦਾ ਕੇਂਦਰ ਰਹੀ ਹੈ ਕਿਉਂਕਿ ਇਸ ਨਾਲ ਲੋਕਾਂ ਦੇ ਹਿੱਤ ਜੁੜੇ ਹੁੰਦੇ ਹਨ। ਪਰੰਤੂ ਭਾਰਤੀ ਨਿਊਜ਼ ਚੈਨਲ ਦਰਸ਼ਕਾਂ ਅੱਗੇ ਜੰਗ ਹੀ ਪਰੋਸਣ ਲੱਗ ਜਾਂਦੇ ਹਨ ਅਤੇ ਜੰਗ ਨੂੰ ਵੀ ਦਰਸ਼ਕ ਗਿਣਤੀ ਵਧਾਉਣ ਲਈ ਵਰਤਿਆ ਜਾਂਦਾ ਹੈ। ਬਹੁਗਿਣਤੀ ਦਰਸ਼ਕ ਜੰਗ ਦੇ ਘਿਨਾਉਣੇ ਦ੍ਰਿਸ਼ ਵੇਖਣ ਤੋਂ ਗੁਰੇਜ਼ ਕਰਦੇ ਹਨ।

ਜੰਗ ਦੇ ਵੀ ਕੁਝ ਕੌਮਾਂਤਰੀ ਨਿਯਮ-ਕਾਨੂੰਨ ਹਨ ਅਤੇ ਜੰਗ ਸਮੇਂ ਹਰੇਕ ਧਿਰ ਇਕ ਦੂਸਰੇ 'ਤੇ ਇਹ ਨਿਯਮ ਤੋੜਨ ਦੇ ਇਲਜ਼ਾਮ ਲਾਉਂਦੀ ਹੈ। ਇਸ ਸਥਿਤੀ ਵਿਚ ਕੌਮਾਂਤਰੀ ਮੀਡੀਆ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਅਸਲੀਅਤ ਦੁਨੀਆ ਸਾਹ-ਮਣੇ ਰੱਖਣ।

ਇਕ ਜੰਗ ਵੱਖ-ਵੱਖ ਦੇਸ਼ਾਂ ਦਰਮਿਆਨ ਲੜੀ ਜਾ ਰਹੀ ਹੁੰਦੀ ਹੈ, ਦੂਸਰੀ ਜੰਗ ਖ਼ਬਰ ਚੈਨਲ ਲੜ ਰਹੇ ਹੁੰਦੇ ਹਨ। ਜੰਗ ਬੇਹੱਦ ਗੰਭੀਰ ਅਤੇ ਸੰਵੇਦਨਸ਼ੀਲ ਮਾਮਲਾ ਹੈ। ਉਹੀ ਗੰਭੀਰਤਾ, ਉਹੀ ਸੰਵੇਦਨਸ਼ੀਲਤਾ ਮੀਡੀਆ-ਕਵਰੇਜ ਵਿਚੋਂ ਵੀ ਝਲਕਣੀ ਚਾਹੀਦੀ ਹੈ।

## ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹੀਦੀ ਨੂੰ 990 ਦਿਨ ਪੂਰੇ ਹੋਣ ਤੇ ਵੈਨਕੂਵਰ ਭਾਰਤੀ ਐਂਬੇਸੀ ਮੂਹਰੇ ਭਾਰੀ ਰੋਸ-ਪ੍ਰਦਰਸ਼ਨ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਕੌਮ ਦੀ ਆਜ਼ਾਦੀ ਲਈ ਸ਼ਹੀਦ ਹੋਏ ਭਾਈ ਹਰਦੀਪ ਸਿੰਘ ਨਿੱਝਰ ਦੇ ਸ਼ਹੀਦੀ ਦਿਹਾੜੇ ਨੂੰ 990 ਦਿਨ ਪੂਰੇ ਹੋਣ ਤੇ ਵੈਨਕੂਵਰ ਵਿਖੇ ਵਿਸ਼ਾਲ ਖਾਲਿਸਤਾਨ ਫਰੀਡਮ ਰੈਲੀ ਨਿਕਾਲੀ ਅਤੇ ਨਾਲ ਨਾਲ ਭਾਰਤੀ ਐਂਬੇਸੀ ਮੂਹਰੇ ਭਾਰੀ ਰੋਸ ਪ੍ਰਦਰਸ਼ਨ ਵੀ ਕੀਤਾ ਗਿਆ । ਭਾਰਤੀ ਐਂਬੈਸੀ ਵੈਨਕੂਵਰ ਵਿਖੇ ਰੋਸ ਪ੍ਰਦਰਸ਼ਨ ਕਰਦਿਆਂ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਏ ਗਏ ਅਤੇ ਕੌਂਸਲੇਟ ਨੂੰ ਬੰਦ ਕਰਨ ਦੀ ਮੰਗ ਨੇ ਇਕ ਵਾਰੀ ਫੇਰ ਜ਼ੋਰ ਫੜਿਆ।

ਰੋਸ ਪ੍ਰਦਰਸ਼ਨ ਦੌਰਾਨ ਸੈਂਕੜੇ ਲੋਕਾਂ ਨੇ ਹਾਜ਼ਰੀ ਭਰੀ ਅਤੇ ਜਾਗਦੀ ਜ਼ਮੀਰ ਦਾ ਸਬੂਤ ਦਿੱਤਾ, ਭਾਰਤ ਦੇ ਰਾਸ਼ਟਰੀ ਝੰਡੇ ਦੀ ਬੇਹੁਰਮਤੀ ਕਰਦਿਆਂ ਇਸ ਨੂੰ ਸਿੱਖਾਂ ਦਾ ਖ਼ੂਨੀ ਝੰਡਾ ਗਰਦਾਨਿਆਂ ਗਿਆ। ਇਸ ਦੌਰਾਨ ਟੀਮ ਸ਼ਹੀਦ ਨਿੱਝਰ ਵਲੋਂ ਮਾਰਚ 22 ਨੂੰ ਅਮਰੀਕਾ ਦੇ ਸਿਆਟਲ ਵਿਚ ਹੋਣ ਵਾਲੇ ਰੈਫਰੰਡਮ ਵਿਚ ਵੀ ਯੋਗਦਾਨ ਪਾਉਣ ਨੂੰ, ਸਾਥ ਦੇਣ ਨੂੰ ਅਤੇ ਆਪਣੀ ਆਪਣੀ ਜ਼ਿੰਮੇਵਾਰੀ ਸਮਝ ਕੇ ਓਥੇ ਪਹੁੰਚ ਨੇ ਆਪਣਾ ਯੋਗਦਾਨ ਪਾਉਣ ਲਈ ਬੇਨਤੀ ਕੀਤੀ ਗਈ। ਇਥੇ ਦੱਸਣਯੋਗ ਹੈ ਕਿ ਟੀਮ ਨਿੱਝਰ ਦੇ ਮੈਂਬਰ ਅਤੇ ਗੁਰੂ ਨਾਨਕ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਨਰਿੰਦਰ ਸਿੰਘ ਰੰਧਾਵਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਪਿਛਲੇ ਦਿਨਾਂ ਵਿੱਚ ਗਲੋਬਲ ਐਂਡ ਮੇਲ ਅਤੇ ਨੈਸ਼ਨਲ ਪੋਸਟ ਕੈਨੇਡਾ ਦੀਆਂ ਵੱਡੀਆਂ ਅਖਬਾਰਾਂ ਨੇ ਜਥੇਦਾਰ ਭਾਈ ਹਰਦੀਪ ਸਿੰਘ ਨਿੱਝਰ ਨੂੰ ਸ਼ਹੀਦ ਕਰਨ ਵਿੱਚ ਸਾਲ 2023 ਵਿੱਚ ਭਾਰਤੀ ਕੌਂਸਲੇਟ ਵੈਨਕੂਵਰ ਤੋਂ ਮਨੀਸ਼ ਕੁਮਾਰ ਅਤੇ ਕਮਲਜੀਤ ਸਿੰਘ ਦੇ ਨਾਮ ਸਬੂਤਾਂ ਦੇ ਰੂਪ ਵਿੱਚ ਸਾਹ-ਮਣੇ ਲਿਆਂਦੇ ਹਨ ਇਸੇ ਕਰਕੇ ਹੀ ਸ਼ਹੀਦ ਨਿੱਝਰ ਟੀਮ ਦੇ ਮੈਂਬਰ ਲਗਭਗ ਪਿਛਲੇ ਤਿੰਨ ਸਾਲਾਂ ਤੋਂ ਭਾਰਤੀ ਐਂਬੇਸੀ ਵੈਨਕੂਵਰ ਦੇ ਬਾਹਰ ਇੰਨਸਾਫ ਦੀ ਪ੍ਰਾਪਤੀ ਲਈ ਵੱਡੇ ਰੋਸ ਮੁਜਾਰੇ ਕਰ ਰਹੇ ਹਨ ਜਦ ਕਿ ਜਿੱਥੇ ਭਾਰਤ ਵਿੱਚ ਸਿੱਖ ਕੌਮ ਲਈ ਕੋਈ ਇਨਸਾਫ਼ ਨਹੀਂ ਹੈ ਉਥੇ ਹੀ ਅਮਰੀਕਾ ਕੈਨੇਡਾ ਦਾ ਮੇਨ ਸਟਰੀਟ ਮੀਡੀਆ ਸਿੱਖਾਂ ਦੇ ਸਮਰਥਨ ਵਿੱਚ ਖੜਾ ਹੈ ਜੋ ਕਿ ਬਹੁਤ ਵੱਡੀ ਅਤੇ ਮਾਣ ਵਾਲੀ ਗੱਲ ਹੈ। ਕੀਤੇ ਗਈ ਰੈਲੀ ਅਤੇ ਰੋਸ ਪ੍ਰਦਰਸ਼ਨ ਵਿਚ ਭਾਈ ਗੁਰਮੀਤ ਸਿੰਘ ਤੂਰ, ਭਾਈ ਨਰਿੰਦਰ ਸਿੰਘ ਰੰਧਾਵਾ, ਭਾਈ ਅਵਤਾਰ ਸਿੰਘ ਖਹਿਰਾ, ਭਾਈ ਮਨਜਿੰਦਰ ਸਿੰਘ ਖਾਲਸਾ, ਭਾਈ ਦਲਜੀਤ ਸਿੰਘ, ਭਾਈ ਰਜਿੰਦਰ ਸਿੰਘ, ਭਾਈ ਚਰਨਜੀਤ ਸਿੰਘ ਅਤੇ ਵਿਸ਼ੇਸ਼ ਤੌਰ ਤੇ ਐਡਮਿੰਟਨ ਤੋਂ ਪਹੁੰਚੇ ਭਾਈ ਪਰਮਿੰਦਰ ਸਿੰਘ ਰੰਧਾਵਾ ਦੇ ਨਾਲ ਭਾਈ ਗੁਰਪ੍ਰੀਤ ਸਿੰਘ ਵਿਸ਼ੇਸ਼ ਤੌਰ ਤੇ ਮੌਜੂਦ ਸਨ।

ਲੜੀਵਾਰ ਨਾਵਲ
ਸ਼ਿਵਚਰਨ ਜੱਗੀ (ਕੁੱਸਾ)



ਫੋਨ : 07853 317 891
Email: jaggikussa@yahoo.de

# ਇੱਕ ਮੇਰੀ ਅੱਖ ਕਾਸ਼ਣੀ...

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
**ਕਿਸ਼ਤ 65**

**–"ਗੱਲ ਸੁਣੋਂ ਬੇਬੇ ਮੇਰੀ, ਇੱਕ...!" ਹੁਣ ਫ਼ੋਨ ਅਮਨ ਦੇ ਹੱਥ ਸੀ, "ਥੋਡੀਆਂ ਖ਼ੁਸ਼ੀਆਂ ਕਰ ਕੇ ਮੈਂ ਆਪਣੇ ਸਾਰੇ ਚਾਅਵਾਂ ਮਲਾਰਾਂ ਨੂੰ ਅੱਗ ਲਾਅਤੀ ਸੀ, ਜਣੇ ਖਣੇ ਦਾ ਆਖਾ ਮੰਨ ਕੇ, ਸੀਲ ਕੁੱਕੜ ਬਣ ਕੇ ਤੁਰੀ ਫ਼ਿਰਦੀ ਰਹੀ..। ਹੁਣ ਆਪਣੀ ਧੀ ਕਰ ਕੇ, ਆਪਣੀ ਧੀ ਦੀ ਖ਼ੁਸ਼ੀ ਨੂੰ ਮੁੱਖ ਰੱਖ ਕੇ ਇਸ ਸ਼ਰਾਬੀ, ਤੇ ਲੁੱਚੇ ਰਿੱਛ ਤੋਂ ਪਾਸੇ ਹੋ ਜਾਣੈ...। ਥੋਡੀ ਖਾਤਰ ਮੈਂ ਅੱਗੇ ਜ਼ਿੰਦਗੀ ਨਾਲ਼ ਬੜੇ ਸਮਝੌਤੇ ਕਰ ਲਏ, ਬਹੁਤ ਕੁਝ ਮੰਨ ਲਿਆ ਤੇ ਬਹੁਤ ਕੁਝ ਹੰਢਾ ਲਿਆ...। ਪਰ ਮੇਰੀ ਧੀ ਦੇ ਚਾਅਵਾਂ ਮਲਾਰਾਂ ਨਾਲ਼ ਕੋਈ ਸਮਝੌਤਾ ਨਹੀਂ, ਮੈਂ ਆਪਣੀ ਧੀ ਦੀ ਜ਼ਿੰਦਗੀ ਜਮਾਂ ਬਰਬਾਦ ਨਹੀਂ ਹੋਣ ਦੇਣੀ...! ਧੀ ਦੀ ਜ਼ਿੰਦਗੀ ਨਾਲ਼ ਕੋਈ ਖਿਲਵਾੜ੍ਹ ਨਹੀਂ ਹੋਣ ਦੇਣਾ..।**

## ਕਾਂਡ 28

ਤੂੰ ਮੈਨੂੰ 'ਅਗਲੀ ਲੇਡੀ' ਦੱਸਦੈਂ, ਆਬਦੀ ਐਸ ਬੁੱਢੀ ਗੋਰੀ ਵੱਲ ਦੇਖ ਲੈ, ਇਹਦੇ ਨਾਲ਼ੋਂ ਤਾਂ ਮੈਂ ਸੌ ਗੁਣਾ ਸੋਹਣੀਂ ਹੋਊਂਗੀ...। ਸਾਲ ਤੋਂ ਉਪਰ ਹੋ ਗਿਆ ਤੇਰੀ ਇਸ ਵਾਈਫ਼ ਨੂੰ ਐਥੇ ਤੇਰੇ ਕੋਲ਼ੇ ਆਈ ਨੂੰ, ਤੇ ਤੂੰ ਐਸ ਨਸ਼ਈ ਤੇ ਅਧੇੜ ਔਰਤ ਨਾਲ਼ ਖੇਹ ਖਾਨੈਂ...? ਐਥੋਂ ਈ ਤੇਰੀ 'ਸਿੱਕ ਮੈਨਟੈਲਿਟੀ' ਦਾ ਪਤਾ ਲੱਗ ਜਾਂਦੈ, ਜਦੋਂ ਤੂੰ ਜੁਆਨ ਤੇ ਸੋਹਣੀ ਸੁਨੱਖੀ ਤੇ 'ਪ੍ਰੈੱਗਨੈਂਟ' ਘਰਵਾਲ਼ੀ ਘਰੇ ਇਕੱਲੀ ਛੱਡ ਕੇ ਐਸ ਨਸ਼ਈ ਬੁੱਢੀ ਦੀ ਕੱਛ 'ਚ ਵੜਿਆ ਫ਼ਿਰਦੈਂ...! ਸਿਗਰਟਾਂ ਪੀ-ਪੀ ਕੇ ਇਹਦੇ ਦੰਦ ਗਲ਼ੇ ਪਏ ਐ, ਤੇ ਐਸ ਕੋਇਲ ਵਰਗੀ ਹਾਕੀ ਦੀ ਖਿਡਾਰਨ ਵੱਲ ਤੂੰ ਨੱਕ ਨੀ ਕਰਦਾ, ਇੱਥੋਂ ਪਤਾ ਲੱਗਦੈ ਬਈ ਸਿਆਣਾਂ ਕਾਂ 'ਗੰਦ' 'ਤੇ ਹੀ ਡਿੱਗਦਾ ਹੁੰਦੈ...।" ਸੋਨੀਂ ਨੇ ਤਹਿ ਲਾ ਦਿੱਤੀ।

–"ਓਹ....!" ਜਦੋਂ ਰੌਨੀਂ ਹੀਂਜਰ ਕੇ ਸੋਨੀਂ ਵੱਲ ਆਇਆ ਤਾਂ ਅਮਨ ਉਠ ਕੇ ਬੈਠ ਗਈ। ਪਤਾ ਨਹੀਂ ਇਹ ਬਲ ਉਸ ਵਿੱਚ ਕਿੱਥੋਂ ਆ ਗਿਆ ਸੀ...?

ਉਸ ਨੇ ਉਠ ਕੇ 'ਠਾਹ' ਕਰਦਾ ਥੱਪੜ ਰੌਨੀਂ ਦੇ ਮੂੰਹ 'ਤੇ ਜੜ ਦਿੱਤਾ।

ਰੌਨੀਂ ਹੈਰਾਨ ਰਹਿ ਗਿਆ।

'ਮੋਨਾਂ ਡਾਰਲਿੰਗ' ਕਰਮ ਪਿੱਛੇ ਹਟ ਗਈ। ਉਸ ਇਸ ਵਹਿੜ੍ਹਕੇ ਦੀ ਛੜ ਵਰਗੇ ਥੱਪੜ ਬਾਰੇ ਕੱਖ ਪਤਾ ਨਹੀਂ ਸੀ ਅਤੇ ਨਾ ਹੀ ਉਸ ਨੇ ਕਦੇ ਸੋਚਿਆ ਸੀ ਕਿ ਰੌਨੀਂ ਦੀ ਘਰਵਾਲ਼ੀ ਉਖੜੀ ਕੁਹਾੜੀ ਵਾਂਗ ਮੱਥੇ ਵਿੱਚ ਵੱਜੇਗੀ।

–"ਤੂੰ ਔਰਤ ਨੂੰ ਸਮਝਦਾ ਹੀ ਕੀ ਐਂ...? ਸਿਰਫ਼ ਇੱਕ ਭੋਗਣ ਵਾਲ਼ੀ ਮਸ਼ੀਨ...? ਜੇ ਤੇਰੇ ਮਾਂ ਬਾਪ ਨੇ ਤੈਨੂੰ ਸ਼ਿਸ਼ਟਾਚਾਰ ਸਿਖਾਇਆ ਹੁੰਦਾ, ਤਾਂ ਤੂੰ ਐਸ ਨਸ਼ੇੜੀ ਪਿੱਛੇ ਕਾਬਲ ਔਰਤਾਂ ਨੂੰ ਤਲਾਕ, ਜਾਂ ਤਿਲਾਂਜਲੀ ਨਾ ਦਿੰਦਾ...। ਹੁਣ ਤੂੰ ਮੇਰੀ ਧੀ ਦਾ ਨਾਂ ਐਸ ਨਸ਼ੇੜੀ ਦੇ ਨਾਂ 'ਤੇ ਰੱਖੇਂਗਾ...? ਦੂਰ ਲਾਹਣਤ ਐ ਤੇਰੇ ਪੰਜਾਬੀ ਹੋਣ 'ਤੇ, ਜਿਸ ਨੂੰ ਆਪਣੀ ਸਕੀ ਧੀ ਦੀ ਕਦਰ ਕੀਮਤ ਦਾ ਹੀ ਨਹੀਂ ਪਤਾ...। ਮੈਂ ਥੁੱਕਦੀ ਆਂ ਤੇਰੇ ਨਾਲ਼ ਰਹਿਣ 'ਤੇ...। ਤੇਰੇ ਵਰਗੇ ਨਸ਼ੇੜੀ ਦੁਸ਼ਟ ਨੂੰ ਔਰਤ ਦੀ ਕਦਰ ਕੀਮਤ ਦਾ ਕੀ ਪਤਾ...? ਇੱਕ ਵਾਰੀ ਵੀ ਤੂੰ ਆਪਣੀ ਧੀ ਨੂੰ ਦੇਖਣ ਦੀ ਇੱਛਾ ਪ੍ਰਗਟ ਕੀਤੀ...? ਕੀ ਲੈ ਕੇ ਆਇਐਂ ਤੂੰ ਆਪਦੀ ਧੀ ਵਾਸਤੇ...? ਐਸ ਨਸ਼ੇੜੀ ਔਰਤ ਦਾ ਨਾਂ...? ਥੁੱਕਦੀ ਆਂ ਮੈਂ ਤੇਰੇ ਇਸ ਨਾਂ ਉਤੇ...! ਇਹ ਧੀ ਸਿਰਫ਼ ਤੇਰੀ ਗੰਦੀ 'ਹਵਸ' ਦੀ ਹੀ ਪਦਾਇਸ਼ ਨਹੀਂ, ਇਸ ਧੀ ਨੂੰ ਮੈਂ ਆਪਣੇ ਖ਼ੂਨ ਦੀ ਆਹੂਤੀ ਦੇ ਕੇ ਜੱਗ ਦਿਖਾਇਐ, ਇਸ 'ਤੇ ਤੇਰਾ ਕੋਈ ਹੱਕ ਨਹੀਂ...। ਜੇ ਭਲੀ ਚਾਹੁੰਨੈਂ, ਤਾਂ ਦਫ਼ਾ ਹੋਜਾ ਐਥੋਂ, ਤੇ ਨਾਲ਼ ਲੈ ਜਾ ਆਪਦੀ ਇਸ 'ਮੋਨਾਂ ਡਾਰਲਿੰਗ' ਨੂੰ..। ਤੇ ਮੁੜ ਕੇ ਮੈਨੂੰ ਆਪਣੀ ਗੰਦੀ ਸ਼ਕਲ ਨਾ ਦਿਖਾਈਂ, ਤਲਾਕ ਦੇ ਕਾਗਜ਼ ਤੇਰੇ ਘਰ ਪਹੁੰਚ ਜਾਣਗੇ...! ਚੱਲ ਦਫ਼ਾ ਹੋ ਏਥੋਂ...!"

–"..................।" ਰੌਨੀਂ ਪਾੜ ਵਿੱਚ ਫੜੇ ਚੋਰ ਵਾਂਗ ਝਾਕ ਰਿਹਾ ਸੀ। ਉਸ ਦੀ 'ਮੋਨਾਂ ਡਾਰਲਿੰਗ' ਦਾ ਉਸ ਤੋਂ ਵੀ ਬੁਰਾ ਹਾਲ ਸੀ। ਉਥੋਂ ਤੁਰ ਜਾਣ ਤੋਂ ਇਲਾਵਾ ਉਹਨਾਂ ਕੋਲ਼ ਕੋਈ ਰਸਤਾ ਵੀ ਨਹੀਂ ਸੀ। ਰੌਨੀਂ ਗੱਲ੍ਹ ਪਲ਼ੋਸਦਾ ਬਾਹਰ ਨਿਕਲ਼ ਗਿਆ। ਥੱਪੜ ਵੱਜਣ ਕਾਰਨ ਉਸ ਦੀ ਦਾਰੂ ਕਾਫ਼ੀ ਹੱਦ ਤੱਕ ਲਹਿ ਚੁੱਕੀ ਸੀ। ਉਸ ਨੇ ਵੀਡੀਓ ਬਣਾਉਂਦੀ ਨਰਸ ਵੀ ਦੇਖ ਲਈ ਸੀ ਅਤੇ ਰੱਤੀਆਂ ਅੱਖਾਂ ਕਰੀ ਖੜ੍ਹੇ ਡਾਕਟਰ ਦੇ ਗੁੱਸੇ ਨੂੰ ਵੀ 'ਭਾਂਪ' ਲਿਆ ਸੀ।

–"ਮੁੜ ਕੇ ਐਥੇ ਆਉਣ ਦੀ ਕੋਸ਼ਿਸ਼ ਨਾ ਕਰੀਂ, ਨਹੀਂ ਪੁਲ਼ਸ ਬੁਲਾ ਕੇ ਅੰਦਰ ਵੀ ਠੋਕਾਂਗੇ...।" ਸੋਨੀਂ ਨੇ ਆਪਣਾਂ ਗੁੱਸਾ ਕੱਢਿਆ। ਉਸ ਨੇ ਤੁਰੇ ਜਾਂਦੇ ਰੌਨੀਂ ਨੂੰ ਰੜਕਾ ਕੇ ਜੇ ਕਿਹਾ ਸੀ।

ਸ਼ਾਮ ਨੂੰ ਅਮਨ ਦੇ ਫ਼ੋਨ 'ਤੇ ਦਾਦੀ ਦਾ ਫ਼ੋਨ ਆ ਗਿਆ।

ਅਮਨ ਨੇ ਫ਼ੋਨ ਨਾ ਚੁੱਕਿਆ।

ਪਰ ਜਦੋਂ ਫ਼ੋਨ ਆਉਣੋ ਬੰਦ ਹੀ ਨਾ ਹੋਏ ਤਾਂ ਸੋਨੀਂ ਨੇ ਫ਼ੋਨ ਚੁੱਕ ਲਿਆ। ਸੋਨੀਂ ਅਮਨ ਕੋਲ਼ ਹਸਪਤਾਲ਼ ਹੀ ਰਹਿ ਪਈ ਸੀ।

–"ਕੁੜ੍ਹੇ ਕੌਣ ਬੋਲਦੈ...?" ਦਾਦੀ ਸਦਾ ਕੌਰ ਦੀ ਅਵਾਜ਼ ਸੀ।

–"ਮੈਂ ਸੋਨੀਂ ਬੋਲਦੀ ਆਂ ਜੀ, ਅਮਨ ਦੀ ਦੋਸਤ...!" ਸੋਨੀਂ ਨੇ ਸਪੀਕਰ ਛੱਡ ਲਿਆ।

–"ਕੁੜ੍ਹੇ ਪੁੱਤ ਮੈਂ ਅਮਨ ਦੀ ਦਾਦੀ ਬੋਲਦੀ ਆਂ...। ਤੂੰ ਹੀ ਐਂ ਨਾ ਜਿਹੜੀ ਮੇਰੀ ਪੋਤੀ ਦਾ ਘਰ ਪੱਟਣ 'ਤੇ ਤੁਲੀ ਵੀ ਐਂ...? ਪ੍ਰਾਹੁੰਣੇ ਰੌਨੀਂ ਦੀ ਮਾਂ ਨੇ ਮੈਨੂੰ ਸਾਰਾ ਕੁਛ ਦੱਸਤਾ...! ਪ੍ਰਾਹੁੰਣੇ ਦੇ ਲਫੇੜਾ ਮਾਰਨ ਦਾ ਥੋਡਾ ਕੀ ਹੱਕ ਐ ਭਾਈ...? ਅਸੀਂ ਤਾਂ ਹੁਣ ਤੱਕ ਅੱਖ ਪੱਟ ਕੇ ਨੀ ਝਾਕੇ ਆਬਦੇ ਖਸਮ ਵੱਲ, ਤੇ ਤੁਸੀਂ...?"

–"ਦਾਦੀ ਜੀ, ਉਹ ਅਮਨ ਦੇ ਬੇਟੀ ਦਾ ਨਾਂ ਆਬਦੀ ਮਾਸ਼ੂਕ ਦੇ ਨਾਂ 'ਤੇ ਰੱਖਣਾ ਚਾਹੁੰਦਾ ਸੀ...।"

–"ਕੁੜ੍ਹੇ ਫ਼ੇਰ ਕੀ ਲੋਹੜ੍ਹਾ ਆ ਗਿਆ ਸੀ...? ਜੇ ਕੁੱਤਾ ਕਪਾਹ ਵਿੱਚ ਦੀ ਲੰਘਜੂ, ਕੀ ਲੰਗੋਟ ਸੰਮਾ-ਲੂ...? ਮੁੰਡੇ ਖੁੰਡੇ ਬੀਹ ਘਤਿੱਤਾਂ ਕਰਦੇ ਹੁੰਦੇ ਐ, ਸਮਾਂ ਪਾ ਕੇ ਆਪ ਈ ਲੋਟ ਹੋ ਜਾਂਦੇ ਐ...। ਖ਼ਬਰਦਾਰ ਜੇ ਇਹਦੇ ਸਹੁਰਿਆਂ ਨਾਲ਼ ਵਿਗਾੜੀ...।" ਦਾਦੀ ਨੇ ਸੋਨੀਂ ਨੂੰ ਸੁਣਾਈ ਕੀਤੀ।

ਅਮਨ ਨੇ ਸੋਨੀਂ ਕੋਲ਼ੋਂ ਜਬਰੀ ਫ਼ੋਨ ਖੋਹ ਲਿਆ। ਦਾਦੀ ਅਜੇ ਵੀ ਮਸ਼ੀਨਗੰਨ ਵਾਂਗ ਬੋਲੀ ਜਾ ਰਹੀ ਸੀ।

–"ਪ੍ਰਾਹੁੰਣੇ ਦੇ ਲਫੇੜਾ ਮਾਰਨ ਦਾ ਕੋਈ ਰਾਹ ਐ..? ਆਹ ਤਾਂ ਭਾਈ ਕਲ਼ਜੁਗ ਐ...।"

–"ਗੱਲ ਸੁਣੋਂ ਬੇਬੇ ਮੇਰੀ, ਇੱਕ...!" ਹੁਣ ਫ਼ੋਨ ਅਮਨ ਦੇ ਹੱਥ ਸੀ, "ਥੋਡੀਆਂ ਖ਼ੁਸ਼ੀਆਂ ਕਰ ਕੇ ਮੈਂ ਆਪਣੇ ਸਾਰੇ ਚਾਅਵਾਂ ਮਲਾਰਾਂ ਨੂੰ ਅੱਗ ਲਾਅਤੀ ਸੀ, ਜਣੇ ਖਣੇ ਦਾ ਆਖਾ ਮੰਨ ਕੇ, ਸੀਲ ਕੁੱਕੜ ਬਣ ਕੇ ਤੁਰੀ ਫ਼ਿਰਦੀ ਰਹੀ..। ਹੁਣ ਆਪਣੀ ਧੀ ਕਰ ਕੇ, ਆਪਣੀ ਧੀ ਦੀ ਖ਼ੁਸ਼ੀ ਨੂੰ ਮੁੱਖ ਰੱਖ ਕੇ ਇਸ ਸ਼ਰਾਬੀ, ਤੇ ਲੁੱਚੇ ਰਿੱਛ ਤੋਂ ਪਾਸੇ ਹੋ ਜਾਣੈ...। ਥੋਡੀ ਖਾਤਰ ਮੈਂ ਅੱਗੇ ਜ਼ਿੰਦਗੀ ਨਾਲ਼ ਬੜੇ ਸਮਝੌਤੇ ਕਰ ਲਏ, ਬਹੁਤ ਕੁਝ ਮੰਨ ਲਿਆ ਤੇ ਬਹੁਤ ਕੁਝ ਹੰਢਾ ਲਿਆ...। ਪਰ ਮੇਰੀ ਧੀ ਦੇ ਚਾਅਵਾਂ ਮਲਾਰਾਂ ਨਾਲ਼ ਕੋਈ ਸਮਝੌਤਾ ਨਹੀਂ, ਮੈਂ ਆਪਣੀ ਧੀ ਦੀ ਜ਼ਿੰਦਗੀ ਜਮਾਂ ਬਰਬਾਦ ਨਹੀਂ ਹੋਣ ਦੇਣੀ...! ਧੀ ਦੀ ਜ਼ਿੰਦਗੀ ਨਾਲ਼ ਕੋਈ ਖਿਲਵਾੜ੍ਹ ਨਹੀਂ ਹੋਣ ਦੇਣਾ..। ਤੁਸੀਂ ਕਿਹੋ ਜਿਹੇ ਬੇਕਿਰਕ ਲੋਕ ਹੋ, ਮੋਹ ਮਾਰੀ ਬਾਂਦਰੀ ਆਪਣੇ ਮਰੇ ਬੱਚੇ ਨੂੰ ਵੀ ਗਲ਼ ਨਾਲ਼ੋਂ ਨੀ ਲਾਹੁੰਦੀ, ਘੁੱਗੀ ਆਪਣੇ ਬੱਚੇ ਬਚਾਉਣ ਲਈ ਲੱਗੜ ਦੇ ਗਲ਼ ਜਾ ਪੈਂਦੀ ਐ, ਪਰ ਤੁਸੀਂ....? ਤੁਸੀਂ ਤਾਂ ਮੈਨੂੰ ਜਿਉਂਦੀ ਨੂੰ ਥਾਂ-ਥਾਂ ਭੱਠ ਵਿੱਚ ਝੋਕਿਆ...! ਮੇਰੀ ਆਖਰੀ ਗੱਲ ਸੁਣ ਲਓ ਬੇਬੇ...! ਅੱਜ ਤੋਂ ਬਾਅਦ ਮੈਨੂੰ ਫ਼ੋਨ ਨਾ ਕਰਨਾ, ਅੱਜ ਤੋਂ ਮੈਂ ਥੋਡੇ ਵੱਲੋਂ ਤੇ ਤੁਸੀਂ ਮੇਰੇ ਵੱਲੋਂ 'ਮਰ' ਗਏ...। ਅੱਜ ਤੋਂ ਬਾਅਦ ਮੈਂ ਸਿਰਫ਼ ਤੇ ਸਿਰਫ਼ ਆਪਣੀ ਧੀ ਲਈ ਜਿਉਣੈ, ਹੋਰ ਕਿਸੇ ਨਾਲ਼ ਮੇਰਾ ਕੋਈ ਸਰੋਕਾਰ ਨਹੀਂ...! ਜੋ ਕੁਝ ਜ਼ਿੰਦਗੀ ਵਿੱਚ ਮੈਂ ਨਹੀਂ ਬਣ ਸਕੀ, ਮੈਂ ਆਪਣੀ ਧੀ ਨੂੰ ਬਣਾਊਂਗੀ...! ਇਸ ਨੂੰ ਦੁਨੀਆਂ ਭਰ ਦੀ ਉੱਚ ਕੋਟੀ ਦੀ ਹਾਕੀ ਦੀ ਖਿਡਾਰਨ ਬਣਾਊਂਗੀ...! ਥੋਡੇ ਮਤਲਬਾਂ ਤੇ ਗਰਜਾਂ ਕਰ ਕੇ ਜੋ ਕੁਛ ਮੈਂ ਨਾ ਕਰ ਸਕੀ, ਉਹ ਮੈਂ ਆਪਣੀ ਧੀ ਨੂੰ ਕਰਵਾਊਂਗੀ, ਹੁਣ ਮੇਰੇ ਵੱਲੋਂ ਕੋਈ ਝਾਕ ਨਾ ਰੱਖਿਓ, ਤੇ ਨਾ ਮੈਨੂੰ ਫ਼ੋਨ ਕਰਿਓ...।" ਅਮਨ ਨੇ ਫ਼ੋਨ ਕੱਟ ਦਿੱਤਾ ਅਤੇ ਘਰਦਿਆਂ ਦਾ ਫ਼ੋਨ ਨੰਬਰ 'ਬਲੌਕ' ਕਰ ਮਾ-ਰਿਆ।

ਤਿੰਨ ਦਿਨਾਂ ਬਾਅਦ ਅਮਨ ਅਤੇ ਉਸ ਦੀ ਨਵਜੰਮੀਂ ਬੱਚੀ ਨੂੰ ਹਸਪਤਾਲ਼ ਤੋਂ ਛੁੱਟੀ ਮਿਲ਼ ਗਈ।

ਉਹਨਾਂ ਨੇ ਸੋਨੀਂ ਦੇ ਘਰ ਡੇਰੇ ਲਾ ਲਏ।

ਹਫ਼ਤੇ ਕੁ ਬਾਅਦ ਸੋਨੀਂ ਨੇ ਇੱਕ ਜਾਣਕਾਰ ਵਕੀਲ ਤੋਂ ਮਿਲਣ ਦਾ ਸਮਾਂ ਲੈ ਲਿਆ।


ਸਮਾਂ ਦੁਪਿਹਰ ਸਾਢੇ ਗਿਆਰਾਂ ਵਜੇ ਦਾ ਸੀ।

ਉਹ ਗਿਆਰਾਂ ਕੁ ਵਜੇ ਘਰੋਂ ਚੱਲ ਪਈਆਂ। ਕਾਰ 'ਤੇ ਸਾਰਾ ਵੀਹ ਕੁ ਮਿੰਟ ਦਾ ਹੀ ਸਫ਼ਰ ਸੀ। ਆਪਣੇ ਬੱਚੇ 'ਬੇਬੀ ਸਿਟਰ' ਕੋਲ ਛੱਡ ਕੇ ਉਹ ਆ ਕੇ ਵਕੀਲ ਦੇ ਦਫ਼ਤਰ ਰਿਸੈਪਸ਼ਨ 'ਤੇ ਪਹੁੰਚ ਗਈਆਂ। ਸਾਹਮਣੇ ਰਿਸੈਪਸ਼ਨ 'ਤੇ ਕੋਈ ਕੁੜੀ ਅਮਨ ਨੂੰ ਦੇਖੀ ਦੇਖੀ ਜਾਪੀ। ਉਸ ਨੇ ਦਿਮਾਗ 'ਤੇ ਜੋਰ ਪਾ ਕੇ ਸੋਚਿਆ ਕਿ ਇਹ ਕੁੜੀ ਕੌਣ ਸੀ, ਅਤੇ ਇਸ ਨੂੰ ਕਿੱਥੇ ਦੇਖਿਆ ਸੀ...? ਓਏ ਰੱਬਾ, ਇਹ ਤਾਂ ਸ਼ੀਤਲ ਦੀ ਭੈਣ ਪਾਇਲ ਐ...। ਪ੍ਰਿੰਸੀਪਲ ਮੈਡਮ ਦੀ ਬੇਟੀ...। ਅਚਾਨਕ ਉਸ ਦੇ ਦਿਮਾਗ ਵਿੱਚ ਆਇਆ।

–"ਪਾਇਲ ਤੂੰ...?" ਜਦ ਅਮਨ ਨੇ ਉਹ ਨੂੰ ਪਹਿਚਾਣ ਕੇ ਚੀਕ ਮਾਰਨ ਵਾਂਗ ਕਿਹਾ ਤਾਂ ਉਹ ਕੁੜੀ ਇੱਕ ਦਮ ਅਮਨ ਵੱਲ ਝਾਕੀ।

–"ਕੌਣ ਅਮਨ...?" ਉਹ ਬਿਜਲੀ ਦੀ ਫੁਰਤੀ ਨਾਲ਼ ਅਮਨ ਵੱਲ ਆਈ ਅਤੇ ਮੋਹ ਭਿੱਜੀ ਗਲਵਕੜੀ ਨਾਗਵਲ਼ ਵਾਂਗ ਕਸੀ ਗਈ। ਪਹਿਲਾਂ ਸਿਸਕੀਆਂ, ਫ਼ਿਰ ਹਾਉਕੇ ਅਤੇ ਮੁੜ ਭੁੱਬਾਂ ਸ਼ੁਰੂ ਹੋ ਗਈਆਂ। ਲੌਬੀ ਵਿੱਚ ਬੈਠੇ ਲੋਕ ਦੋਹਾਂ ਵੱਲ ਦੇਖ ਰਹੇ ਸਨ। ਕਾਲਜ ਦੀਆਂ ਸਹੇਲੀਆਂ ਜਿਵੇਂ ਜੁੱਗੜਿਆਂ ਬਾਅਦ ਮਿਲ਼ੀਆਂ ਸਨ। ਸੋਨੀ ਹੈਰਾਨ ਜਿਹੀ ਹੋ ਕੇ ਦੋਹਾਂ ਸਹੇਲੀਆਂ ਨੂੰ ਤੱਕ ਰਹੀ ਸੀ। ਅਮਨ ਦੀ ਅਗਲੀ ਖ਼ੁਸ਼ੀ ਦੇਖ ਕੇ ਸੋਨੀ ਆਤਮਿਕ ਤੌਰ 'ਤੇ ਪੂਰੀ ਸੰਤੁਸ਼ਟ ਸੀ।

ਬਾਕੀ ਹਿਸਾ ਸਫਾ 29 ਤੇ ਪੜ੍ਹੋ




ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
–ਸੰਪਾਦਕ

**ਅਗਲੇ ਹਫ਼ਤੇ ਤੋਂ ਗੁਰਨਾਮ ਬਾਵਾ ਦਾ ਨਾਵਲ "ਬੰਦੂਕ ਤੋਂ ਕਲਮ ਤੱਕ" ਪਾਠਕਾਂ ਦੀ ਨਜ਼ਰ ਕਰਾਂਗੇ**

ਗੁਰਨਾਮ ਬਾਵਾ ਦਾ ਨਵਾਂ ਨਾਵਲ "ਬੰਦੂਕ ਤੋਂ ਕਲਮ ਤੱਕ" ਪੰਜਾਬ ਟਾਈਮਜ਼ ਵਿੱਚ ਅਗਲੇ ਹਫ਼ਤੇ ਤੋਂ ਲੜੀਵਾਰ ਛਾਪਿਆ ਜਾਵੇਗਾ । ਇਹ ਨਾਵਲ ਉਹਨਾਂ ਨੇ 1984 ਤੋਂ ਬਾਅਦ ਦੇ ਪੰਜਾਬ ਦੇ ਕਾਲੇ ਦੌਰ ਬਾਰੇ ਚਾਨਣਾ ਪਾਉਂਦਾ ਹੈ । ਉਮੀਦ ਹੈ ਪਾਠਕ ਪਸੰਦ ਕਰਨਗੇ । ਨਾਵਲ ਬਾਰੇ ਆਪਣੇ ਵਿਚਾਰ ਜ਼ਰੂਰ ਭੇਜੋ । ਧੰਨਵਾਦ ਸਹਿਤ,
ਨਾਵਲ ਮੰਗਵਾਉਣ ਲਈ ਸੰਪਰਕ :
ਲੇਖਕ ਗੁਰਨਾਮ ਬਾਵਾ: 91 830736430
ਵਿਰਾਸਤ ਪ੍ਰਕਾਸ਼ਨ: 91 7888929853
ਸ਼ਾਇਰ ਜਦੀਸ਼ ਰਾਣਾ: 91 7986207849
ਸੰਪਾਦਕ ਪੰਜਾਬ ਟਾਈਮਜ਼

# ਪੇਂਡੂ ਪਿਛੋਕੜ ਵਾਲੀ ਸਿਮਰਨਦੀਪ ਕੌਰ ਆਈ. ਏ. ਐਸ. ਬਣੀ ਨੌਜਵਾਨਾਂ ਲਈ ਚਾਨਣ-ਮੁਨਾਰਾ

**ਮੇਜਰ ਸਿੰਘ ਨਾਭਾ**



ਲੜਕੀਆਂ ਨੂੰ ਸਮਾਜ ਵਿੱਚ ਭਾਵੇਂ ਸਮੇਂ ਸਮੇਂ ਤੇ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ ਪਰ ਅੱਜ ਦੀਆਂ ਲੜਕੀਆਂ ਨੇ ਹਰ ਖੇਤਰ ਵਿੱਚ ਮੱਲ੍ਹਾਂ ਮਾਰ ਕੇ ਸਮਾਜ ਵਿੱਚ ਆਪਣੇ ਮਾਪਿਆਂ ਦਾ, ਅਧਿਆਪਕਾਂ, ਔਰਤ ਜਾਤੀ ਦਾ, ਪੰਜਾਬ ਦਾ ਨਾਂ ਉੱਚਾ ਕੀਤਾ ਹੈ । ਸਿਵਲ ਸੇਵਾਵਾਂ ਵਿੱਚ ਪੰਜਾਬ ਦੇ ਬੱਚਿਆਂ ਦੀ ਕਾਰਗੁਜ਼ਾਰੀ ਵਧੀਆ ਬੇਹਤਰ ਹੋਣ ਲੱਗੀ ਹੈ । ਹੁਣੇ ਆਏ ਯੂ. ਪੀ. ਐਸ. ਸੀ. ਦੇ ਸਿਵਲ ਸੇਵਾਵਾਂ ਦੇ ਨਤੀਜੇ ਵਿੱਚ ਪੰਜਾਬ ਦੀਆਂ ਪੰਜ ਲੜਕੀਆਂ ਅਤੇ ਦੋ ਲੜਕੇ ਸਿਲੈਕਟ ਹੋਏ ਹਨ ਜਿਨ੍ਹਾਂ 'ਚੋਂ ਬਹੁਤੇ ਮੱਧਵਰਗੀ ਪਰਿਵਾਰਾਂ ਨਾਲ ਸਬੰਧਤ ਹਨ । ਰਿਆਸਤੀ ਸ਼ਹਿਰ ਨਾਭਾ ਦੇ ਨੇੜਲੇ ਪਿੰਡ ਬਿਰੜ੍ਹਵਾਲ ਦੀ ਮੱਧ ਵਰਗੀ ਸੰਯੁਕਤ ਕਿਸਾਨੀ ਪਰਿਵਾਰ ਵਿੱਚ ਪਿਤਾ ਕੁਲਦੀਪ ਸਿੰਘ ਦੇ ਘਰ ਮਾਤਾ ਅਮਨਦੀਪ ਕੌਰ ਦੀ ਕੁੱਖੋਂ 19 ਦਸੰਬਰ 2000 ਨੂੰ ਜਨਮੀ ਬੇਟੀ ਸਿਮਰਨਦੀਪ ਕੌਰ ਨੇ ਦੇਸ਼ 'ਚੋਂ 15 ਵਾਂ ਅਤੇ ਪੰਜਾਬ 'ਚ ਪਹਿਲਾ ਰੈਂਕ ਪ੍ਰਾਪਤ ਕਰ ਕੇ ਇਲਾਕੇ ਅਤੇ ਪੰਜਾਬ ਦਾ ਨਾਂ ਉੱਚਾ ਕੀਤਾ ਹੈ ।ਉਸ ਨੇ ਮੁਢਲੀ ਪੜ੍ਹਾਈ ਦਸਵੀਂ ਤੱਕ ਨਾਭਾ ਦੇ ਦਇਆਨੰਦ ਪਬਲਿਕ ਸਕੂਲ (ਪਾਂਡੂਸਰ) ਤੋਂ ਕੀਤੀ।ਉਸ ਨੇ ਬਾਰ੍ਹਵੀਂ ਨਾਨ-ਮੈਡੀਕਲ ਸਟਰੀਮ ਵਿੱਚ ਇਸੇ ਸਕੂਲ ਦੀ ਬ੍ਰਾਂਚ ਸਿਲਵਰ ਸਿਟੀ ਨਾਭਾ ਤੋਂ ਕਰਦੇ ਸਮੇਂ ਉੱਚ ਮੁਕਾਮ ਤੇ ਪੁੱਜਣ ਦਾ ਸੁਪਨਾ ਲੈ ਲਿਆ ਸੀ ।ਉਸ ਨੇ ਖਾਲਸਾ ਕਾਲਜ ਪਟਿਆਲਾ ਤੋਂ ਗਰੈਜੂਏਸ਼ਨ ਅਤੇ ਪੋਸਟ ਗਰੈਜੂਏਸ਼ਨ (ਪੋਲੀਟੀਕਲ ਸਾਇੰਸ) ਦੀ ਪੜ੍ਹਾਈ ਪ੍ਰਾਪਤ ਕੀਤੀ । ਉਸ ਨੇ ਬੀ. ਏ. ਦੀ ਪੜ੍ਹਾਈ ਆਪਣੀ ਸਟਰੀਮ ਬਦਲਦਿਆਂ ਰਾਜਨੀਤੀ ਸ਼ਾਸਤਰ, ਇਤਿਹ-ਾਸ ਅਤੇ ਅਰਥਸ਼ਾਸਤਰ ਵਿਸ਼ਿਆਂ ਨਾਲ ਖਾਲਸਾ ਕਾਲਜ ਪਟਿਆਲਾ ਤੋਂ ਕਰਦਿਆਂ ਸਿਵਲ ਸੇਵਾਵਾਂ 'ਚ ਜਾਣ ਦੇ ਸੁਪਨੇ ਨੂੰ ਆਪਣੇ ਜ਼ਿੰਦਗੀ ਦੇ ਟੀਚੇ ਵਜੋਂ ਲੈ ਲਿਆ ਸੀ। ਉਸਨੂੰ ਕਾਲਜ ਦੇ ਅਧਿਆਪਕਾਂ ਦੀ ਪ੍ਰੇਰਨਾ ਸਦਕਾ ਇਥੋਂ ਦੇ ਵਧੀਆ ਮਾਹੌਲ ਵਿੱਚ ਆਪਣੇ ਟੀਚੇ ਨਾਲ ਵਧੇਰੇ ਲਗਾਅ ਹੋ ਗਿਆ ।ਉਸ ਨੇ ਕਾਲਜ ਵਿੱਚ ਪੜ੍ਹਦਿਆਂ ਸੁਰਜੀਤ ਪਾਤਰ ਅਤੇ ਸੁਖਵਿੰਦਰ ਅੰਮ੍ਰਿਤਾ ਦੀ ਕਾਵਿ ਰਚਨਾ ਤੋਂ ਪ੍ਰਭਾਵਿਤ ਹੋ ਕੇ ਆਪਣੇ ਇਰਾਦੇ ਨੂੰ ਮੰਜ਼ਿਲ ਸਰ ਕਰਨ ਲਈ ਹੋਰ ਵਧੇਰੇ ਮਜਬੂਤ ਬਣਾਇਆ । ਇਸੇ ਕਾਲਜ ਤੋਂ ਉਸ ਨੇ ਐਮ. ਏ. ਰਾਜਨੀਤੀ ਸ਼ਾਸਤਰ ਦੀ ਪ੍ਰੀਖਿਆ ਪਾਸ ਕੀਤੀ ਅਤੇ ਪਹਿਲੀ ਵਾਰ ਹੀ ਯੂ. ਜੀ. ਸੀ. ਨੈਟ ਪਾਸ ਕਰਕੇ ਆਪਣੇ ਹੌਸ਼ਲੇ ਨੂੰ ਹੋਰ ਮਜਬੂਤ ਕੀਤਾ।

ਸਿਮਰਨਦੀਪ ਕੌਰ ਨੇ ਘਰ ਬੈਠ ਕੇ ਵੱਡੇ ਵੱਡੇ ਕੋਚਿੰਗ ਸੈਂਟਰਾਂ ਦੇ ਸਹਾਰੇ ਨੂੰ ਨਕਾਰਦਿਆਂ ਆਨ ਲਾਈਨ ਹੀ ਵੱਖ-ਵੱਖ ਸ੍ਰੋਤਾਂ ਤੋਂ ਵੱਕਾਰੀ ਆਈ. ਏ. ਐਸ. ਦੀ ਪ੍ਰੀਖਿਆ ਦੀ ਤਿਆਰੀ ਕਰਨੀ ਸ਼ੁਰੂ ਕੀਤੀ ਪਰ ਪਹਿਲੇ ਤਿੰਨ ਮੋਕਿਆਂ ਚੋਂ ਕਾਮਯਾਬੀ ਨਾ ਹੋਣ ਤੇ ਆਪਣੇ ਪਰਿਵਾਰ ਦੇ ਸਮਰਥਨ ਸਦਕਾ ਚੌਥੀ ਵਾਰੀ ਆਪਣੀ ਮੰਜ਼ਿਲ ਸਰ ਕਰ ਕੇ ਪੇਂਡੂ ਖੇਤਰ ਦੇ ਬੱਚਿਆਂ ਲਈ ਇੱਕ ਮਿਸਾਲ ਬਣ ਕੇ ਇਤਿਹਾਸ ਰੱਚਿਆ ਹੈ।ਉਸ ਦੇ ਪਿਤਾ ਨੇ ਦੱਸਿਆ ਕਿ ਉਨ੍ਹਾਂ ਚਾਰ ਸਾਲਾਂ ਵਿੱਚ ਆਪਣੀ ਬੇਟੀ ਦੀ ਸਾਰੀ ਤਿਆਰੀ ਉੱਪਰ ਲੱਖ ਤੋਂ ਡੇਢ ਲੱਖ ਦੇ



ਕਰੀਬ ਖਰਚ ਆਇਆ ਜੋ ਕਿ ਅੱਜ ਦੇ ਸਮੇਂ ਹਰੇਕ ਮਾਪਾ ਆਪਣੇ ਬੱਚਿਆਂ ਦੇ ਬਿਹਤਰ ਭੱਵਿਖ ਲਈ ਖਰਚ ਸਕਦਾ ਹੈ । ਸਿਰਫ ਬੱਚਿਆਂ ਦੀ ਮਿਹਨਤ, ਦ੍ਰਿੜ ਇਰ-ਾਦਾ ਹੀ ਸਫਲਤਾ ਦਾ ਰਾਜ਼ ਹੈ, ਜੋ ਘੱਟ ਖਰਚੇ ਨਾਲ ਵੀ ਪ੍ਰਾਪਤ ਹੋ ਸਕਦੀ ਹੈ ਜਿਵੇਂ ਸਿਮਰਦੀਪ ਕੌਰ ਨੇ ਕਰ ਦਿਖਾਇਆ ਹੈ।ਅੱਜ ਦੀਆਂ ਲੜਕੀਆਂ ਅਤੇ ਲੜਕਿਆਂ ਨੂੰ ਇਸ ਸਫਲਤਾ ਤੋਂ ਬਹੁਤ ਕੁਝ ਨਵਾਂ ਸਿੱਖਣ ਲਈ ਮਿਲ ਸਕਦਾ ਹੈ । ਉਸ ਨੇ ਆਨ ਲਾਈਨ ਕੋਚਿੰਗ ਲਈ ਅਤੇ ਘਰ ਬੈਠ ਕੇ ਸਫਲਤਾ ਪ੍ਰਾਪਤ ਕੀਤੀ ਹੈ ਜੋ ਬਹੁਤ ਵੱਡੀ ਗੱਲ ਹੋਣ ਦੇ ਨਾਲ ਪੰਜਾਬ ਦੀ ਨੌਜਵਾਨੀ ਦੇ ਸੰਭਾਵਿਤ ਹਨੇਰੇ ਭਵਿੱਖ ਲਈ ਚਾਨਣ ਮੁਰਾਰਾ ਹੈ ।ਉਸ ਦੇ ਪਿਤਾ ਸ. ਕੁਲਦੀਪ ਸਿੰਘ ਇੱਕ ਮਿਹਨਤੀ, ਧਾਰਮਿਕ ਬਿਰਤੀ ਵਾਲੇ ਕਿਸਾਨ ਹਨ । ਉਸ ਦੀ ਮਾਤਾ ਸਰਦਾਰਨੀ ਅਮਨਦੀਪ ਕੌਰ ਇੱਕ ਘਰੇਲੂ ਔਰਤ ਹਨ ।ਉਹ ਆਪਣੇ ਚਾਚਾ ਜੀ ਦੀ ਹਰ ਪੱਖੋਂ ਮਿਲਦੀ ਹੱਲਾਸ਼ੇਰੀ ਅਤੇ ਸਹਿਯੋਗ ਲਈ ਸਰਾਹਨਾ ਕਰਦੀ ਹੈ ।ਉਸ ਦਾ ਹਰ ਰੋਜ਼ ਸਵੇਰੇ ਗੁਰੂ ਘਰ ਜਾਣਾ ਨਿੱਤਨੇਮ ਕਰਨਾ ਅਤੇ ਉਸਤੋਂ ਬਾਅਦ ਸਾਰਾ ਸਮਾਂ ਟਿਕਾਅ 'ਚ ਰਹਿ ਕੇ ਪੜ੍ਹਾਈ ਲਈ ਦੇਣਾ ਉਸ ਦਾ ਸਡਿਊਲ ਰਿਹਾ । ਉਸ ਦਾ ਕਹਿਣਾ ਹੈ ਕਿ ਉਹ ਸਿੱਖ ਪਰਿਵਾਰ ਦੇ ਸ਼ੰਸਕਾਰਾਂ ਵਿੱਚ ਪਲੀ ਹੋਣ ਕਾਰਨ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਤੋਂ ਪ੍ਰਭਾਵਿਤ ਹੋਣ ਕਰਕੇ ਸਮਾਜ ਲਈ ਇੱਕ ਨਿਵੇਕਲੀ ਤਬਦੀਲੀ ਲਿਆਉਣ ਲਈ ਹਮੇਸ਼ਾ ਯਤਨਸ਼ੀਲ ਰਹੇਗੀ । ਉਸ ਦੇ ਭਰਾ ਹਰਜੋਤ ਸਿੰਘ ਜੋ ਖਾਲਸਾ ਕਾਲਜ ਪਟਿਆਲਾ ਬੀ. ਏ. ਵੋਕੇਸ਼ਨਲ ਦਾ ਵਿਦਿਆਰਥੀ ਹੈ ਨੇ ਵੀ ਆਪਣੀ ਲਾਡਲੀ ਭੈਣ ਦੀ ਕਾਮਯਾਬੀ ਲਈ ਹਰ ਸੰਭਵ ਸਹਿਯੋਗ ਦਿੱਤਾ ।ਉਸ ਨੂੰ ਕਰਨਾਟਕਾ ਤੋਂ ਫਰੀਦ ਸਰ ਅਤੇ ਨਿਖਿਲ ਗੌੜਾ ਵਲੋਂ ਆਨ ਲਾਈਨ ਗਾਈਡ ਲਾਈਨਜ ਦੇਣ ਲਈ ਵੀ ਉਨ੍ਹਾ ਦੇ ਬਹੁਮੁੱਲੇ ਦਿੱਤੇ ਸਹਿਯੋਗ ਲਈ ਉਹ ਧੰਨਵਾਦੀ ਹੈ । ਉਸ ਨੂੰ 'ਮਹਿਲਾ ਦਿਵਸ' ਤੇ ਪੰਜਾਬ ਦੇ ਮੁੱਖ ਮੰਤਰੀ ਵਲੋਂ ਸਨਮਾਨਿਤ ਕੀਤਾ ਗਿਆ ਹੈ । ਬਾਹਰਲੇ ਦੇਸ਼ਾਂ ਵਿੱਚ ਪਿਛਲੇ ਕੁਝ ਸਾਲਾਂ ਤੋਂ ਬਹੁਤਾਤ ਵਿੱਚ ਉੱਧਰ ਹੀ ਸੈਟਲ ਹੋਣ ਦੇ ਇਰਾਦੇ ਨਾਲ ਪੜ੍ਹਾਈ ਕਰਨ ਦਾ ਬਹਾਨਾ ਬਣਾ ਕੇ ਨੋਜਵਾਨਾਂ ਦੇ ਪ੍ਰਵਾਸ ਕਰਨ ਵਾਲਿਆਂ ਲਈ ਸਿਮਰਨਦੀਪ ਕੌਰ ਰਾਹ ਦਿਸੇਰਾ ਦੇ ਪ੍ਰਤੀਕ ਵਜੋਂ ਮਿਸਾਲ ਬਣੀ ਹੈ ਕਿ ਦ੍ਰਿੜ ਇਰਾਦੇ ਨਾਲ ਇਥੇ ਹੀ ਵੱਡੇ ਮੁਕਾਮ ਤੇ ਪੁੱਜਿਆ ਜਾ ਸਕਦਾ ਹੈ । ਪੰਜਾਬ ਦੇ ਇਨ੍ਹਾਂ ਨੋਜਵਾਨ ਲੜਕੇ ਲੜਕੀਆਂ ਦੀਆਂ ਉੱਚ ਮੁਕਾਮ ਤੇ ਕਾਮਯਾਬੀਆਂ ਦਾ ਹੋਣਾ ਪੰਜਾਬ ਲਈ ਸ਼ੁਭ ਸਗਨ ਹੈ ।

* * * * * * *

28 ਸਫ਼ੇ ਦਾ ਬਾਕੀ ਹਿਸਾ

ਅਚਾਨਕ ਵਕੀਲ ਸਾਹਿਬ ਆਪਣੇ 'ਕਲਾਇੰਟ' ਨੂੰ ਸੱਦਣ ਲਈ ਲੌਬੀ ਵਿੱਚ ਆਏ।

-"ਅਮਨ, ਮੀਟ ਮਾਈ ਹੱਸਬੈਂਡ, ਮਿਸਟਰ ਚੌਧਰੀ...!"

-"ਹੈਲੋ ਜੀ, ਸਤਿ ਸ੍ਰੀ ਅਕਾਲ...!"

-"ਸਤਿ ਸ੍ਰੀ ਅਕਾਲ...!"

-"ਤੁਹਾਡੀ ਅਪਾਇੰਟਮੈਂਟ ਹੈ...?" ਪਾਇਲ ਨੇ ਪੁੱਛਿਆ।

-"ਹਾਂ ਜੀ, ਸਾਡੀ ਹੀ ਐ...!" ਸੋਨੀ ਬੋਲੀ।

-"ਤੁਸੀਂ ਇਉਂ ਕਰੋ, ਇੱਥੇ ਆਫ਼ਿਸ ਰਹਿਣ ਦਿਓ, ਤੁਸੀਂ ਸ਼ਾਮ ਨੂੰ ਘਰ ਆਓ, ਬੈਠ ਕੇ ਗੱਪਾਂ ਮਾਰਾਂਗੇ, ਤੇ ਨਾਲ਼ੇ ਕੇਸ ਬਾਰੇ ਗੱਲ ਕਰ ਲਵਾਂਗੇ...।" ਵਕੀਲ ਸਹਿਬ ਦੀ ਜਗਾਹ ਪਾਇਲ ਬੋਲੀ, "ਕਿਉਂ ਵਕੀਲ ਸਾਹਿਬ...? ਮੈਂ ਸਹੀ ਕਿਹੈ...?"

-"ਅਸੀਂ ਕਾਟ ਕਰ ਕੇ ਮਰਨੈਂ ਬਾਦਸ਼ਾਹੋ...? ਸ਼ਾਮ ਨੂੰ ਘਰ ਆਜੋ, ਤੁਹਾਡਾ ਆਪਣਾ ਈ ਤਾਂ ਘਰ ਐ...!"

-"ਚਲੋ, ਹੁਣ ਜਾਓ, ਤੇ ਆਹ ਲਓ ਮੇਰਾ ਐਡਰੈੱਸ, ਸ਼ਾਮ ਨੂੰ ਘਰ ਆ ਜਾਇਓ...।"

ਅਗਲੇ ਦਿਨ ਕੇਸ ਤਿਆਰ ਕਰ ਕੇ 'ਤਲਾਕ' ਦੀ ਅਰਜ਼ੀ ਪਾਈ ਗਈ। ਨਰਸ ਦੀ ਵੀਡੀਓ ਅਤੇ ਹਸਪਤਾਲ਼ ਦੇ ਸਟਾਫ਼ ਦੀਆਂ ਗਵਾਹੀਆਂ ਨਾਲ਼ ਨੱਥੀ ਕੀਤੀਆਂ ਗਈਆਂ। ਹਸਪਤਾਲ਼ ਦੇ ਸੀ.ਸੀ.ਟੀ.ਵੀ. ਦੇ ਫ਼ੁੱਟੇਜ ਨਾਲ਼ ਲਾਏ ਗਏ। ਸੋਨੀ ਬਾਂਸਲ ਦੀ ਸਟੇਟਮੈਂਟ ਵੀ ਫ਼ਾਈਲ ਨਾਲ਼ ਲਾਈ ਗਈ।

-"ਹੁਣ ਇਸ ਬਿੱਜੂ ਨਾਲ਼ ਤਾਂ ਤੇਰਾ ਤਲਾਕ ਹੋ ਈ ਜਾਣੈ, ਹੁਣ ਆਪਦੇ ਪ੍ਰੀਤ ਨੂੰ ਕਾਗਜ਼ ਭੇਜ ਕੇ ਮੰਗਵਾ ਲੈ...!" ਪਾਇਲ ਨੇ ਅਮਨ ਨੂੰ ਕਿਹਾ।

-"ਪਰ ਉਹ ਪਤਾ ਨੀ ਮੈਨੂੰ ਬੱਚੇ ਸਮੇਤ ਅਪਨਾਊ, ਪਤਾ ਨੀ, ਨਹੀਂ...?" ਅਮਨ ਉਦਾਸ ਹੋ ਗਈ

-"ਪੱਕਾ ਅਪਨਾਊ...! ਉਹ ਤੈਨੂੰ ਬਹੁਤ ਯਾਦ ਕਰਦੈ...।"

-"ਸੱਚੀਂ...?" ਅਮਨ ਟਹਿਕ ਪਈ। ਲੰਮੇ ਅਰਸੇ ਬਾਅਦ ਉਸ ਨੇ 'ਪ੍ਰੀਤ' ਦਾ ਨਾਂ ਸੁਣਿਆਂ ਸੀ।

-"ਇੱਕੋ ਇੱਕ ਤਾਂ ਸਾਡਾ ਕਾਲਜ ਦਾ ਸਿਆਣਾਂ ਮੁੰਡਾ ਐ, ਜੀਹਦੇ ਨਾਲ਼ ਮੇਰੀ ਗੱਲ ਬਾਤ ਹੁੰਦੀ ਰਹਿੰਦੀ ਐ, ਮੇਰੇ ਹੱਸਬੈਂਡ ਨੂੰ ਵੀ ਪਤੈ...। ਚੌਧਰੀ ਸਾਅਬ ਬੜੇ 'ਬਰੋਡ ਮਾਂਈਡਿਡ' ਨੇ...। ਓਹੀ ਮੈਨੂੰ ਬਾਨੋ ਮਾਸੀ ਬਾਰੇ ਖ਼ਬਰ ਦਿੰਦਾ ਸੀ...।"

-"ਬਾਨੋ ਮਾਸੀ, ਜਾਣੀਂ ਆਪਣੀ ਵਾਰਡਨ...?"

-"ਹਾਂ ਜੀ...!"

-"ਕੀ ਹਾਲ ਐ ਉਹਦਾ...?"

-"ਕੋਰੋਨਾ ਕਾਲ 'ਚ ਬੁਰੀ ਤਰ੍ਹਾਂ ਝੁਲਸ ਕੇ ਮਰੀ ਐ...!"

-"ਕਿਵੇਂ...?"

-"ਕਹਿੰਦੇ ਕਾਲਜ 'ਚੋਂ ਕੱਢ ਦਿੱਤੀ ਸੀ...। ਮਕਾਨ ਮਾਲਕ ਨੇ ਮਕਾਨ 'ਚੋਂ ਭਜਾ ਦਿੱਤੀ...। ਕਿਸੇ ਦੂਜੇ ਸ਼ਹਿਰ ਜਾ ਕੇ ਕਮਰਾ ਕਿਰਾਏ 'ਤੇ ਲੈ ਕੇ ਰਹਿਣ ਲੱਗ ਪਈ...। ਪੈਸਾ ਕੋਲ ਨੀ ਸੀ...। ਦਰ-ਦਰ ਭਟਕ ਕੇ ਮਰੀ ਐ..। ਇੱਕ ਰਾਤ ਬਿਜਲੀ ਚਲੀ ਗਈ...। ਲੈਂਪ ਜਗਦਾ ਸੀ...। ਰਾਤ ਨੂੰ ਸੌਣ ਵਾਸਤੇ ਨੀਂਦ ਦੀਆਂ ਗੋਲ਼ੀਆਂ ਖਾ ਕੇ ਸੁੱਤੀ ਸੀ...। ਪਤਾ ਨੀ ਤਾਂ ਇਹਦਾ ਹੱਥ ਵੱਜ ਗਿਆ, ਉਪਰ ਜਲ਼ਦਾ ਲੈਂਪ ਡਿੱਗ ਪਿਆ, ਗਰਮ ਤੇਲ ਇਹਦੀ ਰਜਾਈ 'ਤੇ ਡੁੱਲ੍ਹ ਗਿਆ, ਭਾਂਬੜ ਨਿਕਲ਼ਿਆ, ਤੇ ਬੱਸ ਬੁਰੀ ਤਰ੍ਹਾਂ ਝੁਲ਼ਸ ਕੇ ਮਰੀ ਐ...। ਮੁਹੱਲੇ ਵਾਲ਼ਿਆਂ ਨੇ ਬਚੀ ਖੁਚੀ ਦਾ ਬੋਟੀਆਂ 'ਕੱਠੀਆਂ ਕਰ ਕੇ ਸਸਕਾਰ ਕੀਤਾ...।"

-"ਮਾੜੇ ਕੰਮਾਂ ਦੇ ਮਾੜੇ ਨਤੀਜੇ ਹੁੰਦੇ ਐ...!"

-"ਉਹਦਾ ਇੱਕ ਮੁੰਡਾ ਹੁੰਦਾ ਸੀ...?"

-"ਉਹ ਵੀ ਬਹੁਤ ਲੰਡਰ ਨਿਕਲ਼ਿਆ..। ਨਸ਼ੇ ਤਾਂ ਉਹ ਪਹਿਲਾਂ ਈ ਬਥੇਰੇ ਕਰਦਾ ਸੀ...। ਫ਼ੇਰ ਇੱਕ ਬਰਾਤ 'ਚ ਦਾਰੂ ਨਾਲ਼ ਰੱਜਿਆ ਵਿਆ ਕਿਸੇ ਦੋਸਤ ਦੀ ਬੰਦੂਕ ਫੜ ਕੇ ਸਾਫ਼ ਕਰਨ ਲੱਗ ਪਿਆ ..। ਅਚਾਨਕ ਕਿਤੇ ਗੋਲ਼ੀ ਚੱਲਗੀ, ਥਾਂ 'ਤੇ ਈ ਮਰ ਗਿਆ..। ਬਾਨੋ ਮਾਸੀ ਤਾਂ 'ਭੁੱਜ' ਕੇ ਮਰੀ ਐ, ਪੁੱਤ ਵੱਲੋਂ ਤਾਂ ਬਾਹਲ਼ੀ ਦੁਖੀ ਰਹੀ ਐ...!"

-"ਤੇਰੇ ਗੀਟਣ ਦਾ ਕੀ ਹਾਲ ਐ...?" ਅਮਨ ਨੂੰ ਪਾਇਲ ਅਤੇ ਗੀਟਣ ਬਾਰੇ ਉਸ ਦੀ ਭੈਣ ਸ਼ੀਤਲ ਤੋਂ ਪਤਾ ਲੱਗਿਆ ਸੀ। ਸ਼ੀਤਲ ਅਮਨ ਕੋਲ਼ੋਂ ਕੁਝ ਨਹੀਂ ਛੁਪਾਉਂਦੀ ਸੀ।

-"ਗੀਟਣ ਨੇ ਬਾਪ ਦੀਆਂ ਜ਼ਿਆਦਤੀਆਂ ਤੋਂ ਤੰਗ ਆ ਕੇ ਗੱਡੀ ਥੱਲੇ ਸਿਰ ਦੇ ਕੇ ਖ਼ੁਦਕਸ਼ੀ ਕਰ ਲਈ ਸੀ, ਔਹ ਮੇਰਾ ਬੇਟਾ, ਗੀਟਣ ਦਾ ਹੀ ਤਾਂ ਖ਼ੂਨ ਹੈ...!" ਪਾਇਲ ਨੇ ਸਹੇਲੀ ਕੋਲ਼ੋਂ ਇੱਕ ਵੀ ਗੱਲ ਨਾ ਲਕੋਈ। ਪਾਇਲ ਦਾ ਬੇਟਾ ਬਾਹਰ ਗਾਰਡਨ ਵਿੱਚ ਖੇਡ ਰਿਹਾ ਸੀ।

-"ਤੁਹਾਡੇ ਹੱਸਬੈਂਡ ਨੂੰ ਇਸ ਬਾਰੇ ਪਤੈ....?" ਅਮਨ ਦਾ ਸੁਆਲ ਸੀ।

-"ਮੈਂ ਕੋਈ ਓਹਲ਼ਾ ਥੋੜ੍ਹੋ ਰੱਖਿਐ ਚੌਧਰੀ ਸਾਅਬ ਕੋਲ਼ੋਂ...? ਪਤੀ ਤੋਂ ਓਹਲ਼ਾ ਰੱਖਣ ਵਾਲ਼ੀ ਔਰਤ ਤਾਂ ਚੰਡਾਲ ਬਣਦੀ ਐ, ਨਾਲ਼ੇ ਐਹੋ ਜਿਹੀਆਂ ਵੱਡੀਆਂ ਗੱਲਾਂ ਕਿਤੇ ਲੁਕਾਈਆਂ ਲੁਕਦੀਆਂ ਥੋੜ੍ਹੋ ਐ...? ਇੱਕ ਨਾ ਇੱਕ ਦਿਨ ਤਾਂ ਇਹਨਾਂ ਨੇ ਉਜਾਗਰ ਹੋਣਾਂ ਹੀ ਹੁੰਦੈ...। ਬਿਹਤਰ ਇਹੀ ਕਿ ਅਗਲੇ ਨੂੰ ਸੱਚ ਤੋਂ ਜਾਣੂੰ ਕਰਵਾ ਕੇ ਆਪ ਸੱਚੇ ਅਤੇ ਸੁਰਖ਼ਰੂ ਰਹੋ...। ਸੱਚ ਨੂੰ ਕਿੰਨਾਂ ਕੁ ਚਿਰ ਛੁਪਾਓਂਗੇ....?"

-"ਚਲੋ ਛੱਡੋ ਇਹ ਗੱਲਾਂ...! ਹੁਣ ਉਦਾਸ ਤੇ ਦੁਖੀ ਕਰਨ ਵਾਲ਼ੀਆਂ ਗੱਲਾਂ ਛੱਡੋ, ਹੁਣ ਤਾਂ ਖ਼ੁਸ਼ ਅਤੇ ਅੱਗੇ ਵਧਣ ਵਾਲ਼ੀਆਂ ਗੱਲਾਂ ਸ਼ੁਰੂ ਕਰੋ...! ਜ਼ਿੰਦਗੀ ਜ਼ਿੰਦਾਬਾਦ...!"

**-ਸਮਾਪਤ-**

# ਗੁਰੂ ਬੈਠਾ ਅਮਰੂ ਸਰੂਪ ਹੋਇ

- ਲੇਖਕ -
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



**ਕਿਸ਼ਤ-30**



ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਚੂਨਾ ਮੰਡੀ ਲਾਹੌਰ

ਦੀਵਾ ਮੇਰਾ ਏਕ ਨਾਮੁ
ਦੁਖੁ ਵਿਚਿ ਪਾਇਆ ਤੇਲੁ॥
ਉਨਿ ਚਾਨਣੁ ਓਹੁ ਸੋਖਿਆ
ਚੂਕਾ ਜਮ ਸਿਉ ਮੇਲੁ॥1॥
ਲੋਕਾ ਮਤ ਕੋ ਫਕੜਿ ਪਾਇ॥
ਲਖ ਮੜਿਆ ਕਰਿ ਏਕਠੇ
ਏਕ ਰਤੀ ਲੇ ਭਾਹਿ॥1॥ਰਹਾਉ॥
ਪਿੰਡੁ ਪਤਲਿ ਮੇਰੀ ਕੇਸਉ
ਕਿਰਿਆ ਸਚੁ ਨਾਮੁ ਕਰਤਾਰੁ॥
ਐਥੈ ਓਥੈ ਆਗੈ ਪਾਛੈ
ਏਹੁ ਮੇਰਾ ਆਧਾਰੁ॥2॥
ਗੰਗ ਬਨਾਰਸਿ ਸਿਫਤਿ ਤੁਮਾਰੀ
ਨਾਵੈ ਆਤਮੁ ਰਾਉ॥
ਸਚਾ ਨਾਵਣੁ ਤਾ ਥੀਐ
ਜਾਂ ਅਹਿਨਿਸਿ ਲਾਗੈ ਭਾਉ॥3॥
ਇਕੁ ਲੋਕੀ ਹੋਰੁ ਛਮਿਛਰੀ
ਬ੍ਰਾਹਮਣੁ ਵਟਿ ਪਿੰਡੁ ਖਾਇ॥
ਨਾਨਕ ਪਿੰਡੁ ਬਖਸੀਸ ਕਾ
ਕਬਹੂੰ ਨਿਖੂਟਸਿ ਨਾਹਿ॥4॥2॥32॥
ਗੁ.ਗ੍ਰ.ਸਾ. ਪੰਨਾ 358

ਅੱਜ ਠੀਕ ਉਥੇ ਹੀ ਸ੍ਰੀ ਗੁਰੂ ਅਮਰਦਾਸ ਜੀ ਆਣ ਠਹਿਰੇ। ਇਥੋਂ ਤੱਕ ਪਹੁੰਚਦਿਆਂ ਨਾਲ ਚੱਲਣ ਵਾਲੀਆਂ ਸੰਗਤਾਂ ਦੀ ਗਿਣਤੀ ਵੀ ਕਾਫ਼ੀ ਹੋ ਚੁੱਕੀ ਸੀ। 50 ਸਾਲਾਂ ਤੋਂ ਵਧੀਕ ਸਮੇਂ ਦੇ ਇਥੇ ਟਿਕੇ ਹੋਏ ਬ੍ਰਾਹਮਣਾਂ ਨੂੰ ਜਦੋਂ ਪਤਾ ਲੱਗਾ ਕਿ ਆਪ ਜੀ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ 'ਤੇ ਬਿਰ-ਾਜਮਾਨ ਹਨ, ਤਾਂ ਬਹੁਤ ਸਾਰਿਆਂ ਨੇ ਭਾਵਨਾ ਸਹਿਤ ਹਜ਼ੂਰ ਨੂੰ ਜੀ ਆਇਆਂ ਕਿਹਾ। ਆਪ ਜੀ ਨੇ ਵੀ ਗੁਰੂ ਕਾ ਉਪਦੇਸ਼ ਦ੍ਰਿੜ ਕਰਵਾਇਆ ਤਾਂ ਹੋਰ ਵੀ ਬ੍ਰਾਹਮਣ ਪ੍ਰਭਾਵਤ ਹੋਏ। ਇਕ ਰਾਤ ਇਥੇ ਠਹਿਰ ਕੇ ਅਗਲੀ ਸਵੇਰ ਦੀਵਾਨ ਸਜਾਉਣ ਉਪਰੰਤ ਇਥੋਂ ਕੂਚ ਕੀਤਾ।

ਪਿਹੋਵਾ ਵਿਖੇ ਗੁਰੂ ਨਾਨਕ ਸਾਹਿਬ ਜੀ ਉਪਰੰਤ ਤੀਜੇ, ਛੇਵੇਂ, ਸੱਤਵੇਂ ਅਤੇ ਦੱਸਵੇਂ ਪਾਤਸ਼ਾਹ ਜੀ ਵੀ ਜਗਤ ਉਧਾਰ ਹਿਤ ਆਏ। ਸਮਾਂ ਪਾ ਕੇ ਸੰਗਤਾਂ ਨੇ ਗੁਰੂ ਕੇ ਯਾਦਗਾਰੀ ਸਥਾਨ ਸਥਾਪਤ ਕੀਤੇ ਜਿਥੇ ਕੈਂਥਲ ਦੇ ਪ੍ਰਤਾਪੀ ਮਹਾਰਾਜਾ ਉਦੈ ਸਿੰਘ ਨੇ ਸ਼ਾਨਦਾਰ ਗੁਰਦੁਆਰੇ ਬਨਾਉਣ ਦੀ ਸੇਵਾ ਕੀਤੀ। ਅੱਜ ਵੀ ਇਥੇ ਗੁਰਦੁਆਰਾ ਬਉਲੀ ਸਾਹਿਬ ਆਦਿ ਸਥਾਨ ਸੁਭਾਇਮਾਨ ਹਨ।

ਪ੍ਰਥਮ ਆਇ ਕੁਲਖੇਤਿ

18 ਮੀਲ ਦਾ ਪੈਂਡਾ ਤਹਿ ਕਰ ਕੇ ਪਾਤਸ਼ਾਹ ਜੀ ਨੇ ਸੰਗਤ ਸਹਿਤ ਕੁਰਖੇਤਰ ਪਹੁੰਚ ਜੋਤੀਸਰ ਤਲਾਅ ਦੇ ਕਿਨਾਰੇ ਡੇਰਾ ਲਾਇਆ। 48 ਕੋਹ ਵਿਚ ਹੋਏ ਮਹਾਂਭਾਰਤ ਦੀ ਯੁੱਧ-ਭੂਮੀ ਦਾ ਇਸ ਨੂੰ ਕੇਂਦਰ ਕਿਹਾ ਜਾਂਦਾ ਹੈ। ਆਪਣੇ ਹੀ ਸਬੰਧੀਆਂ ਨੂੰ ਸਾਹ-ਮਣੇ ਵੇਖ ਅਰਜਨ ਦਾ ਮਨ ਡਿੱਕੋ-ਡੋਲੇ ਖਾਣ ਲੱਗਾ। ਇਹ ਜਾਣ ਉਸ ਦੇ ਰਥਵਾਹੀ ਸ੍ਰੀ ਕ੍ਰਿਸ਼ਨ ਜੀ ਨੇ ਰੱਥ ਨੂੰ ਆਪਣੀ ਫ਼ੌਜ ਵਿਚੋਂ ਬਾਹਰ ਕੱਢ ਲਿਆਂਦਾ ਅਰ ਇਸ ਥਾਂ 'ਤੇ ਪਾਂਡਵ-ਪੁੱਤਰ ਨੂੰ ਗੀਤਾ ਦਾ ਉਪਦੇਸ਼ ਦਿੱਤਾ ਮੰਨਿਆ ਜਾਂਦਾ ਹੈ। ਇਸ ਉਪਦੇਸ਼ ਦੀ ਬਰਕਤ ਸਦਕਾ ਉਸ ਦਾ ਮਨ ਅਡੋਲ ਹੋ ਗਿਆ ਅਰ ਮੁੜ ਸ਼ਸਤ੍ਰ ਸੰਭਾਲ ਕੇ ਯੁੱਧ ਸ਼ੁਰੂ ਕੀਤਾ। ਇਸ ਨੂੰ ਪੁੰਨ-ਭੂਮੀ ਆਦਿ ਸ਼ਬਦਾਂ ਨਾਲ ਵੀ ਸਤਿਕਾਰਿਆ ਜਾਂਦਾ ਹੈ। ਇਸਿ ਥਲ ਥਿਤ ਰਥ ਕ੍ਰਿਸ਼ਨ ਪੁਨੀਤਾ। (ਇਸ ਥਾਂ 'ਤੇ ਰੁਕ ਕੇ ਸ੍ਰੀ ਕ੍ਰਿਸ਼ਨ ਜੀ ਨੇ) ਅਰਜਨ ਸਾਥਿ ਕਹੀ ਸ਼ੁਭ ਗੀਤਾ।.. 8॥46॥ (ਅਰਜੁਨ ਨੂੰ ਗੀਤਾ ਦਾ ਸ਼ੁਭ ਉਪਦੇਸ਼ ਦਿੱਤਾ)

'ਜੋ ਇਥੇ ਸ਼ਨਾਨ ਕਰਨਾ ਚਾਹੁੰਦੇ ਹਨ, ਕਰ ਲਵੋ, ਆਪਾਂ ਅੱਗੇ ਚੱਲ ਕੇ ਪੜਾਅ ਕਰਾਂਗੇ'। ਗੁਰੂ ਸਾਹਿਬ ਨੇ ਕਿਹਾ।

ਕੁਝ ਸਮੇਂ ਬਾਦ ਆਪ ਜੀ ਕੁਰਖੇਤਰ ਦੇ ਮੁੱਖ ਤੀਰਥ ਸਥਾਨ ਥਾਨੇਸਰ ਨੂੰ ਰੁਖ਼ ਕਰ ਕੇ ਚੱਲ ਪਏ ਜੋ ਉਥੋਂ ਤਕਰੀਬਨ 4 ਕੁ ਮੀਲ ਦੀ ਦੂਰੀ 'ਤੇ ਸੁਰਸਤੀ ਨਦੀ ਕਿਨਾਰੇ ਸਥਿਤ ਹੈ। ਇਥੇ ਪਹੁੰਚ ਸ੍ਰੀ (ਗੁਰੂ) ਰਾਮਦਾਸ ਜੀ ਅਰ ਹੋਰ ਸਿੱਖਾਂ ਨੇ ਸਹੂਲਤ ਨੂੰ ਮੁਖ ਰਖਦਿਆਂ ਥਾਂ 'ਤੇ ਟਿਕਾਣਾ ਕਰ ਲਿਆ ਜਿਥੇ ਆਉਣ ਵਾਲੇ ਲੋਕਾਂ ਨਾਲ ਵੀ ਸੰਪਰਕ ਬਣਿਆ ਰਹੇ। ਪਹੁੰਚਦਿਆਂ ਹਨ੍ਹੇਰਾ ਪਸਰ ਰਿਹਾ ਸੀ ਇਸ ਲਈ ਕੁਝ ਸਿੱਖ ਲੰਗਰ ਤਿਆਰ ਕਰਨ ਦੇ ਆਹਰ ਲੱਗ ਗਏ ਅਰ ਕੁਝ ਸਤਿਗੁਰਾਂ ਪਾਸ ਆਣ ਬੈਠੇ। ਗੁਰਦੇਵ ਜੀ ਨੇ ਬਚਨ ਸਾਂਝੇ ਕਰਦਿਆਂ ਆਪਣੇ ਆਉਣ ਦਾ ਮੰਤਵ ਸਮਝਾਇਆ,

'ਸਭ ਕੁਝ ਕਰਨ ਕਰਾਵਨਹਾਰ ਕਰਤਾਰ ਆਪ ਹੈ, ਮਨੁੱਖ ਤਾਂ ਉਸ ਦੀ ਬਣਾਈ ਹੋਈ ਕਠ-ਪੁਤਰੀ ਹੈ ਜੋ ਉਸ ਦੇ ਹੁਕਮ ਵਿਚ ਹਰਕਤ ਕਰਦੀ ਹੈ। ਬੁਰੇ-ਭਲੇ ਦਾ ਫ਼ੈਸਲਾ ਕਰਨ ਵਾਲਾ ਉਹ ਆਪ ਹੈ, ਇਸ ਲਈ ਕਰਤਾਰ ਨੇ ਜੋ ਮਨੁੱਖ ਨੂੰ ਸੋਝੀ ਅਤੇ ਸ਼ਕਤੀ ਦਿੱਤੀ ਹੈ ਉਸ ਬਿਬੇਕ ਅਨੁਸਾਰ ਸਮਰਥਾ ਦੀ ਵਰਤੋਂ ਕਰਨੀ ਹੀ ਧਰਮ ਹੈ'।

ਇਸੇ ਤਰਹ ਸਮਝਾਇਆ ਕਿ ਸੂਰਜ ਗ੍ਰਹਿਣ ਮਨੁੱਖੀ ਵਰਤਾਰਾ ਨਹੀਂ ਜਿਸ ਵਿਚ ਕੋਈ ਤਬਦੀਲੀ ਕਰ ਸਕੇ, ਇਹ ਤਾਂ ਕੇਵਲ ਕਰਤਾਰੀ ਕੁਦਰਤ ਦਾ ਹਿੱਸਾ ਹੈ ਜੋ ਉਸ ਦੇ ਬਣਾਏ ਸੂਰਜ, ਚੰਦ ਅਤੇ ਧਰਤੀ ਦੇ ਆਪਣੇ ਧੁਰੇ ਅਰ ਇਕ ਜਾਂ ਦੂਜੇ ਦੇ ਚੱਕਰ ਲਗਾਉਣ ਦੌਰਾਨ ਇਕ ਸੇਧ ਵਿਚ ਆ ਜਾਣ ਕਾਰਨ ਵਾਪਰਦਾ ਹੈ। ਇਹ ਸਭ ਉਸ ਦੇ ਹੁਕਮ ਵਿਚ ਭਾਵ ਭੈ ਵਿਚ ਚਲ ਰਹੇ ਹਨ, ਹੁਕਮ ਤੋਂ ਬਾਹਰ ਕੁਝ ਨਹੀਂ ਹੋ ਰਿਹਾ। ਇਸ ਲਈ ਸਾਨੂੰ ਗ੍ਰਹਿਣ ਤੋਂ ਭੈ-ਭੀਤ ਹੋਣ ਦੀ ਕੋਈ ਜ਼ਰੂਰਤ ਨਹੀਂ, ਇਸ ਕਰ ਕੇ ਇਸ ਸਮੇਂ ਮਨੁੱਖ ਦਾ ਜਲ-ਇਸ਼ਨਾਨ ਜਾਂ ਦਾਨ ਕਰਨ ਆਦਿ ਯਤਨਾਂ ਨਾਲ ਗ੍ਰਹਿਣ ਦਾ ਕੋਈ ਸਬੰਧ ਨਹੀਂ, ਕੇਵਲ ਇਹ ਕੁਦਰਤੀ ਵਰਤਾਰਾ ਹੈ ਜੋ ਸਮੇਂ ਸਮੇਂ ਕਰਤਾਰ ਦੇ ਹੁਕਮ ਵਿਚ ਹੁੰਦਾ ਰਿਹਾ ਹੈ ਅਰ ਹੁੰਦਾ ਰਹੇਗਾ। ਗੁਰੂ-ਬਾਬਾ ਜੀ ਨੇ ਫ਼ੁਰਮਾਇਆ ਸੀ:

ਭੈ ਵਿਚਿ ਸੂਰਜ ਭੈ ਵਿਚਿ ਚੰਦ॥
ਗੁ.ਗ੍ਰ.ਸਾ. ਪੰਨਾ 464

ਬ੍ਰਹਿਮੰਡ ਵਿਚ ਜੋ ਕੁਝ ਵਾਪਰ ਰਿਹਾ ਹੈ, ਉਹ ਕਰਤਾਰ ਦੇ ਅਥਵਾ ਆਗਿਆ ਨਾਲ ਵਾਪਰ ਰਿਹਾ ਹੈ; ਇਥੋਂ ਦਾ ਸਭ ਆਕਾਰ ਅਤੇ ਉਸ ਦੀ ਹਰਕਤ ਸੁਤੰਤਰ ਨਹੀਂ ਸਗੋਂ ਕਰਤਾਰ ਦੇ ਅਧੀਨ ਹੈ।

**ਹੋਰ ਹਵਾਲੇ:**

ਭੈ ਵਿਚਿ ਸਭੁ ਆਕਾਰੁ ਹੈ
ਨਿਰਭਉ ਹਰਿ ਜੀਉ ਸੋਇ॥ ਮਹਲਾ 3॥
ਗੁ.ਗ੍ਰ.ਸਾ. ਪੰਨਾ 586
ਕਰਣ ਕਾਰਣ ਸਭਨਾ ਕਾ ਏਕੋ
ਅਵਰੁ ਨ ਦੂਜਾ ਕੋਈ॥1॥ਮਹਲਾ 3॥
ਗੁ.ਗ੍ਰ.ਸਾ. ਪੰਨਾ 666
ਇਸਨਾਨੁ ਦਾਨੁ ਜੇਤਾ ਕਰਹਿ
ਦੂਜੈ ਭਾਇ ਖੁਆਰੁ॥ ਮਹਲਾ 3॥
ਗੁ.ਗ੍ਰ.ਸਾ. ਪੰਨਾ 34
ਅੰਦਰਹੁ ਝੂਠੇ ਪੈਜ ਬਾਹਰਿ
ਦੁਨੀਆ ਅੰਦਰਿ ਫੈਲੁ॥
ਅਠਸਠਿ ਤੀਰਥ ਜੇ ਨਾਵਹਿ
ਉਤਰੈ ਨਾਹੀ ਮੈਲੁ॥ਗੁ.ਗ੍ਰ.ਸਾ. ਪੰਨਾ 473
ਜੀਅਹੁ ਮੈਲੇ ਬਾਹਰਹੁ ਨਿਰਮਲ॥
ਬਾਹਰਹੁ ਨਿਰਮਲ ਜੀਅਹੁ ਤ ਮੈਲੇ
ਤਿਨੀ ਜਨਮੁ ਜੂਐ ਹਾਰਿਆ॥
ਏਹ ਤਿਸਨਾ ਵਡਾ ਰੋਗੁ ਲਗਾ
ਮਰਣੁ ਮਨਹੁ ਵਿਸਾਰਿਆ॥
ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ
ਨਾਹੀ ਫਿਰਹਿ ਜਿਉ ਬੇਤਾਲਿਆ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ
ਤਿਨੀ ਜਨਮੁ ਜੂਐ ਹਾਰਿਆ॥19॥
ਮਹਲਾ 3॥ ਗੁ.ਗ੍ਰ.ਸਾ. ਪੰਨਾ 919

ਸਭਨਾਂ ਪ੍ਰੇਮੀਆਂ ਸਤਿਗੁਰਾਂ ਦੇ ਬਚਨਾਂ ਸਨਮੁਖ ਸੀਸ ਨਿਵਾਇਆ। ਭਾਈ ਬੱਲੂ ਜੀ ਨੇ ਆ ਕੇ ਦੱਸਿਆ ਕਿ ਪਾਤਸ਼ਾਹ ਜੀ! ਲੰਗਰ ਤਿਆਰ ਹੋ ਚੁੱਕਾ ਹੈ ਤਾਂ ਗੁਰਦੇਵ ਨੇ ਆਗਿਆ ਕੀਤੀ ਕਿ ਭਾਈ! ਸਾਰੇ ਸਫ਼ਰ ਕਰ ਕੇ ਆਏ ਹਨ, ਹੁਣ ਲੋੜ ਅਨੁਸਾਰ ਲੰਗਰ ਛਕੋ, ਬਾਕੀ ਵਿਚਾਰਾਂ ਸਵੇਰੇ ਕਰਾਂਗੇ। ਇਹ ਬਚਨ ਕਰਦੇ ਪਾਤਸ਼ਾਹ ਜੀ ਉੱਠ ਖੜੇ ਹੋਏ।

ਪ੍ਰਭਾਤੇ ਗੁਰੂ ਸਾਹਿਬ ਅਰ ਸੰਗਤਾਂ ਨੇ ਸਰੋਵਰ ਵਿਚ ਇਸ਼ਨਾਨ ਕੀਤਾ ਅਰ ਸ਼ਬਦ ਕੀਰਤਨ ਵਿਚ ਮਗਨ ਹੋ ਗਏ। ਦਿਨ ਚੜ੍ਹਦਿਆਂ ਹੀ ਲੋਕਾਂ ਦੀ ਆਵਾਜਾਈ ਵਧ ਰਹੀ ਸੀ ਕਿਉਂਕਿ ਅਗਲੇ ਭਲਕ ਮੱਸਿਆ ਦਾ ਦਿਨ ਸੀ ਅਰ ਸੂਰਜ ਗ੍ਰਹਿਣ ਸੀ। ਜਿਵੇਂ ਜਿਵੇਂ ਲੋਕਾਂ ਨੂੰ ਗੁਰੂ ਅਮਰਦਾਸ ਪਾਤਸ਼ਾਹ ਜੀ ਬਾਰੇ ਪਤਾ ਲੱਗਾ ਲੋਕ ਹੁਮ ਹੁਮਾ ਕੇ ਦਰਸ਼ਨ ਕਰਨ ਆਉਣ ਲੱਗੇ। ਗੁਰਵਾਕ:

ਪ੍ਰਥਮ ਆਏ ਕੁਲਖੇਤਿ
ਗੁਰ ਸਤਿਗੁਰ ਪੁਰਬੁ ਹੋਆ॥
ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ॥
ਦੇਖਣਿ ਆਏ ਤੀਨਿ ਲੋਕ
ਸੁਰਿ ਨਰ ਮੁਨਿ ਜਨ ਸਭਿ ਆਇਆ॥
ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ
ਤਿਨ ਕੇ ਕਿਲਵਿਖ ਨਾਸ ਗਵਾਇਆ॥
ਜੋਗੀ ਦਿਗੰਬਰ ਸੰਨਿਆਸੀ ਖਟੁ
ਦਰਸਨ ਕਰਿ ਗਏ ਗੋਸਟਿ ਢੋਆ॥
ਪ੍ਰਥਮ ਆਏ ਕੁਲਖੇਤਿ
ਗੁਰ ਸਤਿਗੁਰ ਪੁਰਬੁ ਹੋਆ॥3॥
ਗੁ.ਗ੍ਰ.ਸਾ. ਪੰਨਾ 1116

ਇਨ੍ਹਾਂ ਆਉਣ ਵਾਲਿਆਂ ਵਿਚ ਛੇ ਸ਼ਾਸਤ੍ਰਾਂ ਦੇ ਧਾਰਨੀ ਵੱਖੋ-ਵੱਖਰੇ ਭੇਖਾਂ ਵਿਚ ਵਿਚਰਨ ਵਾਲੇ ਮਹਾਂਪੁਰਖ ਵੀ ਆਏ ਜਿਨ੍ਹਾਂ ਦਾ ਮਨੋਰਥ ਗੁਰਮਤ ਸਿਧਾਂਤ ਦੀ ਸੋਝੀ ਪ੍ਰਾਪਤ ਕਰਨਾ ਸੀ, ਗੁਰਦੇਵ ਜੀ ਦੀ ਆਮਦ ਜਾਣ ਕੇ ਉਹ ਅੱਜ ਹੀ ਆ ਗਏ। ਇਨ੍ਹਾਂ ਵਿਚ ਵੇਦ-ਪਾਠੀ ਵਿਦਵਾਨ ਵੀ ਸਨ

ਸੁਨ ਜਾਤ੍ਰੀ ਸੰਤ ਮਹੰਤ ਸਭ
ਪੰਡਿਤ ਬਿਦਿਆਚਾਰ।
ਪ੍ਰਭੁ ਦਰਸਨ ਕਰ ਮਗਨ ਹੋਇ
ਭਈ ਚਰਚਾ ਗਿਆਨ ਵਿਚਾਰ।11॥ ਮ.ਪ੍ਰ.
ਊਚ ਨੀਚ ਕੈ ਏਕ ਸਮਾਨੀ

ਵੇਦ-ਪਾਠੀ ਪੰਡਤਾਂ ਨੇ ਸੁਆਲ ਉਠਾਇਆ ਕਿ ਗੁਰੂ ਨਾਨਕ ਦੇਵ ਜੀ ਨੇ ਸੰਸਕ੍ਰਿਤ ਤਿਆਗ ਕੇ ਲੋਕ-ਭਾਖਾ ਵਿਚ ਧਰਮ ਦੀ ਗੱਲ ਕਿਉਂ ਕੀਤੀ ਹੈ ਜੋ ਸ਼ਾਸਤ੍ਰਾਂ ਦੇ ਪ੍ਰਤਿਕੂਲ ਹੈ? ਗੁਰੂ ਪਾਤਸ਼ਾਹ ਜੀ ਨੇ ਫ਼ੁਰਮਾਇਆ,

'ਪੰਡਿਤ ਜੀ! ਧਰਮ-ਸਿਖਿਆ ਕਰਤਾਰ ਦੇ ਸਾਜੇ ਸਾਰੇ ਮਨੁੱਖਾਂ ਲਈ ਹੁੰਦੀ ਹੈ ਨਾ ਕਿ ਕਿਸੇ ਵਿਸ਼ੇਸ਼ ਵਰਗ ਲਈ। ਫਿਰ ਸੁਭਾਵਿਕ ਹੈ ਕਿ ਇਹ ਲੋਕਾਂ ਦੀ ਬੋਲੀ ਅਤੇ ਸਮਝੀ-ਜਾਣੀ ਜਾਂਦੀ ਭਾਖਾ ਵਿਚ ਹੀ ਸੰਭਵ ਹੈ। ਗੁਰੂ-ਬਾਬਾ ਲੋਕ ਉਧਾਰ ਲਈ ਤੁਰੇ ਸਨ ਇਸ ਲਈ ਆਪ ਜੀ ਨੇ ਉਨ੍ਹਾਂ ਦੀ ਭਾਖਾ ਵਿਚ ਧਰਮ ਦੀ ਵਿਆਖਿਆ ਸਮਝਾਈ। ਹਰਿ ਕੀ ਕਥਾ ਕਿਸੇ ਵੀ ਬੋਲੀ ਅਥਵਾ ਭਾਖਾ ਵਿਚ ਮਲੀਣ ਨਹੀਂ ਹੁੰਦੀ'।

ਚਲਦਾ.....

# ਖ਼ਾਲਸਾ ਸਰਕਾਰ ਦੇ ਸੰਸਥਾਪਕ ਸ਼ੇਰ-ਏ-ਪੰਜਾਬ ਨੂੰ ਰਾਜ-ਤਿਲਕ ਦੇਣ ਵਾਲੀ ਉੱਘੀ ਹਸਤੀ ਬਾਬਾ ਸਾਹਿਬ ਸਿੰਘ ਬੇਦੀ ਨੂੰ ਯਾਦ ਕਰਦਿਆਂ

(26, 27, 28 ਮਾਰਚ ਲਈ ਵਿਸ਼ੇਸ਼)



- ਲੇਖਕ -
ਭਗਵਾਨ ਸਿੰਘ ਜੌਹਲ
Email:bhagwansinghjohal@gmail.com



1-ਬਾਬਾ ਸਾਹਿਬ ਸਿੰਘ ਜੀ ਬੇਦੀ (11ਵੇਂ ਵੰਸ਼ਜ ਗੁਰੂ ਨਾਨਕ ਦੇਵ ਜੀ) 2-ਬਾਬਾ ਸਰਬਜੋਤ ਸਿੰਘ ਜੀ ਬੇਦੀ (17ਵੇਂ ਵੰਸ਼ਜ ਗੁਰੂ ਨਾਨਕ ਦੇਵ ਜੀ ਅਤੇ ਵਰਤਮਾਨ ਗੱਦੀਨਸ਼ੀਨ) 3-ਅੰਗ੍ਰੇਜ਼ਾਂ ਵੱਲੋਂ ਬੰਬਾਂ ਨਾਲ ਤਬਾਹ ਕੀਤੇ ਗਏ ਪੁਰਾਣੇ ਕਿਲ੍ਹੇ ਦੇ ਅਵਸ਼ੇਸ਼

ਇਤਿਹਾਸਕ ਜ਼ਿਕਰ ਮਿਲਦਾ ਹੈ ਕਿ ਜਦੋਂ ਸ਼ੁਕਰਚਕੀਆ ਮਿਸਲ ਦੇ ਮੁਖੀ ਸਰਦਾਰ ਮਹਾਂਸਿੰਘ ਦਾ ਅਕਾਲ ਚਲਾਣਾ ਹੁੰਦਾ ਹੈ ਤਾਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਕੇਵਲ ਗਿਆਰਾਂ ਕੁ ਵਰ੍ਹਿਆਂ ਦੇ ਸਨ। ਸ. ਮਹਾਂਸਿੰਘ ਦੇ ਧਰਮ ਸੁਪਤਨੀ ਬੀਬੀ ਰਾਜ ਕੌਰ ਨੂੰ ਆਪਣੇ ਪਤੀ ਦੀ ਮੌਤ ਦੇ ਗ਼ਮ ਨਾਲੋਂ ਵੱਧ ਦੁੱਖ ਇਸ ਗੱਲ ਦਾ ਸੀ ਕਿ ਮੇਰਾ ਸਪੁੱਤਰ ਰਣਜੀਤ ਸਿੰਘ ਬਹੁਤ ਛੋਟੀ ਅਵਸਥਾ ਵਿੱਚ ਹੈ, ਉਹ ਮਿਸਲ ਨੂੰ ਕਿਵੇਂ ਸੰਭਾਲੇਗਾ। ਇਸ ਪੀੜ ਨੂੰ ਸੀਨੇ ਵਿੱਚ ਲੈ ਕੇ ਬੀਬੀ ਰਾਜ ਕੌਰ ਜਗਤ-ਗੁਰੂ ਧੰਨ ਗੁਰੂ ਨਾਨਕ ਦੇਵ ਜੀ ਦੀ ਅੰਸ਼-ਵੰਸ਼ ਬਾਬਾ ਸਾਹਿਬ ਸਿੰਘ ਬੇਦੀ ਪਾਸ ਊਨਾ ਸ਼ਹਿਰ (ਜੋ ਇਸ ਵਕਤ ਹਿਮਾਚਲ ਪ੍ਰਦੇਸ਼ ਦਾ ਜ਼ਿਲ੍ਹਾ ਹੈਡਕਵਾਟਰ ਹੈ) ਪੁੱਜੀ। ਬਾਬਾ ਸਾਹਿਬ ਸਿੰਘ ਬੇਦੀ ਗੁਰੂ ਨਾਨਕ ਸਾਹਿਬ ਜੀ ਦੀ 11ਵੀਂ ਅੰਸ਼-ਵੰਸ਼ ਸਨ, ਜਿਨ੍ਹਾਂ ਦਾ ਸਤਿਕਾਰ ਉਸ ਸਮੇਂ ਦਾ ਹਰ ਸਿੱਖ ਕਰਦਾ ਸੀ। ਸਾਰੀਆਂ ਰਿਆਸਤਾਂ ਦੇ ਰਾਜੇ-ਮਹਾਰਾਜੇ ਅਤੇ ਸਿੱਖ ਮਿਸਲਾਂ ਦੇ ਸਰਦਾਰ ਉਨ੍ਹਾਂ ਦੇ ਬਚਨਾਂ ਨੂੰ ਰੱਬੀ-ਫੁਰਮਾਨ ਹੀ ਮੰਨਦੇ ਸਨ। ਜਦੋਂ ਬੀਬੀ ਰਾਜ ਕੌਰ ਨੇ ਆਪਣਾ ਦੁੱਖੜਾ ਬਿਆਨ ਕੀਤਾ ਤਾਂ ਬਾਬਾ ਸਾਹਿਬ ਸਿੰਘ ਬੇਦੀ ਨੇ ਲਾਹੌਰ ਦਰਬਾਰ ਆਉਣਾ ਪ੍ਰਵਾਨ ਕਰ ਲਿਆ। ਸਰਦਾਰ ਮਹਾਂਸਿੰਘ ਨਮਿੱਤ ਰੱਖੇ ਗਏ ਪਾਠ ਦੇ ਭੋਗ ਉਪਰੰਤ ਅਰਦਾਸ ਤੋਂ ਪਿੱਛੋਂ ਸਾਰੀਆਂ ਮਿਸਲਾਂ ਦੇ ਸਰਦਾਰਾਂ ਦੀ ਹਾਜ਼ਰੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਸਰਕਾਰ-ਏ-ਖ਼ਾਲਸਾ ਦਾ ਰਾਜ-ਤਿਲਕ ਦਿੱਤਾ ਸੀ। ਇਹ ਕੇਵਲ ਰਸਮ ਹੀ ਨਹੀਂ ਸੀ, ਸਗੋਂ ਇਸ ਦੇ ਵਿਰੋਧ ਵਿੱਚ ਕਿਸੇ ਮਿਸਲ ਦੇ ਸਰਦਾਰ ਨੇ ਸਿਰ ਨਹੀਂ ਚੁੱਕਿਆ, ਸਗੋਂ ਗੁਰੂ ਨਾਨਕ ਸਾਹਿਬ ਦੀ ਅੰਸ਼-ਵੰਸ਼ ਵੱਲੋਂ ਕੀਤੀ ਇਸ ਰਸਮ ਨੂੰ ਸਿਰ ਝੁਕਾ ਕੇ ਪ੍ਰਵਾਨਗੀ ਦਿੱਤੀ। ਬਾਬਾ ਸਾਹਿਬ ਸਿੰਘ ਜੀ ਬੇਦੀ ਦਾ ਜਨਮ 1756 ਈ: ਵਿੱਚ ਗੁਰਦਾਸਪੁਰ ਜ਼ਿਲ੍ਹੇ ਦੇ ਡੇਰ੍ਹਾ ਬਾਬਾ ਨਾਨਕ ਵਿਖੇ ਆਪਣੇ ਦਾਦਾ ਬਾਬਾ ਕਲਾਧਾਰੀ ਜੀ ਦੇ ਗ੍ਰਹਿ ਵਿਖੇ ਅਤੇ ਪਿਤਾ ਬਾਬਾ ਅਜੀਤ ਸਿੰਘ ਬੇਦੀ ਅਤੇ ਮਾਤਾ ਸਵਰੂਪ ਕੌਰ ਦੇ ਘਰ ਹੋਇਆ। ਬਾਬਾ ਸਾਹਿਬ ਸਿੰਘ ਬੇਦੀ ਦੇ ਦਾਦਾ ਬਾਬਾ ਕਲਾਧਾਰੀ ਜੀ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸੱਦੇ 'ਤੇ ਹੀ ਸ੍ਰੀ ਅਨੰਦਪੁਰ ਸਾਹਿਬ ਨੇੜੇ ਵਸੇ ਊਨਾ ਨਗਰ ਵਿਖੇ ਪੁੱਜੇ ਸਨ। ਅੱਜ ਵੀ ਬੇਦੀ ਵੰਸ਼ ਦਾ ਇਹ ਅਸਥਾਨ ਕਿਲ੍ਹਾ ਬੇਦੀ ਸਾਹਿਬ ਕਰਕੇ ਜਾਣਿਆ ਜਾਂਦਾ ਹੈ। ਜਦੋਂ ਤੁਸੀਂ ਇਸ ਕਿਲ੍ਹੇ ਵਿਖੇ ਜਾਂਦੇ ਹੋ, ਤਾਂ ਪੁਰਾਤਨ ਕਿਲ੍ਹੇ ਵਿੱਚ ਪੁਰਾਤਨ ਬੋਹੜ ਤੇ ਬੇਰੀ ਦੇ ਦਰਖ਼ਤਾਂ ਦੇ ਰੂਪ ਵਿੱਚ ਸਿੱਖਾਂ ਦਾ ਪੁਰਾਤਨ ਵਿਰਸਾ ਅਤੇ ਅਤੀਤ ਹਰ ਦਰਸ਼ਕ ਨੂੰ ਆਪਣੇ ਵੱਲ ਸਹਿਜ-ਸੁਭਾਅ ਹੀ ਖਿੱਚਦਾ ਪ੍ਰਤੀਤ ਹੁੰਦਾ ਹੈ।

ਇਤਿਹਾਸਕ ਸਰੋਤ ਦੱਸਦੇ ਹਨ ਬਾਬਾ ਸਾਹਿਬ ਸਿੰਘ ਬੇਦੀ ਨਾਲ 14 ਹਜ਼ਾਰ ਘੋੜ ਸਵਾਰ ਫੌਜ ਹਮੇਸ਼ਾ ਤਾਇਨਾਤ ਰਹਿੰਦੀ ਸੀ। ਉਨ੍ਹਾਂ ਦੀ ਰਿਆਸਤ ਦੇ ਅਧਿਕਾਰ ਖੇਤਰ ਵਿੱਚ 117 ਪਿੰਡ ਸਨ। ਜਿਸ ਵਿੱਚ ਦੁਆਬਾ ਤੇ ਦੂਨ ਦਾ ਇਲਾਕਾ ਵੀ ਸੀ। ਬਾਬਾ ਜੀ ਜੰਗ ਵਿੱਚ ਸ਼ਹੀਦ ਹੋਏ ਪਰਿਵਾਰਾਂ ਦਾ ਰੈਣ-ਬਸੇਰਾ ਇਨ੍ਹਾਂ ਪਿੰਡਾਂ ਵਿੱਚ ਹੀ ਕਰਵਾਉਂਦੇ ਸਨ। ਬਾਬਾ ਕਲਾਧਾਰੀ ਜੀ ਅਤੇ ਉਨ੍ਹਾਂ ਦੀ ਵੰਸ਼ਜ ਨੇ ਊਨਾ ਸ਼ਹਿਰ ਵਿੱਚ ਅਨੇਕਾਂ ਇਮਾਰਤਾਂ ਬਣਾਈਆਂ। ਵੱਖ-ਵੱਖ ਧਰਮਾਂ ਦੇ ਲੋਕਾਂ ਨੂੰ ਇਥੇ ਵਸਾਇਆ। ਇਕ ਅਜਿਹਾ ਸਮਾਂ ਸੀ ਜਦੋਂ ਊਨਾ ਪੰਜਾਬ ਦਾ ਅਵਲ ਦਰਜੇ ਦਾ ਸ਼ਹਿਰ ਸੀ, ਜਿਥੋਂ ਮੌਜੂਦਾ ਹਿਮਾਚਲ, ਜੰਮੂ ਕਸ਼ਮੀਰ ਤੇ ਲੇਹ-ਲਦਾਖ ਤੱਕ ਵਿਉਪਾਰ ਕੀਤਾ ਜਾਂਦਾ ਸੀ। ਜਦੋਂ ਬਾਬਾ ਸਾਹਿਬ ਸਿੰਘ ਜੀ ਊਨਾ ਸ਼ਹਿਰ ਤੋਂ ਜੰਗ-ਏ-ਮੈਦਾਨ ਵਿੱਚ ਨਿਕਲਦੇ ਸਨ ਤਾਂ ਇਸ ਸ਼ਹਿਰ ਦੀ ਪਰਿਕਰਮਾ ਕਰਕੇ ਸੁਰੱਖਿਅਕ ਕਵਚ ਬਣਾਉਂਦੇ ਸਨ, ਤਾਂ ਜੋ ਸ਼ਹਿਰ ਵਿੱਚ ਕਿਸੇ ਤਰ੍ਹਾਂ ਦੀ ਕੋਈ ਔਖੀ ਘੜੀ ਨਾ ਆਵੇ। ਅੱਜ ਵੀ ਬਾਬਾ ਜੀ ਦੀ ਯਾਦ ਵਿੱਚ ਹੋਣ ਵਾਲੇ ਗੁਰਮਤਿ ਸਮਾਗਮ ਸਮੇਂ ਊਨਾ ਸ਼ਹਿਰ ਦੀ ਪਰਿਕਰਮਾ ਕਰਦਿਆਂ ਨਗਰ ਕੀਰਤਨ ਸਜਾਇਆ ਜਾਂਦਾ ਹੈ। ਇਤਿਹਾਸਕ ਸਰੋਤਾਂ ਮੁਤਾਬਿਕ ਬਾਬਾ ਜੀ ਜਿਥੇ ਮਹਾਨ 33 ਬੇਤੇ, ਰਾਜਯੋਗੀ ਧਰਮੀ ਮਹਾਂਪੁਰਸ਼ ਸਨ, ਉਥੇ ਉਹ ਦਲੇਰ ਯੋਧੇ ਤੇ ਕੂਟਨੀਤਕ ਸ਼ਖ਼ਸੀਅਤ ਦੇ ਮਾਲਕ ਵੀ ਸਨ। ਖ਼ਾਲਸਾ ਰਾਜ ਦਾ ਮੁੱਢ ਉਨ੍ਹਾਂ ਦੇ ਯਤਨਾਂ ਨਾਲ ਬੱਝਿਆ ਸੀ। ਬਾਰਾਂ ਮਿਸਲਾਂ ਦੇ ਸਰਦਾਰਾਂ ਨੂੰ ਇਕੱਠੇ ਕਰਨਾ ਕੋਈ ਸਹਿਜ ਕਾਰਜ ਨਹੀਂ ਸੀ।

ਊਨਾ ਦੇ ਇਸ ਇਤਿਹਾਸਕ ਕਿਲ੍ਹੇ ਦੀ ਸਥਾਪਨਾ 1784 ਈ: ਵਿੱਚ ਕੀਤੀ ਗਈ। ਜੋ ਉੱਤਰੀ ਭਾਰਤ ਦੀਆਂ 117 ਰਿਆਸਤਾਂ ਨਾਲ ਸੰਬੰਧਿਤ ਸੀ। ਸਿੱਖ ਰਾਜ ਦੇ ਪਤਨ ਪਿੱਛੋਂ ਅੰਗ੍ਰੇਜ਼ ਹਕੂਮਤ ਨੂੰ ਬਾਬਾ ਜੀ ਦੀ ਵੰਸ਼ਜ ਤੋਂ ਵੀ ਬਗਾਵਤੀ ਸੁਰਾਂ ਹੀ ਸੁਣਾਈ ਦਿੰਦੀਆਂ ਸਨ। ਇਸੇ ਕਰਕੇ ਜਦੋਂ ਬਾਬਾ ਜੀ ਦੇ ਸਪੁੱਤਰ ਬਾਬਾ ਬਿਕਰਮਾ ਸਿੰਘ ਬੇਦੀ ਵੱਲੋਂ ਅੰਗ੍ਰੇਜ਼ ਹਕੂਮਤ ਵਿਰੁੱਧ ਬਾਗੀ ਹੋਣ ਦੀ ਸੂਚਨਾ ਮਿਲੀ ਤਾਂ ਇਸ ਬੇਦੀ ਸਾਹਿਬ ਦੇ ਮਜ਼ਬੂਤ ਕਿਲ੍ਹੇ ਨੂੰ ਤੋਪਾਂ ਨਾਲ ਤਬਾਹ ਕਰ ਦਿੱਤਾ ਗਿਆ। ਜੋ ਅੱਜ ਵੀ ਇਹ ਇਤਿਹਾਸਕ ਖੰਡਰਾਂ ਦੇ ਰੂਪ ਵਿੱਚ ਅੰਗ੍ਰੇਜ਼ ਸਰਕਾਰ ਦੀ ਕੋਝੀ ਕਰਤੂਤ ਨੂੰ ਬਿਆਨ ਕਰ ਰਹੇ ਹਨ। ਇਸੇ ਕਿਲ੍ਹੇ ਅੰਦਰ ਬਾਬਾ ਜੀ ਦੇ ਮੰਝਲੇ ਸਪੁੱਤਰ ਬਾਬਾ ਤੇਗ ਸਿੰਘ ਦਾ ਸਥਾਨ ਵੀ ਮੌਜੂਦ ਹੈ। ਬਾਬਾ ਜੀ ਵੱਲੋਂ ਬਣਾਇਆ ਲੰਗਰ ਅਸਥਾਨ ਵੀ ਸਾਡੀ ਅਮੀਰ ਵਿਰਾਸਤ ਦੀ ਨਿਸ਼ਾਨੀ ਹੈ। ਇਸੇ ਊਨਾ ਸ਼ਹਿਰ ਦੇ ਹੋਰ ਇਤਿਹਾਸਕ ਸਥਾਨਾਂ ਦੀ ਗੱਲ ਕਰੀਏ ਤਾਂ ਕਿਲ੍ਹੇ ਦੇ ਦੂਜੇ ਪਾਸੇ ਬਾਬਾ ਜੀ ਦਾ ਦਮਦਮਾ ਅਸਥਾਨ ਹੈ। ਊਨਾ ਤੋਂ ਚਾਰ ਕੁ ਕਿਲੋਮੀਟਰ ਦੂਰ ਬਾਬਾ ਸਾਹਿਬ ਸਿੰਘ ਬੇਦੀ ਜੀ ਦਾ ਤਪ ਅਸਥਾਨ ਗੁਰਦੁਆਰਾ ਤਪੋਵਨ ਮੌਜੂਦ ਹੈ। ਇਸ ਦੇ ਨੇੜੇ ਹੀ ਬਾਬਾ ਤੇਗ ਸਿੰਘ ਦਾ ਤਪ-ਅਸਥਾਨ ਗੁ: ਬਾਰਾਂਦਰੀ ਵੀ ਮੌਜੂਦ ਹੈ। ਉਨ੍ਹਾਂ ਦੀ ਗਾਤਰੇ ਦੀ ਕ੍ਰਿਪਾਨ, ਕਟਾਰ, ਚੱਕਰੀ, ਗਾਤਰਾ, ਬਾਬਾ ਤੇਗ ਸਿੰਘ ਦਾ ਤੀਰ ਕਮਾਨ ਅਤੇ ਬਾਬਾ ਬਿਕਰਮਾ ਸਿੰਘ ਦੀ ਕ੍ਰਿਪਾਨ ਵੀ ਊਨਾ ਕਿਲ੍ਹੇ ਵਿੱਚ ਸੁਭਾਇਮਾਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੌਜੂਦਾ ਵੰਸ਼ ਵਿੱਚੋਂ ਮਹਾਂਪੁਰਸ਼ ਬਾਬਾ ਸਰਬਜੋਤ ਸਿੰਘ ਬੇਦੀ ਨੇ 1989 ਈ: ਵਿੱਚ ਜਾਨਸ਼ੀਨ ਵਜੋਂ ਜ਼ਿੰਮੇਵਾਰੀ ਸੰਭਾਲੀ, ਬਾਬਾ ਜੀ ਨੂੰ ਸਮੁੱਚੇ ਸਿੱਖ ਜਗਤ ਵਿੱਚ ਅਤੇ ਸੰਤ ਸਮਾਜ ਵਿੱਚ ਸਤਿਕਾਰ ਦਿੱਤਾ ਜਾਂਦਾ ਹੈ। ਬਾਬਾ ਸਰਬਜੋਤ ਸਿੰਘ ਬੇਦੀ ਦੀ ਅਗਵਾਈ ਵਿੱਚ ਊਨਾ ਸ਼ਹਿਰ ਦਾ ਵਿਕਾਸ ਨਵੀਆਂ ਤਕਨੀਕਾਂ ਨਾਲ ਹੋ ਰਿਹਾ ਹੈ। ਨਾਲ ਹੀ ਬਾਬਾ ਜੀ ਨੇ ਮਾਨਸਿਕ ਤੇ ਕਮਜ਼ੋਰ ਬੱਚਿਆਂ ਲਈ ਪ੍ਰੇਮਾਸ਼ਰਮ ਦੀ ਸਥਾਪਨਾ ਵੀ ਕੀਤੀ ਹੈ। ਇਹ ਆਸ਼ਰਮ ਸਮਾਜ ਦੇ ਇਨ੍ਹਾਂ ਬੱਚਿਆਂ ਦੀ ਦੇਖਭਾਲ ਕਰ ਰਿਹਾ ਹੈ। ਦੇਸ਼-ਵਿਦੇਸ਼ ਦੀ ਸੰਗਤ ਵੱਲੋਂ ਬਾਬਾ ਸਾਹਿਬ ਸਿੰਘ ਬੇਦੀ ਜੀ ਦੇ ਜਨਮ ਦਿਨ 'ਤੇ ਤਿੰਨ ਦਿਨ ਸਮਾਗਮ ਹਰ ਸਾਲ ਗੁਰਮਤਿ ਸਮਾਗਮ ਦੇ ਰੂਪ ਵਿੱਚ ਵੀ ਕੀਤੇ ਜਾਂਦੇ ਹਨ। ਮੁੱਖ ਸਮਾਗਮ ਦੇ ਦੌਰਾਨ ਨਗਰ ਕੀਰਤਨ, ਸੰਤ ਸਮਾਗਮ, ਕੀਰਤਨ ਦਰਬਾਰ ਕਰਵਾਏ ਜਾਂਦੇ ਹਨ। ਆਉ ਆਪਾਂ ਵੀ ਆਪਣੇ ਵਿਰਾਸਤੀ ਅਸਥਾਨਾਂ ਦੇ ਦਰਸ਼ਨ-ਦੀਦਾਰੇ ਕਰੀਏ।

ਮੋਬਾਈਲ: 98143-24040

## ਤਖ਼ਤ ਪਟਨਾ ਸਾਹਿਬ ਕਮੇਟੀ ਨੇ ਸਾਲ 2026-27 ਲਈ 50 ਕਰੋੜ ਤੋਂ ਵੱਧ ਦਾ ਬਜਟ ਕੀਤਾ ਗਿਆ ਪਾਸ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ): ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੀ ਅੱਜ ਹੋਈ ਮੀਟਿੰਗ ਵਿੱਚ ਸਾਲ 2026-27 ਦੇ ਬਜਟ ਨੂੰ ਸਰਬਸੰਮਤੀ ਨਾਲ ਮਨਜ਼ੂਰੀ ਦਿੱਤੀ ਗਈ। ਇਸ ਦੇ ਨਾਲ ਹੀ ਵੋਟਰ ਸੂਚੀ ਨੂੰ ਠੀਕ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਸਿੱਖ ਸੰਸਥਾਵਾਂ ਵੱਲੋਂ ਆਏ ਪੱਤਰਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਅਗਲੇ 3 ਮਹੀਨਿਆਂ ਦਾ ਸਮਾਂ ਦਿੱਤਾ ਗਿਆ। ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਪ੍ਰਧਾਨ ਜਗਜੋਤ ਸਿੰਘ ਸੋਹੀ ਅਤੇ ਸਕੱਤਰ ਇੰਦਰਜੀਤ ਸਿੰਘ ਨੇ ਦੱਸਿਆ ਕਿ ਤਖ਼ਤ ਪਟਨਾ ਸਾਹਿਬ ਕਮੇਟੀ ਦੀ ਮੀਟਿੰਗ ਅੱਜ ਤਖ਼ਤ ਸਾਹਿਬ ਦੇ ਮੀਟਿੰਗ ਹਾਲ ਵਿੱਚ ਜਥੇਦਾਰ ਗਿਆਨੀ ਬਲਦੇਵ ਸਿੰਘ ਜੀ ਵੱਲੋਂ ਅਰਦਾਸ ਤੋਂ ਬਾਅਦ ਸ਼ੁਰੂ ਹੋਈ। ਸਭ ਤੋਂ ਪਹਿਲਾਂ ਪਿਛਲੀ ਮੀਟਿੰਗ ਦੀ ਪੁਸ਼ਟੀ ਕੀਤੀ ਗਈ। ਇਸ ਤੋਂ ਬਾਅਦ ਸਾਲ 2026-27 ਲਈ ਬਣਾਏ ਗਏ 50 ਕਰੋੜ ਤੋਂ ਵੱਧ ਦੇ ਪ੍ਰਸਤਾਵਿਤ ਬਜਟ ਨੂੰ ਸਾਰੇ ਮੈਂਬਰਾਂ ਨੇ ਸਰਬਸੰਮਤੀ ਨਾਲ ਮਨਜ਼ੂਰ ਕਰ ਲਿਆ। ਇਸ ਦੇ ਨਾਲ ਹੀ ਪਿਛਲੇ ਦਿਨਾਂ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਸਿੱਖ ਸੰਸਥਾਵਾਂ ਤੋਂ ਪ੍ਰਾਪਤ ਪੱਤਰਾਂ ਨੂੰ ਧਿਆਨ ਵਿੱਚ ਰੱਖਦਿਆਂ ਤਖ਼ਤ ਸਾਹਿਬ ਚੋਣਾਂ ਲਈ ਵੋਟਰ ਸੂਚੀ ਵਿੱਚ ਪਾਈਆਂ ਗਈਆਂ ਗਲਤੀਆਂ ਦੇ ਸੁਧਾਰ ਲਈ 3 ਮਹੀਨਿਆਂ ਦੀ ਮਿਆਦ ਨਿਰਧਾਰਿਤ ਕੀਤੀ ਗਈ ਹੈ।

ਤਖ਼ਤ ਸਾਹਿਬ ਦੀ ਵਿਵਾਦਿਤ ਜ਼ਮੀਨਾਂ ਫਲਸਤੂਤੇ ਚਾਰਦੀਵਾਰੀ ਕਰਨ ਦਾ ਫ਼ੈਸਲਾ ਵੀ ਲਿਆ ਗਿਆ। ਕਮੇਟੀ ਦੇ ਸਟਾਫ ਦੀ ਹਾਜ਼ਰੀ ਨੂੰ ਆਨਲਾਈਨ ਕਰਨ ਲਈ ਨਵੀਂ ਸਾਫਟਵੇਅਰ ਮਸ਼ੀਨ ਲਗਾਉਣ ਦੀ ਗੱਲ ਕੀਤੀ ਗਈ। ਕਮੇਟੀ ਦੇ ਅਧੀਨ ਆਉਂਦੇ ਸਕੂਲਾਂ ਵਿੱਚ ਖਾਲੀ ਅਸਾਮੀਆਂ ਨੂੰ ਜਲਦੀ ਭਰਨ ਲਈ ਵੀ ਵਿਚਾਰ ਕੀਤਾ ਗਿਆ। ਮੀਟਿੰਗ ਵਿੱਚ ਜਗਜੋਤ ਸਿੰਘ ਸੋਹੀ, ਇੰਦਰਜੀਤ ਸਿੰਘ, ਹਰਬੰਸ ਸਿੰਘ, ਲਖਵਿੰਦਰ ਸਿੰਘ, ਗੁਰਵਿੰਦਰ ਸਿੰਘ, ਡਾ. ਗੁਰਮੀਤ ਸਿੰਘ, ਮਹਿੰਦਰਪਾਲ ਸਿੰਘ ਢਿੱਲੋਂ, ਰਾਜਾ ਸਿੰਘ, ਹਰਪਾਲ ਸਿੰਘ ਜੋਹਲ ਅਤੇ ਗੋਬਿੰਦ ਸਿੰਘ ਲੋਂਗੋਵਾਲ ਹਾਜ਼ਰ ਸਨ ।

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**675. ਪ੍ਰਭੂ/ਧਰਮ ਰਾਇ ਲੇਖਾ ਕਿਹਨਾਂ ਤੋਂ ਮੰਗਦਾ ਹੈ?**

ਨਿੰਦਕਾਂ ਕੋਲੋਂ ਪ੍ਰਭੂ ਲੇਖਾ ਮੰਗਦਾ ਹੈ ਤੇ ਬਹੁਤੀ ਸਜ਼ਾ ਦਿੰਦਾ ਹੈ । ਨਿੰਦਕ ਜਿਹੋ ਜਿਹਾ ਆਪਣੇ ਮਨ ਵਿਚ ਕਮਾਂਦੇ ਹਨ, ਤਿਹੋ ਜਿਹਾ ਉਹਨਾਂ ਨੂੰ ਫਲ ਮਿਲਦਾ ਹੈ । "ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ ॥ ਜੇਹਾ ਨਿੰਦਕ ਅਪਣੈ ਜੀਇ ਕਮਾਵਦੇ ਤੇਹੋ ਫਲੁ ਪਾਈ ॥ ਅੰਗ 316" । ਜਿਹੜੇ ਹਉਮੈ ਵਿਚ ਹੁੰਦੇ ਹਨ ਉਹਨਾਂ ਤੋਂ ਲੇਖਾ ਮੰਗਿਆ ਜਾਂਦਾ ਹੈ; ਫਿਰ ਉਹ ਆਉਂਦੇ ਜਾਂਦੇ ਰਹਿੰਦੇ ਹਨ; ਭਾਵ ਜੰਮਣ ਮਰਨ ਦੇ ਗੇੜ 'ਚ ਪਏ ਰਹਿੰਦੇ ਹਨ। "ਵਿਚਿ ਹਉਮੈ ਲੇਖਾ ਮੰਗੀਐ ਫਿਰਿ ਆਵੈ ਜਾਇਆ ॥ ਅੰਗ 643" । ਪਾਪ ਕਰਨ ਵਾਲ਼ੇ ਜੀਵ ਨਿਸ਼ਚਿਤ ਤੌਰ ਤੇ ਲੁੱਟੇ ਜਾਂਦੇ ਹਨ । ਪਾਪ ਕਰਨ ਵਾਲ਼ਿਆਂ ਨੂੰ ਮੌਤ ਦਾ ਫ਼ਰਿਸ਼ਤਾ ਫੜ ਫੜ ਕੇ ਕੁਹੀ ਜਾਂਦਾ ਹੈ। ਅਜਿਹੇ ਜੀਵਾਂ ਨੂੰ ਸਿਰਜਣਹਾਰ ਦੋਜ਼ਕ ਵਿਚ ਪਾਉਂਦਾ ਹੈ ਤੇ ਧਰਮ ਰਾਇ ਉਹਨਾਂ ਪਾਸੋਂ ਲੇਖਾ ਮੰਗਦਾ ਹੈ । "ਪਾਪ ਕਰੇਦੜ ਸਰਪਰ ਮੁਠੇ ॥ ਅਜਰਾਈਲਿ ਫੜੇ ਫੜਿ ਕੁਠੇ ॥ ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ ॥2॥ ਅੰਗ 1020" । ਮਨਮੁਖਾਂ ਤੋਂ ਅੱਗੇ ਪ੍ਰਲੋਕ ਵਿਚ ਲੇਖਾ ਮੰਗਿਆ ਜਾਂਦਾ ਹੈ ਤੇ ਉਸਨੂੰ (ਜਮਾਂ ਦੀ) ਬਹੁਤੀ ਮਾਰ ਪੈਂਦੀ ਹੈ । "ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ ॥ ਅੰਗ 1280" । ਪੜਿਆਂ ਤੋਂ ਲੇਖਾ ਰੱਖਣ ਵਾਲ਼ਾ ਲੇਖਾ ਮੰਗਦਾ ਹੈ । ਕਿਉਂਕਿ ਪ੍ਰਭੂ ਦੇ ਨਾਮ ਤੋਂ ਬਿਨਾ (ਪੜ੍ਹਿਆ ਹੋਇਆ ਭੀ) ਕੂੜ ਦਾ ਹੀ ਵਪਾਰੀ ਹੈ; ਔਖਾ ਹੁੰਦਾ ਹੈ ਤੇ ਔਖਿਆਈ ਹੀ ਪਾਉਂਦਾ ਹੈ । "ਪੜਿਆ ਲੇਖੇਦਾਰੁ ਲੇਖਾ ਮੰਗੀਐ ॥ ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ ॥ ਅੰਗ 1288" । ਆਪਣੇ ਮਨ ਦੇ ਪਿੱਛੇ ਤੁਰਨ ਵਾਲ਼ਾ ਮਨੁੱਖ ਜਿਹੜੀ ਭੀ ਸੇਵਾ ਕਰਦਾ ਹੈ, ਉਹ ਮਾਇਆ ਮੋਹ ਵਿਚ ਚਿੱਤ ਲਾ ਕੇ ਹੀ ਕਰਦਾ ਹੈ । ਪੁੱਤਰ, ਇਸਤ੍ਰੀ ਤੇ ਪਰਵਾਰ (ਮਾਇਆ) ਦਾ ਮੋਹ ਵਧਾਈ ਜਾਂਦਾ ਹੈ । ਪ੍ਰਭੂ ਦੀ ਦਰਗਾਹ ਵਿਚ ਲੇਖਾ ਮੰਗਿਆ ਜਾਂਦਾ ਹੈ ਤੇ ਅੰਤ ਵੇਲੇ ਉਸਨੂੰ ਕੋਈ ਛੁਡਾ ਨਹੀਂ ਸਕਦਾ । "ਮਨਮੁਖ ਸੇਵਾ ਜੋ ਕਰੇ ਦੂਜੈ ਭਾਇ ਚਿਤੁ ਲਾਇ ॥ ਪੁਤੁ ਕਲਤੁ ਕੁਟੰਬੁ ਹੈ ਮਾਇਆ ਮੋਹੁ ਵਧਾਇ ॥ ਦਰਗਹਿ ਲੇਖਾ ਮੰਗੀਐ ਕੋਈ ਅੰਤਿ ਨ ਸਕੀ ਛਡਾਇ ॥ ਅੰਗ 1422" ।

**676. ਲੇਖਾ ਬਖਸ਼ਾਉਣ ਲਈ ਕਿਹੜੀ ਅਰਦਾਸ ਕਰਨੀ ਚਾਹੀਦੀ ਹੈ?**

ਹੇ ਪ੍ਰਭੂ! ਤੇਰੇ ਲਿਖੇ ਲੇਖਾਂ ਨੂੰ ਕੋਈ ਮੇਟ ਨਹੀਂ ਸਕਦਾ! "ਕੋਇ ਨ ਮੇਟੈ ਤੇਰੈ ਲੇਖੈ ॥ ਅੰਗ 842" । ਅਤੇ "ਕੋਇ ਨ ਮੇਟੈ ਸਾਚੇ ਲੇਖੈ ॥ ਅੰਗ 1021" । ਲੇਖੈ ਤੋਂ ਛੁੱਟਣ ਲਈ ਅੱਗੇ ਦਿੱਤੇ ਗੁਰਵਾਕਾਂ ਰਾਹੀਂ ਅਰਦਾਸ ਕਰੋ: ਹੇ ਪ੍ਰਭੂ! ਅਸੀਂ ਲੇਖੇ ਵਿਚੋਂ ਕਦੇ ਵੀ ਛੁੱਟ ਨਹੀਂ ਸਕਦੇ, ਕਿਉਂਕਿ ਅਸੀਂ ਖਿਨ ਖਿਨ ਭੁੱਲਣਹਾਰ ਹਾਂ । ਹੇ ਬਖਸ਼ਣਹਾਰ ਪ੍ਰਭੂ ਸਾਨੂੰ ਬਖਸ਼ ਲੈ ਤੇ ਸੰਸਾਰ ਸਮੁੰਦਰ ਤੋਂ ਪਾਰ ਉਤਾਰ ਲੈ । "ਸਲੋਕੁ ॥ ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥ ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥1॥ ਅੰਗ 261"। ਹੇ ਪ੍ਰਭੂ! ਮੈਨੂੰ ਤੈਥੋਂ ਬਿਨਾ ਕੋਈ ਹੋਰ ਆਸਰਾ ਨਹੀਂ ਸੁੱਝਦਾ; ਹਾਰ ਕੇ ਤੇਰੇ ਦਰ ਤੇ ਆ ਪਿਆ ਹਾਂ । ਹੇ ਪ੍ਰਭੂ ਅਸਾਂ ਜੀਵਾਂ ਦੇ ਕਰਮਾਂ ਦਾ ਲੇਖਾ ਕਰਨਾ ਛੱਡ ਦੇ, ਤਾਂ ਹੀ ਅਸੀਂ ਲੇਖੈ ਰਹਿਤ ਹੋ ਸਕਦੇ ਹਾਂ; ਹੇ ਪ੍ਰਭੂ! ਸਾਨੂੰ ਗੁਣਹੀਨ ਜੀਵਾਂ ਨੂੰ ਬਚਾ ਲੈ । "ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ ॥ ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ ॥1॥ ਅੰਗ 713" । ਹੇ ਪ੍ਰਭੂ! ਅਸੀਂ ਜੀਵ ਬਹੁਤ ਭੁੱਲਾਂ ਕਰਦੇ ਰਹਿੰਦੇ ਹਾਂ, (ਸਾਡੀਆਂ ਭੁੱਲਾਂ ਦਾ) ਅੰਤ ਨਹੀਂ ਪੈ ਸਕਦਾ/ਪਾਰਲਾ ਉਰਲਾ ਬੰਨਾ ਨਹੀਂ ਲੱਭਦਾ । ਤੂੰ ਮਿਹਰ ਕਰ ਕੇ ਆਪ ਹੀ ਬਖ਼ਸ਼ ਲੈ, ਮੈਂ ਪਾਪੀ ਹਾਂ, ਬਹੁਤ ਵੱਡਾ ਗੁਨਾਹਗਾਰ ਹਾਂ । ਹੇ ਪ੍ਰਭੂ ਮੇਰੀ ਲੇਖੈ ਦੀ ਵਾਰੀ ਨਹੀਂ ਆਉਣੀ, ਹੇ ਮਿਲਾਵਣਹਾਰ ਤੂੰ ਆਪੇ (ਲੇਖਾ) ਬਖਸ਼ ਲੈ । "ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥ ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ॥ ਹਰਿ ਜੀਉ ਲੇਖੈ ਵਾਰ ਨ ਆਵਈ ਤੂੰ ਬਖਸਿ ਮਿਲਾਵਣਹਾਰੁ॥ ਅੰਗ 1416" ।

**677. ਲੇਖੈ (ਕਬੂਲ) ਕਿਹੜੀ ਚੀਜ਼ ਪੈਂਦੀ ਹੈ?**

ਜਿਹੜਾ ਸਿਰ (ਮਨੁੱਖ) ਸਤਿਗੁਰੂ ਦੀ ਸੇਵਾ ਕਰਦਾ ਹੈ, ਉਹ ਲੇਖੈ ਲੱਗ ਜਾਂਦਾ ਹੈ; ਭਾਵ ਪ੍ਰਭੂ ਦੀ ਦਰਗਾਹ ਵਿਚ ਕਬੂਲ ਹੁੰਦਾ ਹੈ । "ਸਤਿਗੁਰੁ ਸੇਵੇ ਆਪਣਾ ਸੋ ਸਿਰੁ ਲੇਖੈ ਲਾਇ ॥ ਅੰਗ 88" । ਅਤੇ "ਸਤਿਗੁਰੁ ਸੇਵੈ ਸੋ ਜਨੁ ਲੇਖੈ ॥ ਅੰਗ 129" । ਜਿਸਤੇ ਪ੍ਰਭੂ ਮਿਹਰ ਦੀ ਨਜ਼ਰ ਕਰੇ ਉਹ ਲੇਖੈ ਲੱਗ (ਕਬੂਲ ਹੋ) ਜਾਂਦਾ ਹੈ । "ਜਿਸ ਨੋ ਨਦਰਿ ਕਰੇ ਸੋਈ ਜਨੁ ਲੇਖੈ ॥ ਅੰਗ 110" । ਜੇ ਸਤਿਗੁਰੂ ਮਿਲੇ ਤਾਂ ਹਉਮੈ ਖਤਮ ਹੁੰਦੀ ਹੈ ਫੇਰ ਹੀ ਕੋਈ ਲੇਖੈ 'ਚ ਪੈਂਦਾ ਹੈ । "ਸਤਿਗੁਰੂ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ ਪਾਈ ॥2॥ ਅੰਗ 353"। ਜਿਸ ਦਿਨ ਪ੍ਰਭੂ ਪਤੀ ਮਿਹਰ ਦੀ ਨਜ਼ਰ ਕਰਕੇ ਦੇਖਦਾ ਹੈ ਉਹ ਦਿਨ ਲੇਖੇ ਲੱਗਦਾ ਹੈ; ਜੀਵ ਇਸਤ੍ਰੀ ਉਸ ਦਿਨ ਨਉ ਨਿਧੀਆਂ ਦੇ ਤੁੱਲ ਪ੍ਰਭੂ ਦਾ ਅੰਮ੍ਰਿਤ ਨਾਮ ਪ੍ਰਾਪਤ ਕਰ ਲੈਂਦੀ ਹੈ ।"ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ॥ ਅੰਗ 722" । ਅਤੇ "ਜਿਸ ਨੋ ਨਦਰਿ ਕਰੇ ਸੋਈ ਜਨੁ ਲੇਖੈ ॥ ਅੰਗ 1047" । ਗੁਰੂ ਅਨੁਸਾਰੀ ਦੀ ਸੇਵਾ ਮੇਰੇ ਪ੍ਰਭੂ ਨੂੰ ਚੰਗੀ ਲੱਗਦੀ ਹੈ, ਸਦਾ ਥਿਰ ਪ੍ਰਭੂ ਦਾ ਨਾਮ ਸੁਣ ਕੇ ਉਹ ਲੇਖੇ ਵਿਚ ਪਾਇਆ ਜਾਂਦਾ ਹੈ' ਭਾਵ ਪ੍ਰਭੂ ਵਲੋਂ ਕਬੂਲ ਹੁੰਦਾ ਹੈ। "ਗੁਰਮੁਖਿ ਸੇਵਾ ਮੇਰੇ ਪ੍ਰਭ ਭਾਵੈ ਸਚੁ ਸੁਣਿ ਲੇਖੈ ਪਾਇਦਾ ॥15॥ ਅੰਗ 1059" । ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਕਿ ਪ੍ਰਭੂ ਸੱਚਾ ਹੈ, ਸੱਚੀ ਉਸਦੀ ਵਡਿਆਈ ਹੈ, ਉਸਦਾ ਸੱਚਾ ਨਾਮ ਧੁਰ ਦਰਗਾਹ ਵਿਚ ਲੇਖੇ 'ਚ ਪੈਂਦਾ ਹੈ । "ਨਾਨਕ ਸਚਾ ਸਚੀ ਨਾਂਈ ਸਚੁ ਪਵੈ ਧੁਰਿ ਲੇਖੈ ॥2॥ ਅੰਗ 1242"।

**678. ਲੇਖੈ (ਕਬੂਲ) ਕਿਹੜੀ ਚੀਜ਼ ਨਹੀਂ ਪੈਂਦੀ?**

ਜਿਹੜਾ ਹਠ ਕਰਕੇ ਮਰੇ ਉਹ ਲੇਖੈ 'ਚ ਨਹੀਂ ਪੈਂਦਾ; ਭਾਵ (ਪ੍ਰਭੂ ਵਲੋਂ) ਕਬੂਲ ਨਹੀਂ ਹੁੰਦਾ । "ਹਠੁ ਕਰਿ ਮਰੈ ਨ ਲੇਖੈ ਪਾਵੈ ॥ ਅੰਗ 226" । ਮਨਹਠ ਨਾਲ ਜੋ ਕਮਾਉਂਦਾ ਹੈ ਉਸਦੀ ਕਮਾਈ ਇਕ ਤਿਲ ਜਿੰਨੀ ਵੀ ਲੇਖੇ ਨਹੀਂ ਪੈਂਦੀ, ਕਿਉਂਕਿ ਉਹ ਮਾਇਆਧਾਰੀ ਹੁੰਦਾ ਹੈ ਤੇ ਉਸਦਾ ਧਿਆਨ ਬਗਲੇ ਵਾਂਗ (ਮੱਛੀ ਵਿਚ ਹੁੰਦਾ ਹੈ) ਭਾਵ ਮਾਇਆ ਵਿਚ ਹੂੰਦਾ ਹੈ (ਮੱਛੀ ਵਿਚ ਹੁੰਦਾ ਹੈ) । "ਮਨਹਠਿ ਜੋ ਕਮਾਵੈ ਤਿਲੁ ਨ ਲੇਖੈ ਪਾਵੈ ਬਗੁਲ ਜਿਉ ਧਿਆਨੁ ਲਾਵੈ ਮਾਇਆ ਰੇ ਧਾਰੀ ॥ ਅੰਗ 687" । ਕੱਪੜੇ, ਗਹਿਣੇ ਤੇ ਹੋਰ ਬਹੁਤ ਸਾਰੇ ਆਲੀਸ਼ਾਨ ਸੁਖ, ਉਹ ਵੀ ਜਾਣ ਲਓ ਕਿ ਕਿਸੇ ਲੇਖੇ ਨਹੀਂ । "ਬਸਤ੍ਰ ਬਿਭੂਖਨ ਸੁਖ ਬਹੁਤ ਬਿਸੇਖੈ ॥ ਓਇ ਭੀ ਜਾਨਉ ਕਿਤੈ ਨ ਲੇਖੈ॥ ਅੰਗ 373" । ਦੱਸ ਪ੍ਰਭੂ ਦੀ ਪ੍ਰੇਮਾ ਭਗਤੀ ਤੋਂ ਬਿਨਾ ਰਾਜੇ ਇੰਦ੍ਰ ਵਰਗੇ ਘਰ ਤੇ ਆਸਣ ਕਿਸ ਲੇਖੇ ਹਨ? ਭਾਵ ਕਿਸੇ ਲੇਖੇ 'ਚ ਨਹੀਂ । "ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ॥1॥ ਅੰਗ 658" । ਧਰਮ ਦੀ ਕੱਟੜਤਾ 'ਚ ਤੂੰ ਹੋਰਨਾਂ ਦੀ ਖਬਰ ਨਹੀਂ ਲੈਂਦਾ (ਭਾਵ ਖਿਆਲ ਨਹੀਂ ਕਰਦਾ) ਤਾਂ ਤੇ ਤੇਰਾ ਜਨਮ ਲੇਖੇ ਨਹੀਂ ਲੱਗਿਆ । "ਖਬਰਿ ਨ ਕਰਹਿ ਦੀਨ ਕੇ ਬਉਰੇ ਤਾ ਤੇ ਜਨਮੁ ਅਲੇਖੈ ॥1॥ ਰਹਾਉ ॥ ਅੰਗ 483" । ਜਿਹੜਾ ਧਾਰਮਿਕ ਕਰਮ ਕਾਂਡਾਂ ਨਾਲ਼ ਜੜਿਆ ਹੋਇਆ, ਹੰਕਾਰ 'ਚ ਪਿਆ ਰਹਿੰਦਾ ਹੈ, ਇਕ ਖਿਨ ਵੀ ਪ੍ਰਭੂ ਦਾ ਹਿੱਤ ਨਹੀਂ ਕਰਦਾ ਉਹ ਕਿਸੇ ਲੇਖੇ ਨਹੀਂ ਲੱਗਦਾ। "ਕਰਮ ਧਰਮ ਜੁਗਤਾ ਨਿਮਖ ਨ ਹੇਤੁ ਕਰਤਾ ਗਰਬਿ ਗਰਬਿ ਪੜੈ ਕਹੀ ਨ ਲੇਖੈ ॥ ਅੰਗ 687" । ਪ੍ਰੀਤਾਂ ਵਿਚੋਂ ਵੱਡੀ ਪ੍ਰੀਤਿ ਮਨ ਨੂੰ ਮੋਹਣ ਵਾਲ਼ੇ ਲਾਲ-ਪ੍ਰਭੂ ਦੀ ਹੈ । ਹੇ ਮਨ! ਸਿਰਫ਼ ਉਸ ਪ੍ਰਭੂ ਦਾ ਨਾਮ ਜਪਿਆ ਕਰ । ਕਿਸੇ ਹੋਰ ਦਾ ਜਪ/ਕੋਈ ਹੋਰ ਕੰਮ ਉਸ ਦੀ ਦਰਗਾਹ ਵਿਚ ਪਰਵਾਨ ਨਹੀਂ ਹੁੰਦਾ । ਸੰਤਾਂ ਦੀ ਚਰਨੀਂ ਲੱਗ ਅਤੇ ਆਪਣੇ ਮਨ ਵਿਚੋਂ ਦੁਚਿਤੀ ਦੀ ਪਗਡੰਡੀ ਦੂਰ ਕਰ । "ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ ॥ ਜਪਿ ਮਨ ਗੋਬਿੰਦ ਏਕੈ ਅਵਰੁ ਨਹੀ ਕੋ ਲੇਖੈ ਸੰਤ ਲਾਗੁ ਮਨਹਿ ਛਾਡੁ ਦੁਬਿਧਾ ਕੀ ਕੁਰੀਆ ॥1॥ ਰਹਾਉ ॥ ਅੰਗ 746" । ਉਹੀ ਜਿੱਤ ਕੇ ਜਾਂਦਾ ਹੈ ਜੋ ਪ੍ਰਭੂ ਦੇ ਨਾਮ ਨੂੰ ਮੰਨਦਾ ਹੈ । ਹੋਰ ਕੋਈ ਵੀ ਕੰਮ ਲੇਖੇ ਨਹੀਂ ਲੱਗਦਾ । "ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥1॥ ਅੰਗ 954" । ਪ੍ਰਭੂ ਦੇ ਨਾਮ ਤੋਂ ਬਿਨਾ ਬੰਦਾ ਕਿਸੇ ਲੇਖੇ 'ਚ ਨਹੀਂ। "ਨਾਮ ਬਿਨਾ ਨਰੁ ਕਹੀ ਨ ਲੇਖੈ ॥2॥ ਅੰਗ 1140" । ਮਨੁੱਖਾ ਦੇਹੀ ਆਪਣੇ ਅੰਦਰ ਦੀ ਆਤਮਾ ਨੂੰ ਕਹਿੰਦੀ ਹੈ ਕਿ ਤੇਰੇ ਬਿਨਾ ਮੈਂ ਕਿਸੇ ਲੇਖੇ 'ਚ ਨਹੀਂ, ਮੈਨੂੰ ਬਚਨ ਦੇਹ ਕਿ ਤੂੰ ਮੈਨੂੰ ਛੱਡ ਕੇ ਨਹੀਂ ਜਾਏਂਗਾ । "ਤੁਝੈ ਬਿਨਾ ਹਉ ਕਿਤ ਹੀ ਨ ਲੇਖੈ ਵਚਨੁ ਦੇਹਿ ਛੋਡਿ ਨ ਜਾਸਾ ਹੇ ॥7॥ ਅੰਗ 1073" ।

**ਚਲਦਾ...**

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।


NAME..................................................
ADDRESS..................................................
..................................................POST CODE..................................................
TEL..................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388
*www.panjabtimes.uk Email: Panjabtimes@aol.com*

ਲੇਖਕ – ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਅਕਾਲੀ ਫੂਲਾ ਸਿੰਘ ਜੀ ਨੂੰ ਯਾਦ ਕਰਦਿਆਂ ਜਥੇਦਾਰ ਅਕਾਲੀ ਫੂਲਾ ਸਿੰਘ ਜੀ

ਇਹਨਾਂ ਗੱਲਾਂ ਕਰਕੇ ਅਤੇ ਭਵਿੱਖ ਵਿੱਚ ਖ਼ਾਲਸਾ ਰਾਜ ਦੀ ਨੀਂਹ ਕਮਜ਼ੋਰ ਹੁੰਦੀ ਵੇਖ ਕੇ ਆਪ ਇਸ ਖ਼ਤਰੇ ਨੂੰ ਅਨੁਭਵ ਕਰਕੇ ਸਿੱਧੇ ਲਾਹੌਰ ਪਹੁੰਚ ਗਏ । ਇਧਰ ਜਦ ਡੋਗਰਿਆਂ ਅਤੇ ਮਿਸਰਾਂ ਨੂੰ ਜਿਹੜੇ ਉੱਚ ਅਹੁਦੇ ਹਥਿਆਉਣ ਲਈ ਅੰਮ੍ਰਿਤ ਛਕ ਕੇ ਭੇਖੀ ਸਿੱਖ ਬਣੇ ਹੋਏ ਸਨ, ਨੂੰ ਅਕਾਲੀ ਫੂਲਾ ਸਿੰਘ ਜੀ ਦੇ ਮਹਾਰਾਜੇ ਨੂੰ ਮਿਲ਼ਣ ਲਈ ਲਾਹੌਰ ਪਹੁੰਚਣ ਦੀ ਖ਼ਬਰ ਮਿਲ਼ੀ ਤਾਂ ਇਹਨਾਂ ਭੇਖੀ ਗੱਦਾਰਾਂ ਨੇ ਐਸੀਆਂ ਚਾਲਾਂ ਚੱਲੀਆਂ ਕਿ ਕਈ ਦਿਨਾਂ ਤਕ ਅਕਾਲੀ ਫੂਲਾ ਸਿੰਘ ਜੀ ਨੂੰ ਮਹਾਰਾਜਾ ਰਣਜੀਤ ਸਿੰਘ ਨਾਲ਼ ਨਾ ਮਿਲ਼ਣ ਦਿੱਤਾ ਗਿਆ । ਅਕਾਲੀ ਫੂਲਾ ਸਿੰਘ ਇੱਕ ਦਿਨ ਬਦੋ-ਬਦੀ ਕਿਲ੍ਹੇ ਅੰਦਰ ਜਾ ਵੜੇ ਅਤੇ ਮਹਾਰਾਜਾ ਰਣਜੀਤ ਸਿੰਘ ਨੂੰ ਜਾ ਫ਼ਤਹਿ ਗਜਾਈ । ਮਹਾਰਾਜਾ ਅੱਗੋਂ ਬੜੇ ਪਿਆਰ ਤੇ ਸਤਿਕਾਰ ਨਾਲ ਮਿਲਿਆ ਅਤੇ ਜਦੋਂ ਲੰਗਰ ਲਈ ਗੱਫਾ ਅੱਗੋਂ ਰੱਖਿਆ ਤਾਂ ਅਕਾਲੀ ਜੀ ਨੇ ਲੰਗਰ ਸਵੀਕਾਰ ਕਰਨ ਤੋਂ ਇਹ ਕਹਿ ਕੇ ਸੰਕੋਚ ਕੀਤਾ ਕਿ ਸਿੰਘ ਸਾਹਿਬ ਜੀ ਆਪ ਖ਼ਾਲਸਾ ਰਾਜ ਵਿੱਚ ਅਨਮਤੀਆਂ ਮਿਸਰਾਂ ਤੇ ਡੋਗਰਿਆਂ ਨੂੰ ਅਹੁਦੇ ਦੇ ਕੇ ਆਪ ਨੀਤੀ ਦੇ ਵਿਰੁੱਧ ਕੰਮ ਕਰ ਰਹੇ ਹੋ, ਇਹ ਤਰੀਕਾ ਖ਼ਾਲਸਾ ਰਾਜ ਲਈ ਬਹੁਤ ਹੀ ਹਾਨੀਕਾਰਕ ਹੈ ।

ਸ੍ਰੀ ਕਲਗੀਧਾਰ ਪਾਤਸ਼ਾਹ ਜੀ ਨੇ ਆਪ ਨੂੰ ਆਪਣੇ ਪਿਆਰੇ ਪੰਥ ਦਾ ਮਾਲੀ ਥਾਪਿਆ ਹੈ, ਜੇਕਰ ਆਪ ਆਪਣੇ ਇਸ ਤਰੀਕੇ ਨੂੰ ਨਹੀਂ ਬਦਲੋਗੇ ਤਾਂ ਇਹ ਸਾਡੀ ਆਪ ਜੀ ਨੂੰ ਛੇਕੜਲੀ ਫ਼ਤਹਿ ਹੈ, ਆਪ ਜਾਣੋ ਤੇ ਆਪ ਦਾ ਕੰਮ ਜਾਣੇ । ਮਹਾਰਾਜਾ ਰਣਜੀਤ ਸਿੰਘ ਨੇ ਸਾਰੀ ਗੱਲਬਾਤ ਨੂੰ ਬੜੇ ਠੰਡੇ ਮਨ ਨਾਲ ਸੁਣਿਆ, ਪਰ ਇਸ ਨੂੰ ਵਰਤੋਂ ਵਿੱਚ ਲਿਆਉਣ ਲਈ ਅਕਾਲੀ ਜੀ ਨੂੰ ਕੋਈ ਤਸੱਲੀ ਬਖ਼ਸ਼ ਜਵਾਬ ਨਾ ਦੇ ਸਕੇ। ਅਕਾਲੀ ਫੂਲਾ ਸਿੰਘ ਨੇ ਉਸੇ ਵੇਲੇ ਬਿਨਾਂ ਅੰਨ ਪਾਣੀ ਛਕਿਆਂ ਹੀ ਲਾਹੌਰ ਤੋਂ ਕੂਚ ਕਰ ਦਿੱਤਾ ਤੇ ਦੂਜੇ ਦਿਨ ਸ੍ਰੀ ਅੰਮ੍ਰਿਤਸਰ ਪਹੁੰਚ ਗਏ ਅਤੇ ਇੱਥੋਂ ਉਸੇ ਦਿਨ 11 ਭਾਦਰੋਂ (ਸੰਮਤ 1871 ਬਿਕਰਮੀ ਨੂੰ) ਸ੍ਰੀ ਅਨੰਦਪੁਰ ਸਾਹਿਬ ਵੱਲ ਜਾਣ ਦੀ ਤਿਆਰੀ ਕਰ ਦਿੱਤੀ । ਅਕਾਲੀ ਫੂਲਾ ਸਿੰਘ ਜਦੋਂ ਸਣੇ ਅਕਾਲੀ ਜਥੇ ਦੇ ਅਨੰਦਪੁਰ ਵੱਲ ਵਧਿਆ ਤਾਂ ਅੰਗਰੇਜ਼ੀ ਵਕੀਲ ਜੋ ਕਿ ਲੁਧਿਆਣੇ ਸੀ ਬੜਾ ਘਬਰਾਇਆ, ਭਾਵੇਂ ਉਸ ਦਾ ਇਹ ਵਹਿਮ ਸੀ ਕਿ ਉਸ ਨੇ ਇਸ ਸਾਰੇ ਬ੍ਰਿਟਿਸ਼ ਏਜੰਟ ਨੂੰ ਰਿਪੋਰਟ ਭੇਜੀ, ਪਰ ਅਕਾਲੀ ਜੱਥਾ ਬਿਨਾਂ ਰੋਕ ਟੋਕ ਸਿੱਧੇ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਗਏ ।

ਅਕਾਲੀ ਫੂਲਾ ਸਿੰਘ ਜੀ ਨੂੰ ਸ੍ਰੀ ਅਨੰਦਪੁਰ ਸਾਹਿਬ ਪਹੁੰਚਿਆਂ ਅਜੇ ਥੋੜ੍ਹੇ ਦਿਨ ਹੀ ਬੀਤੇ ਸਨ ਕਿ ਦੇਵ ਨੇਤ ਨਾਲ਼ ਸ਼ਹਿਜ਼ਾਦਾ ਪ੍ਰਤਾਪ ਸਿੰਘ ਜੀਂਦ ਦੀ ਕਈ ਰਿਆਸਤੀ ਕੰਮਾਂ ਵਿੱਚ ਸੰਮਤੀ ਭੇਦ ਦੇ ਕਾਰਨ ਸਰਕਾਰ ਨਾਲ਼ ਖਟਪਟੀ ਪੈ ਗਈ ਅਤੇ ਇਹ ਆਪਣੇ ਬਚਾਉਣ ਲਈ 16 ਅੱਸੂ, ਸੰਮਤ 1871 ਬਿਕਰਮੀ ਨੂੰ ਸਿੱਧਾ ਸ੍ਰੀ ਅਨੰਦਪੁਰ ਸਾਹਿਬ ਪਹੁੰਚਾ ਅਤੇ ਅਕਾਲੀ ਫੂਲਾ ਸਿੰਘ ਕੋਲ਼ ਪਨਾਹ ਲੈ ਲਈ, ਅਕਾਲੀ ਜੀ ਦਾ ਡੇਰਾ ਜੋ ਸਦਾ ਲੋੜਵੰਦਾਂ ਅਤੇ ਦੀਨਾਂ ਦੀ ਰੱਖਿਆ ਲਈ ਸਦਾ ਖੁੱਲ੍ਹਾ ਰਹਿੰਦਾ ਸੀ ਆਪ ਜੀ ਨੇ ਕੁੰਵਰ ਪ੍ਰਤਾਪ ਸਿੰਘ ਨੂੰ ਆਪਣੇ ਕੋਲ਼ ਠਹਿਰਾ ਲਿਆ, ਜਦੋਂ ਇਸ ਗੱਲ ਦਾ ਅੰਗਰੇਜ਼ੀ ਏਜੰਟ ਨੂੰ ਪਤਾ ਲੱਗਾ ਤਾਂ ਉਹਨਾਂ ਅਕਾਲੀ ਜੀ ਤੋਂ ਕੁੰਵਰ ਪ੍ਰਤਾਪ ਸਿੰਘ ਦੀ ਮੰਗ ਕੀਤੀ, ਪਰ ਅਕਾਲੀ ਜੀ ਨੇ ਇਹ ਆਖ ਕੇ ਏਜੰਟ ਵਾਪਸ ਭੇਜ ਦਿੱਤਾ ਕਿ ਅਸੀਂ ਪ੍ਰਤਾਪ ਸਿੰਘ ਨੂੰ ਤੇਰੇ ਹਵਾਲੇ ਨਹੀਂ ਕਰ ਸਕਦੇ, ਕਿਉਂਕਿ ਗੁਰੂ ਦਾ ਦਰ ਸਭ ਲਈ ਖੁੱਲ੍ਹਾ ਹੈ, ਆਏ ਨੂੰ ਅਸੀਂ ਕੱਢਦੇ ਨਹੀਂ ਅਤੇ ਜਾਂਦੇ ਨੂੰ ਰੋਕਦੇ ਨਹੀਂ । ਅਕਾਲੀ ਜੀ ਦਾ ਜਵਾਬ ਸੁਣ ਕੇ ਅੰਗਰੇਜ਼ੀ ਏਜੰਟ ਨੇ ਸਤੰਬਰ ਸੰਨ 1814 ਖ਼ਾਲਸਾ ਸਰਕਾਰ ਨੂੰ ਲਿਖਿਆ ਕਿ ਅਕਾਲੀ ਫੂਲਾ ਸਿੰਘ ਅੰਗਰੇਜ਼ੀ ਇਲਾਕੇ ਵਿੱਚ ਗੜਬੜ ਕਰਨ ਲਈ ਆਇਆ ਹੈ, ਇਸ ਕਰਕੇ ਇਸ ਨੂੰ ਆਪਣੇ ਇਲਾਕੇ ਵਿੱਚ ਮੰਗਵਾ ਲਵੋ। ਅੰਗਰੇਜ਼ੀ ਏਜੰਟ ਦੀ ਇਹ ਚਿੱਠੀ ਜਦੋਂ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀਆਂ ਨੇ ਪੜ੍ਹੀ ਤਾਂ ਉਹਨਾਂ ਨੇ ਇੱਕ ਡੂੰਘੀ ਸਾਜ਼ਿਸ਼ ਕਰਕੇ ਅਕਾਲੀ ਫੂਲਾ ਸਿੰਘ ਨੂੰ ਅੰਗਰੇਜ਼ਾਂ ਅਤੇ ਮਹਾਰਾਜੇ ਵਿੱਚ ਫੁੱਟ ਪਾਉਣ ਵਾਲ਼ਾ ਦੱਸ ਕੇ ਉਸ ਤੋਂ ਮਨਜ਼ੂਰੀ ਲੈ ਲਈ ਕਿ ਫਿਲੌਰ ਦੇ ਕਿਲ੍ਹੇਦਾਰ ਨੂੰ ਹੁਕਮ ਦਿੱਤਾ ਕਿ ਅਕਾਲੀ ਫੂਲਾ ਸਿੰਘ 'ਤੇ ਚੜ੍ਹਾਈ ਕਰ ਕੇ ਉਸ ਨੂੰ ਜਿਸ ਤਰ੍ਹਾਂ ਹੋ ਸਕੇ ਆਪਣੇ ਇਲਾਕੇ ਵਿੱਚ ਲਿਆਂਦਾ ਜਾਵੇ । ਦੀਵਾਨ ਮੋਤੀ ਰਾਮ ਇਸ ਹੁਕਮ ਅਨੁਸਾਰ ਅਕਤੂਬਰ 1814 ਨੂੰ ਮਾਖੋਵਾਲ ਦੇ ਮੈਦਾਨ ਵਿੱਚ ਮੋਤੀ ਰਾਮ ਨੇ ਜਦੋਂ ਆਪਣੀ ਫ਼ੌਜ ਨੂੰ ਅਕਾਲੀ ਫੂਲਾ ਸਿੰਘ ਨੂੰ ਫ਼ੌਜੀ ਘੇਰਾ ਪਾ ਕੇ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ ਤਾਂ ਮੋਤੀ ਰਾਮ ਹੱਕਾ-ਬੱਕਾ ਰਹਿ ਗਿਆ ਜਦੋਂ ਉਸ ਦੀ ਫ਼ੌਜ ਨੇ ਅੱਗੇ ਵਧਣ ਤੋਂ ਸਾਫ਼ ਇਨਕਾਰ ਕਰ ਦਿੱਤਾ ਅਤੇ ਹਥਿਆਰ ਜ਼ਮੀਨ ਉੱਤੇ ਰੱਖ ਕੇ ਆਖਿਆ ਕਿ ਅਸੀਂ ਅਕਾਲੀ ਫੂਲਾ ਸਿੰਘ ਵਰਗੇ ਧਰਮੀ ਯੋਧੇ ਮਹਾਂਪੁਰਖ ਨੂੰ ਗ੍ਰਿਫ਼ਤਾਰ ਕਰਨ ਦੀ ਅਵੱਗਿਆ ਨਹੀਂ ਕਰ ਸਕਦੇ, ਭਾਵੇਂ ਸਾਨੂੰ ਆਪਣਾ ਸਿਰ ਵੀ ਕਿਉਂ ਨਾ ਦੇਣਾ ਪਵੇ । ਇਸ ਘਟਨਾ ਤੋਂ ਸਾਫ਼ ਜ਼ਾਹਰ ਹੋ ਜਾਂਦਾ ਹੈ ਕਿ ਅਕਾਲੀ ਫੂਲਾ ਸਿੰਘ ਜੀ ਦਾ ਆਮ ਲੋਕਾਂ ਦੇ ਦਿਲਾਂ ਵਿੱਚ ਕਿੰਨਾ ਡੂੰਘਾ ਪਿਆਰ ਸਤਿਕਾਰ ਅਤੇ ਦਬਦਬਾ ਸੀ। ਖ਼ਾਲਸਾ ਰਾਜ ਦੇ ਗੁੱਝੇ ਵੈਰੀਆਂ ਦੀ ਅਕਾਲੀ ਜੀ ਨੂੰ ਬਦਨਾਮ ਕਰਨ ਦੀ ਇਹ ਕੋਸ਼ਿਸ਼ ਓਦੋਂ ਅਸਫਲ ਹੋ ਗਈ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਅਕਾਲੀ ਫੂਲਾ ਸਿੰਘ ਦੀ ਅਦੁੱਤੀ ਸੂਰਮਤਾਈ ਤੇ ਕੌਮ ਵਿੱਚ ਅਮਿੱਟ ਪਿਆਰ ਵੇਖਿਆ ਤਾਂ ਉਸ ਨੇ ਉਸੀ ਵਕਤ ਫ਼ੌਜ ਨੂੰ ਵਾਪਸ ਮੁੜਨ ਲਈ ਜ਼ਰੂਰੀ ਹੁਕਮ ਭਿਜਵਾ ਦਿੱਤਾ ।

ਇਸ ਘਟਨਾ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਬਾਬਾ ਸਾਹਿਬ ਬੇਦੀ ਦੀ ਡਿਊਟੀ ਲਾਈ ਕਿ ਜਿਸ ਤਰ੍ਹਾਂ ਵੀ ਹੋ ਸਕੇ ਅਕਾਲੀ ਜੀ ਨੂੰ ਸਾਡੇ ਪਾਸ ਲੈ ਕੇ ਆਓ ਅਤੇ ਸਾਡੇ ਵੱਲੋਂ ਉਹਨਾਂ ਨੂੰ ਭਰੋਸਾ ਦਿਵਾਉ ਕਿ ਜਿੱਥੋਂ ਤਕ ਹੋ ਸਕੇਗਾ ਸਹਿਜੇ ਉਹਨਾਂ ਦੀ ਇੱਛਾ ਪੂਰੀ ਕੀਤੀ ਜਾਵੇਗੀ । ਬਾਬਾ ਸਾਹਿਬ ਜੀ ਨੇ ਅਕਾਲੀ ਫੂਲਾ ਸਿੰਘ ਪਾਸ ਮਾਹਾਰਾਜਾ ਰਣਜੀਤ ਸਿੰਘ ਦਾ ਸੁਨੇਹਾ ਦੇ ਕੇ ਬੇਨਤੀ ਕੀਤੀ ਕਿ ਆਪ ਜੀ ਵਾਪਸ ਅੰਮ੍ਰਿਤਸਰ ਆ ਜਾਉ । ਅਕਾਲੀ ਫੂਲਾ ਸਿੰਘ ਜੀ ਦਾ ਕਿਸੇ ਨਾਲ਼ ਜਾਤੀ ਵੈਰ ਤਾਂ ਹੈ ਨਹੀਂ ਸੀ, ਇਸ ਕਰਕੇ ਉਹ ਵਾਪਸ ਅੰਮ੍ਰਿਤਸਰ ਸਾਹਿਬ ਪੰਥ ਦੀ ਸੇਵਾ ਲਈ ਮੁੜ ਪਏ । ਮਹਾਰਾਜਾ ਰਣਜੀਤ ਸਿੰਘ ਨੂੰ ਜਦੋਂ ਅਕਾਲੀ ਫੂਲਾ ਸਿੰਘ ਜੀ ਦੇ ਅੰਮ੍ਰਿਤਸਰ ਪਹੁੰਚਣ ਦੀ ਖ਼ਬਰ ਮਿਲ਼ੀ ਤਾਂ ਸ਼ੇਰੇ ਪੰਜਾਬ ਉਸੇ ਵੇਲ਼ੇ ਕਈ ਨਾਮਵਰ ਸਰਦਾਰਾਂ ਨੂੰ ਆਪਣੇ ਨਾਲ਼ ਲੈ ਕੇ ਸ੍ਰੀ ਅੰਮ੍ਰਿਤਸਰ ਅਕਾਲੀ ਫੂਲਾ ਸਿੰਘ ਜੀ ਨੂੰ ਮਿਲ਼ਣ ਆਏ ਤੇ ਬਹੁਤ ਪ੍ਰਸੰਨ ਹੋਏ । ਸ਼ੇਰੇ ਪੰਜਾਬ ਨੇ ਲੰਗਰ ਦੀ ਜਾਗੀਰ ਵਧਾਈ ਅਤੇ ਬਹੁਤ ਸਾਰੀਆਂ ਬਾਰਕਾਂ ਬਣਵਾਉਣ ਦਾ ਹੁਕਮ ਦਿੱਤਾ, ਜਿਸ ਦਾ ਨਾਂ ਅਕਾਲੀਆਂ ਦੀ ਛਾਉਣੀ ਪ੍ਰਸਿੱਧ ਹੋਇਆ । (ਸ਼ਹਿਰ ਦੇ ਇਸ ਹਿੱਸੇ ਨੂੰ ਹੁਣ ਤਕ ਨਿਹੰਗਾਂ ਦੀ ਛਾਉਣੀ ਆਖਦੇ ਹਨ) ਉਸ ਸਮੇਂ ਅਕਾਲੀ ਫੂਲਾ ਸਿੰਘ ਪਾਸ ਅਕਾਲੀ ਸਿੰਘ ਦਲ ਵਿੱਚ 3000 ਤੋਂ ਵੱਧ ਜਵਾਨ ਤਿਆਰ-ਬਰ-ਤਿਆਰ ਰਹਿੰਦੇ ਸਨ, ਜਿਨ੍ਹਾਂ ਵਿੱਚੋਂ 1200 ਘੋੜ-ਸਵਾਰ ਅਤੇ ਬਾਕੀ ਪੈਦਲ ਜਵਾਨ ਸਨ।

ਖ਼ਾਲਸਾ ਰਾਜ ਦਾ ਅਟਕੋਂ ਪਾਰ ਤਕ ਝੰਡਾ ਝੂੱਲਦਾ ਸੀ, ਪਠਾਣ ਕੌਮ ਦੇ ਆਗੂਆਂ ਨੇ ਕਈ ਵਾਰੀ ਸਿੱਖਾਂ ਨਾਲ਼ ਟੱਕਰ ਲਈ ਅਤੇ ਬਹੁਤ ਬੁਰੀ ਤਰ੍ਹਾਂ ਹਾਰਦੇ ਰਹੇ । ਇਸ ਵਾਰ ਕਾਬਲ ਦਾ ਵਜ਼ੀਰ ਮੁਹੰਮਦ ਅਜ਼ੀਮ ਖ਼ਾਂ ਸਿੱਖਾਂ ਨਾਲ਼ ਆਰ-ਪਾਰ ਦੀ ਲੜਾਈ ਲੜਨਾ ਚਾਹੁੰਦਾ ਸੀ, ਉਹ ਜਨਵਰੀ 1823 ਨੂੰ ਕਾਬਲੋਂ ਤੁਰਿਆ ਤੇ ਮਾਰਚ 1823 ਨੂੰ ਦਰਿਆ ਲੁੰਡੇ ਦੇ ਕੰਢੇ ਪੇਸ਼ਗੀ ਦੇ ਮੈਦਾਨ ਵਿੱਚ ਆ ਪੁੱਜਾ । ਪਠਾਣ ਨੌਸ਼ਹਿਰੇ ਅਤੇ ਸਿੱਖ ਆਕੌੜਾ ਦੇ ਮੈਦਾਨ ਵਿੱਚ ਡੱਟ ਗਏ। ਸਿੱਖਾਂ ਨੇ 14 ਮਾਰਚ 1823 ਈ. ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਧਰਮ ਯੁੱਧ ਵਾਸਤੇ ਅਰਦਾਸਾ ਸੋਧਿਆ । ਇਸ ਅਰਦਾਸੇ ਵਿੱਚ ਮਹਾਰਾਜਾ ਰਣਜੀਤ ਸਿੰਘ, ਜੰਗੀ ਸਰਦਾਰ ਅਤੇ ਅਕਾਲੀ ਫੂਲਾ ਸਿੰਘ ਹਾਜ਼ਰ ਸਨ । ਗੁਰਮਤਾ ਸੋਧਿਆ ਗਿਆ ਕਿ ਵੈਰੀ ਉੱਤੇ ਧਾਵਾ ਬੋਲਿਆ ਜਾਵੇ । ਅਕਾਲੀ ਫੂਲਾ ਸਿੰਘ ਦਾ ਜੱਥਾ ਮੈਦਾਨੇ ਜੰਗ ਨੂੰ ਰਵਾਨਾ ਹੋ ਚੁੱਕਾ ਸੀ, ਜਦੋਂ ਸ਼ੇਰ-ਏ-ਪੰਜਾਬ ਨੂੰ ਸੂਹੀਏ ਖ਼ਬਰ ਦਿੱਤੀ ਕਿ ਪਠਾਣਾਂ ਕੋਲ਼ ਭਾਰੀ ਤੋਪਖ਼ਾਨੇ ਬੀੜੇ ਹੋਏ ਹਨ ਅਤੇ ਸਿੱਖਾਂ ਦਾ ਵੱਡਾ ਤੋਪਖ਼ਾਨਾ ਜੋ ਜਰਨੈਲ ਵੰਨਤੂਰਾ ਲੈ ਕੇ ਆ ਰਿਹਾ ਹੈ ਉਹ ਅਜੇ ਪਹੁੰਚਿਆ ਨਹੀਂ, ਇਸ ਕਰਕੇ ਅਕਾਲੀ ਫੂਲਾ ਸਿੰਘ ਨੂੰ



ਅੱਗੇ ਵਧਣ ਤੋਂ ਰੋਕ ਲਿਆ ਜਾਵੇ । ਜਦੋਂ ਅਕਾਲੀ ਫੂਲਾ ਸਿੰਘ ਨੂੰ ਅੱਗੇ ਵਧਣ ਤੋਂ ਰੁਕਣ ਦਾ ਸੁਨੇਹਾ ਪਹੁੰਚਿਆ, ਤਾਂ ਅਕਾਲੀ ਫੂਲਾ ਸਿੰਘ ਨੇ ਉੱਤਰ ਦਿੱਤਾ ਕਿ ਗੁਰਮਤਾ ਅਤੇ ਅਰਦਾਸ ਕਰ ਕੇ ਰੁਕਣਾ ਗੁਰਮਤੇ ਦੀ ਮਰਿਆਦਾ ਦੀ ਉਲੰਘਣਾ ਹੈ, ਇਸ ਕਰਕੇ ਅਸੀਂ ਹਮਲਾ ਜ਼ਰੂਰ ਕਰਾਂਗੇ, ਮਹਾਰਾਜੇ ਨੂੰ ਆਪਣੇ ਤੋਪਖ਼ਾਨੇ ਉੱਤੇ ਮਾਣ ਹੈ ਸਾਨੂੰ ਗੁਰੂ ਦੇ ਸੋਧੇ ਅਰਦਾਸੇ ਉੱਪਰ ਮਾਣ ਹੈ । ਅਕਾਲੀ ਜੀ ਨੇ ਅੱਗੇ ਵੱਧ ਕੇ ਏਡਾ ਕਹਿਰੀ ਹੱਲਾ ਕੀਤਾ ਕਿ ਪਠਾਣਾਂ ਦੇ ਪੈਰ ਉਖੜ ਗਏ, ਅਕਾਲੀ ਫ਼ੌਜ ਨੂੰ ਅੱਗੇ ਵੱਧਦੀ ਵੇਖ ਕੇ ਮਹਾਰਾਜਾ ਰਣਜੀਤ ਸਿੰਘ ਨੇ ਦੂਜੀ ਫ਼ੌਜ ਨੂੰ ਵੀ ਅੱਗੇ ਵਧਣ ਦਾ ਹੁਕਮ ਦੇ ਦਿੱਤਾ । ਨੌਸ਼ਹਿਰੇ ਦੇ ਮੈਦਾਨ ਵਿੱਚ ਬੜਾ ਘਮਸਾਣ ਦਾ ਯੁੱਧ ਹੋਇਆ, ਜਿੱਤ ਖ਼ਾਲਸੇ ਦੀ ਹੋਈ, ਪਰ ਇਸ ਯੁੱਧ ਵਿੱਚ ਅਕਾਲੀ ਫੂਲਾ ਸਿੰਘ ਜੀ ਅਰਦਾਸ ਅਤੇ ਗੁਰਮਤੇ ਦੀ ਮਾਣ ਮਰਿਆਦਾ ਨੂੰ ਸਮਰਪਿਤ ਹੋ ਸ਼ਹੀਦੀ ਪਾ ਗਏ । ਅਗਲੇ ਦਿਨ 15 ਮਾਰਚ 1823 ਨੂੰ ਅਕਾਲੀ ਫੂਲਾ ਸਿੰਘ ਜੀ ਦਾ ਅੰਤਿਮ ਸਸਕਾਰ ਦਰਿਆ ਲੁੰਡੇ ਦੇ ਕੰਢੇ ਫ਼ੌਜਾਂ ਵੱਲੋਂ ਸਲਾਮੀ ਦੇ ਕੇ ਕੀਤਾ ਗਿਆ । ਸ਼ੇਰ-ਏ-ਪੰਜਾਬ ਨੇ ਅਕਾਲੀ ਫੂਲਾ ਸਿੰਘ ਦੀ ਯਾਦ ਵਿੱਚ ਓਥੇ ਸਮਾਧ ਬਣਾਉਣ ਦਾ ਹੁਕਮ ਦਿੱਤਾ ਤੇ ਨਾਲ਼ ਹੀ ਚੋਖੀ ਜਗੀਰ ਵੀ ਲਾ ਦਿੱਤੀ ।

ਅਕਾਲੀ ਫੂਲਾ ਸਿੰਘ ਦੀ ਸ਼ਹੀਦੀ ਤੋਂ ਬਾਅਦ ਖ਼ਾਲਸਾ ਰਾਜ ਲਈ ਸਭ ਤੋਂ ਵੱਡਾ ਦੁਖਾਂਤ ਇਹ ਵਾਪਰਿਆ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਕੋਈ ਰੋਕਣ ਵਾਲ਼ਾ ਨਾ ਰਿਹਾ । ਇਹ ਜਥੇਦਾਰ ਅਕਾਲੀ ਫੂਲਾ ਸਿੰਘ ਹੀ ਸੀ, ਜਿਸ ਨੇ ਮਹਾਰਾਜਾ ਰਣਜੀਤ ਨੂੰ ਮੋਰਾਂ ਦਾ ਨਾਚ ਵੇਖਣ ਬਦਲੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰ ਕੇ ਕੋਰੜਿਆਂ ਦੀ ਸਜ਼ਾ ਸੁਣਾਈ ਸੀ । ਸਿੱਖੀ ਭੇਸ ਵਾਲ਼ੇ ਡੋਗਰਿਆਂ ਅਤੇ ਬ੍ਰਾਹਮਣਾਂ ਉੱਤੇ ਮਹਾਰਾਜਾ ਰਣਜੀਤ ਸਿੰਘ ਦੇ ਹੱਦੋਂ ਵੱਧ ਵਿਸ਼ਵਾਸ ਕਰਨ ਦਾ ਨਤੀਜਾ ਇਹ ਨਿਕਲਿਆ, ਰਣਜੀਤ ਸਿੰਘ ਦੇ ਜਿਉਂਦਿਆਂ ਹੀ ਸ. ਹਰੀ ਸਿੰਘ ਨਲੂਏ ਦੀ ਸ਼ਹੀਦੀ ਤੋਂ ਬਾਅਦ ਖ਼ਾਲਸਾ ਰਾਜ ਦਾ ਪਤਨ ਆਰੰਭ ਹੋ ਗਿਆ ਸੀ । ਕਾਸ਼ ਮਹਾਰਾਜਾ ਰਣਜੀਤ ਸਿੰਘ ਸਿੱਖੀ ਭੇਸ ਵਾਲ਼ੇ ਬ੍ਰਾਹਮਣਾਂ ਅਤੇ ਡੋਗਰਿਆਂ ਦੀਆਂ ਚਾਲਾਂ ਤੋਂ ਸੁਚੇਤ ਰਹਿਣ ਲਈ ਜਥੇਦਾਰ ਅਕਾਲੀ ਫੂਲਾ ਸਿੰਘ ਦੀ ਚਿਤਾਵਨੀ 'ਤੇ ਅਮਲ ਕਰ ਲੈਂਦਾ ।

* * * * *

# ਵਿਧਾਨ ਸਭਾ ਚੋਣਾਂ: ਆਤਮਿਕ ਅਤੇ ਮਾਨਸਿਕ ਤੌਰ 'ਤੇ ਹਾਰ ਚੁੱਕੇ ਪੰਜਾਬ ਨੂੰ ਇਸ ਵਾਰ ਕੌਣ ਜਿੱਤੇਗਾ ?

**ਬਘੇਲ ਸਿੰਘ ਧਾਲੀਵਾਲ**
99142-58142






ਪੰਜਾਬ ਦੀ ਹਰ ਪੱਖ ਤੋਂ ਡੁੱਬਦੀ ਜਾ ਰਹੀ ਬੇੜੀ ਨੂੰ ਪਾਰ ਲਾਉਣ ਦੇ ਦਾਅਵੇ ਅਤੇ ਵਾਅਦੇ ਕਰਨ ਵਾਲੇ ਖ਼ੁਦ ਹੀ ਗਲਤ ਦਿਸ਼ਾ ਵੱਲ ਨੂੰ ਮੁੜ ਜਾਂਦੇ ਰਹੇ ਹਨ। ਅਜਿਹਾ ਇੱਕ ਵਾਰ ਨਹੀਂ ਬਲਕਿ ਵਾਰ-ਵਾਰ ਹੋਇਆ ਹੈ, ਲਿਹਾਜ਼ਾ ਪੰਜਾਬ ਆਤਮਿਕ ਅਤੇ ਮਾਨਸਿਕ ਤੌਰ 'ਤੇ ਅਸਲੋਂ ਥੱਕਿਆ ਅਤੇ ਹਾਰਿਆ ਦਿਖਾਈ ਦਿੰਦਾ ਹੈ। ਪੰਜਾਬ ਦੀ ਰਾਜਨੀਤੀ ਇਸ ਵੇਲੇ ਇੱਕ ਅਜਿਹੇ ਡਗਮਗਾਉਂਦੇ ਮੋੜ 'ਤੇ ਖੜ੍ਹੀ ਹੈ ਜਿੱਥੇ ਇਹ ਮਹਿਜ਼ ਪਾਰਟੀਆਂ ਦੀ ਰਾਜਨੀਤਕ ਟੱਕਰ ਤੋਂ ਪਾਸੇ ਹੋ ਕੇ ਵਿਸ਼ਵਾਸ ਤੇ ਨਿਰਾਸ਼ਾ ਦੀ ਲੜਾਈ ਲੜ ਰਹੀ ਹੈ।

2022 ਵਿੱਚ ਜਿਹੜੀ ਲਹਿਰ ਨੇ ਆਮ ਆਦਮੀ ਪਾਰਟੀ ਨੂੰ ਸੱਤਾ ਦੀ ਚੋਟੀ 'ਤੇ ਪਹੁੰਚਾਇਆ ਸੀ, ਉਹ ਅੱਜ ਸਵਾਲਾਂ ਦੇ ਘੇਰੇ ਵਿੱਚ ਖੜ੍ਹੀ ਹੈ। ਲੋਕਾਂ ਨੇ ਪੁਰਾਣੀਆਂ ਪਾਰਟੀਆਂ ਨੂੰ ਰੱਦ ਕਰਕੇ ਨਵੀਂ ਉਮੀਦ ਨੂੰ ਚੁਣਿਆ ਸੀ, ਕਿਉਂਕਿ ਲੋਕ ਬਦਲਾਅ ਚਾਹੁੰਦੇ ਸਨ, ਜਿਸ ਦਾ ਭਰੋਸਾ ਆਮ ਆਦਮੀ ਪਾਰਟੀ ਵੱਲੋਂ ਡੰਕੇ ਦੀ ਚੋਟ ਨਾਲ ਦਿੱਤਾ ਗਿਆ ਸੀ। ਪਰ ਅਫ਼ਸੋਸ ਨਾਲ ਲਿਖਣਾ ਪੈਂਦਾ ਹੈ ਕਿ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਜਿਹੜੇ ਵੀਆਈਪੀ ਸੱਭਿਆਚਾਰ ਨੂੰ ਖ਼ਤਮ ਕਰਨ, ਜਿਵੇਂ ਸਰਕਾਰੀ ਨੁਮਾਇੰਦਿਆਂ ਦਾ ਆਮ ਵਿਅਕਤੀ ਵਾਂਗ ਵਿਚਰਨਾ, ਸਰਕਾਰੀ ਕੋਠੀਆਂ, ਗੱਡੀਆਂ ਅਤੇ ਗੰਨਮੈਨ ਆਦਿ ਨਾ ਲੈਣ ਵਰਗੇ ਬਦਲਾਵਾਂ ਦੀ ਗੱਲ ਕਰਕੇ ਸੱਤਾ ਵਿੱਚ ਆਈ ਸੀ, ਉਸ ਤੋਂ ਮੁੱਖ ਹੀ ਨਹੀਂ ਮੋੜਿਆ ਬਲਕਿ ਵੀਆਈਪੀ ਸੱਭਿਆਚਾਰ ਨੂੰ ਦੂਜੀਆਂ ਪਾਰਟੀਆਂ ਦੇ ਮੁਕਾਬਲੇ ਵੱਧ ਉਤਸ਼ਾਹਿਤ ਕੀਤਾ ਗਿਆ ਹੈ।

ਭ੍ਰਿਸ਼ਟਾਚਾਰ ਪਹਿਲੀਆਂ ਸਰਕਾਰਾਂ ਦੇ ਮੁਕਾਬਲੇ ਬਹੁਤ ਵੱਧ ਗਿਆ ਹੈ, ਦਿਨ-ਦਿਹਾੜੇ ਕਤਲ, ਮਾਰਧਾੜ ਅਤੇ ਲੁੱਟ-ਮਾਰ, ਫਿਰੌਤੀਆਂ ਦੀਆਂ ਵਾਰਦਾਤਾਂ ਵਿੱਚ ਅਥਾਹ ਵਾਧਾ ਹੋ ਗਿਆ ਹੈ। ਲੋਕਾਂ ਦੇ ਜਾਇਜ਼ ਕੰਮ-ਧੰਦੇ ਵੀ ਪੈਸੇ ਅਤੇ ਸਿਫਾਰਿਸ਼ ਤੋਂ ਬਿਨਾਂ ਸੰਭਵ ਨਹੀਂ ਹਨ, ਅਫ਼ਸਰਸ਼ਾਹੀ ਲੋਕਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਹੈ, ਥਾਣੇ ਦਰਬਾਰੇ ਪੈਸੇ ਦੀ ਖੇਡ ਪਹਿਲਾਂ ਦੇ ਮੁਕਾਬਲੇ ਕਾਫ਼ੀ ਮਹਿੰਗੀ ਹੋ ਗਈ ਹੈ। ਨਸ਼ੇ, ਭ੍ਰਿਸ਼ਟਾਚਾਰ, ਲੁੱਟਮਾਰ ਅਤੇ ਕਤਲੋਗਰਦ ਦੀਆਂ ਖ਼ਬਰਾਂ ਲੋਕਾਂ ਦੇ ਮਨਾਂ ਵਿੱਚ ਡਰ ਅਤੇ ਨਿਰਾਸ਼ਾ ਪੈਦਾ ਕਰ ਰਹੀਆਂ ਹਨ।

ਆਮ ਆਦਮੀ ਪਾਰਟੀ ਨੇ ਬਦਲਾਅ ਦੇ ਨਾਅਰੇ ਨਾਲ ਪੰਜਾਬ ਵਿੱਚ ਇਤਿਹਾਸ ਬਣਾਇਆ ਸੀ। ਭਗਵੰਤ ਸਿੰਘ ਮਾਨ ਦੀ ਲੋਕਪ੍ਰਿਯਤਾ ਅਤੇ ਅਰਵਿੰਦ ਕੇਜਰੀਵਾਲ ਦੀ ਤੇਜ਼-ਤਰਾਰ ਰਣਨੀਤੀ ਨੇ ਲੋਕ ਮਨਾਂ ਨੂੰ ਇੱਕ ਨਵੇਂ ਰਾਹ ਦੀ ਉਮੀਦ ਦਿੱਤੀ ਸੀ, ਪਰ ਅੱਜ ਹਾਲਾਤ ਇਹ ਹਨ ਕਿ ਉਹੀ ਸਰਕਾਰ ਆਪਣੇ ਵਾਅਦਿਆਂ ਦੇ ਬੋਝ ਹੇਠ ਦੱਬਦੀ ਨਜ਼ਰ ਆ ਰਹੀ ਹੈ। ਨਸ਼ਿਆਂ ਦਾ ਮਸਲਾ, ਜੋ ਚੋਣਾਂ ਦਾ ਸਭ ਤੋਂ ਵੱਡਾ ਮੁੱਦਾ ਸੀ, ਅਜੇ ਵੀ ਪੂਰੀ ਤਰ੍ਹਾਂ ਕਾਬੂ ਵਿੱਚ ਨਹੀਂ ਆ ਸਕਿਆ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦੇ ਇਨਸਾਫ਼ ਦਾ ਮਸਲਾ ਜਿਉਂ ਦਾ ਤਿਉਂ ਖੜ੍ਹਾ ਹੈ। ਪਿੰਡਾਂ ਦੇ ਗਲੀਆਂ-ਮੁਹੱਲਿਆਂ ਵਿੱਚ ਅਜੇ ਵੀ 'ਚਿੱਟਾ' ਖ਼ਤਰਨਾਕ ਹੱਦ ਤੱਕ ਪੈਰ ਪਸਾਰ ਚੁੱਕਾ ਹੈ ਅਤੇ ਨੌਜਵਾਨ ਪੀੜ੍ਹੀ ਹੌਲੀ-ਹੌਲੀ ਖ਼ਤਮ ਹੋ ਰਹੀ ਹੈ। ਭ੍ਰਿਸ਼ਟਾਚਾਰ ਖ਼ਿਲਾਫ਼ "ਜ਼ੀਰੋ ਟੋਲਰੈਂਸ" ਦਾ ਦਾਅਵਾ ਕੀਤਾ ਗਿਆ ਸੀ, ਪਰ ਹਕੀਕਤ ਵਿੱਚ ਲੋਕ ਅਜੇ ਵੀ ਦਫ਼ਤਰਾਂ ਵਿੱਚ ਰਿਸ਼ਵਤ ਦੇਣ ਲਈ ਮਜਬੂਰ ਹਨ। ਕਾਨੂੰਨ-ਵਿਵਸਥਾ ਦੀ ਗੱਲ ਕਰੀਏ ਤਾਂ ਲੁੱਟਮਾਰ, ਗੈਂਗਸਟਰਵਾਦ ਅਤੇ ਕਤਲੋਗਰਦ ਦੀਆਂ ਘਟਨਾਵਾਂ ਨੇ ਆਮ ਇਨਸਾਨ ਦੇ ਮਨ ਵਿੱਚ ਡਰ ਅਤੇ ਸਹਿਮ ਪੈਦਾ ਕੀਤਾ ਹੈ। ਸਭ ਤੋਂ ਵੱਡੀ ਗੱਲ ਕਿ ਸਰਕਾਰ ਦੇ ਫ਼ੈਸਲਿਆਂ ਵਿੱਚ ਬਾਹਰੀ ਦਖ਼ਲਅੰਦਾਜ਼ੀ ਦਾ ਦੋਸ਼ ਵੀ ਵਿਰੋਧੀ ਧਿਰਾਂ ਵੱਲੋਂ ਲਗਾਤਾਰ ਲਾਇਆ ਜਾ ਰਿਹਾ ਹੈ, ਜੋ ਇਸ ਦੀ ਸਾਖ਼ ਨੂੰ ਝਟਕਾ ਦੇ ਰਿਹਾ ਹੈ।

ਕਾਂਗਰਸ ਪਾਰਟੀ ਪੰਜਾਬ ਵਿੱਚ ਅਜੇ ਵੀ ਇੱਕ ਵੱਡੀ ਤਾਕਤ ਹੈ, ਪਰ ਇਹ ਆਪਣੇ ਹੀ ਘਰੇਲੂ ਝਗੜਿਆਂ ਵਿੱਚ ਬੁਰੀ ਤਰ੍ਹਾਂ ਫਸੀ ਹੋਈ ਹੈ। ਤਤਕਾਲੀ ਸੂਬਾ ਪ੍ਰਧਾਨ ਨਵਜੋਤ ਸਿੱਧੂ ਦੀ ਤਿੱਖੀ ਬੋਲੀ ਤੋਂ ਲੈ ਕੇ ਮੌਜੂਦਾ ਪ੍ਰਧਾਨ ਰਾਜਾ ਵੜਿੰਗ ਦੀ ਬੇਲਗਾਮ ਭਾਸ਼ਾ ਤੱਕ ਨੇ ਪੰਜਾਬ ਕਾਂਗਰਸ ਨੂੰ ਮਜ਼ਾਕ ਦਾ ਪਾਤਰ ਬਣਾਇਆ ਹੋਇਆ ਹੈ।

ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਲੋਕਪ੍ਰਿਯਤਾ ਅਤੇ ਹੋਰ ਆਗੂਆਂ ਦੇ ਅਲੱਗ-ਅਲੱਗ ਧੜੇ, ਇਹ ਸਭ ਹੀ ਮਿਲ ਕੇ ਕਾਂਗਰਸ ਨੂੰ ਇੱਕਜੁੱਟ ਹੋਣ ਤੋਂ ਰੋਕਦੇ ਹਨ। ਪਰ ਜੇ ਕਾਂਗਰਸ ਆਪਣੀ ਅੰਦਰੂਨੀ ਲੜਾਈ ਨੂੰ ਖ਼ਤਮ ਕਰਕੇ ਇੱਕਜੁੱਟ ਹੋ ਜਾਂਦੀ ਹੈ, ਤਾਂ ਇਹ ਆਮ ਆਦਮੀ ਪਾਰਟੀ ਪ੍ਰਤੀ ਲੋਕਾਂ ਦੀ ਨਾਰਾਜ਼ਗੀ ਦਾ ਸਭ ਤੋਂ ਵੱਡਾ ਲਾਭ ਲੈ ਸਕਦੀ ਹੈ।

ਜੇਕਰ ਗੱਲ ਅਕਾਲੀ ਦਲ ਦੀ ਕੀਤੀ ਜਾਵੇ ਤਾਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪਾਰਟੀ ਆਪਣਾ ਪੁਰਾਣਾ ਅਧਾਰ ਵਾਪਸ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਬੇਅਦਬੀ ਮਾਮਲੇ ਅਤੇ ਪਿਛਲੇ ਸ਼ਾਸਨ ਦੀ ਛਾਪ ਅਜੇ ਵੀ ਇਸ ਦੇ ਨਾਲ ਜੁੜੀ ਹੋਈ ਹੈ, ਇਹੀ ਅਕਾਲੀ ਦਲ ਲਈ ਸਭ ਤੋਂ ਵੱਡੀ ਚੁਣੌਤੀ ਹੈ। ਸ਼੍ਰੋਮਣੀ ਅਕਾਲੀ ਦਲ ਕਦੇ ਪੰਜਾਬ ਦੀ ਰਾਜਨੀਤੀ ਦਾ ਕੇਂਦਰ ਹੁੰਦਾ ਸੀ। ਅਕਾਲੀ ਦਲ ਦੀ ਰਾਜਨੀਤਕ ਵਿਰਾਸਤ ਨੂੰ ਅੱਗੇ ਲੈ ਕੇ ਜਾਣ ਲਈ ਸੁਖਬੀਰ ਸਿੰਘ ਬਾਦਲ ਸਿਰਤੋੜ ਯਤਨ ਕਰ ਰਹੇ ਹਨ। ਉਨ੍ਹਾਂ ਵੱਲੋਂ ਅਤੀਤ ਤੋਂ ਸਬਕ ਲੈ ਕੇ ਅੱਗੇ ਵਧਣ ਦੀ ਅਪਣਾਈ ਰਣਨੀਤੀ ਆਪਣੀ ਛਾਪ ਛੱਡ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਦੇ ਵੱਖ-ਵੱਖ ਹਲਕਿਆਂ ਵਿੱਚ ਲਗਾਤਾਰ ਕੀਤੀਆਂ ਜਾ ਰਹੀਆਂ ਰੈਲੀਆਂ ਲੋਕਾਂ ਦਾ ਧਿਆਨ ਖਿੱਚਣ ਵਿੱਚ ਸਫ਼ਲ ਹੋ ਰਹੀਆਂ ਹਨ। ਉਨ੍ਹਾਂ ਦੀ ਇਹ ਪਹਿਲਕਦਮੀ ਦੂਜੀਆਂ ਸਿਆਸੀ ਧਿਰਾਂ ਲਈ ਵੱਡੀ ਚੁਣੌਤੀ ਬਣਦੀ ਜਾ ਰਹੀ ਹੈ। ਸੋ ਅਕਾਲੀ ਦਲ ਲਈ 2027 ਦੀ ਚੋਣ ਸਿਰਫ਼ ਸੱਤਾ ਪ੍ਰਾਪਤੀ ਹੀ ਨਹੀਂ, ਸਗੋਂ ਉਸ ਦੇ ਸਿਆਸੀ ਕੈਰੀਅਰ ਦੀ ਬਹਾਲੀ ਦਾ ਸਵਾਲ ਵੀ ਹੈ, ਜਿਸ ਲਈ ਪਾਰਟੀ ਜ਼ੋਰ-ਸ਼ੋਰ ਨਾਲ ਮੈਦਾਨ ਵਿੱਚ ਨਿੱਤਰੀ ਹੋਈ ਹੈ।

ਸ਼੍ਰੋਮਣੀ ਅਕਾਲੀ ਦਲ (ਅ) ਦਾ ਪੰਥਕ ਰਾਜਨੀਤੀ ਵਿੱਚ ਅਧਾਰ ਹੈ, ਪਰ ਇਸ ਦੇ ਬਾਵਜੂਦ ਵੋਟ ਪ੍ਰਤੀਸ਼ਤ ਕਾਫ਼ੀ ਘੱਟ ਹੈ। ਦਲ ਖ਼ਾਲਸਾ ਨਾਲ ਉਨ੍ਹਾਂ ਦਾ ਸਿਧਾਂਤਕ ਗੱਠਜੋੜ ਬਣਿਆ ਹੋਇਆ ਹੈ। ਜੇਕਰ ਅਕਾਲੀ ਦਲ ਵਾਰਿਸ ਪੰਜਾਬ ਦੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦੋ ਦਸੰਬਰ ਦੇ ਫ਼ੈਸਲੇ ਤੋਂ ਬਾਅਦ ਹੋਂਦ ਵਿੱਚ ਆਏ 'ਅਕਾਲੀ ਦਲ ਪੁਨਰ ਸੁਰਜੀਤ' ਨਾਲ ਇਨ੍ਹਾਂ ਧਿਰਾਂ ਦਾ ਗੱਠਜੋੜ ਹੋ ਜਾਂਦਾ ਹੈ, ਤਾਂ ਪੰਜਾਬ ਅੰਦਰ ਰਾਜਨੀਤੀ ਦੇ ਸਮੀਕਰਨ ਬਦਲ ਜਾਣਗੇ।

ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਹਾਲੇ ਪੂਰੀ ਤਰ੍ਹਾਂ ਸਵੀਕਾਰ ਨਹੀਂ ਕੀਤੀ ਗਈ। ਕਿਸਾਨ ਅੰਦੋਲਨ ਤੋਂ ਬਾਅਦ ਇਸ ਦੇ ਵਿਰੁੱਧ ਨਾਰਾਜ਼ਗੀ ਅਜੇ ਵੀ ਮੌਜੂਦ ਹੈ। ਪਰ ਇਹ ਪਾਰਟੀ ਹੌਲੀ-ਹੌਲੀ ਆਪਣਾ ਆਧਾਰ ਵਧਾ ਰਹੀ ਹੈ। ਖ਼ਾਸ ਕਰਕੇ ਸ਼ਹਿਰੀ ਵਰਗਾਂ ਵਿੱਚ ਇਸ ਨੇ ਆਪਣਾ ਅਧਾਰ ਕਾਫ਼ੀ ਵਧਾ ਲਿਆ ਹੈ। 2027 ਵਿੱਚ ਇਹ ਸਿੱਧੀ ਜਿੱਤ ਨਾ ਵੀ ਹਾਸਲ ਕਰੇ, ਪਰ ਅਸਰਦਾਰ ਭੂਮਿਕਾ ਨਿਭਾ ਸਕਦੀ ਹੈ। ਆਪਣੇ ਬਲਬੂਤੇ ਪੰਜਾਬ ਅੰਦਰ ਸਰਕਾਰ ਬਣਾਉਣਾ ਭਾਜਪਾ ਲਈ ਅਜੇ ਮੁਸ਼ਕਿਲ ਲੱਗਦਾ ਹੈ।

ਏਸੇ ਤਰ੍ਹਾਂ ਬਹੁਜਨ ਸਮਾਜ ਪਾਰਟੀ ਪੰਜਾਬ ਵਿੱਚ ਦਲਿਤ ਵੋਟ ਬੈਂਕ 'ਤੇ ਆਪਣੀ ਪਕੜ ਰੱਖਦੀ ਹੈ, ਪਰ ਇਸ ਦੇ ਬਾਵਜੂਦ ਵੀ ਇਸ ਦਾ ਪ੍ਰਭਾਵ ਘਟਿਆ ਹੈ। ਇਸ ਦਾ ਕਾਰਨ ਇਹ ਹੈ ਕਿ ਬਸਪਾ ਹਾਈਕਮਾਂਡ ਸਾਹਿਬ ਸ੍ਰੀ ਕਾਂਸੀ ਰਾਮ ਤੋਂ ਬਾਅਦ ਉਨ੍ਹਾਂ ਦੀ ਅਸਲ ਵਿਚਾਰਧਾਰਾ ਤੋਂ ਥਿੜਕ ਚੁੱਕੀ ਹੈ, ਜਿਸ ਕਰਕੇ ਇਹ ਪਾਰਟੀ ਸਿਰਫ਼ ਦਲਿਤ ਸਮਾਜ ਤੱਕ ਹੀ ਸਿਮਟ ਕੇ ਰਹਿ ਗਈ ਹੈ। ਪਰ ਦੋਆਬਾ ਖੇਤਰ ਵਿੱਚ ਅਜੇ ਵੀ ਬਸਪਾ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦੀ ਹੈ। ਜੇ ਇਹ ਪਾਰਟੀ ਸਹੀ ਰਣਨੀਤੀ ਨਾਲ ਮੈਦਾਨ ਵਿੱਚ ਉਤਰਦੀ ਹੈ, ਤਾਂ ਕਈ ਸੀਟਾਂ 'ਤੇ ਖੇਡ ਬਦਲ ਸਕਦੀ ਹੈ।

ਅਕਾਲੀ ਦਲ ਵਾਰਿਸ ਪੰਜਾਬ ਦੇ ਵੀ ਪੰਜਾਬ ਅੰਦਰ ਜ਼ਿਕਰਯੋਗ ਸਥਾਨ ਰੱਖਦੀ ਹੈ। ਸਿੱਖ ਜੁਆਨੀ ਸਮੇਤ ਵੱਡਾ ਹਿੱਸਾ ਭਾਈ ਅੰਮ੍ਰਿਤਪਾਲ ਸਿੰਘ ਦੀ ਪਾਰਟੀ ਅਕਾਲੀ ਦਲ ਵਾਰਿਸ ਪੰਜਾਬ ਦੇ ਨਾਲ ਜਜ਼ਬਾਤੀ ਤੌਰ 'ਤੇ ਜੁੜਿਆ ਹੋਇਆ ਹੈ। ਪਰ ਸੱਚਾਈ ਇਹ ਹੈ ਕਿ ਅਜੇ ਤੱਕ ਇਹ ਵੀ ਰਵਾਇਤੀ ਰਾਜਨੀਤੀ ਤੋਂ ਬਾਹਰ ਦੀ ਤਾਕਤ ਹੀ ਜਾਪਦੀ ਹੈ, ਜੋ ਸਿਸਟਮ ਦੇ ਖ਼ਿਲਾਫ਼ ਗੁੱਸੇ ਨੂੰ ਆਵਾਜ਼ ਦਿੰਦੀ ਹੈ। ਹਾਲਾਂਕਿ ਇਹ ਅੱਜ ਦੀ ਤਰੀਕ ਤੱਕ ਭਾਵੇਂ ਸਿੱਧੀ ਸਰਕਾਰ ਬਣਾਉਣ ਦੀ ਸਥਿਤੀ ਵਿੱਚ ਨਹੀਂ ਹੈ, ਪਰ ਇਹ ਵੋਟਾਂ ਦੀ ਦਿਸ਼ਾ ਬਦਲ ਸਕਣ ਦੇ ਸਮਰੱਥ ਹੋ ਸਕਦੀ ਹੈ। ਖ਼ਾਸ ਕਰਕੇ ਨੌਜਵਾਨ ਵੋਟਰਾਂ ਵਿੱਚ ਇਹ ਧਿਰ ਆਪਣਾ ਅਧਾਰ ਰੱਖਦੀ ਹੈ।

ਅਸਲ ਵਿੱਚ ਇਹ ਸਾਰਾ ਵਰਤਾਰਾ ਅਕਾਲੀ ਰਾਜਨੀਤੀ ਦੀ ਟੁੱਟ ਨੂੰ ਦਰਸਾਉਂਦਾ ਹੈ। ਇਨ੍ਹਾਂ ਦਾ ਵੱਡਾ ਅਸਰ ਭਾਵੇਂ ਘੱਟ ਹੋਵੇ, ਪਰ ਇਹ ਵੋਟਾਂ ਦੀ ਵੰਡ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ, ਜੋ ਅਕਾਲੀ ਦਲ ਦੇ ਮੁੱਖ ਧੜੇ ਨੂੰ ਹੋਰ ਕਮਜ਼ੋਰ ਕਰਦਾ ਹੈ। ਜਿਵੇਂ ਉੱਪਰ ਦੱਸਿਆ ਗਿਆ ਹੈ ਕਿ ਜੇਕਰ ਅਕਾਲੀ ਦਲ ਦੀਆਂ ਵੱਖ-ਵੱਖ ਧਿਰਾਂ ਚੋਣ ਗੱਠਜੋੜ ਕਰਨ ਵਿੱਚ ਸਫ਼ਲ ਹੋ ਜਾਂਦੀਆਂ ਹਨ, ਤਾਂ ਇਹ 2027 ਦੀ ਵਿਧਾਨ ਸਭਾ ਚੋਣ ਦੇ ਨਤੀਜਿਆਂ ਨੂੰ ਬਦਲ ਵੀ ਸਕਦੇ ਹਨ।

ਸੋ ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪੰਜਾਬ ਵਿੱਚ 2027 ਦੀ ਚੋਣ ਵਿੱਚ ਕਿਸੇ ਦੋ ਪਾਰਟੀਆਂ ਵਿੱਚ ਸਿੱਧੀ ਟੱਕਰ ਹੁੰਦੀ ਦਿਖਾਈ ਨਹੀਂ ਦਿੰਦੀ, ਬਲਕਿ ਅੱਜ ਦੀ ਘੜੀ ਇੱਥੇ ਬਹੁ-ਕੋਣਾ ਮੁਕਾਬਲਾ ਹੋਣ ਦੇ ਆਸਾਰ ਬਣੇ ਹੋਏ ਹਨ। ਆਉਣ ਵਾਲੇ ਦਿਨਾਂ ਵਿੱਚ ਪੰਜਾਬ ਦੀ ਰਾਜਨੀਤੀ ਵਿੱਚ ਕਿਹੋ ਜਿਹੇ ਫੇਰਬਦਲ ਹੁੰਦੇ ਹਨ, ਇਸ ਦੇ ਬਾਰੇ ਕਹਿਣਾ ਅਜੇ ਵਾਜਬ ਨਹੀਂ ਹੋਵੇਗਾ।

==ਵਿਅੰਗ==

**ਨਿਰਮਲ ਸਿੰਘ ਕੰਧਾਲਵੀ**

# ਗੱਲਾਂ ਤਾਂ ਤੇਰੀਆਂ ਸੱਚੀਆਂ



ਮਾਈ ਹਰਨਾਮ ਕੌਰ ਨੇ ਬੜੀ ਹਲੀਮੀ ਨਾਲ ਆਪਣੇ ਘਰ ਵਾਲੇ ਸਵਰਨ ਸਿੰਘ ਨੂੰ ਕਿਹਾ,“ ਮਖਿਆ ਜੀ, ਆਪਾਂ ਵੀ ਇੰਡੀਆ ਤੋਂ ਆਏ ਹੋਏ ਸੋਟੇ ਵਾਲੇ ਬਾਬਾ ਜੀ ਨੂੰ ਘਰੇ ਸੱਦ ਕੇ ਚਾਹ-ਪਾਣੀ ਛਕਾਈਏ, ਆਪਣੇ ਟੌਨ ‘ਚ ਕਈਆਂ ਨੇ ਬਾਬਾ ਜੀ ਦੇ ਚਰਨ ਆਪਣੇ ਘਰਾਂ ‘ਚ ਪੁਆਏ ਆ,” ਹਰਨਾਮ ਕੌਰ ਦੀ ਗੱਲ ਸੁਣ ਕੇ ਸਵਰਨ ਸਿੰਘ ਇਉਂ ਤ੍ਰਭਕਿਆ ਜਿਵੇਂ ਕਿਸੇ ਭਿਆਨਕ ਸੁਪਨੇ ‘ਚੋਂ ਜਾਗਿਆ ਹੋਵੇ ਤੇ ਅੱਭੜਵਾਹੇ ਜਿਹੇ ਬੋਲਿਆ,“ ਤੂੰ ਰਹਿਣ ਦੇ ਹਰਨਾਮ ਕੌਰੇ, ਏਦਾਂ ਦੇ ਬੂਬਨੇ ਸਾਧ ਬਹੁਤ ਤੁਰੇ ਫਿਰਦੇ ਆ, ਜਿਹਨੀਂ ਆਪਣੇ ਘਰ ਦਾ ਕੁਝ ਨਹੀਂ ਸੁਆਰਿਆ, ਇਹ ਲੋਕਾਂ ਦਾ ਕੀ ਸੁਆਰਨਗੇ, ਘਰ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਤੋਂ ਭਗੌੜੇ ਹੋ ਗਏ ਲੋਕ ਹੁੰਦੇ ਆ ਇਹ।” ਉਸ ਨੇ ਏਨਾ ਕਹਿ ਕੇ ਹਰਨਾਮ ਕੌਰ ਦਾ ਪ੍ਰਤਿਕਰਮ ਦੇਖਣ ਲਈ ਉਹਦੇ ਵਲ ਟੇਢੀ ਜਿਹੀ ਅੱਖ ਨਾਲ ਦੇਖਿਆ। ਹਰਨਾਮ ਕੌਰ ਵਿਚਾਰੀ ਨਿੰਮੋਝੂਣ ਜਿਹੀ ਹੋਈ ਬੈਠੀ ਸੀ ਪਰ ਫੇਰ ਵੀ ਉਸ ਨੇ ਹੌਸਲਾ ਕਰ ਕੇ ਕਹਿ ਹੀ ਦਿੱਤਾ,“ ਨਾ ਮਖਿਆ ਜੀ, ਸਾਰੇ ਤਾਂ ਨਈਂ ਏਦਾਂ ਦੇ ਹੁੰਦੇ, ਸੋਟੇ ਵਾਲੇ ਬਾਬਾ ਜੀ ਦੀਆਂ ਤਾਂ ਸਾਰੇ ਈ ਸਿਫ਼ਤਾਂ ਕਰਦੇ ਆ।”

“ਅੱਛਾ ਦੇਖਾਂਗੇ,” ਕਹਿ ਕੇ ਸਵਰਨ ਸਿੰਘ ਨੇ ਗੱਲ ਟਾਲ ਦਿਤੀ।

ਸਵਰਨ ਸਿੰਘ ਦੀ ਅੱਧੀ-ਪਚੱਧੀ ਜਿਹੀ ਹਾਂ ਦੇਖ ਕੇ ਹਰਨਾਮ ਕੌਰ ਨੂੰ ਕਾਫ਼ੀ ਹੌਸਲਾ ਹੋਇਆ ਤੇ ਅਗਲੇ ਦਿਨ ਉਹ ਵੀ ਸੋਟੇ ਵਾਲੇ ਬਾਬੇ ਨੂੰ ਆਪਣੇ ਘਰੇ ਚਰਨ ਪਾਉਣ ਦਾ ਸੱਦਾ ਦੇ ਆਈ ਭਾਵੇਂ ਕਿ ਅੰਦਰੋਂ ਉਹ ਅਜੇ ਵੀ ਡਰ ਰਹੀ ਸੀ। ਜਦੋਂ ਉਹਨੇ ਘਰ ਆ ਕੇ ਸਵਰਨ ਸਿੰਘ ਨੂੰ ਦੱਸਿਆ ਤਾਂ ਉਸ ਨੇ ਕੋਈ ਬਹੁਤਾ ਵਿਰੋਧ ਨਾ ਕੀਤਾ ਸ਼ਾਇਦ ਉਹ ਹਰਨਾਮ ਕੌਰ ਦੇ ਦਿਲ ਨੂੰ ਸੱਟ ਨਹੀਂ ਸੀ ਮਾਰਨਾ ਚਾਹੁੰਦਾ ਕਿਉਂਕਿ ਅਜੇ ਥੋੜ੍ਹਾ ਚਿਰ ਪਹਿਲਾਂ ਹੀ ਹਰਨਾਮ ਕੌਰ ਦੇ ਵੱਡੇ ਭਰਾ ਦੀ ਕੈਨੇਡਾ ਵਿਚ ਮੌਤ ਹੋ ਗਈ ਸੀ ਤੇ ਉਹ ਬਹੁਤ ਸਦਮੇ ‘ਚ ਸੀ।

ਮਿਥੇ ਦਿਨ ‘ਤੇ ਬਾਬਾ ਪੰਜ ਸੱਤ ਚੇਲਿਆਂ ਤੇ ਦੋ ਚਾਰ ਹੋਰ ਸ਼ਰਧਾਲੂਆਂ ਨਾਲ ਆ ਪਹੁੰਚਾ।

ਹਰਨਾਮ ਕੌਰ ਨੇ ਬੜੇ ਪ੍ਰੇਮ ਨਾਲ ਸੌਂਫ਼, ਲੈਚੀਆਂ ਪਾ ਕੇ ਦੁੱਧ ਤਿਆਰ ਕੀਤਾ ਅਤੇ ਘਰ ਦੀਆਂ ਬਣਾਈਆਂ ਹੋਈਆਂ ਖੋਏ ਦੀਆਂ ਪਿੰਨੀਆਂ ਉਨ੍ਹਾਂ ਦੇ ਅੱਗੇ ਰੱਖੀਆਂ। ਕੱਚ ਦੇ ਗਿਲਾਸਾਂ ‘ਚ ਦੁੱਧ ਦੇਖ ਕੇ ਬਾਬੇ ਨੇ ਮੱਥੇ ‘ਤੇ ਤਿਊੜੀਆਂ ਪਾ ਲਈਆਂ ‘ਤੇ ਇਕ ਚੇਲਾ ਬੋਲਿਆ, “ ਮਾਤਾ ਜੀ, ਬਾਬਾ ਜੀ ਸਰਬ-ਲੋਹ ਦੇ ਬਰਤਨਾਂ ‘ਚ ਲੰਗਰ ਛਕਦੇ ਆ, ਕੱਚ ਦੇ ਭਾਂਡਿਆਂ ‘ਚ ਨਈਂ ਕੁਝ ਵੀ ਛਕਦੇ, ਸਰਬ-ਲੋਹ ਦਾ ਬਰਤਨ ਲਿਆਉ ਏਹਨਾਂ ਲਈ।”

ਸਵਰਨ ਸਿੰਘ ਨੇ ਬਾਬੇ ਦੀ ਚਾਲ ਢਾਲ ਤੋਂ ਹੀ ਅੰਦਾਜ਼ਾ ਲਗਾ ਲਿਆ ਸੀ ਇਹ ਸਾਧ-ਸੰਤ ਨਾਲੋਂ ਕਿਸੇ ਗੈਂਗ ਦਾ ਸਰਗਣਾ ਵਧੇਰੇ ਜਾਪਦਾ ਸੀ। ਸਵਰਨ ਸਿੰਘ ਨੇ ਵੀ ਫੌਜ ਦੀ ਨੌਕਰੀ ਦੌਰਾਨ ਘਾਟ ਘਾਟ ਦਾ ਪਾਣੀ ਪੀਤਾ ਹੋਇਆ ਸੀ। ਉਹ ਤਾਂ ਪਹਿਲਾਂ ਹੀ ਭਰਿਆ ਪੀਤਾ ਬੈਠਾ ਸੀ, ਬਾਬੇ ਦੇ ਚੇਲੇ ਦੀ ਗੱਲ ਸੁਣ ਕੇ ਉਹਦਾ ਪਾਰਾ ਹੋਰ ਚੜ੍ਹ ਗਿਆ ਤੇ ਉਹ ਬੋਲ ਉਠਿਆ,“ ਏਹਨੂੰ ਵੱਡੇ ਸਰਬ ਲੋਹੀਏ ਨੂੰ ਕਹਿ ਕਿ ਹੁਣ ਚਾਹੇ ਸਰਬ-ਲੋਹ ‘ਚ ਪੀ ਤੇ ਚਾਹੇ ਮਿੱਟੀ ਦੇ ਭਾਂਡੇ ‘ਚ ਪੀ, ਇਹ ਦੁੱਧ ਪਹਿਲਾਂ ਵੀ ਕੱਚ ਦੀ ਬੋਤਲ ‘ਚ ਈ ਸੀਗਾ ਤੇ ਨਾਲੇ ਤੈਨੂੰ ਇਹ ਵੀ ਦੱਸ ਦਿਆਂ ਪਈ ਰਬੜ ਦੀਆਂ ਟੂਟੀਆਂ ਨਾਲ ਗਾਈਆਂ ਨੂੰ ਚੋਂਦੇ ਆ ਡੇਅਰੀ ਫਾਰਮਾਂ ‘ਚ ਤੇ ਕੱਚ ਦੇ ਵੱਡੇ ਵੱਡੇ ਭਾਂਡਿਆਂ ‘ਚ ਈ ਪਹਿਲਾਂ ਪਾਉਂਦੇ ਆ, ਗੋਰਿਆਂ ਨੇ ਤੇਰਾ ਸਰਬ-ਲੋਹ ਨਈਂ ਉਥੇ ਰੱਖਿਆ ਹੋਇਆ, ਨਾਲੇ ਸਭ ਤੋਂ ਪਹਿਲਾਂ ਤਾਂ ਦੁੱਧ ਗਾਂ ਦੇ ਥਣਾਂ ‘ਚੋਂ ਹੀ ਨਿਕਲਿਆ ਤੇ ਆਪਣੇ ਬਾਬੇ ਨੂੰ ਪੁੱਛ ਗਾਂ ਦੇ ਥਣ ਕਾਹਦੇ ਬਣੇ ਹੋਏ ਆ? ਇਹ ਪਖੰਡ ਕਿਸੇ ਹੋਰ ਨੂੰ ਦਿਖਾਇਉ ਜਾ ਕੇ, ਸਰਬ-ਲੋਹ ’ਚ ਖਾਣਾ ਪੀਣਾ ਤਾਂ ਆਪਣੇ ਭਾਂਡੇ ਕੋਲ ਲੈ ਕੇ ਜਾਇਆ ਕਰੋ।” ਸਵਰਨ ਸਿੰਘ ਨੂੰ ਦਮੇਂ ਦੀ ਸ਼ਿਕਾਇਤ ਸੀ, ਉਹ ਗੱਲ ਕਰਦਾ ਕਰਦਾ ਹਫ਼ ਗਿਆ।

ਉਹਦੀਆਂ ਤੀਰਾਂ ਵਰਗੀਆਂ ਸਿੱਧੀਆਂ ਸਪਾਟ ਗੱਲਾਂ ਸੁਣ ਕੇ ਬਾਬਾ ਤੇ ਉਹਦੇ ਚੇਲੇ ਵਾੜ ‘ਚ ਫ਼ਸੇ ਬਿੱਲੇ ਵਾਂਗ ਅੜਿੱਕੇ ਆਏ ਮਹਿਸੂਸ ਕਰ ਰਹੇ ਸਨ। ਉਹ ਇਉਂ ਚੁੱਪ ਸਨ ਜਿਵੇਂ ਪੱਥਰ ਦੀਆਂ ਮੂਰਤੀਆਂ ਹੋਣ। ਬਾਬਾ ਮੂੰਹੋਂ ਤਾਂ ਕੁਝ ਨਹੀਂ ਬੋਲਿਆ ਪਰ ਉਹਦੇ ਮੱਥੇ ਦੀਆਂ ਤਿਊੜੀਆਂ ਉਹਦੇ ਅੰਦਰਲੇ ਗੁੱਸੇ ਨੂੰ ਪਰਗਟ ਕਰ ਰਹੀਆਂ



ਸਨ ਤੇ ਉਹ ਝਟਕਾ ਜਿਹਾ ਮਾਰ ਕੇ ਉਠ ਕੇ ਖੜੋ ਗਿਆ ਤੇ ਮਗਰੇ ਹੀ ਚੇਲਿਆਂ ਨੇ ਉਠ ਕੇ ਬਾਬੇ ਨੂੰ ਚੌਹਾਂ ਪਾਸਿਆਂ ਤੋਂ ਆਪਣੇ ਘੇਰੇ ਵਿਚ ਇੰਜ ਲੈ ਲਿਆ ਜਿਵੇਂ ਸਵਰਨ ਸਿੰਘ ਤੋਂ ਹਮਲੇ ਦਾ ਖ਼ਤਰਾ ਹੋਵੇ। ਤੇ ਫਿਰ ਉਹ ਸਾਰੇ ਰਵਾਂ-ਰਵੀਂ ਦਰਵਾਜ਼ਿਉਂ ਬਾਹਰ ਨਿਕਲ ਗਏ।

ਹਰਨਾਮ ਕੌਰ ਹੱਥ ਜੋੜੀ ਖੜ੍ਹੀ ਸੀ। ਉਹ ਅਜੇ ਕੁਝ ਬੋਲਣ ਹੀ ਲਗੀ ਸੀ ਕਿ ਸਵਰਨ ਸਿੰਘ ਦੀ ਇਕੋ ਘੂਰੀ ਨਾਲ ਹੀ ਚੁੱਪ ਕਰ ਗਈ।

ਫਿਰ ਉਹ ਸਾਰੇ ਫਟਾ-ਫਟ ਕਾਰਾਂ ‘ਚ ਬੈਠ ਕੇ ਤਿੱਤਰ ਹੋ ਗਏ।

ਹਰਨਾਮ ਕੌਰ ਦੁੱਧ ਵਾਲੀ ਕੇਤਲੀ ਅਤੇ ਪਿੰਨੀਆਂ ਚੁੱਕੀ ਰਸੋਈ ਵਲ ਨੂੰ ਜਾਂਦੀ ਸਵਰਨ ਸਿੰਘ ਨੂੰ ਸੁਣਾ ਕੇ ਕਹਿ ਰਹੀ ਸੀ “ਮਖਿਆ ਜੀ, ਗੱਲਾਂ ਤਾਂ ਤੇਰੀਆਂ ਸੱਚੀਆਂ।”

# ਪਾਕਿਸਤਾਨ ਦੁਨੀਆਂ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਦੇਸ਼, ਭਾਰਤ ਛੇਵੇਂ ਨੰਬਰ ’ਤੇ

ਨਵੀਂ ਦਿੱਲੀ: ਦੁਨੀਆ ਭਰ ਵਿੱਚ ਹਵਾ ਦੀ ਗੁਣਵੱਤਾ ਤੇ ਜਾਰੀ ਕੀਤੀ ਗਈ ਵਿਸ਼ਵ ਹਵਾ ਗੁਣਵੱਤਾ ਰਿਪੋਰਟ 2025 ਨੇ ਹੈਰਾਨ ਕਰਨ ਵਾਲੇ ਅੰਕੜੇ ਸਾਹਮਣੇ ਰੱਖੇ ਹਨ। ਰਿਪੋਰਟ ਮੁਤਾਬਕ, ਭਾਰਤ ਦੁਨੀਆ ਦਾ ਛੇਵਾਂ ਸਭ ਤੋਂ ਪ੍ਰਦੂਸ਼ਿਤ ਦੇਸ਼ ਹੈ। ਉੱਤਰ ਪ੍ਰਦੇਸ਼ ਦਾ ਲੋਨੀ ਸ਼ਹਿਰ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਐਲਾਨ ਕੀਤਾ ਗਿਆ ਹੈ, ਜਦਕਿ ਦਿੱਲੀ ਚੌਥੇ ਸਥਾਨ ਤੇ ਹੈ। ਸਵਿਟਜ਼ਰਲੈਂਡ ਦੀ ਕੰਪਨੀ ਆਈ. ਕਿਊ. ਏਅਰ ਵੱਲੋਂ ਤਿਆਰ ਕੀਤੀ ਇਸ ਰਿਪੋਰਟ ਨੇ 143 ਦੇਸ਼ਾਂ ਦੇ 9,446 ਸ਼ਹਿਰਾਂ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ। ਰਿਪੋਰਟ ਵਿੱਚ ਦਰਸਾਇਆ ਗਿਆ ਕਿ ਲੋਨੀ ਵਿੱਚ PM2.5 ਦੀ ਸਾਲਾਨਾ ਔਸਤ ਸੰਘਣਤਾ 112.5 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਰਹੀ, ਜੋ ਕਿ ਵਿਸ਼ਵ ਸਿਹਤ ਸੰਸਥਾ (WHO) ਦੇ ਮਾਪਦੰਡ ਤੋਂ 22 ਗੁਣਾ ਵੱਧ ਹੈ। ਰੀਪੋਰਟ ਅਨੁਸਾਰ ਪਾਕਿਸਤਾਨ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਦੇਸ਼ ਹੈ। ਇਸ ਤੋਂ ਬਾਅਦ ਬੰਗਲਾਦੇਸ਼ੀ, ਤਜ਼ਾਕਿਸਤਾਨ, ਚਾਡ ਅਤੇ ਕਾਂਗੋ ਦਾ ਨੰਬਰ ਹੈ।ਆਈ. ਕਿਊ. ਏਅਰ ਦੇ ਆਲਮੀ ਸੀ.ਈ.ਓ. ਫਰੈਂਕ ਹੈਮਸ ਨੇ ਕਿਹਾ, ਹਵਾ ਦੀ ਗੁਣਵੱਤਾ ਇਕ ਨਾਜ਼ੁਕ ਸੰਪਤੀ ਹੈ ਜਿਸਦੀ ਰੱਖਿਆ ਲਈ ਸਰਗਰਮ ਯਤਨ ਲਾਜ਼ਮੀ ਹਨ। ਬਿਨਾਂ ਨਿਗਰਾਨੀ ਦੇ ਅਸੀਂ ਨਹੀਂ ਜਾਣ ਸਕਦੇ ਕਿ ਅਸੀਂ ਕੀ ਸਾਹ ਲੈ ਰਹੇ ਹਾਂ। ਜਦਕਿ ਗ੍ਰੀਨਪੀਸ ਇੰਟਰਨੈਸ਼ਨਲ ਦੇ ਸੀਨੀਅਰ ਵਿਗਿਆਨੀ ਐਡਨ ਫੈਰੋ ਨੇ ਕਿਹਾ, ਇਹ ਖੁੱਲ੍ਹੇ ਤੇ ਪਾਰਦਰਸ਼ੀ ਡਾਟਾ ਪ੍ਰਦੂਸ਼ਣ ਕਰਨ ਵਾਲਿਆਂ ਨੂੰ ਜ਼ਿੰਮੇਵਾਰ ਠਹਿਰਾਉਣ ਲਈ ਬਹੁਤ ਜ਼ਰੂਰੀ ਹੈ। ਰਿਪੋਰਟ ਨੇ ਇਹ ਵੀ ਦਰਸਾਇਆ ਕਿ 2025 ਵਿੱਚ ਜੰਗਲਾਂ ਦੀਆਂ ਅੱਗਾਂ ਅਤੇ ਉਦਯੋਗਿਕ ਖੇਤੀਬਾੜੀ ਨੇ ਹਵਾ ਦੀ ਗੁਣਵੱਤਾ ਨੂੰ ਹੋਰ ਖਰਾਬ ਕੀਤਾ। ਭਾਰਤ ਦੇ ਪੰਜ ਸ਼ਹਿਰ ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ ਦਸ ਸ਼ਹਿਰਾਂ ਵਿੱਚ ਸ਼ਾਮਲ ਹਨ, ਜਿਨ੍ਹਾਂ ਚ ਲੋਨੀ, ਬਿਰਨਿਹਾਟ, ਦਿੱਲੀ, ਗਾਜ਼ੀਆਬਾਦ ਅਤੇ ਉਲਾ ਸ਼ਾਮਲ ਹਨ। ਇਹ ਅੰਕੜੇ ਸਪਸ਼ਟ ਕਰਦੇ ਹਨ ਕਿ ਹਵਾ ਪ੍ਰਦੂਸ਼ਣ ਸਿਰਫ਼ ਵਾਤਾਵਰਣੀ ਨਹੀਂ, ਸਿਹਤ ਸੰਕਟ ਵੀ ਹੈ, ਜਿਸ ਤੇ ਤੁਰੰਤ ਕਾਰਵਾਈ ਦੀ ਲੋੜ ਹੈ।


**ਗੁਰਦਆਰਾ ਰਾਮਗੜ੍ਹੀਆ ਸਭਾ ਡਰਬੀ ਵਿਖੇ ਇਕ ਧਾਰਮਿਕ ਸੇਵਾਦਾਰ ਦੀ ਲੋੜ**

**ਕੰਮ – ਸ੍ਰੀ ਅਖੰਡ ਪਾਠ, ਵਿਆਹ ਅਤੇ ਹੋਰ ਉਲੀਕੇ ਹੋਏ ਸਮਾਗਮਾਂ ਵਿਚ ਗ੍ਰੰਥੀ ਦਾ ਸਾਥ ਦੇਣਾ, ਕੀਰਤਨ ਕਰਨਾ, ਗੁਰੂ ਮਰਿਆਦਾ ਅਨੁਸਾਰ ਸੰਗਤਾਂ ਨੂੰ ਪ੍ਰਸ਼ਾਦਾ ਛਕਾਉਣਾ ਅਤੇ ਗੁਰਦੁਆਰੇ ਦੀ ਰਾਖੀ ਆਦਿ ਕਰਨੀ ।**

**ਤਜ਼ਰਬਾ ਅਤੇ ਸ਼ਰਤਾਂ: ਗੁਰਮਤਿ ਦਾ ਗਿਆਨ ਹੋਣਾ, ਪੰਜਾਬੀ ਲਿਖਣੀ, ਪੜ੍ਹਨੀ ਆਉਂਦੀ ਹੋਵੇ । ਗੁਰੂ ਘਰ ਵਿਖੇ ਘੱਟੋ-ਘੱਟ 3 ਸਾਲ ਸੇਵਾ ਕਰਨ ਦਾ ਤਜ਼ਰਬਾ ਹੋਵੇ ।**

**ਤਨਖਾਹ: ਯੂ ਕੇ ਦੇ ਕਾਨੂੰਨ ਮੁਤਾਬਕ ਚੰਗੀ ਤਨਖਾਹ, ਕੰਮ ਹਫ਼ਤੇ ਵਿਚ 25 ਘੰਟੇ, ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵੱਲੋਂ ਹੋਵੇਗਾ ।**

**ਉਮੀਦਵਾਰ ਆਪਣੀ ਅਰਜ਼ੀਆਂ ਪੂਰੇ ਵੇਰਵੇ ਸਮੇਤ ਲਿਖ ਕੇ) ਹੇਠਾਂ ਦਿੱਤੇ ਪਤੇ ਉੱਤੇ 24 ਅਪ੍ਰੈਲ 2026 ਤੱਕ ਭੇਜਣ ਦੀ ਕ੍ਰਿਪਾਲਤਾ ਕਰਨ ਜੀ॥**

**VACANCY for Tier-5 Religious Worker**

***1 Religious Worker Required:*** Role includes reciting from Guru Granth Sahib Ji. Perform Keertan (Singing Hymns), Serving Langer within gurmeryadha, Leading prayers at weddings and other special occasions.

***Qualifications and experience required:*** Must have knowledge of Gurmat and Fluent in reading and writing Panjabi. Some English is desirable. Must have 3 years experience.

***Pay and Conditions:*** Required to be residing within the Gurdwara. Work 25 hours per week, pay is national living wage and Statuary holiday pay. ***Closing Date 24th APRIL 2026***

*For further information please contact* **Ranjit singh Seehra**

**RAMGARHIA SABHA DERBY**

**278 ST. THOMAS ROAD, DERBY, DE23 8SY (U.K.)**

For more information please contact : **Ranjit singh Seehra 07729755864**

**Email: ranjitseehra2@gmail.com**

# ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਕਾਰ ਚੱਲੇਗੀ ਲੰਬੀ ਜੰਗ

## ਖਪਤਕਾਰੀ ਸਿਸਟਮ ਤਬਾਹ ਹੋਣ ਦੇ ਕਗਾਰ ਤੇ, ਚੀਨ ਦੀ ਭੂਮਿਕਾ ਅਤੇ ਹੋਰ ਗੰਭੀਰ ਮੁੱਦੇ

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ





ਇਸ ਸਮੇਂ ਪੂਰੀ ਦੁਨੀਆ ਦੀਆਂ ਨਜ਼ਰਾਂ ਮੱਧ ਪੂਰਬ 'ਤੇ ਟਿਕੀਆਂ ਹੋਈਆਂ ਹਨ, ਜਿੱਥੇ ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਾਲੇ ਚੱਲ ਰਹੀ ਜੰਗ ਨੇ ਇਕ ਭਿਆਨਕ ਰੂਪ ਧਾਰਨ ਕਰ ਲਿਆ ਹੈ। 28 ਫਰਵਰੀ 2026 ਨੂੰ ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖ਼ਾਮੇਨੇਈ ਦੀ ਮੌਤ ਤੋਂ ਬਾਅਦ ਸ਼ੁਰੂ ਹੋਇਆ ਇਹ ਟਕਰਾਅ ਹੁਣ ਸਿਰਫ਼ ਗੋਲੀਬਾਰੀ ਤੱਕ ਸੀਮਤ ਨਹੀਂ ਰਿਹਾ, ਸਗੋਂ ਇਸ ਨੇ ਵਿਸ਼ਵ ਆਰਥਿਕਤਾ, ਵਾਤਾਵਰਣ ਅਤੇ ਸਪਲਾਈ ਚੇਨ ਨੂੰ ਤਬਾਹ ਕਰਨਾ ਸ਼ੁਰੂ ਕਰ ਦਿੱਤਾ ਹੈ।

ਵਿਸ਼ਵ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਜੰਗ ਲੰਬੀ ਚੱਲੇਗੀ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ੁਰੂ ਵਿੱਚ ਦਾਅਵਾ ਕੀਤਾ ਸੀ ਕਿ ਜੰਗ ਜਲਦੀ ਖਤਮ ਹੋ ਜਾਵੇਗੀ, ਪਰ ਹਕੀਕਤ ਇਸ ਦੇ ਉਲਟ ਨਿਕਲੀ ਹੈ। ਇਸ ਜੰਗ ਨੇ ਨਾ ਸਿਰਫ਼ ਮੱਧ ਪੂਰਬ ਨੂੰ ਲਪੇਟੇ ਵਿਚ ਲਿਆ ਹੈ, ਸਗੋਂ ਪੂਰੀ ਦੁਨੀਆ ਦੇ ਖਪਤਕਾਰੀ ਸਿਸਟਮ ਨੂੰ ਤਬਾਹੀ ਦੇ ਕਗਾਰ ਤੇ ਧੱਕ ਦਿੱਤਾ ਹੈ।

ਜੇਕਰ ਇਹ ਜੰਗ ਲੰਬੀ ਚਲਦੀ ਹੈ, ਤਾਂ ਦੁਨੀਆ ਦਾ 'ਖਪਤਕਾਰੀ ਸਿਸਟਮ' ਪੂਰੀ ਤਰ੍ਹਾਂ ਢਹਿ-ਢੇਰੀ ਹੋ ਸਕਦਾ ਹੈ। ਇਹ ਸਿਸਟਮ ਸਸਤੇ ਤੇਲ ਅਤੇ ਤੇਜ਼ ਸਪਲਾਈ 'ਤੇ ਟਿਕਿਆ ਹੋਇਆ ਹੈ। ਈਰਾਨ ਨੇ ਦੁਨੀਆ ਦੇ ਸਭ ਤੋਂ ਮਹੱਤਵਪੂਰਨ ਸਮੁੰਦਰੀ ਰਸਤੇ, 'ਹੋਰਮੁਜ਼ ਦੀ ਜਲਡਮਰੂ' ਨੂੰ ਆਪਣੇ ਦੁਸ਼ਮਣਾਂ ਲਈ ਬੰਦ ਕਰ ਦਿੱਤਾ ਹੈ। ਵਿਸ਼ਵ ਦੇ ਤੇਲ ਦੀ ਸਪਲਾਈ ਦਾ 20% ਹਿੱਸਾ ਇੱਥੋਂ ਲੰਘਦਾ ਹੈ। ਰਸਤਾ ਬੰਦ ਹੋਣ ਕਾਰਨ ਤੇਲ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ। ਖਾੜੀ ਦੇਸ਼ ਖਾਦ ਦੇ ਵੱਡੇ ਨਿਰਯਾਤਕ ਹਨ। ਜੇ ਖਾਦ ਨਹੀਂ ਮਿਲੇਗੀ, ਤਾਂ ਖੇਤੀ ਦੀ ਲਾਗਤ ਵਧੇਗੀ, ਜਿਸ ਨਾਲ ਖਾਣ-ਪੀਣ ਦੀਆਂ ਚੀਜ਼ਾਂ 10-15% ਮਹਿੰਗੀਆਂ ਹੋ ਸਕਦੀਆਂ ਹਨ। ਜਦੋਂ ਪੈਸਾ ਤੇਲ ਅਤੇ ਰੋਟੀ 'ਤੇ ਖਰਚ ਹੋਵੇਗਾ, ਤਾਂ ਲੋਕ ਲਗਜ਼ਰੀ ਚੀਜ਼ਾਂ ਖਰੀਦਣੀਆਂ ਬੰਦ ਕਰ ਦੇਣਗੇ, ਜਿਸ ਨਾਲ ਵੱਡੀ ਆਰਥਿਕ ਮੰਦੀ ਆ ਸਕਦੀ ਹੈ।

ਇਸ ਜੰਗ ਵਿੱਚ ਹੂਤੀ ਵਿਦਰੋਹੀਆਂ ਨੇ ਵੀ ਧਮਕੀ ਦਿੱਤੀ ਹੈ ਕਿ ਉਹ ਬਾਬ ਅਲ-ਮੰਡੇਬ ਜਲਡਮਰੂ ਨੂੰ ਬੰਦ ਕਰ ਸਕਦੇ ਹਨ। ਇਹ ਰਸਤਾ ਲਾਲ ਸਾਗਰ ਤੋਂ ਸਵੇਜ਼ ਨਹਿਰ ਤੱਕ ਜਾਂਦਾ ਹੈ ਅਤੇ ਦੁਨੀਆ ਦੇ 12% ਵਪਾਰ ਅਤੇ 10% ਤੇਲ ਇਸ ਤੋਂ ਲੰਘਦਾ ਹੈ। ਜੇਕਰ ਇਹ ਬੰਦ ਹੋਇਆ ਤਾਂ ਭਾਰਤ ਵਰਗੇ ਦੇਸ਼ਾਂ ਨੂੰ ਵੱਡਾ ਨੁਕਸਾਨ ਹੋਵੇਗਾ, ਕਿਉਂਕਿ ਭਾਰਤ ਤੇਲ ਅਤੇ ਗੈਸ ਇਸ ਰਸਤੇ ਤੋਂ ਆਯਾਤ ਕਰਦਾ ਹੈ। ਹੂਤੀ ਈਰਾਨ ਦੀ ਖਾੜਕੂ ਸਹਿਯੋਗੀ ਜਥੇਬੰਦੀ ਹੈ ਅਤੇ ਉਹ ਅਮਰੀਕਾ-ਇਜ਼ਰਾਈਲ ਨੂੰ ਚੇਤਾਵਨੀ ਦੇ ਰਹੇ ਹਨ।

ਆਸਟ੍ਰੇਲੀਆ ਦੀ ਪੱਤਰਕਾਰ ਲੌਰਾ ਟਿੰਗਲ ਨੇ ਏ.ਬੀ.ਸੀ. ਤੇ ਕਿਹਾ ਹੈ ਕਿ ਇਹ ਜੰਗ ਫੌਜੀ ਨਹੀਂ, ਸਗੋਂ ਆਰਥਿਕ ਅਤੇ ਮਨੋਵਿਗਿਆਨਕ ਹੈ। ਈਰਾਨ ਜੰਗ ਦੀਆਂ ਸ਼ਰਤਾਂ ਤੈਅ ਕਰ ਰਿਹਾ ਹੈ ਅਤੇ ਅਮਰੀਕਾ ਦੇ ਉਲਟ, ਉਸ ਨੇ ਤੇਲ ਬਾਜ਼ਾਰ ਤੇ ਕੰਟਰੋਲ ਬਣਾ ਲਿਆ ਹੈ। ਜਦ ਕਿ ਟਰੰਪ ਦਾ ਨਿਸ਼ਾਨਾ ਵੈਨੇਜ਼ੁਏਲਾ ਅਤੇ ਈਰਾਨ ਦੇ ਤੇਲ ਭੰਡਾਰਾਂ ਤੇ ਕਬਜ਼ਾ ਕਰਕੇ ਚੀਨ ਨੂੰ ਆਰਥਿਕ ਨੁਕਸਾਨ ਪਹੁੰਚਾਉਣਾ ਸੀ, ਪਰ ਹੁਣ ਅਮਰੀਕਾ ਖੁਦ ਮੰਦੀ ਵੱਲ ਵਧ ਰਿਹਾ ਹੈ। ਜੇਕਰ ਇਹ ਟਕਰਾਅ ਅਪ੍ਰੈਲ ਤੱਕ ਚੱਲਿਆ ਤਾਂ ਦੁਨੀਆ ਆਰਥਿਕ ਮੰਦੀ ਵਿੱਚ ਡਿੱਗ ਸਕਦੀ ਹੈ।

ਪੱਛਮੀ ਖੁਫੀਆ ਏਜੰਸੀਆਂ ਨੇ ਦਾਅਵਾ ਕੀਤਾ ਹੈ ਕਿ ਇਜ਼ਰਾਈਲ ਅਤੇ ਅਮਰੀਕੀ ਟਿਕਾਣਿਆਂ 'ਤੇ ਈਰਾਨੀ ਮਿਜ਼ਾਈਲਾਂ ਦੇ ਸਟੀਕ ਹਮਲਿਆਂ ਪਿੱਛੇ ਚੀਨ ਦਾ ਹੱਥ ਹੋ ਸਕਦਾ ਹੈ। ਪੱਛਮੀ ਖੁਫੀਆ ਏਜੰਸੀਆਂ ਦਾ ਮੰਨਣਾ ਹੈ ਕਿ ਅਮਰੀਕਾ ਨੇ ਈਰਾਨ ਲਈ ਆਪਣਾ ਜੀਪੀਐਸ ਜਾਮ ਕਰ ਦਿੱਤਾ ਸੀ, ਪਰ ਈਰਾਨ ਹੁਣ ਚੀਨ ਦੇ ਬਾਇਡੂ ਨੇਵੀਗੇਸ਼ਨ ਸਿਸਟਮ ਦੀ ਵਰਤੋਂ ਕਰ ਰਿਹਾ ਹੈ। ਚੀਨ ਨੇ ਬਾਇਡੂ ਨੇਵੀਗੇਸ਼ਨ 2020 ਵਿੱਚ ਲਾਂਚ ਕੀਤਾ ਸੀ। ਇਹ ਸਿਸਟਮ ਈਰਾਨੀ ਡਰੋਨਾਂ ਤੇ ਮਿਜ਼ਾਈਲਾਂ ਨੂੰ ਹਜ਼ਾਰਾਂ ਕਿਲੋਮੀਟਰ ਦੂਰ ਸਹੀ ਨਿਸ਼ਾਨੇ 'ਤੇ ਪਹੁੰਚਣ ਵਿੱਚ ਮਦਦ ਕਰ ਰਿਹਾ ਹੈ। ਹਾਲਾਂਕਿ ਚੀਨ ਅਤੇ ਈਰਾਨ ਨੇ ਇਸ ਦੀ ਅਧਿਕਾਰਤ ਪੁਸ਼ਟੀ ਨਹੀਂ ਕੀਤੀ, ਪਰ ਅਮਰੀਕਨ ਖੁਫੀਆ ਏਜੰਸੀਆਂ ਅਨੁਸਾਰ ਜੰਗ ਦੇ ਮੈਦਾਨ ਵਿੱਚ ਈਰਾਨੀ ਹਮਲਿਆਂ ਦੀ ਸਟੀਕਤਾ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਈਰਾਨ ਨੇ ਹਜ਼ਾਰਾਂ ਕਿਲੋਮੀਟਰ ਦੂਰ ਇਜ਼ਰਾਈਲ ਉਪਰ ਹਮਲੇ ਕੀਤੇ ਹਨ ਅਤੇ ਕਈ ਮਿਜ਼ਾਈਲਾਂ ਏਅਰ ਡਿਫੈਂਸ ਨੂੰ ਭੇਦ ਕੇ ਨਿਸ਼ਾਨੇ ਤੇ ਲੱਗੀਆਂ ਹਨ।

ਈਰਾਨ ਨੇ ਹੁਣੇ ਜਿਹੇ ਪਹਿਲੀ ਵਾਰ 'ਡਾਂਸਿੰਗ ਮਿਜ਼ਾਈਲ' ਸੇਜਿਲ ਵਰਤੀ ਹੈ, ਜੋ 2000 ਕਿਲੋਮੀਟਰ ਤੱਕ ਮਾਰ ਕਰ ਸਕਦੀ ਹੈ ਅਤੇ ਆਇਰਨ ਡੋਮ ਵਰਗੇ ਡਿਫੈਂਸ ਨੂੰ ਚਕਮਾ ਦਿੰਦੀ ਹੈ। ਇਹ ਹਵਾ ਵਿੱਚ ਆਪਣਾ ਰਸਤਾ ਬਦਲਣ ਦੀ ਸਮਰੱਥਾ ਰੱਖਦੀ ਹੈ, ਜਿਸ ਨਾਲ 'ਆਇਰਨ ਡੋਮ' ਵਰਗੇ ਰੱਖਿਆ ਸਿਸਟਮ ਇਸ ਨੂੰ ਫੜ ਨਹੀਂ ਸਕਦੇ।

ਚੀਨ ਨੇ ਈਰਾਨ ਨੂੰ ਆਰਥਿਕ ਮਦਦ ਵੀ ਦਿੱਤੀ ਹੈ ਅਤੇ ਰੂਸ ਅਮਰੀਕੀ ਅੱਡਿਆਂ ਦੀ ਜਾਣਕਾਰੀ ਸਾਂਝੀ ਕਰ ਰਿਹਾ ਹੈ। ਪਰ ਚੀਨ ਅਤੇ ਈਰਾਨ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ। ਇਹ ਚੀਨ ਦੀ ਅਮਰੀਕਾ ਨੂੰ ਵਡੀ ਚੁਣੌਤੀ ਹੈ।

ਇਸ ਜੰਗ ਵਿੱਚ ਹੁਣ ਤੱਕ 2000 ਤੋਂ ਵੱਧ ਲੋਕ ਮਾਰੇ ਗਏ ਹਨ ਅਤੇ 32 ਲੱਖ ਬੇਘਰ ਹੋਏ ਹਨ। ਤੇਲ ਭੰਡਾਰਾਂ ਤੇ ਹਮਲੇ ਬਾਅਦ ਈਰਾਨ ਵਿੱਚ ਪਈ ਕਾਲੀ ਬਾਰਿਸ਼ ਨੇ ਸਥਿਤੀ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਤੇਲ ਭੰਡਾਰਾਂ ਅਤੇ ਰਿਫਾਇਨਰੀਆਂ 'ਤੇ ਹੋਏ ਭਿਆਨਕ ਹਵਾਈ ਹਮਲਿਆਂ ਤੋਂ ਬਾਅਦ ਈਰਾਨ ਵਿੱਚ 'ਕਾਲੀ ਬਾਰਿਸ਼' ਦੇਖੀ ਗਈ ਹੈ। ਇਹ ਪਾਣੀ ਬਹੁਤ ਜ਼ਿਆਦਾ ਤੇਜ਼ਾਬੀ ਹੈ। ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਚਮੜੀ ਨੂੰ ਸਾੜ ਸਕਦਾ ਹੈ ਅਤੇ ਫੇਫੜਿਆਂ ਨੂੰ ਗੰਭੀਰ ਨੁਕਸਾਨ ਪਹੁੰਚਾ ਸਕਦਾ ਹੈ। ਸਾਹ ਦੇ ਮਰੀਜ਼ਾਂ ਅਤੇ ਬੱਚਿਆਂ ਲਈ ਇਹ ਜਾਨਲੇਵਾ ਸਾਬਤ ਹੋ ਰਹੀ ਹੈ। ਇਹ ਅਸਰ ਸਿਰਫ਼ ਈਰਾਨ ਤੱਕ ਨਹੀਂ, ਪੂਰੇ ਪੱਛਮੀ ਏਸ਼ੀਆ ਤੇ ਪੈ ਸਕਦਾ ਹੈ। ਇਸੇ ਕਰਕੇ ਕੁਝ ਲੋਕ ਈਰਾਨ ਛੱਡ ਕੇ ਤੁਰਕੀ ਜਾ ਰਹੇ ਹਨ।ਸੰਯੁਕਤ ਰਾਸ਼ਟਰ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਜੰਗ ਲੰਬੀ ਚੱਲੀ ਤਾਂ ਪ੍ਰਵਾਸ ਸੰਕਟ ਵੱਡਾ ਹੋ ਜਾਵੇਗਾ।

ਟਰੰਪ ਨੇ ਹੋਰਮੁਜ਼ ਨੂੰ ਖੋਲ੍ਹਣ ਲਈ 7 ਦੇਸ਼ਾਂ ਤੋਂ ਹਥਿਆਰਾਂ ਨਾਲ ਲੈਸ ਸਮੁੰਦਰੀ ਬੇੜੇ ਅਰਥਾਤ ਵੌਰਸ਼ਿਪ ਮੰਗੇ ਹਨ, ਪਰ ਕਿਸੇ ਨੇ ਹਾਮੀ ਨਹੀਂ ਭਰੀ। ਅਮਰੀਕਾ ਨੇ ਚੀਨ ਨੂੰ ਲਾਲਚ ਦਿੱਤਾ ਹੈ ਕਿ ਚੀਨ ਆਪਣਾ 90% ਤੇਲ ਇਸ ਰਸਤੇ ਤੋਂ ਲੈਂਦਾ ਹੈ, ਤਾਂ ਉਹ ਵੀ ਸਹਿਯੋਗ ਕਰੇ। ਪਰ ਚੀਨ ਉਪਰ ਈਰਾਨ ਨੂੰ ਇੰਟੈਲੀਜੈਂਸ ਦੇਣ ਦੇ ਇਲਜ਼ਾਮ ਲੱਗ ਰਹੇ ਹਨ। ਨਾਟੋ ਦੇਸ਼ਾਂ ਨੇ ਵੀ ਅਮਰੀਕਾ ਤੋਂ ਮੂੰਹ ਫੇਰ ਲਿਆ ਹੈ। ਯੂਰਪ ਅਤੇ ਏਸ਼ੀਆ ਦੇ ਦੇਸ਼ ਇਸ ਜੰਗ ਵਿੱਚ ਨਹੀਂ ਫਸਣਾ ਚਾਹੁੰਦੇ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਹੋਰਮੁਜ਼ ਜਲ ਮਾਰਗ ਵਿੱਚ ਤੇਲ ਟੈਂਕਰਾਂ ਦੀ ਸੁਰੱਖਿਆ ਲਈ ਸਹਿਯੋਗੀ ਦੇਸ਼ਾਂ ਵੱਲੋਂ ਮਦਦ ਨਾ ਮਿਲਣ 'ਤੇ ਖੁੱਲ੍ਹ ਕੇ ਗੁੱਸਾ ਜ਼ਾਹਰ ਕੀਤਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦਹਾਕਿਆਂ ਤੋਂ ਕਈ ਦੇਸ਼ਾਂ ਦੀ ਰੱਖਿਆ ਕਰਦਾ ਆ ਰਿਹਾ ਹੈ ਪਰ ਜਦੋਂ ਹੁਣ ਸਮੁੰਦਰੀ ਰਸਤਿਆਂ ਨੂੰ ਸੁਰੱਖਿਅਤ ਰੱਖਣ ਲਈ ਮਦਦ ਮੰਗੀ ਗਈ ਤਾਂ ਕਈ ਦੇਸ਼ ਪਿੱਛੇ ਹਟ ਗਏ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਨਾਟੋ ਦੇ ਮੈਂਬਰ ਦੇਸ਼ ਇਸ ਸੰਕਟ ਵਿੱਚ ਅਮਰੀਕਾ ਦਾ ਸਾਥ ਨਹੀਂ ਦਿੰਦੇ ਤਾਂ ਇਹ ਇਸ ਸੰਗਠਨ ਦੇ ਭਵਿੱਖ ਲਈ ਬਹੁਤ ਮਾੜਾ ਹੋ ਸਕਦਾ ਹੈ।

ਟਰੰਪ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਚੀਨ, ਜਾਪਾਨ, ਦੱਖਣੀ ਕੋਰੀਆ ਅਤੇ ਯੂਰਪੀ ਦੇਸ਼ ਆਪਣੀ ਊਰਜਾ (ਤੇਲ ਅਤੇ ਗੈਸ) ਲਈ ਇਸ ਰਸਤੇ 'ਤੇ ਨਿਰਭਰ ਹਨ, ਜਦਕਿ ਅਮਰੀਕਾ ਕੋਲ ਆਪਣੇ ਸਰੋਤ ਮੌਜੂਦ ਹਨ। ਉਨ੍ਹਾਂ ਕਿਹਾ ਕਿ ਚੀਨ ਆਪਣਾ 90% ਤੇਲ ਇਸੇ ਰਸਤੇ ਤੋਂ ਮੰਗਵਾਉਂਦਾ ਹੈ, ਇਸ ਲਈ ਉਸ ਨੂੰ ਵੀ ਜੰਗੀ ਜਹਾਜ਼ ਭੇਜ ਕੇ ਮਦਦ ਕਰਨੀ ਚਾਹੀਦੀ ਹੈ। ਟਰੰਪ ਨੇ ਇਹ ਵੀ ਸੰਕੇਤ ਦਿੱਤਾ ਕਿ ਜੇਕਰ ਚੀਨ ਨੇ ਸਹਿਯੋਗ ਨਾ ਦਿੱਤਾ ਤਾਂ ਉਹ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਹੋਣ ਵਾਲੀ ਆਪਣੀ ਮੀਟਿੰਗ ਵੀ ਮੁਲਤਵੀ ਕਰ ਸਕਦੇ ਹਨ।

ਈਰਾਨ ਨੇ ਕਿਹਾ ਹੈ ਕਿ ਜੰਗ ਉਦੋਂ ਤੱਕ ਨਹੀਂ ਰੁੱਕੇਗੀ ਜਦੋਂ ਤੱਕ ਅਮਰੀਕਾ ਹਮਲੇ ਨਹੀਂ ਰੋਕਦਾ। ਪਰ ਹਾਲਾਤ ਇਸਦੇ ਉਲਟ ਹਨ, ਕਿਉਂਕਿ ਈਰਾਨ ਅਮਰੀਕਾ ਦੀਆਂ ਸ਼ਰਤਾਂ ਮੰਨਣ ਨੂੰ ਤਿਆਰ ਨਹੀਂ। ਅਮਰੀਕਾ ਦੇ ਹੁਣ ਤੱਕ ਜੰਗ ਉਪਰ 12 ਅਰਬ ਡਾਲਰ ਖਰਚ ਹੋ ਚੁਕੇ ਹਨ ।

ਟਰੰਪ ਦੀ ਟੀਮ ਵਿੱਚ ਕਈ ਯਹੂਦੀ ਮੈਂਬਰ ਹਨ ਜਿਵੇਂ ਜੈਰੇਡ ਕੁਸ਼ਨਰ, ਸਟੀਵਨ ਮਨੂਚਿਨ ਅਤੇ ਸਟੀਫਨ ਮਿਲਰ, ਜੋ ਇਜ਼ਰਾਈਲ ਨੂੰ ਸਪੋਰਟ ਕਰ ਰਹੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਇਜ਼ਰਾਈਲ ਅਮਰੀਕਾ ਤੇ ਦਬਾਅ ਬਣਾ ਰਿਹਾ ਹੈ ਕਿ ਈਰਾਨ ਉਪਰ ਹਮਲੇ ਜਾਰੀ ਰੱਖੇ ਜਾਣ।

ਇਹ ਜੰਗ ਇਤਿਹਾਸ ਵਿੱਚ ਇੱਕ ਭਿਆਨਕ ਅਧਿਆਇ ਬਣ ਰਹੀ ਹੈ। 1980 ਦੀ ਈਰਾਨ-ਇਰਾਕ ਜੰਗ 8 ਸਾਲ ਚੱਲੀ ਸੀ ਅਤੇ ਮੌਜੂਦਾ ਹਾਲਾਤ ਵੀ ਲੰਬੇ ਟਕਰਾਅ ਵੱਲ ਇਸ਼ਾਰਾ ਕਰ ਰਹੇ ਹਨ। ਇਸ ਜੰਗ ਕਾਰਨ ਹੁਣ ਤੱਕ 32 ਲੱਖ ਲੋਕ ਬੇਘਰ ਹੋ ਚੁੱਕੇ ਹਨ। ਈਰਾਨ ਤੋਂ ਵੱਡੀ ਗਿਣਤੀ ਵਿੱਚ ਲੋਕ ਤੁਰਕੀ ਵੱਲ ਭੱਜ ਰਹੇ ਹਨ। ਸੰਯੁਕਤ ਰਾਸ਼ਟਰ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਜੰਗ ਅਪ੍ਰੈਲ ਤੱਕ ਨਾ ਰੁਕੀ, ਤਾਂ ਇਹ ਏਸ਼ੀਆ ਦਾ ਸਭ ਤੋਂ ਵੱਡਾ ਸ਼ਰਨਾਰਥੀ ਸੰਕਟ ਬਣ ਜਾਵੇਗਾ।ਅਮਰੀਕਾ ਅਤੇ ਇਜ਼ਰਾਈਲ ਲਈ ਵੱਡਾ ਸਵਾਲ ਹੈ ਕਿ ਕੀ ਉਹ ਇਸ ਮਹਿੰਗੇ ਅਤੇ ਲੰਬੇ ਯੁੱਧ ਨੂੰ ਝੱਲ ਸਕਣਗੇ?


# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-35

**ਕਬੀਰ ਜੀ ਨੂੰ ਸਭ ਤੋਂ ਅੱਗੇ ਵਧ ਕੇ ਮੁੱਢ ਤੋਂ ਹੀ ਗੁਰੂ ਨਾਨਕ ਜੀ ਵਾਂਗ ਨਿਰਗੁਣ ਨਿਰੰਕਾਰ ਬ੍ਰਹਮ ਦੇ ਉਪਾਸ਼ਕ ਦੱਸਣ ਵਾਲੇ ਵਿਦਵਾਨ ਭੀ ਹਨ ਤੇ ਖੁਦ ਈਸ਼ਵਰ ਕਹਿਣ ਵਾਲੇ ਭੀ ਹਨ । ਕੁਝ ਲੋਕਾਂ ਨੇ ਕਬੀਰ ਜੀ ਦੇ ਸਿਧਾਂਤਾਂ ਤੇ ਖਿਆਲਾਂ ਬਾਰੇ ਗੁਰੂ ਨਾਨਕ ਜੀ ਨੂੰ ਕਬੀਰ ਤੋਂ ਪ੍ਰਭਾਵਤ ਹੋਣ ਦੀ ਗੱਲ ਵੀ ਚਲਾਈ ਹੋਈ ਹੈ, ਉਨ੍ਹਾਂ ਨੇ ਇਹ ਨਿਪਟ ਦੂਸ਼ਤ ਤੇ ਨਿੰਦਨੀਯ ਕਲਪਨਾ ਕੀਤੀ ਹੈ । ਟੀਕਾਕਾਰ, ਸਾਹਿਬ ਸਿੰਘ ਜੀ ਭੀ ਇਨ੍ਹਾਂ ਪਦਿਆਂ ਦੀ ਮੂਲ ਭਾਵਨਾ ਕ੍ਰਿਸ਼ਨ ਭਗਤੀ ਤੋਂ ਵੱਖਰੀ ਨਹੀਂ ਨਖੇੜ ਸਕੇ। ਅਰਥ ਤੇ ਵਿਆਖਿਆ ਕਰਦੇ ਹੋਏ ਇੰਝ ਲੱਗਦਾ ਹੈ**




ਉਨ੍ਹਾਂ ਦੀ ਸੂਫ਼ੀ ਰੰਗ ਦੀ ਫ਼ਕੀਰੀ ਤੋਂ ਅਵਤਾਰਵਾਦ ਤੱਕ ਦੀ ਆਸਤਕ ਯਾਤਰਾ ਦੇ ਪੈਰ ਚਿੰਨ੍ਹ ਭੀ ਕਬੀਰ ਬਾਣੀ ਵਿੱਚੋਂ ਥਾਂ ਥਾਂ ਝਾਤੀਆਂ ਮਾਰਦੇ ਹਨ। ਇਕ ਵਿਕਾਸਸ਼ੀਲ ਪਰਿਵਰਤਨ ਦੇ ਅਨੇਕਾਂ ਭਾਂਤੇ ਮਾਰਗ ਦਰਸ਼ਨ ਕਰਨ ਵਾਲੇ ਹੋਰ ਭੀ ਕਈ ਅਹਿਮ ਸੰਕੇਤ ਹਨ, ਅੰਤ ਵਿੱਚ ਸਫ਼ਲ ਘਾਲਣਾ ਦੀਆਂ ਸੁਗੰਧੀਆਂ ਲੁਟਾਉਂਦੇ ਖਿਆਲਾਂ ਦੇ ਸਦਾ ਬਹਾਰੀ ਵਿਚਾਰਾਂ ਦੇ ਫੁੱਲ ਹਨ। ਜਿਸ ਸਾਧਨਾਂ ਦੇ ਕਾਰਨ ਪੂਰੇ ਸਤਿਗੁਰੂ ਦੀ ਪ੍ਰਾਪਤੀ ਹੋਈ ਸਤਿਨਾਮ ਦਾ ਧਨ ਹਾਸਲ ਕਰਕੇ ਖੀਵੇ ਹੋਏ, ਸੁਖਮਈ ਅਨੰਦ ਭਰਪੂਰ ਅਵਸਥਾ ਵਿਚ ਪਹੁੰਚੇ, ਉਸ ਧਰਮ ਅਨੰਦ ਦਾ ਅਨੁਭਵ ਭੀ ਉਨ੍ਹਾਂ ਸਾਂਝਾ ਕੀਤਾ ਹੈ।

ਸਮਕਾਲੀ ਭਗਤਾਂ ਦੇ ਪ੍ਰਭਾਵ ਕਬੂਲਣ ਦੇ ਪ੍ਰਮਾਣ ਭੀ ਉਨ੍ਹਾਂ ਦੀ ਬਾਣੀ ਵਿੱਚੋਂ ਚੋਖੇ ਮਿਲਦੇ ਹਨ। ਨਾਮਦੇਵ ਅਤੇ ਰਵਿਦਾਸ, ਧੰਨਾ ਜੀ ਦੀ ਬਾਣੀ ਨਾਲ ਕਈ ਥਾਵਾਂ 'ਤੇ ਗੂੜ੍ਹੀਆਂ ਸਾਂਝਾਂ ਹਨ। ਗੁਰੂ ਨਾਨਕ ਜੀ ਦੇ ਸਿਧਾਂਤਾਂ, ਖਿਆਲਾਂ, ਲਫ਼ਜਾਂ ਦਾ ਪ੍ਰਭਾਵ ਕਬੂਲਣ ਦਾ ਇਕ ਵੱਡਾ ਭਾਗ, ਕਬੀਰ ਬਾਣੀ ਵਿੱਚੋਂ ਨਾਲੋ ਨਾਲ ਦੇਖਣ ਵਾਲਾ ਹੋਰ ਪਹਿਲੂ ਹੈ। ਜਿਸ ਸਤਿਗੁਰ ਤੋਂ ਸਤਿ-ਨਾਮ ਦੀ ਪ੍ਰਾਪਤੀ ਹਾਸਲ ਕਰਕੇ ਅੱਗੇ ਪ੍ਰਚਾਰਨ ਦਾ ਕਰਤੱਬ ਪਾਲਣਾ ਆਰੰਭਿਆ, ਉਸ ਗੁਰੂ ਤੋਂ ਵਾਰਨੇ ਜਾਣ ਦਾ ਜ਼ਿਕਰ ਅਨੇਕਾਂ ਥਾਈਂ ਹੈ। ਕਬੀਰ ਜੀ ਦੀ ਆਦਿ ਬੀੜ ਵਿੱਚ ਆਈ ਪ੍ਰਮਾਣਿਕ ਬਾਣੀ ਅਤੇ ਹੋਰਨਾਂ ਗ੍ਰੰਥਾਂ ਵਿੱਚ ਸੰਚਤ ਕੀਤੀ ਰਚਨਾ, ਜਿਸ ਨੂੰ ਬਾਹਰਲੇ ਹਲਕੇ ਘੱਟ ਪ੍ਰਮਾਣਿਕ ਨਹੀਂ ਸਮਝਦੇ, ਸਾਡੀ ਜਾਣਕਾਰੀ ਦਾ ਭੰਡਾਰ ਭਰਨ ਅਤੇ ਪੁਸ਼ਟੀ ਲਈ ਆਪੋ ਆਪਣੀ ਥਾਂ, ਸਹਾਈ ਹੁੰਦੀ ਹੈ:

ਗੁਰਿ ਦੀਨੀ ਬਸਤੁ ਕਬੀਰ
ਕਉ ਲੇਵਹੁ ਬਸਤੁ ਸਮਾਰਿ॥4॥
ਕਬੀਰਿ ਦੀਈ ਸੰਸਾਰ ਕਉ
ਲੀਨੀ ਜਿਸੁ ਮਸਤਕਿ ਭਾਗੁ॥
(ਰਾਮਕਲੀ ਕਬੀਰ, ਪੰਨਾ-970)

ਕਬੀਰ ਬਾਣੀ ਵਿੱਚ ਆਤਮਕ ਪ੍ਰਾਪਤੀਆਂ ਦੇ ਪੜਾਵਾਂ ਦੀਆਂ ਭਿੰਨ ਭਿੰਨ ਅਨੰਦਮਈ ਝਾਕੀਆਂ ਹਨ। ਕਬੀਰ ਜੀ ਦੀ ਸਭ ਤੋਂ ਉੱਚੀ ਸੁਰ ਉਦੋਂ ਉੱਠਦੀ ਹੈ ਜਦੋਂ ਉਹ ਧਾਰਮਿਕ ਅਡੰਬਰੀ ਤੇ ਪਾਖੰਡੀ ਲੋਕਾਂ ਦੇ ਦੰਭੀ ਪਹਿਲੂਆਂ ਉੱਤੇ ਚੋਟਾਂ ਕਰਦੇ ਹਨ। ਇਨ੍ਹਾਂ ਵੇਰਵਿਆਂ ਅਤੇ ਰਚਨਾ ਦੇ ਉੱਚੇ ਮਿਆਰ ਕਾਰਨ ਹੀ ਜਾਪਦਾ ਹੈ ਆਪ ਜੀ ਦੀ ਬਾਣੀ, ਹਰਿਕ ਰਾਗ ਅੰਦਰ, ਜਿਸ ਰਾਗ ਵਿੱਚ ਕਬੀਰ ਬਾਣੀ ਹੈ, - ਸਭਨਾਂ ਭਗਤਾਂ ਤੋਂ ਪਹਿਲਾਂ ਰੱਖੀ ਗਈ ਹੈ। ਰਾਮਾਨੰਦ ਜੀ ਦੀ ਰਚਨਾ ਬਸੰਤ ਰਾਗ ਵਿੱਚ ਹੈ। ਉਸ ਰਾਗ ਵਿੱਚ ਭੀ ਕਬੀਰ ਜੀ ਦੀ ਬਾਣੀ ਨੂੰ ਪਹਿਲਾਂ ਰੱਖਿਆ ਹੈ, ਹਾਲਾਂਕਿ ਕਬੀਰ ਜੀ ਪਹਿਲਾਂ ਰਾਮਾਨੰਦ ਜੀ ਦੇ ਸ਼ਿਸ਼ ਰਹੇ ਸਨ ਅਤੇ ਪਿੱਛੋਂ ਵੀ ਉਨ੍ਹਾਂ ਦਾ ਸਤਿਕਾਰ ਰੋਚਕ ਰਾਮਾਨੰਦ ਕਹਿਕੇ ਕਰਦੇ ਰਹੇ। ਅਚਾਰੀਆ ਰਾਮਾਨੰਦ ਜੀ ਬਜ਼ੁਰਗੀ ਦੇ ਪਹਿਲੂ ਤੋਂ ਵੀ ਭਗਤਾਂ ਵਿੱਚ ਉਚਾ ਦਰਜਾ ਰੱਖਦੇ ਸੀ। ਫਿਰ ਵੀ ਬਾਣੀ ਚੜ੍ਹਾਉਣ ਸਮੇਂ ਪਹਿਲੀ ਥਾਂ ਗੁਰੂ ਗ੍ਰੰਥ ਸਾਹਿਬ ਵਿੱਚ ਕਬੀਰ ਜੀ ਨੂੰ ਦਿੱਤੀ ਗਈ ਹੈ।

ਭਗਤ ਕਬੀਰ ਜੀ ਦੀ ਬਾਣੀ ਨੂੰ ਸਰਲ ਜਿਹੀ ਝਾਤੀ ਨਾਲ ਵਿਸ਼ੇ ਵਿਸ਼ਲੇਸ਼ਣ ਦੇ ਪਹਿਲੂ ਤੋਂ ਵਾਚਿਆ ਜਾਵੇ, ਕੁਝ ਖਾਸ ਖਾਸ ਅੰਗ ਜੀਵਨ ਵਿਕਾਸ ਦੇ ਇਸ ਤਰ੍ਹਾਂ ਸਾਹਮਣੇ ਆਉਂਦੇ ਹਨ:

## ਕ੍ਰਿਸ਼ਨ ਭਗਤੀ ਤੋਂ ਨਿਰਗੁਣਵਾਦੀ ਤੱਕ:

ਕਬੀਰ ਜੀ ਪਹਿਲਾਂ ਪੀਰ ਤਕੀ ਦੇ ਮੁਰੀਦ ਸਨ ਅਤੇ ਪਿੱਛੋਂ ਕ੍ਰਿਸ਼ਨ ਭਗਤ ਬਣੇ, ਉਹ ਰਾਮ ਭਗਤ ਭੀ ਰਹੇ। ਦੂਜੇ ਲਫ਼ਜ਼ਾਂ ਵਿੱਚ ਉਹ ਅਵਤਾਰਵਾਦੀ ਸਨ, ਉਨ੍ਹਾਂ ਦਾ ਵਾਕ ਹੈ, ਸਾਵਲ ਸੁੰਦਰ ਰਾਮਈਆ ਮੇਰਾ ਮਨੁ ਲਾਗਾ ਤੋਹਿ। (ਗਉੜੀ ਕਬੀਰ-335) ਇਸ ਵਾਕ ਦੇ ਸੰਕੇਤ ਤੱਕ ਗੱਲ ਖ਼ਤਮ ਨਹੀਂ, ਕਬੀਰ ਜੀ ਨੇ ਆਪਣੀ ਬਾਣੀ ਵਿੱਚ ਕ੍ਰਿਸ਼ਨ ਜੀ ਦੇ ਜੀਵਨ-ਗੁਣਾਂ ਦਾ ਖੁੱਲ੍ਹੇ ਤੌਰ 'ਤੇ ਗੁਣਗਾਨ ਕੀਤਾ ਹੈ:

ਆਸ ਪਾਸ ਘਨ ਤੁਰਸੀ ਕਾ
ਬਿਰਵਾ ਮਾਝ ਬਨਾ ਰਸਿ ਗਾਊ ਰੇ॥
ਉਆ ਕਾ ਸਰੂਪੁ ਦੇਖਿ ਮੋਹੀ ਗੁਆਰਨਿ
ਮੋ ਕਉ ਛੋਡਿ ਨ ਆਉ ਨ ਜਾਹੂ ਰੇ॥
(ਗਉੜੀ ਕਬੀਰ - 338)

ਕਬੀਰ ਜੀ ਨੂੰ ਸਭ ਤੋਂ ਅੱਗੇ ਵਧ ਕੇ ਮੁੱਢ ਤੋਂ ਹੀ ਗੁਰੂ ਨਾਨਕ ਜੀ ਵਾਂਗ ਨਿਰਗੁਣ ਨਿਰੰਕਾਰ ਬ੍ਰਹਮ ਦੇ ਉਪਾਸ਼ਕ ਦੱਸਣ ਵਾਲੇ ਵਿਦਵਾਨ ਭੀ ਹਨ ਤੇ ਖੁਦ ਈਸ਼ਵਰ ਕਹਿਣ ਵਾਲੇ ਭੀ ਹਨ। ਕੁਝ ਲੋਕਾਂ ਨੇ ਕਬੀਰ ਜੀ ਦੇ ਸਿਧਾਂਤਾਂ ਤੇ ਖਿਆਲਾਂ ਬਾਰੇ ਗੁਰੂ ਨਾਨਕ ਜੀ ਨੂੰ ਕਬੀਰ ਤੋਂ ਪ੍ਰਭਾਵਤ ਹੋਣ ਦੀ ਗੱਲ ਵੀ ਚਲਾਈ ਹੋਈ ਹੈ, ਉਨ੍ਹਾਂ ਨੇ ਇਹ ਨਿਪਟ ਦੂਸ਼ਤ ਤੇ ਨਿੰਦਨੀਯ ਕਲਪਨਾ ਕੀਤੀ ਹੈ। ਟੀਕਾਕਾਰ, ਸਾਹਿਬ ਸਿੰਘ ਜੀ ਭੀ ਇਨ੍ਹਾਂ ਪਦਿਆਂ ਦੀ ਮੂਲ ਭਾਵਨਾ ਕ੍ਰਿਸ਼ਨ ਭਗਤੀ ਤੋਂ ਵੱਖਰੀ ਨਹੀਂ ਨਖੇੜ ਸਕੇ। ਅਰਥ ਤੇ ਵਿਆਖਿਆ ਕਰਦੇ ਹੋਏ ਇੰਝ ਲੱਗਦਾ ਹੈ ਜਿਵੇਂ ਕਬੀਰ ਜੀ ਤੋਂ ਵੀ ਅੱਗੇ ਜਾਕੇ ਖੁਦ ਕ੍ਰਿਸ਼ਨ ਭਗਤ ਬਣ ਗਏ; ਨਾਲ ਹੀ ਪਾਠਕਾਂ ਨੂੰ ਵੀ ਕ੍ਰਿਸ਼ਨ ਭਗਤ ਬਣਾ ਰਹੇ ਹੋਣ। ਦੋਵਾਂ ਸ਼ਬਦਾਂ ਦੀ ਵਿਆਖਿਆ ਲੋੜ ਤੋਂ ਵੱਧ ਲੰਮੀ ਕਰਕੇ ਵੀ ਅਸਲ ਭਾਵ ਨੂੰ ਉਹ ਪ੍ਰਗਟਾ ਨਹੀਂ ਸਕੇ। ਪਹਿਲੇ ਸ਼ਬਦ ਦੀ ਕਈ ਪੰਨਿਆਂ ਵਿੱਚ ਕੀਤੀ ਵਿਆਖਿਆ ਵਿੱਚ ਲਿਖਦੇ ਹਨ- ਇਸ ਦਿਲ ਚੀਰਵੇਂ ਉੱਤਰ ਦਾ ਰਸ ਭੀ ਕੋਈ ਉਹੀ ਜੀਉੜਾ ਲੈ ਸਕਦਾ ਹੈ ਜੋ ਆਪ ਪ੍ਰੇਮ ਨੈ ਵਿੱਚ ਤਾਰੀਆਂ ਮਾਰ ਰਿਹਾ ਹੋਵੇ।

ਰਾਜਨ ਕਉਨੁ ਤੁਮਾਰੈ ਆਵੈ, ਸ਼ਬਦ ਦੀ ਵਿਆਖਿਆ ਵੀ ਏਸੇ ਕ੍ਰਿਸ਼ਨ ਭਗਤੀ ਦੇ ਰੰਗ ਵਿੱਚ ਚੱਲਦੀ ਹੈ, ਠੀਕ ਹੈ ਵਿਆਖਿਆਕਾਰ ਨੂੰ ਮੂਲ ਰਚਨਾ ਦੇ ਰਨਚਹਾਰ ਦੀ ਭਾਵਨਾ ਨੂੰ ਪ੍ਰਗਟ ਕਰਨ ਵਾਲੀ ਲੀਨਤਾ ਵਿੱਚ ਟੁੱਭੀਆਂ ਲਾਕੇ ਹੀ ਉਸ ਦੇ ਦਿਲੀ ਭਾਵ ਪ੍ਰਗਟ ਕਰਨ ਵਾਲੀ ਪਹੁੰਚ ਹੋਣੀ ਚਾਹੀਦੀ ਹੈ, ਜੋ ਉਨ੍ਹਾਂ ਨਿਭਾਈ ਹੈ। ਵਿਆਖਿਆ ਇਸ ਤਰ੍ਹਾਂ ਹੈ:

ਕ੍ਰਿਸ਼ਨ ਜੀ ਇਕ ਵਾਰੀ ਹਸਤਨਾਪੁਰ ਗਏ। ਰਾਜ ਕੌਰਵਾਂ ਦਾ ਸੀ। ਕੌਰਵ ਰਾਜ ਮੱਦ ਵਿੱਚ ਮਤੇ ਹੋਏ, ਇਹ ਖਿਆਲ ਕਰਦੇ ਰਹੇ ਕਿ, ਕ੍ਰਿਸ਼ਨ ਜੀ ਸਾਡੇ ਪਾਸ ਆਉਣਗੇ। ਪਰ ਉਹ ਆਪਣੇ ਗਰੀਬ ਭਗਤ ਬਿਦਰ ਦੇ ਘਰ ਚਲੇ ਗਏ। ਰਾਜੇ ਦਰਯੋਧਨ ਨੇ ਇਹ ਗਿਲਾ ਕੀਤਾ। ਕ੍ਰਿਸ਼ਨ ਜੀ ਨੇ ਉੱਤਰ ਦਿੱਤਾ ਕਿ ਤੁਹਾਨੂੰ ਆਪਣੇ ਰਾਜ ਦਾ ਮਾਣ ਹੈ। ਬਿਦਰ ਭਾਵੇਂ ਗਰੀਬੜਾ ਹੈ। ਉਸ ਦੇ ਪਾਸ ਰਾਤ ਰਹਿਆ ਸਮਾਂ, ਭਜਨ, ਬੰਦਗੀ ਵਿੱਚ ਗੁਜ਼ਾਰਿਆ ਹੈ। ਇਸ ਸ਼ਬਦ ਵਿੱਚ ਕਬੀਰ ਜੀ ਕ੍ਰਿਸ਼ਨ ਜੀ ਦੇ ਦਰਯੋਧਨ ਨੂੰ ਦਿੱਤੇ ਉੱਤਰ ਦਾ ਵਰਣਨ ਕਰਦੇ ਹਨ।

### ਪ੍ਰੋ: ਸਾਹਿਬ ਸਿੰਘ ਦੀ ਵਿਆਖਿਆ ਇਸ ਤਰ੍ਹਾਂ ਹੈ:

* ਗੋਕਲ ਦੀਆਂ ਗੁਆਲਣਾਂ ਨੂੰ ਵਿਲਕਦੀਆਂ ਹੀ ਛੱਡ ਕੇ ਕੰਸ ਨੂੰ ਕਿਰਤਾਰਥ ਕਰਨ ਲਈ ਮਥਰਾ ਵਿੱਚ ਆ ਗਏ ਤੇ ਮੁੜ ਗੋਕਲ ਵਿੱਚ ਜਾਣ ਦਾ ਸਮਾਂ ਨਾਂਹ ਮਿਲਿਆ। ਜਦੋਂ ਵਿਛੋੜੇ ਵਿੱਚ ਉਹ ਬਿਹਬਲ ਹੋਈਆਂ ਤਾਂ ਕ੍ਰਿਸ਼ਨ ਜੀ ਨੇ ਆਪਣੇ ਭਗਤ ਊਧਉ ਨੂੰ ਭੇਜਿਆ ਕਿ ਗੋਕਲ ਜਾਕੇ ਗੋਪੀਆਂ ਨੂੰ ਧੀਰਜ ਦੇ ਆਵੇ। ਪਰ ਆਪਣੇ ਪ੍ਰਾਣ ਪਿਆਰੇ ਤੋਂ ਬਿਨਾਂ ਬਿਰਹੀਂ ਜਿਉੜੀਆਂ ਨੂੰ ਕਿਵੇਂ ਧੀਰਜ ਆਵੇ, ਜਦੋਂ ਹੋਰ ਉਪਦੇਸ਼ ਕਾਰਗਰ ਨਾ ਹੋਇਆ ਤਾਂ ਊਧਉ ਨੇ ਗੋਪੀਆਂ ਨੂੰ ਸਮਝਾਇਆ ਕਿ ਹੁਣ ਜਗਦੀਸ਼ ਦਾ ਸਿਮਰਨ ਕਰਉ। ਸ਼ਿਆਮ ਜੀ ਹੁਣ ਏਥੇ ਆ ਨਹੀਂ ਸਕਦੇ ਇਸ ਦਾ ਉੱਤਰ ਉਨ੍ਹਾਂ ਦਰਦ ਭਰੇ ਹਿਰਦਿਆਂ ਵਿੱਚੋਂ ਇਉਂ ਨਿਕਲਿਆ, ਊਧਉ ਮਨ ਨਹੀਂ ਦੱਸ ਬੀਸ, ਏਕਾ ਮਨ ਸੀ ਜੋ ਸ਼ਿਆਮ ਜੀ ਲੈ ਗਏ ਕਉਣ ਭਜੈ ਜਗਦੀਸ।

ਆਉ ਅਸੀਂ ਭੀ ਉਸ ਪ੍ਰੇਮ ਨੂੰ ਅਪੜ ਕੇ ਗੋਕਲ ਦੀਆਂ ਗੁਆਰਨਾਂ ਵਾਂਗ ਪ੍ਰੀਤਮ ਦਾ ਪੱਲਾ ਫੜਕੇ ਆਖੀਏ, ਲਾਲ! ਸੋਹਣੇ ਲਾਲ!! ਛੱਡਕੇ ਨਾ ਜਾਈਂ!!! ਜਿਵੇਂ ਗੋਕਲ ਤੋਂ ਟੁਰਦੇ ਸ਼ਿਆਮ ਜੀ ਦੇ ਗੁਆਰਨ ਹਾੜੇ ਕੱਢਦੀ ਸੀ ਤਿਵੇਂ ਕਬੀਰ ਜੀ ਨਾਲ ਮਿਲਕੇ ਅਸੀਂ ਭੀ ਉਥੇ ਅਪੜਕੇ ਆਖੀਏ ਦਾਤਾ:

ਮੋਕਉ ਛੋਡਿ ਆਊ ਨਾ ਜਾਹੂ ਰੇ॥
ਮੋਕਉ ਛੋਡਿ ਆਊ ਨਾ ਜਾਹੂ ਰੇ॥

ਕਿਆ ਅਜੀਬ ਤਰਲਾ ਹੈ। ਕੈਸੀ ਡੂੰਘੀ ਬਿਰਹਾ ਦੀ ਨਦੀ ਵਿੱਚੋਂ ਲਹਿਰ ਉਠ ਰਹੀ ਹੈ। ਆਪ ਮੁਹਾਰੇ ਚਿਤ ਏਥੇ ਹੀ ਤਾਰੀਆਂ ਲੈਣ ਨੂੰ ਲੋਚਦਾ ਹੈ। (ਗੁਰੂ ਗ੍ਰੰਥ ਦਰਪਣ ਸਫ਼ਾ 957)

ਹਵਾਲਾ ਦੇਕੇ ਆਖਦੇ ਹਨ ਕਿ ਪ੍ਰਭੂ ਨੂੰ ਕਿਸੇ ਦਾ ਉੱਚਾ ਮਰਤਬਾ ਜਾਂ ਉੱਚੀ ਜਾਤਿ ਕਬੂਲ ਨਹੀਂ। ਪ੍ਰੇਮ ਹੀ ਚੰਗਾ ਲੱਗਦਾ ਹੈ। (ਗੁਰੂ ਗ੍ਰੰਥ ਦਰਪਣ 960)

ਗਉੜੀ ਰਾਗ ਦੇ ਇਸ ਪਦੇ ਅੰਦਰ; ਕ੍ਰਿਸ਼ਨ ਜੀ ਦਾ ਸਰੂਪ ਦੇਖ ਕੇ ਗੁਆਰਨ ਦਾ ਮੋਹਿਆ ਜਾਣਾ, ਫਿਰ ਪ੍ਰੇਮ ਦੀ ਫਾਸੀ ਵਿੱਚ ਫਸਾਉਣ, ਅੰਤ ਫਸ ਜਾਣ ਦਾ ਵਰਣਨ ਹੈ। ਕਬੀਰ ਜੀ ਦਾ ਇਹ ਕਹਿਣਾ,- ਤੇਰੇ ਚਰਨਾਂ ਨਾਲ ਮੇਰਾ ਮਨ ਲੱਗਿਆ ਹੋਇਆ, ਜਿਸ ਦਾ ਸੰਜੋਗ ਵੱਡੇ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੁੰਦਾ ਹੈ। ਬ੍ਰਿੰਦਾਬਨ- ਤੁਲਸੀ ਦੇ ਜੰਗਲ ਵਿੱਚ ਮਨਾਂ ਦੇ ਹਰਨ ਵਾਲੀ ਮਨੋਹਰ ਹਸਤੀ, ਕ੍ਰਿਸ਼ਨ ਜੀ ਦਾ ਗਊਆਂ ਚਰਾਉਣ ਦੀ ਕ੍ਰੀੜਾ ਦੀ ਉਸਤਤੀ ਹੈ। ਕ੍ਰਿਸ਼ਨ ਜੀ ਦਾ ਧਿਆਨ ਧਰਕੇ, ਕਬੀਰ ਜੀ ਕਹਿੰਦੇ ਹਨ, ਜਿਵੇਂ ਉਹ ਗੁਆਲਣ ਤੁਹਾਡੇ ਤੋਂ ਵਾਰਨੇ ਜਾਂਦੀ ਹੈ, ਮੇਰਾ ਮਨ ਵੀ ਉਸ ਦੇ ਵਾਂਗ ਤੁਹਾਡੀ ਪ੍ਰੀਤ ਵਿੱਚ ਵਿਕਿਆ ਹੋਇਆ ਹੈ।

ਚਲਦਾ......

# ਰੈਪਰ ਬਾਦਸ਼ਾਹ ਨੂੰ ਹਾਈਕੋਰਟ ਵੱਲੋਂ ਵੱਡੀ ਰਾਹਤ: ਗ੍ਰਿਫ਼ਤਾਰੀ 'ਤੇ ਫਿਲਹਾਲ ਰੋਕ



ਚੰਡੀਗੜ੍ਹ: ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਮਸ਼ਹੂਰ ਗਾਇਕ ਅਤੇ ਰੈਪਰ ਬਾਦਸ਼ਾਹ ਨੂੰ ਟਟੀਹਰੀ ਗੀਤ ਨਾਲ ਜੁੜੇ ਵਿਵਾਦ ਵਿੱਚ ਵੱਡੀ ਰਾਹਤ ਦਿੱਤੀ ਹੈ। ਅਦਾਲਤ ਨੇ ਬਾਦਸ਼ਾਹ ਦੀ ਗ੍ਰਿਫ਼ਤਾਰੀ ਤੇ ਫਿਲਹਾਲ ਰੋਕ ਲਗਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਹਰਿਆਣਾ ਮਹਿਲਾ ਕਮਿਸ਼ਨ ਨੇ ਬਾਦਸ਼ਾਹ ਦੇ ਪੇਸ਼ ਨਾ ਹੋਣ ਤੇ ਪੰਚਕੂਲਾ ਦੇ ਐੱਸ. ਐੱਸ. ਪੀ. ਨੂੰ ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕੀਤੇ ਸਨ।

**ਕੀ ਹੈ ਪੂਰਾ ਮਾਮਲਾ?**

ਬਾਦਸ਼ਾਹ ਦੇ ਹਾਲ ਹੀ ਵਿੱਚ ਰਿਲੀਜ਼ ਹੋਏ ਗੀਤ `ਟਟੀਹਰੀ ਦੇ ਬੋਲਾਂ ਨੂੰ ਲੈ ਕੇ ਹਰਿਆਣਾ ਵਿੱਚ ਦੋ ਵੱਖ-ਵੱਖ ਮਾਮਲੇ ਦਰਜ ਹਨ। ਹਰਿਆਣਾ ਮਹਿਲਾ ਕਮਿਸ਼ਨ ਨੇ ਗੀਤ ਵਿੱਚ ਵਰਤੀ ਗਈ ਕਥਿਤ ਅਸ਼ਲੀਲ ਸ਼ਬਦਾਵਲੀ ਦਾ ਸਖ਼ਤ ਨੋਟਿਸ ਲੈਂਦਿਆਂ ਬਾਦਸ਼ਾਹ ਨੂੰ ਪਾਣੀਪਤ ਵਿੱਚ ਪੇਸ਼ ਹੋਣ ਲਈ ਕਿਹਾ ਸੀ।

**ਅਦਾਲਤੀ ਕਾਰਵਾਈ ਅਤੇ ਰਾਹਤ:**

**ਗ੍ਰਿਫ਼ਤਾਰੀ ਤੇ ਰੋਕ:** ਬਾਦਸ਼ਾਹ ਨੇ ਮਹਿਲਾ ਕਮਿਸ਼ਨ ਦੇ ਹੁਕਮਾਂ ਖ਼ਿਲਾਫ਼ ਹਾਈਕੋਰਟ ਵਿੱਚ ਪਟੀਸ਼ਨ ਪਾਈ ਸੀ, ਜਿਸ ਤੇ ਸੁਣਵਾਈ ਕਰਦਿਆਂ ਅਦਾਲਤ ਨੇ ਰਾਹਤ ਪ੍ਰਦਾਨ ਕੀਤੀ।

**ਲੁੱਕ-ਆਊਟ ਨੋਟਿਸ:** ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਪੁਲਿਸ ਹੁਣ ਬਾਦਸ਼ਾਹ ਖ਼ਿਲਾਫ਼ ਜਾਰੀ ਲੁੱਕ-ਆਊਟ ਨੋਟਿਸ ਨੂੰ ਵੀ ਵਾਪਸ ਲਵੇਗੀ।

**ਪੇਸ਼ੀ ਤੋਂ ਛੋਟ:** ਇਸ ਤੋਂ ਪਹਿਲਾਂ 14 ਮਾਰਚ ਅਤੇ (19 ਮਾਰਚ) ਨੂੰ ਬਾਦਸ਼ਾਹ ਪੇਸ਼ ਨਹੀਂ ਹੋਏ ਸਨ। ਉਨ੍ਹਾਂ ਦੇ ਵਕੀਲਾਂ ਨੇ ਅਦਾਲਤ ਵਿੱਚ ਦਲੀਲ ਦਿੱਤੀ ਸੀ ਕਿ ਬਾਦਸ਼ਾਹ ਆਪਣੇ ਰੁਝੇਵਿਆਂ ਕਾਰਨ ਪੇਸ਼ ਨਹੀਂ ਹੋ ਸਕੇ ਅਤੇ ਉਨ੍ਹਾਂ ਨੇ ਪੇਸ਼ੀ ਲਈ ਹੋਰ ਸਮਾਂ ਮੰਗਿਆ ਸੀ।

# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**


ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

**PANJAB TIMES,** Bridle Gate Lane, Alvaston, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...



ਪਾਠ 26

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Last week, we made two letter words. Let us make three or more letter words with ਤ, ਥ, ਦ, ਧ, ਨ. Some times you need sound modifiers to make the right sound, but we will make just MUKTA words.

| | | | | |
|---|---|---|---|---|
| ਤਰਕ | ਤਰਸ | ਤਰਲ | ਤਕਣ | ਤਲਵਣ |
| ਥਮਣ | ਥਲਥਲ | ਥਰਮਸ | ਦਰਦ | ਦਰਜਨ |
| ਧਰਮ | ਧਕੜ | ਨਕਲ | ਨਸਲ | ਨਫ਼ਰਤ |

Class Exercise : Make three letter words which at least use one of the letters - ਤ, ਥ, ਦ, ਧ, ਨ

Note: Certain words above require the use of adhak; for the purpose of this activity we are leaving these words in mukta form

Page 52 Level I

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼



ਗੁਰ- ਦੁਆਰਾ ਬਟ ਤੀਰਥ ਸਾਹਿਬ ਹਰੀਪੁਰ

## ਹਰਿਰਾਏਪੁਰ

ਪੰਜਾਬ ਦੇ ਬਠਿੰਡਾ ਸ਼ਹਿਰ ਦੇ ਉੱਤਰ ਵੱਲ 19 ਕਿਲੋਮੀਟਰ ਦੂਰ ਇਹ ਪਿੰਡ ਹੈ। ਬਠਿੰਡਾ ਦਾ ਅਕਸ਼ਾਂਸ਼ 300-14 ਅਤੇ ਰੇਖਾਂਸ਼ ਦੇਸ਼ਾਂਤਰ 740-59 ਹੈ। ਇਸ ਪਿੰਡ ਵਿੱਚ ਗੁਰੂ ਹਰਿਰਾਏ ਸਾਹਿਬ ਇਕ ਵੇਰ ਮਾਲਵਾ ਖਿੱਤੇ ਦੇ ਪ੍ਰਚਾਰ ਦੌਰੇ ਸਮੇਂ ਆ ਕੇ ਠਹਿਰੇ ਸਨ। ਇਸ ਪਿੰਡ ਨੂੰ ਬੋਖਾਰੀ ਵੀ ਆਖਿਆ ਜਾਂਦਾ ਹੈ। ਇਹ ਪਿੰਡ ਗੁਨਿਆਣਾ ਰੇਲਵੇ ਸਟੇਸ਼ਨ ਤੋਂ ਕੇਵਲ ਪੰਜ ਕਿਲੋਮੀਟਰ ਦੂਰ ਹੈ। ਇਸ ਪਿੰਡ ਦਾ ਪੁਰਾਣਾ ਨਾਂ ਬੋਖਾਰੀ 1960 ਵਿੱਚ ਬਦਲ ਕੇ ਹਰਿਰਾਏਪੁਰ ਰੱਖਿਆ ਗਿਆ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵੀ ਇਸ ਪਿੰਡ ਵਿੱਚ ਆਪਣੇ ਚਰਨ ਪਾਏ ਹਨ।

ਅਜੋਕੀ ਇਮਾਰਤ 1928 ਵਿੱਚ ਪਿੰਡ ਦੇ ਉੱਤਰ-ਪੱਛਮ ਵੱਲ 400 ਮੀਟਰ ਦੂਰ ਹੈ। ਇਤਿਹਾਸਕ ਅਸਥਾਨ ਨੂੰ ਗੁਰਦੁਆਰਾ ਸ੍ਰੀ ਗੁਰੂ ਹਰਿਰਾਏ ਸਾਹਿਬ ਆਖਿਆ ਜਾਂਦਾ ਹੈ। ਇਸ ਵਿੱਚ ਇਕ ਵੱਡਾ ਹਾਲ, ਸਾਹਮਣੇ ਪ੍ਰਕਾਸ਼ ਅਸਥਾਨ ਸੁਸ਼ੋਭਿਤ ਹੈ। ਗੁਰੂ ਕਾ ਲੰਗਰ ਅਤੇ ਰਿਹਾਇਸ਼ੀ ਕਮਰੇ ਨਾਲ ਵਾਲੇ ਅਹਾਤੇ ਵਿੱਚ ਬਣੇ ਹਨ। ਇਕ ਸਰੋਵਰ ਅਤੇ ਵੱਡੇ ਦੀਵਾਨਾਂ ਵਾਸਤੇ ਅਹਾਤਾ ਬਾਅਦ ਵਿੱਚ ਬਣਾਏ ਗਏ ਹਨ। ਗੁਰ-ਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਇਸ ਨਾਲ ਲੱਗਦੀ ਜ਼ਮੀਨ 'ਤੇ ਕਬਜ਼ਾ ਕਿਸੇ ਮਹੰਤ ਨੇ ਕੀਤਾ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

ਪੁਸਤਕ ਸੂਚੀ:-1. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996

## ਹਰੀਪੁਰਾ

ਪੰਜਾਬ ਦੇ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਪਿੰਡ ਹਰੀਪੁਰਾ ਆਉਂਦਾ ਹੈ। ਇਹ ਅਬੋਹਰ ਦੇ ਪੱਛਮ ਵੱਲ 15 ਕਿਲੋਮੀਟਰ ਦੂਰ ਹੈ। ਇਸ ਪੁਰਾਤਨ ਪਿੰਡ ਵਿੱਚ ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਮੁਬਾਰਕ ਕਦਮ ਪਏ ਹਨ। ਅਬੋਹਰ ਦਾ ਅਕਸ਼ਾਂਸ਼ 300-8 ਅਤੇ ਰੇਖਾਂਸ਼ ਦੇਸ਼ਾਂਤਰ 740-12 ਹੈ। ਇਕ ਡੂੰਘਾ ਤਲਾਬ ਪਿੰਡ ਦੇ ਉੱਤਰ ਵੱਲ ਪੁਰਾਤਨ ਯਾਤਰੂਆਂ ਲਈ ਪ੍ਰਸਿੱਧ ਹੈ, ਜਿਸ ਨੂੰ ਬਟ ਤੀਰਥ ਆਖਿਆ ਜਾਂਦਾ ਹੈ। ਇਸੇ ਤਲਾਬ ਦੇ ਕਿਨਾਰੇ ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਇਤਿਹਾਸਕ ਗੁਰਦੁਆਰਾ ਹੈ। ਗੁਰੂ ਨਾਨਕ ਸਾਹਿਬ ਆਪਣੀ ਪ੍ਰਚਾਰ ਫੇਰੀ ਸਮੇਂ ਇਥੇ ਆਏ ਸਨ। ਗੁਰੂ ਗੋਬਿੰਦ ਸਿੰਘ ਸਾਹਿਬ 1706 ਵਿੱਚ ਮੁਕਤਸਰ ਦੀ ਜੰਗ ਤੋਂ ਤੁਰੰਤ ਬਾਅਦ ਆਏ ਸਨ। ਗੁਰ-ਦੁਆਰਾ ਚਰਨ ਪਾਕਿ ਪਾਤਸ਼ਾਹੀ ਪਹਿਲੀ ਬਟ ਤੀਰਥ ਦੇ ਕਿਨਾਰੇ 1876 ਵਿੱਚ ਬਣਾਇਆ ਗਿਆ। ਅਜੋਕੀ ਇਮਾਰਤ ਫਰਵਰੀ-ਮਾਰਚ 1947 ਵਿੱਚ ਬਣੀ ਹੈ ਜਦੋਂ ਤਲਾਬ ਨੂੰ ਵੀ ਠੀਕ ਕੀਤਾ ਗਿਆ। ਗੁਰੂ ਗ੍ਰੰਥ ਸਾਹਿਬ ਸਮਕੋਨ ਹਾਲ ਦੇ ਅੰਦਰ ਇਕ ਪਾਸੇ ਉੱਚੀ ਪਾਲਕੀ 'ਤੇ ਪ੍ਰਕਾਸ਼ ਕੀਤਾ ਜਾਂਦਾ ਹੈ। ਇਹ ਗੁਰਦੁਆਰਾ ਸਾਹਿਬ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਆਉਂਦਾ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਇਸ ਪਿੰਡ ਵਿੱਚ ਬਹੁਤ ਹੀ ਘੱਟ ਸਿੱਖ ਪਰਿਵਾਰ ਹਨ, ਪਰ ਗ਼ੈਰ-ਸਿੱਖ, ਸਿੱਖ ਪਰਿਵਾਰਾਂ ਨਾਲ ਮਿਲ ਕੇ ਆਸ-ਪਾਸ ਦੇ ਪਿੰਡਾਂ ਤੋਂ ਆ ਕੇ ਚਾਨਣੀ ਰਾਤ ਵਿੱਚ ਸਰੋਵਰ ਵਿੱਚ ਇਸ਼ਨਾਨ ਕਰਦੇ ਹਨ ਅਤੇ ਦੀਵਾਨ ਸਜਾਉਂਦੇ ਹਨ। ਜਨਵਰੀ-ਫ਼ਰਵਰੀ ਵਿੱਚ ਭਾਰੀ ਜੋੜ-ਮੇਲਾ ਹੁੰਦਾ ਹੈ, ਜਦੋਂ ਗੁਰੂ ਨਾਨਕ ਸਾਹਿਬ ਦਾ ਜਨਮ-ਉਤਸਵ ਹੁੰਦਾ ਹੈ।

ਪੁਸਤਕ ਸੂਚੀ:-1. ਠਾਕਰ ਸਿੰਘ- ਸ੍ਰੀ ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923 2. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990 3. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975 4. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਚੌਥੀ, ਪਟਿਆਲਾ, 1998

## ਹੜੱਪਾ

ਪਾਕਿਸਤਾਨ ਦੇ ਜ਼ਿਲ੍ਹਾ ਸਾਹੀਵਾਲ (ਮਿੰਟਗੁਮਰੀ) ਦਾ ਇਕ ਪੁਰਾਤਨ ਸ਼ਹਿਰ ਹੜੱਪਾ ਹੈ। ਇਹ ਸ਼ਹਿਰ ਹਜ਼ਰਤ ਈਸਾ ਤੋਂ ਕਈ ਹਜ਼ਾਰ ਸਾਲ ਪਹਿਲਾਂ ਹੀ ਆਬਾਦ ਸੀ। ਰੱਬੀ ਆਫ਼ਤ ਜਾਂ ਬਾਹਰੀ ਹੱਲਿਆਂ ਕਾਰਨ ਥੇਹ ਦੀ ਢੇਰੀ ਹੋਇਆ ਸੀ। ਇਥੇ ਸੋਨੇ-ਚਾਂਦੀ ਦੀਆਂ ਅਨੇਕ ਵਸਤਾਂ ਤੋਂ ਇਲਾਵਾ ਲਿਖਤੀ ਮੁਹਰਾਂ ਦੀ ਮਿਲੀਆਂ ਹਨ, ਜੋ ਪੜ੍ਹੀਆਂ ਨਹੀਂ ਜਾ ਸਕੀਆਂ। ਇਸ ਥੇਹ ਤੋਂ ਦੱਖਣ ਵੱਲ ਕੋਈ ਸਵਾ ਕਿਲੋਮੀਟਰ ਦੀ ਦੂਰੀ ਉੱਤੇ ਰੁੱਖਾਂ ਦੀ ਬਹੁਤਾਤ ਅੰਦਰ ਗੁਰੂ ਨਾਨਕ ਸਾਹਿਬ ਦਾ ਇਤਿਹਾਸਕ ਅਸਥਾਨ ਨਾਨਕਸਰ ਦੂਰੋਂ ਨਜ਼ਰੀਂ ਪੈਂਦਾ ਹੈ। ਇਸ ਦੀ ਇਮਾਰਤ ਬਹੁਤ ਹੀ ਸੁੰਦਰ ਅਤੇ ਆਲੀਸ਼ਾਨ ਹੈ। ਪ੍ਰਕਾਸ਼ ਅਸਥਾਨ ਦੇ ਨੇੜੇ ਹੀ ਇਕ ਵਿਸ਼ਾਲ ਸਰੋਵਰ ਹੈ। ਪਹਿਲਾਂ ਇਕ, ਦੋ ਤੇ ਤਿੰਨ ਚੇਤਰ ਨੂੰ ਭਾਰੀ ਜੋੜ-ਮੇਲਾ ਹੁੰਦਾ ਸੀ। ਇਸ ਸਮੇਂ ਇਸ ਪਵਿੱਤਰ ਅਸਥਾਨ ਵਿੱਚ ਹੜੱਪਾ ਦਾ ਸਰਕਾਰੀ ਕਾਲਜ ਚੱਲ ਰਿਹਾ ਹੈ, ਜੋ ਗੌਰਮਿੰਟ ਕਾਲਜ ਹੜੱਪਾ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਨਾਲ ਬੇਅੰਤ ਰਿਹਾਇਸ਼ੀ ਕਮਰੇ ਹਨ। ਇਕ ਵਿਸ਼ਾਲ ਬਾਗ ਅਤੇ ਖੂਹ ਤੋਂ ਇਲਾਵਾ 10 ਏਕੜ ਜ਼ਮੀਨ ਵੀ ਇਸ ਦੀ ਜਗੀਰ ਹੈ। ਅਜੋਕੀ ਇਮਾਰਤ 18 ਦਸੰਬਰ 1941 ਨੂੰ ਸ਼ੁਰੂ ਹੋਈ ਸੀ। ਨੀਂਹ ਪੱਥਰ ਸੰਤ ਸੰਗਤ ਸਿੰਘ (ਕਮਾਲੀਆ ਨਿਵਾਸੀ) ਨੇ 4 ਪੋਹ ਸੰਮਤ 1998 ਨੂੰ ਰੱਖਿਆ ਸੀ। ਵੱਡਾ ਚਿੱਟਾ ਗੁੰਬਦ ਦੂਰੋਂ ਨਜ਼ਰੀਂ ਪੈਂਦਾ ਹੈ। ਹੜੱਪਾ ਦਾ ਅਕਸ਼ਾਂਸ਼ 300-48 ਅਤੇ ਰੇਖਾਂਸ਼ ਦੇਸ਼ਾਂਤਰ 720-52 ਹੈ।

ਪੁਸਤਕ ਸੂਚੀ:-1. ਇਕਬਾਲ ਕੇਸਰ- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998 2. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਹਾਫ਼ਿਜ਼ਾਬਾਦ

ਹਾਫ਼ਿਜ਼ਾਬਾਦ, ਪਾਕਿਸਤਾਨ ਦਾ ਸਬ-ਡਵੀਜ਼ਨ ਸ਼ਹਿਰ ਹੈ ਜੋ ਜ਼ਿਲ੍ਹਾ ਗੁਜਰਾਂਵਾਲਾ ਵਿੱਚ ਆਉਂਦਾ ਹੈ। ਹਾਫ਼ਿਜ਼ਾਬਾਦ ਦਾ ਅਕਸ਼ਾਂਸ਼ 320-4 ਅਤੇ ਰੇਖਾਂਸ਼ ਦੇਸ਼ਾਂਤਰ 730-41 ਹੈ। ਇਸ ਸ਼ਹਿਰ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦਾ ਪਵਿੱਤਰ ਅਸਥਾਨ ਹੈ, ਜਿਸ ਨੂੰ ਰੂੜੀ ਸਾਹਿਬ ਅਤੇ ਕਿੱਲਾ ਸਾਹਿਬ ਕਰਕੇ ਵੀ ਯਾਦ ਕੀਤਾ ਜਾਂਦਾ ਹੈ।

ਗੁਰੂ ਹਰਿਗੋਬਿੰਦ ਸਾਹਿਬ 1620 ਨੂੰ ਕਸ਼ਮੀਰ ਤੋਂ ਮੁੜਦੇ ਸਾਰ ਰਸੂਲ ਨਗਰ ਤੋਂ ਚੱਲ ਕੇ ਕੁਝ ਦੇਰ ਇਥੇ ਠਹਿਰੇ ਸਨ। ਜਿਥੇ ਗੁਰੂ ਸਾਹਿਬ ਨੇ ਘੋੜਾ ਬੰਨ੍ਹਿਆ, ਉਸ ਨੂੰ ਕਿੱਲਾ ਸਾਹਿਬ ਅਤੇ ਜਿਥੇ ਆਪ ਜੀ ਨੇ ਆਰਾਮ ਕੀਤਾ ਉਹ ਰੂੜੀ ਸਾਹਿਬ ਕਰਕੇ ਪ੍ਰਸਿੱਧ ਹੋ ਗਏ। ਇਹ ਇਤਿਹਾਸਕ ਅਸਥਾਨ ਗੁਰਦੁਆਰਾ ਛੇਵੀਂ ਪਾਤਸ਼ਾਹੀ ਕਰਕੇ ਪ੍ਰਸਿੱਧ ਹੈ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 1947 ਤੋਂ ਪਹਿਲਾਂ ਕਰਦੀ ਸੀ। ਪਹਿਲਾਂ ਇਹ ਅਸਥਾਨ ਕੱਚਾ ਸੀ, ਫਿਰ ਸਿੱਖ ਸੰਗਤਾਂ ਦੇ ਉੱਦਮ ਨਾਲ ਨਵੀਂ ਇਮਾਰਤ ਉਸਾਰੀ ਗਈ। ਇਸ ਅਸਥਾਨ ਨਾਲ 40 ਏਕੜ ਜ਼ਮੀਨ ਹਾਫ਼ਿਜ਼ਾਬਾਦ ਵਿੱਚ ਅਤੇ 28 ਏਕੜ ਜ਼ਮੀਨ ਪਿੰਡ ਬਟੇਰੇ ਵਿੱਚ ਸਿੱਖ ਰਾਜ ਸਮੇਂ ਦੀ ਹੈ। 15 ਹਾੜ ਨੂੰ ਮੇਲਾ ਲੱਗਦਾ ਸੀ। ਇਕ ਕਪੂਰ ਪਰਿਵਾਰ ਵੱਲੋਂ ਵੀ ਬਹੁਤ ਸਾਰੀ ਜਗੀਰ ਦਰਬਾਰ ਨਾਲ ਲੱਗੀ ਹੋਈ ਹੈ। ਪ੍ਰਸਿੱਧ ਪਾਕਿਸਤਾਨ ਦੇ ਤਵਾਰੀਖਦਾਨ ਜਨਾਬ ਇਕਬਾਲ ਕੇਸਰ ਅਨੁਸਾਰ (1998 ਵਿੱਚ) ਕੁਝ ਵਰ੍ਹੇ ਪਹਿਲਾਂ ਇਸ ਅਸਥਾਨ ਅੰਦਰ ਇਕ ਕਬਰ ਬਣਾ ਦਿੱਤੀ ਗਈ ਹੈ। ਇਸ ਅੰਦਰ ਕੋਈ ਵੀ ਮਨੁੱਖ ਦਫ਼ਨ ਨਹੀਂ ਹੈ, ਇਹ ਖਾਲੀ ਕਬਰ ਹੈ, ਜਿਸ ਨੂੰ ਲਾਲਾਂ ਵਾਲੀ ਸਰਕਾਰ ਕਰਕੇ ਜਾਣਿਆ ਜਾਂਦਾ ਹੈ। ਇਸ ਪਾਰੋਂ ਮੇਲੇ ਦੀ ਰੀਤ ਵੀ ਬਣੀ ਹੋਈ ਹੈ। ਇਮਾਰਤ ਬਹੁਤ ਹੀ ਖ਼ੂਬਸੂਰਤ ਹੈ ਅਤੇ ਉੱਪਰ ਇਕ ਵੱਡਾ ਗੁੰਬਦ ਹੈ, ਜਿਸ ਨੂੰ ਹੁਣ ਸਬਜ਼ ਰੰਗ ਕਰ ਦਿੱਤਾ ਗਿਆ ਹੈ। ਇਹ ਅਸਥਾਨ ਗੁਰੂ ਨਾਨਕ ਪੁਰੇ ਮੁਹੱਲੇ ਵਿੱਚ ਸਥਤ ਹੈ।

ਹਾਫ਼ਿਜ਼ਾਬਾਦ ਸ਼ਹਿਰ, ਅਕਬਰ ਬਾਦਸ਼ਾਹ ਦੇ ਮਾਲੀ ਅਹੁਦੇਦਾਰ ਹਾਫ਼ਿਜ਼ ਨੇ ਵਸਾਇਆ ਹੈ। ਇਹ ਸ਼ਹਿਰ ਸਿੱਖ ਤਵਾਰੀਖ ਵਿੱਚ ਇਸ ਲਈ ਵੀ ਪ੍ਰਸਿੱਧ ਹੈ, ਕਿਉਂਕਿ 1994 ਵਿੱਚ ਜਨਮਸਾਖੀ ਦਾ ਖਰੜਾ ਭਾਈ ਗੁਰਮੁਖ ਸਿੰਘ ਆਫ਼ ਓਰੀਐਂਟ ਕਾਲਜ, ਲਾਹੌਰ ਨੇ ਇਥੋਂ ਹੀ ਲੱਭਿਆ ਸੀ, ਜਿਸ ਕਾਰਨ ਹਾਫ਼ਿਜ਼ਾਬਾਦ ਜਨਮ ਸਾਖੀ ਪ੍ਰਸਿੱਧ ਹੋ ਗਈ।

ਪੁਸਤਕ ਸੂਚੀ:-1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990 2. ਇਕਬਾਲ ਕੇਸਰ- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998 3. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996

## ਹਾਬਰ

ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦਾ ਇਕ ਪਿੰਡ ਹਾਬਰ ਹੈ, ਜੋ ਜਗਰਾਉਂ ਤੋਂ 20 ਕਿਲੋਮੀਟਰ ਦੂਰ ਦੱਖਣ ਵੱਲ ਹੈ। ਇਸ ਪਿੰਡ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦਾ ਇਤਿਹਾਸਕ ਅਸਥਾਨ ਗੁਰਦੁਆਰਾ ਛੇਵੀਂ ਪਾਤਸ਼ਾਹੀ ਹੈ। ਗੁਰੂ ਹਰਿਗੋਬਿੰਦ ਸਾਹਿਬ ਇਸ ਪਿੰਡ ਵਿੱਚ 1634-35 ਵਿੱਚ ਆਏ ਸਨ। ਅਜੋਕੀ ਇਮਾਰਤ ਜੋ ਪੰਜ ਮੰਜ਼ਲੀ ਹੈ, 1980 ਵਿੱਚ ਬਣਾਈ ਗਈ ਹੈ। ਇਸ ਵਿੱਚ ਇਕ ਵੱਡਾ ਹਾਲ, ਜ਼ਮੀਨੀ ਮੰਜ਼ਲ ਵਿੱਚ ਹੈ, ਜਿਸ ਦੀ ਇਕ ਨੁੱਕਰ ਵਿੱਚ ਪ੍ਰਕਾਸ਼ ਅਸਥਾਨ ਬਣਿਆ ਹੋਇਆ ਹੈ। ਗੁਰਦੁਆਰੇ ਦੀ ਸੇਵਾ-ਸੰਭਾਲ ਮੁਕਾਮੀ ਸੰਗਤ ਕਰਦੀ ਹੈ ਅਤੇ ਪਿੰਡ ਦੀ ਕਮੇਟੀ ਪ੍ਰਬੰਧ ਵਿੱਚ ਜੁਟੀ ਰਹਿੰਦੀ ਹੈ।

ਜਗਰਾਉਂ ਦਾ ਅਕਸ਼ਾਂਸ਼ 300-47 ਅਤੇ ਰੇਖਾਂਸ਼ ਦੇਸ਼ਾਂਤਰ 750-28 ਹੈ। ਇਸ ਪਿੰਡ ਵਿੱਚ ਗੁਰੂ ਸਾਹਿਬ ਦੇ ਚਰਨ ਪੈਣ ਤੋਂ ਪਹਿਲਾਂ ਲੋਕੀਂ ਸੁਲਤਾਨੀਆ ਸੰਪਰਦਾ ਦੇ ਉਪਾਸ਼ਕ ਸਨ। ਗੁਰੂ ਸਾਹਿਬ ਦੀ ਪ੍ਰਚਾਰ ਫੇਰੀ ਸਮੇਂ ਸਾਰੇ ਪਿੰਡ ਵਾਸੀਆਂ ਨੇ ਸਿੱਖ ਧਰਮ ਵਿੱਚ ਸ਼ਾਮਿਲ ਹੋ ਕੇ ਫ਼ਖ਼ਰ ਮਹਿਸੂਸ ਕੀਤਾ।

ਪੁਸਤਕ ਸੂਚੀ:-1. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996 2. ਦਿਲਗੀਰ, ਹਰਜਿੰਦਰ ਸਿੰਘ (ਡਾ.)- ਦੀ ਸਿੱਖ ਰੈਫ਼ਰੈਂਸ ਬੁੱਕ, ਕੈਨੇਡਾ, 1997

ਬਾਕੀ ਅਗਲੇ ਹਫ਼ਤੇ ਪੜ੍ਹੋ

# ਕਾਵਿ-ਕਿਆਰੀ




## ਜਲਾਵਤਨ ਜੰਗੀ ਜਰਨੈਲ ਯੋਧੇ

**ਜਥੇਦਾਰ ਭਾਈ ਮਹਿਲ ਸਿੰਘ 'ਬੱਬਰ' ਦਾਸੂਵਾਲ ਦੀ ਮਹਾਨ ਪੰਥਕ ਘਾਲ ਨੂੰ ਸਮਰਪਿਤ .. (ਕਾਵਿ)**

24 ਮਾਰਚ, 2025

ਸੰਤ ਸਿਪਾਹੀ, " ਬੱਬਰ' ਸੂਰਮੇ
ਕਰਿ ਗਏ ਘਾਲ ਲਾਸਾਨੀ !
ਜਥੇਦਾਰ ਭਾਈ ਮਹਿਲ ਸਿੰਘ" ਜੀ
ਧੰਨ ਧੰਨ ਧੰਨ ਕੁਰਬਾਨੀ !

ਆਠਿ ਪਹਿਰ ਪ੍ਰਭਿ ਬਾਣੀ ਸਿਮਰਨ
ਹਰਿ ਗੁਰ ਰਸਨਾ ਕਹਿੰਦੇ !
ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ
ਆਖਣਿ ਉੱਠਦੇ ਬਹਿੰਦੇ !
ਗੁਰੂ ਨਾਨਕ ਦੇ ਦਰ' ਤੋਂ ਪਾਇਆ
ਹਰਿ ਹਰਿ ਨਾਮ ਬਬਾਨੀ !
ਜਥੇਦਾਰ ਭਾਈ ਮਹਿਲ ਸਿੰਘ" ਜੀ
ਧੰਨ ਧੰਨ ਧੰਨ ਕੁਰਬਾਨੀ !

1978 ਵੈਸਾਖੀ, "ਸਾਕਾ' ਵਰਤਿਆ
ਪੈਰ, ਧਰਮ-ਯੁੱਧ' ਪਾਇਆ !
ਨਰਕ-ਧਾਰੀਆਂ, ਦਸ਼ਟਾਂ ਨੂੰ ਜਦੋਂ
ਚੁਣ ਚੁਣ ਮਾਰ ਮੁਕਾਇਆ !
ਬੱਬਰ ਯੋਧਿਆਂ ਧਾਂਕ ਸੀ ਪਾਈ
ਕੋਈ ਨੀ ਦਿੱਸਦਾ ਸਾਨੀ !
ਜਥੇਦਾਰ ਭਾਈ ਮਹਿਲ ਸਿੰਘ" ਜੀ
ਧੰਨ ਧੰਨ ਧੰਨ ਕੁਰਬਾਨੀ !

ਜੂਨ 1984, " ਸਾਕੇ' ਅੰਦਰ
ਘਾਲ ਸੀ ਵੱਡੀ ਕਮਾਈ !
ਬੱਬਰ ਸਿੰਘਾਂ ਦੇ ਮੋਰਚਿਆਂ ਦੀ
ਕੀਤੀ ਸੀ ਅਗਵਾਈ !
ਭਾਰਤੀ ਫੌਜ ਦੇ ਆਹੂ' ਲਾਹ 'ਤੇ
ਲੜ ਕੇ ਜੰਗ ਲਾਸਾਨੀ !
ਜਥੇਦਾਰ ਭਾਈ ਮਹਿਲ ਸਿੰਘ" ਜੀ
ਧੰਨ ਧੰਨ ਧੰਨ ਕੁਰਬਾਨੀ !

ਰੂਹਾਂ ਨੂੰ ਸੀ ਖਿੱਚ ਪਾਉਂਦੇ ਗੁਰਮੁਖਿ
ਗੱਜ ਕੇ ਫਤਹਿ ਬੁਲਾਉਂਦੇ !
ਬੱਬਰ ਜੁਝਾਰੂਆਂ ਸਿੰਘਾਂ ਨੂੰ ਜਦੋਂ
ਸੀਨੇ ਦੇ ਨਾਲ ਲਾਉਂਦੇ !
ਵੰਡਦੇ ਸੀ, ਖੁਸ਼ਬੋਈਆਂ' ਪਿਆਰੇ
ਅੰਤਰ, " ਤਪਸ਼' ਬੁਝਾਨੀ !
ਜਥੇਦਾਰ ਭਾਈ ਮਹਿਲ ਸਿੰਘ" ਜੀ
ਧੰਨ ਧੰਨ ਧੰਨ ਕੁਰਬਾਨੀ !

ਦ੍ਰਿੜ ਕਰਿ ਰਹੇ ਨਾ ਡੋਲੇ ਗੁਰਮੁਖਿ
ਬਖਸ਼ੀ ਗੁਰ ਵਡਿਆਈ !
ਕੀਤੀ ਹੋਈ, " ਅਰਦਾਸ' ਸਿੱਖ ਦੀ
ਸਤਿਗੁਰੂ ਤੋੜਿ ਨਿਭਾਈ !
ਖਾਲਿਸਤਾਨ ਦਾ, " ਕੇਸਰੀ ਪਰਚਮ'
ਝੂਲੇ ਵਿੱਚ ਅਸਮਾਨੀ !
ਜਥੇਦਾਰ ਭਾਈ ਮਹਿਲ ਸਿੰਘ" ਜੀ
ਧੰਨ ਧੰਨ ਧੰਨ ਕੁਰਬਾਨੀ !

ਆਈ ਆਗਿਆ, ਪਿਰਮ ਬੁਲਾਇਆ
ਖ਼ਿਨ ਨਹੀਂ ਦੇਰ ਲਗਾਈ !
ਗੁਰੂ ਨਾਨਕ ਦੇ ਦਰ' ਤੋਂ ਗੁਰਮੁਖਿ
ਵਸਤ, " ਅਗੋਚਰ' ਪਾਈ !
ਸੱਚਖੰਡ ਜਾਇ ਬਿਰਾਜੇ ਪਿਆਰੇ
ਕਰਿ ਗਏ ਘਾਲ ਲਾਸਾਨੀ !
ਜਥੇਦਾਰ ਭਾਈ ਮਹਿਲ ਸਿੰਘ" ਜੀ
ਧੰਨ ਧੰਨ ਧੰਨ ਕੁਰਬਾਨੀ !

ਨਨਕਾਣਾ ਸਾਹਿਬ ਦੀ ਮਿੱਟੀ ਅੰਦਰ
ਮਿੱਟੀ! ਰਲ਼ ਸਿੱਖ ਹੋਇਆ !
ਪਾਵਨ ਧਰਤਿ ਨੇ ਲਿਆ ਕਲਾਵੇ
ਅੰਤਰ ਜੋਤਿ' ਸਮੋਇਆ !
ਕੇਸਰੀ ਹੈ, " ਪ੍ਰਣਾਮ' ਪੰਥ ਦਾ
ਯੋਧਿਆ, ਘਾਲ ਲਾਸਾਨੀ !
ਜਥੇਦਾਰ ਭਾਈ ਮਹਿਲ ਸਿੰਘ" ਜੀ
ਧੰਨ ਧੰਨ ਧੰਨ ਕੁਰਬਾਨੀ !

**ਗੁਰਜੀਤ ਸਿੰਘ ਖਾਲਸਾ**
**ਐਡਮਿੰਟਨ ਸਿੱਖਜ਼, ਅਲਬਰਟਾ - ਕੈਨੇਡਾ**

* * * * * *

## ਹਕੀਕਤ

ਹਕੀਕਤ ਤਾਂ ਅੰਤ ਉੱਘੜੇਗੀ ਹੀ,
ਤੂੰ ਸੱਚ ਨੂੰ ਮੰਨ ਜਾਂ ਨਾ ਮੰਨ ਬਈ।
ਸਰਵਰ ਤਾਂ ਭਰ ਕੇ ਉੱਛਲੇਗਾ ਹੀ,
ਤੂੰ ਬਾਨ੍ਹਣੂੰ ਬੰਨ੍ਹ ਜਾਂ ਨਾ ਬੰਨ੍ਹ ਬਈ।

ਸੱਚੀ ਗੱਲ ਤਾਂ ਕੌੜੀ ਹੀ ਹੈ,
ਗਲੇ ਚੋਂ ਲੰਘਣੀ ਹੈ ਬੜੀ ਔਖੀ,
ਲੱਖ ਤੂੰ ਕੋਸ਼ਿਸ ਕਰ ਕੇ ਭਾਵੇਂ,
ਜ਼ਹਿਰ ਨੂੰ ਬਣਾ ਕਲਾਕੰਦ ਬਈ।

ਖੂਹ ਵਿੱਚ ਮਾਰੀ ਹਰ ਬੜ੍ਹਕ ਦਾ,
ਜਵਾਬ ਬਰਾਬਰ ਮਿਲਦਾ ਹੈ,
ਸੁਣਨੇ ਦੀ ਹਿੰਮਤ ਰੱਖ ਬੱਲਿਆ,
ਖੁਲ੍ਹੇ ਰੱਖ ਆਪਣੇ ਕੰਨ ਬਈ।

ਆਉਂ ਬਤਾਊਂ ਕਰ ਲੱਖ ਵਾਰੀ,
ਭਾਵੇਂ ਨੌਂ ਤੇਆਂ ਬਾਈ ਕਰ ਤੂੰ,
ਸੱਤੀਂ ਵੀਹੀਂ ਸੌ ਗਿਣ ਕੇ ਭਾਵੇਂ,
ਚਾੜ੍ਹੀ ਜਾਹ ਨਵਾਂ ਚੰਨ ਬਈ।

ਨੌਸਰਾਂ ਸਦਾ ਹੀ ਨਹੀਂ ਪੁੱਗਦੀਆਂ,
ਨਾ ਹੀ ਹੋਣ ਪੌ ਬਾਰਾਂ ਹਰ ਦਮ,
ਤਿੰਨ ਕਾਣੇ ਤੇਰੇ 'ਤੇ ਹੱਸਣ,
ਐਵੇਂ ਨਾ ਰਹਿ ਪਰਸੰਨ ਬਈ।

ਕਹਿੰਦੇ ਝੂਠ ਦੇ ਪੈਰ ਨਹੀਂ ਹੁੰਦੇ,
ਭਾਵੇਂ ਕਿੰਨੇ ਪੜਦੇ ਕੋਈ ਪਾਵੇ,
ਦੁਨੀਆ ਨੂੰ ਧੋਖੇ ਵਿੱਚ ਰੱਖ ਕੇ,
ਨਾ ਕਰਾ ਫੋਕੀ ਧੰਨ ਧੰਨ ਬਈ।

ਗੁਰੂ ਪੀਰ ਬਹੁਤ ਕੁੱਛ ਕਹਿ ਗਏ,
ਤੈਨੂੰ ਪੈਰ ਪੈਰ 'ਤੇ ਸਦੀਆਂ ਤੋਂ,
ਜੇ ਹਾਲੇ ਵੀ ਸਮਝ ਨਹੀਂ ਆਈ,
ਤਾਂ ਭਰਨਾ ਪਊਗਾ ਡੰਨ ਬਈ।


ਕੀਤੀ ਦਾ ਫਲ ਇੱਥੇ ਹੀ ਹੈ,
ਨਰਕ, ਸਵਰਗ ਵੀ ਇੱਥੇ ਹੀ,
ਨਾ ਰਹਿ ਕਿਸੇ ਭੁਲੇਖੇ ਵਿੱਚ ਤੂੰ,
ਇਸ ਤਰਕ ਨੂੰ ਦਿਲ ਤੋਂ ਮੰਨ ਬਈ।

ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ ਕੇ



* * * * *

## ਕਾਵਿ-ਵਿਅੰਗ
## ਹੱਥ ਸੋਚ ਕੇ ਪਾਈਏ !



**ਤਰਲੋਚਨ ਸਿੰਘ 'ਦੁਪਾਲ ਪੁਰ'**
001-408-905-5517

'ਪਵੇ ਗਲ਼' ਤਾਂ 'ਠੋਕ ਕੇ' ਰੱਖ ਦੇਈਏ
ਖਾ-ਮੁਖਾਹ ਨਾ ਟੰਗ ਅੜਾਈਏ ਜੀ।
ਲਾਏ ਹੋਏ ਅਨੁਮਾਨ ਜੇ ਗਲਤ ਹੋਵਣ
ਜੁਗਤੀ ਨਾਲ਼ ਪਿੱਛੇ ਹਟ ਜਾਈਏ ਜੀ।
ਸੁਪਨੇ ਵਿਚ ਜੇ ਮਹਿਲ ਕੋਈ ਖੜ੍ਹੇ ਕੀਤੇ
ਅੱਖਾਂ ਖੁਲ੍ਹਦੇ ਸਾਰ ਉਹ 'ਢਾਹੀਏ' ਜੀ।
'ਪੱਥਰ ਚੱਟ' ਕੇ ਪਿੱਛਾਂਹ ਨੂੰ ਪਰਤਦੇ ਜੋ
ਦੇਖ ਹੋਰਾਂ ਨੂੰ 'ਅਕਲ' ਵੀ ਚਾਹੀਏ ਜੀ।
ਸੁੱਤੀ ਪਈ ਜ਼ਮੀਰ ਜੇ 'ਜਾਗਦੀ' ਨਹੀਂ
ਥੋੜੀ ਬਹੁਤ ਤਾਂ ਸ਼ਰਮ ਫਿਰ ਖਾਈਏ ਜੀ।
ਵਿਰਸਾ ਅਗਲੇ ਦਾ ਪਰਖ ਪੜਚੋਲ ਕੇ ਤੇ
ਹੱਥ ਫੇਰ ਹੀ ਦੁਸ਼ਮਣ ਤਾਈਂ ਪਾਈਏ ਜੀ!

00000000000

## ਤਿੰਨ

ਖਾਹਿਸ਼ਾਂ ਦੀਆਂ ਜ਼ੁਲਫਾਂ ਸਾਂਭ ਜ਼ਰਾ
ਗੱਲ ਮੰਨ ਖਰੀ ਮਸਤਾਨੇ ਦੀ।
ਪੱਬ ਬੋਚ ਸੋਚ ਕੇ ਧਰ ਬੀਬਾ
ਵਿਗੜੀ ਹੈ ਹਵਾ ਜ਼ਮਾਨੇ ਦੀ।

ਇਹ ਨੈਣ ਕਟਾਰਾਂ ਵਰਗੇ ਹਨ
ਇਹਨਾਂ ਨੂੰ ਸਾਨ ਚੜ੍ਹਾ ਅੜਿਆ,
ਹੁਣ ਘੁੰਡ ਵਿੱਚ ਲੁਕ ਲੁਕ ਕੀ ਬਲਣਾ
ਭੰਡੀ ਜਦ ਪਈ ਘਰਾਨੇ ਦੀ।
ਜੇ ਇਕ ਉੱਤੇ ਹੀ ਮਰਨਾ ਹੈ
ਤੇ ਫਿਰ ਵੀ ਸੜਨੋਂ ਡਰਨਾ ਹੈ,
ਇਹ ਹੋਰ ਭਲਾ ਦੱਸ ਹੈ ਹੀ ਕੀ
ਇਹ ਹੇਠੀ ਨਹੀਂ ਪਰਵਾਨੇ ਦੀ?

ਜੇ ਦਿਲ ਵਿੱਚ ਹੈ ਕੁਝ ਹੋਰ ਜਿਹਾ
ਤਾਂ ਕੱਢ ਦੇਹ ਦਿਲ ਵਿੱਚੋਂ ਚੋਰ ਜਿਹਾ,
ਛੱਡ ਦੇਹ ਇਸ ਜਗਤ-ਰਵੀਰੇ ਨੂੰ
ਇਹ ਰੀਤ ਨਹੀਂ ਦੀਵਾਨੇ ਦੀ।



**ਲੇਖਕ-ਸ਼ੇਰ ਸਿੰਘ ਕੰਵਲ**
**ਧੰਨਵਾਦ ਸਹਿਤ ਕਾਸ਼ਨੀ ਦੇ ਫੁੱਲ ਕਿਤਾਬ ਵਿੱਚ**

## ਖ਼ਾਕ ਹੋਵਾਂ

ਤੇਰੇ ਦਿਲ ਦੀ ਹੂਕ ਹੋਵਾਂ ਤੇਰੇ ਪੈਰਾਂ ਦੀ ਖ਼ਾਕ ਹੋਵਾਂ।
ਮਿਟ ਮਿਟ ਕੇ ਤੇਰੇ ਰਾਹੀਂ ਬੇਪਾਕ ਮੈਂ ਪਾਕ ਹੋਵਾਂ।

ਦਿਲ ਚੋ ਦਿਲ ਦੇ ਰਾਹੀਂ ਤੈਨੂੰ ਆਵਣਗੇ ਸੁਨੇਹੇ।
ਤੈਨੂੰ ਆਵਾਜ਼ ਸੁਣੇਗੀ ਮੇਰੀ, ਕਿੰਨੇ ਵੀ ਹੋਣ ਰੁਝੇਵੇਂ।
ਜਦ ਦਰਦ ਹੋਵੇ ਤੈਨੂੰ, ਮੈਂ ਵੀ ਉਦੋਂ ਹਲਾਕ ਹੋਵਾਂ।
ਤੇਰੇ ਦਿਲ ਦੀ ਹੂਕ.........................।

ਵਗਦਾ ਉਹੀ ਝਨਾਂ ਹੋਵੇ, ਕੋਈ ਨਾ ਤੇਰੇ ਬਿਨਾਂ ਹੋਵੇ।
ਤੇਰੀ ਜ਼ੁਲਫ਼ ਦੀ ਸੰਘਣੀ ਛਾਂ ਹੋਵੇ, ਸਾਹਾਂ ਵਿੱਚ ਤੇਰਾ ਨਾਂ ਹੋਵੇ।
ਤੇਰੇ ਨੈਣਾਂ ਵਿੱਚੋਂ ਜਾਮ ਛਲਕੇ, ਮੈਂ ਤੇਰਾ ਹੀ ਪਿਆਕ ਹੋਵਾਂ।
ਤੇਰੇ ਦਿਲ ਦੀ ਹੂਕ.........................।

ਬਾਦਲ ਏਹ ਪਿਆਰ ਵਾਲੇ, ਰਹਿਣ ਏਵੇਂ ਛਾਏ।
ਰੋਮ ਰੋਮ ਸਵਾਸ ਸਵਾਸ ਤੇਰੀ ਹੀ ਯਾਦ ਆਏ।
ਛੱਡ ਕੇ ਮੈਂ ਆਲਮ ਸਾਰਾ ਤੇਰਾ ਹੀ ਚਾਕ ਹੋਵਾਂ।
ਤੇਰੇ ਦਿਲ ਦੀ ਹੂਕ.........................।



**ਲੇਖਕ-ਤਾਰਾ ਸਿੰਘ ਆਲਮ**
**ਧੰਨਵਾਦ ਸਹਿਤ ਉਛੱਲਦਾ ਸਮੁੰਦਰ ਕਿਤਾਬ ਵਿੱਚੋਂ**

# ਪੰਜਾਬ ਸਿਆਸਤ ਅਜ਼ਮਾਇਸ਼ੀ ਦੌਰ ਵਲ

## ✪ ਕਾਂਗਰਸ ਵਿਚ ਪ੍ਰਧਾਨਗੀ ਅਹੁਦੇ ਕਾਰਨ ਫੁੱਟ, ਭਾਜਪਾ ਦੀ ਜੱਟ-ਕਿਸਾਨ ਵਿਰੋਧੀ ਰਣਨੀਤੀ ਪੰਜਾਬ ਲਈ ਖ਼ਤਰਨਾਕ ✪ ਅਕਾਲੀ ਦਲ ਦਾ ਰਾਜਨੀਤਕ ਵਿਕਾਸ ਏਕਤਾ ਤੇ ਖੇਤਰੀ ਏਜੰਡੇ ਵਿਚ






ਇਸ ਵੇਲੇ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦਾ ਤਾਜ ਤੇ ਤਖ਼ਤ ਵੀ ਕੰਡਿਆਂ ਨਾਲ ਭਰਿਆ ਹੈ ਪਰ ਇਸ ਦੀ ਖਾਹਿਸ਼ ਰੱਖਣ ਵਾਲਿਆਂ ਦੀ ਕਤਾਰ ਬਹੁਤ ਲੰਮੀ ਹੈ। ਕੈਪਟਨ ਅਮਰਿੰਦਰ ਸਿੰਘ ਦੇ ਜਾਣ ਤੋਂ ਬਾਅਦ ਕਾਂਗਰਸ ਕੋਲ ਅਜਿਹਾ ਕੋਈ ਚਿਹਰਾ ਨਹੀਂ ਹੈ ਜੋ ਪੂਰੇ ਪੰਜਾਬ ਨੂੰ ਇੱਕਮੁੱਠ ਕਰ ਸਕੇ। ਅਸਲ ਵਿਚ ਕਾਂਗਰਸ ਹਾਈਕਮਾਨ ਇਸ ਵੇਲੇ ਪੰਜਾਬ ਨੂੰ ਲੈ ਕੇ ਬੜੀ ਮੁਸ਼ਕਿਲ ਵਿਚ ਹੈ, ਕਿਉਂਕਿ ਫਰਵਰੀ 2027 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ ਸਭ ਤੋਂ ਵੱਧ ਆਸ ਪੰਜਾਬ ਤੋਂ ਹੀ ਹੈ ਤੇ ਪੰਜਾਬ ਵਿਚ ਕਾਂਗਰਸ ਵਿਚਲੀ ਫੁੱਟ ਬਹੁਤ ਡੂੰਘੀ ਹੈ। ਉਨ੍ਹਾਂ ਵਿਚੋਂ ਕੋਈ ਦੋ ਲੀਡਰ ਇੱਕੱਠੇ ਨਹੀਂ ਹਨ। ਇਹ ਫੁੱਟ ਸਿਰਫ਼ ਵਿਅਕਤੀਗਤ ਨਹੀਂ, ਇਹ ਜਾਤੀ ਵੰਡ ਤੱਕ ਪਹੁੰਚ ਚੁੱਕੀ ਹੈ। ਪ੍ਰਤਾਪ ਸਿੰਘ ਬਾਜਵਾ ਵਰਗੇ ਸਿਆਸਤਦਾਨ ਲੀਡਰ ਆਫ ਆਪੋਜੀਸ਼ਨ ਵਜੋਂ ਸਰਗਰਮ ਹਨ ਪਰ ਪ੍ਰਧਾਨ ਅਹੁਦੇ ਨੂੰ ਲੈ ਕੇ ਅੰਦਰੂਨੀ ਚਰਚਾਵਾਂ ਤੇ ਟਕਰਾਅ ਜਾਰੀ ਹਨ।

ਇਸ ਵੇਲੇ ਕਾਂਗਰਸ ਵਿਚ ਪ੍ਰਧਾਨਗੀ ਅਹੁਦੇ ਨੂੰ ਲੈ ਕੇ ਚਰਚਾ ਇਸ ਲਈ ਹੈ, ਕਿਉਂਕਿ ਪਾਰਟੀ ਵਿਚ ਜੱਟ ਲੀਡਰਸ਼ਿਪ ਹਾਵੀ ਹੈ। ਅਮਰਿੰਦਰ ਸਿੰਘ ਰਾਜਾ ਵੜਿੰਗ ਪ੍ਰਧਾਨ ਹਨ ਅਤੇ ਪ੍ਰਤਾਪ ਸਿੰਘ ਬਾਜਵਾ ਲੀਡਰ ਆਫ ਆਪੋਜੀਸ਼ਨ। ਪਰ ਦੋਵੇਂ ਜੱਟ ਭਾਈਚਾਰੇ ਨਾਲ ਸਬੰਧਤ ਹਨ। ਪਰ ਚਰਨਜੀਤ ਸਿੰਘ ਚੰਨੀ ਵਰਗੇ ਦਲਿਤ ਲੀਡਰ ਨੇ ਐੱਸ.ਸੀ. ਅਗਵਾਈ ਬਾਰੇ ਸਵਾਲ ਉਠਾਏ ਸਨ ਜਿਸ ਨਾਲ ਪਾਰਟੀ ਵਿਚ ਜਾਤੀ ਰਾਜਨੀਤੀ ਉਭਰੀ ਹੈ। ਹਾਈਕਮਾਨ ਨੇ ਪਾਰਟੀ ਵਿਚ ਪਈ ਫੁੱਟ ਨੂੰ ਖਤਮ ਕਰਨ ਲਈ ਚਿਤਾਵਨੀਆਂ ਜਾਰੀ ਕੀਤੀਆਂ ਸਨ ਅਤੇ ਲੀਡਰਸ਼ਿਪ ਵਿਚ ਤਬਦੀਲੀ ਤੋਂ ਇਨਕਾਰ ਕੀਤਾ ਸੀ। ਇਸ ਲਈ ਇਹ ਫੁੱਟ ਪ੍ਰਧਾਨਗੀ ਅਹੁਦੇ ਤੋਂ ਵਧ ਕੇ ਜਾਤੀਵਾਦ ਤੱਕ ਪਹੁੰਚ ਗਈ ਹੈ। ਵਿਜੈ ਇੰਦਰ ਸਿੰਗਲਾ, ਰਾਣਾ ਕੇ.ਪੀ. ਸਿੰਘ ਵਰਗੇ ਹਿੰਦੂ ਲੀਡਰ, ਸੁਖਜਿੰਦਰ ਸਿੰਘ ਰੰਧਾਵਾ, ਰਾਣਾ ਗੁਰਜੀਤ ਸਿੰਘ ਵਰਗੇ ਜੱਟ ਲੀਡਰ ਅਤੇ ਡਾ. ਅਮਰ ਸਿੰਘ, ਸੁਖਵਿੰਦਰ ਸਿੰਘ ਡੈਨੀ ਬੰਡਾਲਾ ਵਰਗੇ ਦਲਿਤ ਲੀਡਰ ਚਰਚਾ ਵਿਚ ਹਨ। ਓ.ਬੀ.ਸੀ. ਵਿਚ ਸੰਗਤ ਸਿੰਘ ਗਿਲਜੀਆਂ, ਅੰਗਦ ਸੈਣੀ ਵਰਗੇ ਨਾਮ ਉਭਰ ਰਹੇ ਹਨ।

ਸਿਆਸੀ ਮਾਹਿਰ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਕਾਂਗਰਸ ਲਈ ਵੀ ਪ੍ਰਗਟ ਸਿੰਘ ਵਰਗਾ ਚਿਹਰਾ ਵਧੀਆ ਤੇ ਪੰਜਾਬ ਹਿਤੂ ਮੰਨਿਆ ਜਾ ਰਿਹਾ ਹੈ ਪਰ ਹਾਈਕਮਾਨ ਚੋਣ ਤੋਂ ਪਹਿਲਾਂ ਮੁੱਖ ਮੰਤਰੀ ਚਿਹਰਾ ਐਲਾਨਣ ਤੋਂ ਗੁਰੇਜ਼ ਕਰ ਰਹੀ ਹੈ ਤਾਂ ਜੋ ਪਾਰਟੀ ਫੁਟ ਦੀ ਸ਼ਿਕਾਰ ਨਾ ਹੋਵੇ। ਕਾਂਗਰਸ ਹਾਈਕਮਾਂਡ ਹੁਣ ਇੱਕੋ ਰਾਹ ਅਪਨਾ ਰਹੀ ਹੈ - ਜੱਟ ਸਿੱਖ, ਬੀ.ਸੀ., ਐੱਸ.ਸੀ. ਅਤੇ ਹਿੰਦੂ ਭਾਈਚਾਰੇ ਦਾ ਸਮਤੋਲ ਬਣਾਉਣਾ।

ਪੰਜਾਬ ਵਿਚ ਜੱਟ ਆਬਾਦੀ 18 ਤੋਂ 25 ਫੀਸਦੀ ਮੰਨੀ ਜਾਂਦੀ ਹੈ ਜਦਕਿ ਐੱਸ.ਸੀ. ਭਾਈਚਾਰਾ 32 ਫੀਸਦੀ ਤੇ ਓ.ਬੀ.ਸੀ. ਭਾਈਚਾਰੇ ਦੀ ਆਬਾਦੀ 30 ਫੀਸਦੀ ਦੇ ਕਰੀਬ ਹੈ। ਬਾਕੀ ਸਵਰਨ ਜਾਤਾਂ ਜਿਨ੍ਹਾਂ ਵਿਚ ਖੱਤਰੀ, ਅਰੋੜੇ, ਬ੍ਰਾਹਮਣ, ਬਾਣੀਆ ਅਤੇ ਹੋਰ ਸ਼ਾਮਲ ਹਨ, 15 ਤੋਂ 20 ਫੀਸਦੀ ਦੇ ਕਰੀਬ ਹਨ। ਪਰ ਜਾਤ ਵੰਡ ਤੋਂ ਬਿਨਾਂ ਪੰਜਾਬ ਵਿਚ ਇੱਕ ਧਾਰਮਿਕ ਵੰਡ ਵੀ ਹੈ, ਜਿਸ ਨੂੰ ਭਾਜਪਾ ਨੇ ਤਿੱਖਾ ਕੀਤਾ ਹੈ। ਉਹ ਹੈ ਸਿੱਖ ਤੇ ਹਿੰਦੂ। ਪੰਜਾਬ ਵਿਚ ਸਿੱਖ 58 ਫੀਸਦੀ ਅਤੇ ਹਿੰਦੂ 38.5 ਫੀਸਦੀ ਹਨ। ਮੁਸਲਿਮ ਤੇ ਈਸਾਈ 2-2 ਫੀਸਦੀ ਤੋਂ ਘੱਟ ਹਨ। ਹਿੰਦੂਆਂ ਵਿਚ ਸਵਰਨ ਹਿੰਦੂ ਵੀ 12 ਤੋਂ 14 ਫੀਸਦੀ ਹੀ ਹਨ। ਇਸ ਵਾਰ ਭਾਜਪਾ ਪੰਜਾਬ ਵਿਚ ਹਰਿਆਣਾ ਵਿਚ ਅਜ਼ਮਾਈ ਤੇ ਸਫਲ ਰਹੀ ਰਣਨੀਤੀ ਹੀ ਅਪਨਾਉਣ ਜਾ ਰਹੀ ਹੈ। ਭਾਵੇਂ ਉਸ ਨੇ ਕਾਂਗਰਸ ਤੇ ਅਕਾਲੀ ਦਲ ਵਿਚੋਂ ਬਹੁਤ ਸਾਰੇ ਜੱਟ ਨੇਤਾ ਭਾਜਪਾ ਵਿਚ ਸ਼ਾਮਲ ਕੀਤੇ ਹਨ ਪਰ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਉਹ ਇਸ ਵਾਰ ਕਿਸੇ ਜੱਟ ਨੇਤਾ ਨੂੰ ਅੱਗੇ ਨਹੀਂ ਕਰੇਗੀ। ਸਗੋਂ ਹਿੰਦੂ, ਦਲਿਤ, ਓ.ਬੀ.ਸੀ. ਗੱਠਜੋੜ ਨੂੰ ਉਭਾਰਨ ਦਾ ਯਤਨ ਕਰੇਗੀ। ਇਸ ਵਿਚ ਕਿਸੇ ਓ.ਬੀ.ਸੀ. ਸਿੱਖ ਦਾ ਦਾਅ ਲੱਗਣ ਦੇ ਆਸਾਰ ਜ਼ਿਆਦਾ ਹੋਣਗੇ। ਜਿਵੇਂ ਉਸ ਨੇ ਹਰਿਆਣਾ ਵਿਚ ਜਾਟ ਬਰਾਦਰੀ ਨੂੰ ਪਿੱਛੇ ਛੱਡ ਕੇ ਨਾਇਬ ਸਿੰਘ ਸੈਣੀ ਵਰਗੇ ਓ.ਬੀ.ਸੀ. ਨੇਤਾ ਨੂੰ ਮੁੱਖ ਮੰਤਰੀ ਬਣਾ ਕੇ ਕੀਤਾ ਸੀ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਦੀ ਇਹ ਨੀਤੀ ਜੱਟਾਂ ਤੇ ਕਿਸਾਨਾਂ ਵਿਰੋਧੀ ਇਸ ਲਈ ਹੈ, ਕਿਉਂਕਿ 2020-21 ਦੇ ਕਿਸਾਨ ਅੰਦੋਲਨ ਨੇ ਭਾਜਪਾ ਨੂੰ ਪੰਜਾਬ ਵਿਚ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ ਸੀ। ਜੱਟ ਕਿਸਾਨਾਂ ਨੇ ਤਿੰਨ ਖੇਤੀ ਕਾਨੂੰਨਾਂ ਨੂੰ ਆਪਣੇ ਵਿਨਾਸ਼ ਦਾ ਖਤਰਾ ਮੰਨਿਆ ਅਤੇ ਭਾਜਪਾ ਨੂੰ ਵਿਰੋਧੀ ਧਿਰ ਵਜੋਂ ਦੇਖਿਆ ਸੀ। ਇਸ ਤੋਂ ਬਾਅਦ ਭਾਜਪਾ ਨੇ ਆਪਣੀ ਰਣਨੀਤੀ ਬਦਲ ਲਈ ਸੀ। ਉਹ ਹੁਣ ਜੱਟ ਬਹੁਤੀ ਆਬਾਦੀ ਵਾਲੇ ਖੇਤਰਾਂ ਵਿਚ ਘੱਟ ਫੋਕਸ ਕਰ ਰਹੀ ਹੈ ਅਤੇ ਦਲਿਤ, ਓ.ਬੀ.ਸੀ. ਤੇ ਹਿੰਦੂ ਵੋਟਰਾਂ ਨੂੰ ਟਾਰਗੇਟ ਕਰ ਰਹੀ ਹੈ। ਰੂਰਲ ਆਊਟਰੀਚ ਪ੍ਰੋਗਰਾਮ ਰਾਹੀਂ ਉਹ ਗਰੀਬੀ, ਨਸ਼ਿਆਂ ਅਤੇ ਰੁਜ਼ਗਾਰ ਵਰਗੇ ਮੁੱਦਿਆਂ ਤੇ ਫੋਕਸ ਕਰ ਰਹੀ ਹੈ। ਭਾਜਪਾ ਦੀ ਹਿੰਦੂ-ਦਲਿਤ-ਓ. ਬੀ. ਸੀ. ਗੱਠਜੋੜ ਰਣਨੀਤੀ ਇੱਕ ਤਰ੍ਹਾਂ ਦੀ ਜੱਟ ਵਿਰੋਧੀ ਚਾਲ ਵਜੋਂ ਵੇਖੀ ਜਾ ਰਹੀ ਹੈ ਭਾਜਪਾ ਦੀ ਰਣਨੀਤੀ ਇਸ ਵੇਲੇ ਚਾਰਜਸ਼ੀਟ ਰਾਹੀਂ ਆਪ ਵਿਰੋਧੀ ਬਣ ਰਹੀ ਹੈ ਅਤੇ ਰੂਰਲ ਖੇਤਰਾਂ ਵਿਚ ਵੋਟ ਬਣਾਉਣ ਲਈ ਯਤਨ ਕਰ ਰਹੀ ਹੈ। ਉਹ ਡਬਲ ਇੰਜਣ ਸਰਕਾਰ ਅਤੇ ਮੋਦੀ ਚਿਹਰੇ ਉਪਰ ਚੋਣ ਲੜੇਗੀ। ਪਰ ਭਾਜਪਾ ਹਾਈਕਮਾਂਡ ਜੱਟ ਨੇਤਾਵਾਂ ਨੂੰ ਮਹੱਤਵ ਨਾ ਦੇ ਕੇ ਉਹ ਹਿੰਦੂ-ਦਲਿਤ-ਪਛੜੀਆਂ ਸ਼੍ਰੇਣੀਆਂ ਦਾ ਗੱਠਜੋੜ ਬਣਾਉਣ ਵਿਚ ਲੱਗੀ ਹੈ। ਭਾਜਪਾ ਹਾਈਕਮਾਂਡ ਦੇ ਸੂਤਰਾਂ ਦਾ ਮੰਨਣਾ ਹੈ ਕਿ ਪੰਜਾਬ ਵਿੱਚ 32% ਦਲਿਤ, 30% ਓ.ਬੀ.ਸੀ. ਅਤੇ ਕਰੀਬ 38% ਹਿੰਦੂ ਆਬਾਦੀ ਹੈ। ਜੇਕਰ ਉਹ ਇਨ੍ਹਾਂ ਵਰਗਾਂ ਨੂੰ ਇੱਕਜੁੱਟ ਕਰ ਲੈਂਦੀ ਹੈ, ਤਾਂ ਉਹ 25% ਜੱਟ ਆਬਾਦੀ ਦੇ ਸਿਆਸੀ ਦਬਦਬੇ ਨੂੰ ਮਾਤ ਦੇ ਸਕਦੀ ਹੈ।

ਡਾਕਟਰ ਖੁਸ਼ਹਾਲ ਸਿੰਘ ਦਾ ਮੰਨਣਾ ਹੈ ਕਿ ਭਾਜਪਾ ਦੀ ਜਾਤੀਵਾਦੀ ਨੀਤੀ ਪੰਜਾਬ ਤੇ ਸਿੱਖ ਪੰਥ ਲਈ ਖਤਰਨਾਕ ਹੈ। ਪਰ ਇਸ ਦੇ ਬਾਵਜੂਦ ਭਾਜਪਾ ਦਾ ਆਪਣੇ ਸਿਆਸੀ ਮਿਸ਼ਨ ਵਿਚ ਸਫਲ ਹੋਣਾ ਸ਼ੱਕੀ ਜਾਪਦਾ ਹੈ, ਕਿਉਂਕਿ ਇੱਥੇ ਖੇਤੀ ਅਤੇ ਸਿੱਖ ਧਰਮ ਨਾਲ ਜੁੜੀ ਭਾਵਨਾਤਮਕਤਾ ਮਜ਼ਬੂਤ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਭਾਜਪਾ ਨੇ ਹਰਿਆਣਾ ਵਿਚ ਇਸ ਰਣਨੀਤੀ ਨਾਲ ਸਫਲਤਾ ਹਾਸਲ ਕੀਤੀ ਸੀ ਪਰ ਪੰਜਾਬ ਵਿਚ ਹਾਲਾਤ ਵੱਖਰੇ ਹਨ। ਇੱਥੇ ਸਿੱਖ ਆਬਾਦੀ 58 ਫੀਸਦੀ ਹੈ ਅਤੇ ਪੰਥਕ ਤੇ ਕਿਸਾਨ ਮੁਦੇ, ਜਾਤੀ ਵੰਡ ਨਾਲੋਂ ਤਿਖੇ ਹਨ। ਆਮ ਆਦਮੀ ਪਾਰਟੀ (ਆਪ) ਦਿਹਾਤੀ ਖੇਤਰਾਂ ਵਿਚ ਮਜ਼ਬੂਤ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਗਵੰਤ ਮਾਨ ਹੀ ਪੰਜਾਬ ਦੀ ਸਿਆਸਤ ਵਿਚ ਚਿਹਰਾ ਹੋਣਗੇ। ਕਾਂਗਰਸ ਵਿਚ ਫੁੱਟ ਹੈ ਪਰ ਉਸ ਕੋਲ ਵੀ ਐੱਸ.ਸੀ. ਅਤੇ ਓ.ਬੀ.ਸੀ. ਵੋਟ ਬੈਂਕ ਹੈ। ਅਕਾਲੀ ਦਲ ਆਪਣੀ ਪੁਨਰ ਸੁਰਜੀਤੀ ਲਈ ਯਤਨਸ਼ੀਲ ਹੈ।

ਇਤਿਹਾਸਕਾਰ ਸੁਖਦਿਆਲ ਸਿੰਘ ਦਾ ਕਹਿਣਾ ਹੈ ਕਿ ਧੜਿਆਂ ਵਿਚ ਵੰਡਿਆ ਅਕਾਲੀ ਦਲ ਬਾਦਲ ਇਸ ਵੇਲੇ ਮੁਸ਼ਕਲ ਵਿਚ ਹੈ, ਪਰ ਉਸਨੇ ਲਗਾਤਾਰ ਆਪਣੀਆਂ ਸਰਗਰਮੀਆਂ ਵਧਾਈਆਂ ਹੋਈਆਂ ਹਨ। ਅਕਾਲੀ ਦਲ ਵਲੋਂ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਚਿਹਰਾ ਬਣਾਇਆ ਗਿਆ ਹੈ ਪਰ ਪਾਰਟੀ ਵਿਚ ਅੰਦਰੂਨੀ ਤਣਾਅ ਹੈ। ਅਕਾਲੀ ਦਲ (ਪੁਨਰ ਸੁਰਜੀਤ) ਵਿਚ ਗਿਆਨੀ ਹਰਪ੍ਰੀਤ ਸਿੰਘ ਵਰਗੇ ਲੀਡਰ ਅਗਵਾਈ ਕਰ ਰਹੇ ਹਨ ਪਰ ਉਨ੍ਹਾਂ ਦਾ ਸਿੱਖ ਲੋਕਾਂ ਉਪਰ ਪ੍ਰਭਾਵ ਸੀਮਤ ਹੈ। ਵਾਰਿਸ ਪੰਜਾਬ ਦੇ ਭਾਈ ਅੰਮ੍ਰਿਤਪਾਲ ਸਿੰਘ ਜੇਲ੍ਹ ਵਿਚ ਹਨ ਅਤੇ ਉਨ੍ਹਾਂ ਦੀ ਪਾਰਟੀ ਵਿਚ ਸਰਗਰਮੀ ਜਾਰੀ ਹੈ,ਪਰ ਰਣਨੀਤੀ ਅਜੇ ਅਸਪੱਸ਼ਟ ਹੈ। ਅਕਾਲੀ ਦਲ ਲਈ ਸਭ ਤੋਂ ਵੱਡੀ ਚੁਣੌਤੀ ਪੰਥਕ ਏਕਤਾ ਹੈ। ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਪੰਜਾਬ ਵਿਚ ਖੇਤਰੀ ਪਾਰਟੀ ਅਕਾਲੀ ਦਲ ਦਾ ਬੋਲਬਾਲਾ ਕਰਨਾ ਹੈ ਤਾਂ ਸਮੂਹ ਅਕਾਲੀ ਧੜਿਆਂ ਨੂੰ ਏਕਤਾ ਕਰਨੀ ਪਵੇਗੀ। ਇਸ ਤੋਂ ਬਿਨਾਂ ਰਾਸ਼ਟਰੀ ਪਾਰਟੀਆਂ - ਕਾਂਗਰਸ, ਭਾਜਪਾ ਅਤੇ ਆਪ - ਖੇਤਰੀ ਧਿਰਾਂ ਨੂੰ ਖਤਮ ਕਰ ਦੇਣਗੀਆਂ। ਇਸ ਬਾਰੇ ਪੰਜਾਬੀ ਬੁੱਧੀਜੀਵੀ ਆਖਦੇ ਹਨ ਕਿ ਖੇਤਰੀ ਪਾਰਟੀਆਂ ਨੂੰ ਪੰਜਾਬੀਅਤ, ਖੇਤੀ, ਰੁਜ਼ਗਾਰ, ਨਸ਼ਿਆਂ ਦੇ ਖਾਤਮੇ ਅਤੇ ਫੈਡਰਲਿਜ਼ਮ ਵਰਗੇ ਮੁੱਦਿਆਂ ਤੇ ਏਜੰਡਾ ਬਣਾਉਣਾ ਚਾਹੀਦਾ ਹੈ। ਡਾ. ਪਰਮਜੀਤ ਸਿੰਘ ਮਾਨਸਾ ਵਰਗੇ ਵਿਦਵਾਨ ਕਹਿੰਦੇ ਹਨ ਕਿ ਅਕਾਲੀ ਦਲ ਨੂੰ ਤੇਜ਼ੀ ਨਾਲ ਏਕਤਾ ਵਲ ਵਧਣਾ ਚਾਹੀਦਾ ਹੈ। ਉਨ੍ਹਾਂ ਅਨੁਸਾਰ ਪੰਥਕ ਏਜੰਡਾ ਸਿਰਫ਼ ਧਰਮ ਤੱਕ ਸੀਮਤ ਨਹੀਂ ਹੋਣਾ ਚਾਹੀਦਾ ਬਲਕਿ ਆਰਥਿਕ, ਇਨਸਾਫ਼, ਭਾਈਚਾਰਕ ਸਦਭਾਵਨਾ ਅਤੇ ਯੂਥ ਰੁਜ਼ਗਾਰ ਤੱਕ ਵਿਸਥਾਰਿਤ ਹੋਣਾ ਚਾਹੀਦਾ ਹੈ।

ਪੰਜਾਬ ਦੀ ਸਿਆਸਤ ਇਸ ਵੇਲੇ ਅਜਿਹੇ ਦੌਰ ਵਿੱਚ ਹੈ ਜਿੱਥੇ ਜਾਤੀਵਾਦ, ਧਰਮ ਅਤੇ ਖੇਤਰੀ ਪਛਾਣ ਦਾ ਇੱਕ ਗੁੰਝਲਦਾਰ ਜਾਲ ਬਣਿਆ ਹੋਇਆ ਹੈ। ਆਉਣ ਵਾਲੇ ਮਹੀਨੇ ਇਹ ਤੈਅ ਕਰਨਗੇ ਕਿ ਪੰਜਾਬ 'ਪੰਜਾਬੀਅਤ' ਦੇ ਨਾਂ 'ਤੇ ਵੋਟ ਪਾਉਂਦਾ ਹੈ ਜਾਂ ਜਾਤੀਗਤ ਵੰਡੀਆਂ ਵਿੱਚ ਫਸ ਕੇ ਨਵੇਂ ਸਿਆਸੀ ਪ੍ਰਯੋਗਾਂ ਦਾ ਹਿੱਸਾ ਬਣਦਾ ਹੈ।

# ਬਾਬੇ ਕਾਂਸ਼ੀ ਰਾਮ ਦੇ ਸਿਆਸੀ ਤੇ ਸਮਾਜਿਕ ਫਾਰਮੂਲੇ ਦੀ ਪੰਜਾਬ ਨੂੰ ਕਿਉਂ ਲੋੜ ?

**ਕਵਰ ਸਟੋਰੀ**

## ✪ ਬਸਪਾ ਪੰਜਾਬ ਵਿੱਚ ਪੰਥਕ ਗਠਜੋੜ ਵਾਲੀ ਰਾਜਨੀਤੀ ਅਪਣਾਵੇ ✪ ਪੰਥਕ ਰਾਜਨੀਤੀ ਵਿਚ ਕਿਹੜੀਆਂ ਧਿਰਾਂ ਸ਼ਾਮਲ ਹੋਣ ? ✪ ਕੀ ਇਸ ਗਠਜੋੜ ਨਾਲ ਖੇਤਰੀ, ਦਲਿਤ ਤੇ ਪੰਥਕ ਰਾਜਨੀਤੀ ਬਚ ਸਕੇਗੀ ?



ਪੰਜਾਬ ਵਿੱਚ ਬਹੁਜਨ ਸਮਾਜ ਪਾਰਟੀ (ਬਸਪਾ) ਦਾ ਵੋਟ ਬੈਂਕ 32-34 ਫੀਸਦੀ ਦਲਿਤ ਆਬਾਦੀ ਦੇ ਬਾਵਜੂਦ ਸਿਰਫ਼ 1-4 ਫੀਸਦੀ ਤੱਕ ਸੀਮਤ ਹੋ ਗਿਆ ਹੈ। 2012 ਵਿਧਾਨ ਸਭਾ ਚੋਣਾਂ ਵਿੱਚ 4.29 ਫੀਸਦੀ ਵੋਟਾਂ ਤੇ ਕੋਈ ਸੀਟ ਨਹੀਂ ਸੀ, 2017 ਵਿੱਚ 1.5 ਫੀਸਦੀ, 2022 ਵਿੱਚ ਅਕਾਲੀ ਗਠਜੋੜ ਨਾਲ 1.77 ਫੀਸਦੀ ਤੇ ਇੱਕ ਸੀਟ (ਨਵਾਂਸ਼ਹਿਰ ਤੋਂ ਨਛੱਤਰ ਪਾਲ) ਅਤੇ 2024 ਲੋਕ ਸਭਾ ਚੋਣਾਂ ਵਿੱਚ ਲਗਭਗ 2.49 ਫੀਸਦੀ ਵੋਟਾਂ ਤੇ ਸਿਫ਼ਰ ਸੀਟਾਂ ਬਸਪਾ ਨੂੰ ਹਾਸਲ ਹੋਈਆਂ। ਇਸ ਨਿਘਰੀ ਹਾਲਤ ਵਿੱਚ ਬਸਪਾ ਲਈ ਇੱਕੋ ਇੱਕ ਰਾਹ ਹੈ - ਬਾਬੇ ਕਾਂਸ਼ੀ ਰਾਮ ਜੀ ਦੀ ਵਿਰਾਸਤ ਵੱਲ ਮੁੜਨਾ ਅਤੇ ਪੰਥਕ ਗਠਜੋੜ ਵਾਲੀ ਰਾਜਨੀਤੀ ਅਪਣਾਉਣਾ। ਬਸਪਾ ਦੇ ਸਿਰਜਣਹਾਰ ਕਾਂਸ਼ੀ ਰਾਮ ਜੀ, ਜਿਨ੍ਹਾਂ ਨੂੰ ਬਹੁਜਨ ਨਾਇਕ, ਕਿਹਾ ਜਾਂਦਾ ਹੈ, ਦਾ ਜਨਮ 15 ਮਾਰਚ 1934 ਨੂੰ ਰੋਪੜ ਜ਼ਿਲ੍ਹੇ ਦੇ ਪਿੰਡ ਪਿਰਥੀਪੁਰ ਬੰਗਾ (ਖਵਾਸਪੁਰ ਨੇੜੇ) ਵਿੱਚ ਇੱਕ ਰਾਮਦਾਸੀਆ ਸਿੱਖ ਰਮਦਾਸੀਆ ਚਮਾਰ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਦੀ ਬਚਪਨ ਅਤੇ ਜਵਾਨੀ ਸਿੱਖ ਧਰਮ ਦੀ ਬਰਾਬਰੀ ਵਾਲੀ ਵਿਚਾਰਧਾਰਾ ਵਿੱਚ ਬੀਤੀ, ਜਿਸ ਨੇ ਉਨ੍ਹਾਂ ਨੂੰ ਜਾਤ-ਪਾਤ ਦੇ ਵਿਰੋਧ ਨਾਲ ਜੋੜਿਆ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਸ਼ੁਰੂਆਤੀ ਸਾਲਾਂ ਵਿੱਚ ਰਾਜਨੀਤੀ ਨਾਲ ਕੋਈ ਵਾਸਤਾ ਨਹੀਂ ਰੱਖਿਆ ਸੀ। ਉਹ ਇੱਕ ਸਰਕਾਰੀ ਨੌਕਰੀ ਕਰਦੇ ਸਨ, ਪਰ 1960-70 ਦੇ ਦਹਾਕੇ ਵਿੱਚ ਮਹਾਰਾਸ਼ਟਰ ਵਿੱਚ ਡਾਕਟਰ ਬੀ.ਆਰ. ਅੰਬੇਡਕਰ ਅਤੇ ਜੋਤੀਬਾ ਫੂਲੇ ਦੀ ਵਿਚਾਰਧਾਰਾ ਨਾਲ ਜੁੜ ਕੇ ਉਨ੍ਹਾਂ ਨੇ ਬਦਲਾਅ ਦੀ ਮੁਹਿੰਮ ਸ਼ੁਰੂ ਕੀਤੀ।

1971 ਵਿੱਚ ਉਨ੍ਹਾਂ ਨੇ ਆਲ ਇੰਡੀਆ ਬੈਕਵਰਡ ਐਂਡ ਮਾਈਨਾਰਿਟੀ ਕਮਿਊਨਿਟੀਜ਼ ਐਮਪਲਾਈਜ਼ ਫੈਡਰੇਸ਼ਨ (ਬਾਮਸੇਫ) ਦੀ ਸਥਾਪਨਾ ਕੀਤੀ ਸੀ, ਜੋ ਕਿ ਦਬੇ ਕੁਚਲੇ ਸਮਾਜ ਨਾਲ ਸਬੰਧਿਤ ਸਰਕਾਰੀ ਨੌਕਰਾਂ ਵਿਚਾਲੇ ਬਹੁਜਨ ਚੇਤਨਾ ਜਗਾਉਣ ਵਾਲਾ ਪਲੇਟਫਾਰਮ ਬਣਿਆ ਸੀ। ਇਸ ਤੋਂ ਬਾਅਦ 1981 ਵਿੱਚ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ (ਡੀਐੱਸ-4) ਅਤੇ ਆਖਿਰਕਾਰ 14 ਅਪ੍ਰੈਲ 1984 ਨੂੰ ਬਹੁਜਨ ਸਮਾਜ ਪਾਰਟੀ (ਬਸਪਾ) ਦੀ ਸਥਾਪਨਾ ਕੀਤੀ। ਉਨ੍ਹਾਂ ਦਾ ਮੁੱਢਲਾ ਨਾਅਰਾ ਸੀ - "ਸੱਤਾ ਤੋਂ ਬਿਨਾਂ ਦਬੇ ਕੁਚਲੇ ਸਮਾਜ ਦਾ ਕੁਝ ਨਹੀਂ ਬਦਲਣਾ"। ਉਨ੍ਹਾਂ ਨੇ ਰਾਜਨੀਤੀ ਨੂੰ ਸਮਾਜਿਕ ਪਰਿਵਰਤਨ ਦਾ ਲਗਾਤਾਰ ਅੰਦੋਲਨ ਬਣਾਇਆ। ਉਨ੍ਹਾਂ ਨੇ ਪਿੰਡ-ਪਿੰਡ ਜਾ ਕੇ ਸਾਈਕਲ ਤੇ ਸਵਾਰ ਹੋ ਕੇ ਕੈਡਰ ਤਿਆਰ ਕੀਤਾ। ਇਹ "ਸਾਈਕਲ ਵਾਲੀ ਰਣਨੀਤੀ" ਅੱਜ ਦੀ ਡਿਜੀਟਲ ਰਾਜਨੀਤੀ ਤੋਂ ਬਿਲਕੁਲ ਵਿਪਰੀਤ ਸੀ - ਇਹ ਬਹੁਜਨਾਂ ਲਈ ਜ਼ਮੀਨੀ ਪੱਧਰ ਉਪਰ ਵਿਚਾਰਧਾਰਕ ਸਿੱਖਿਆ ਅਤੇ ਸੰਘਰਸ਼ ਸੀ।

ਭਾਰਤੀ ਰਾਜਨੀਤੀ ਵਿੱਚ ਉਨ੍ਹਾਂ ਨੇ ਬਹੁਜਨ ਸਮਾਜ (ਦਲਿਤ, ਬੀਸੀ, ਐੱਸਸੀ, ਐੱਸਟੀ ਅਤੇ ਘੱਟ ਗਿਣਤੀ) ਨੂੰ ਇੱਕ ਰਾਜਨੀਤਕ ਤਾਕਤ ਵਜੋਂ ਉਭਾਰਿਆ। ਉੱਤਰ ਪ੍ਰਦੇਸ਼ ਵਿੱਚ ਉਨ੍ਹਾਂ ਨੇ ਚਮਾਰ ਭਾਈਚਾਰੇ ਤੋਂ ਲੈ ਕੇ ਗੈਰ-ਜਾਟਵ ਦਲਿਤਾਂ ਤੱਕ ਨੂੰ ਜੋੜਿਆ ਅਤੇ ਮਾਇਆਵਤੀ ਵਰਗੇ ਲੀਡਰਾਂ ਨੂੰ ਉਭਾਰਿਆ। ਉਨ੍ਹਾਂ ਨੇ ਬਹੁਜਨ ਰਾਜ ਦਾ ਏਜੰਡਾ ਦਿੱਤਾ - ਜਿਸ ਵਿੱਚ ਸਾਰੇ ਸ਼ੋਸ਼ਿਤ ਤਬਕੇ ਤੇ ਘੱਟ ਗਿਣਤੀ ਕੌਮਾਂ ਨੂੰ ਸ਼ਾਮਲ ਹੋਣ।

ਪੰਜਾਬ ਦੇ ਪਿੰਡਾਂ ਵਿੱਚ ਸਾਈਕਲ ਤੇ ਘੁੰਮਦੇ ਹੋਏ ਉਨ੍ਹਾਂ ਨੇ ਹਜ਼ਾਰਾਂ ਬਹੁਜਨ ਵਰਕਰ ਤਿਆਰ ਕੀਤੇ ਜੋ ਵਿਚਾਰਧਾਰਾ ਨੂੰ ਜੀਉਂਦਾ ਰੱਖਦੇ ਸਨ। ਇਸ ਕਾਰਨ 1992 ਵਿੱਚ ਪੰਜਾਬ ਵਿੱਚ ਬਸਪਾ ਨੇ 9 ਸੀਟਾਂ ਜਿੱਤੀਆਂ ਅਤੇ ਲਗਭਗ 16 ਫੀਸਦੀ ਵੋਟਾਂ ਹਾਸਲ ਕੀਤੀਆਂ। ਇਹ ਬਹੁਜਨ ਰਾਜਨੀਤੀ ਦਾ ਉਭਾਰ ਸੀ।

1996 ਵਿੱਚ ਅਕਾਲੀ ਦਲ ਨਾਲ ਬਸਪਾ ਦਾ ਗਠਜੋੜ ਕਰਕੇ ਉਹ ਖੁਦ ਹੁਸ਼ਿਆਰਪੁਰ ਲੋਕ ਸਭਾ ਸੀਟ ਤੋਂ ਜਿੱਤੇ ਅਤੇ ਬਸਪਾ ਨੇ ਪੰਜਾਬ ਵਿੱਚ ਵੀ ਚਾਰ ਸੀਟਾਂ ਜਿੱਤੀਆਂ। ਪਰ ਉਨ੍ਹਾਂ ਦੀ ਸਭ ਤੋਂ ਵੱਡੀ ਦੇਣ ਪੰਜਾਬੀ ਰਾਜਨੀਤੀ ਵਿੱਚ ਸੀ। ਉਨ੍ਹਾਂ ਨੇ ਸਿੱਖ ਧਰਮ ਦੀ ਵਿਚਾਰਧਾਰਾ ਨੂੰ ਬਹੁਜਨ ਅੰਦੋਲਨ ਨਾਲ ਜੋੜਿਆ। ਗੁਰੂ ਗ੍ਰੰਥ ਸਾਹਿਬ ਵਿਚਲਾ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਉਨ੍ਹਾਂ ਲਈ ਬਹੁਜਨ ਰਾਜਨੀਤੀ ਦੀ ਰੂਹ ਸੀ। ਉਨ੍ਹਾਂ ਨੇ ਅਕਾਲੀ ਦਲ ਨਾਲ ਗਠਜੋੜ ਦੀ ਹਮਾਇਤ ਕੀਤੀ ਤਾਂ ਜੋ ਪੰਜਾਬ ਦੀ 32 ਫੀਸਦੀ ਤੋਂ ਵੱਧ ਦਲਿਤ ਆਬਾਦੀ ਨੂੰ ਸੱਤਾ ਵਿੱਚ ਹਿੱਸਾ ਮਿਲੇ। ਉਨ੍ਹਾਂ ਦਾ ਮੰਨਣਾ ਸੀ ਕਿ ਸਿੱਖ ਧਰਮ ਬਹੁਜਨਾਂ ਦੇ ਹਿਤ ਵਿਚ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਹਰ ਰਹਿਬਰ ਨੇ ਜਾਤ-ਪਾਤ ਤੇ ਬ੍ਰਾਹਮਣਵਾਦ ਦਾ ਵਿਰੋਧ ਕੀਤਾ ਹੈ ਤੇ ਨਵੇਂ ਸਮਾਜ ਤੇ ਰਾਜਨੀਤੀ ਦਾ ਸੁਨੇਹਾ ਦਿਤਾ ਹੈ। ਇਸ ਲਈ ਉਨ੍ਹਾਂ ਨੇ ਪੰਜਾਬ ਵਿੱਚ ਦਲਿਤ-ਪੰਥਕ ਗਠਜੋੜ ਨੂੰ ਰਾਜਨੀਤਕ ਹਕੀਕਤ ਬਣਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੀ ਮੌਤ (9 ਅਕਤੂਬਰ 2006) ਤੋਂ ਬਾਅਦ ਬਸਪਾ ਇਸ ਵਿਰਾਸਤ ਨੂੰ ਭੁੱਲ ਗਈ। ਬਸਪਾ ਸੁਪਰੀਮੋ ਮਾਇਆਵਤੀ ਨੇ ਇਸ ਰਾਜਨੀਤੀ ਨੂੰ ਉੱਤਰ ਪ੍ਰਦੇਸ਼ ਤੱਕ ਸੀਮਤ ਕਰ ਦਿੱਤਾ। ਉਨ੍ਹਾਂ ਨੇ "ਸਰਵਜਨ" ਫਾਰਮੂਲਾ ਅਪਣਾਇਆ - ਦਲਿਤਾਂ ਨਾਲ ਉਪਰਲੀਆਂ ਜਾਤਾਂ ਨੂੰ ਜੋੜ ਕੇ 2007 ਵਿੱਚ ਯੂਪੀ ਵਿੱਚ 206 ਸੀਟਾਂ ਉਪਰ ਬਹੁਮਤ ਹਾਸਲ ਕੀਤਾ। ਇਹ ਬਹੁਜਨ ਰਾਜਨੀਤੀ ਦੀ ਸਫਲਤਾ ਸੀ, ਪਰ ਇਸ ਤੋਂ ਬਾਅਦ ਅਸਫਲਤਾ ਸ਼ੁਰੂ ਹੋ ਗਈ। ਜਿਸ ਦਾ ਨਤੀਜਾ ਇਹ ਹੋਇਆ ਕਿ ਬਸਪਾ ਵਿਚ ਰਾਜਨੀਤਕ ਨਿਘਾਰ ਆਇਆ।

ਇਸਦੇ ਕਾਰਨ ਕਈ ਸਨ। ਪਹਿਲਾ - ਸੰਸਥਾਗਤ ਕਮਜ਼ੋਰੀ। ਕਾਂਸ਼ੀ ਰਾਮ ਜੀ ਵਾਲੀ ਕੈਡਰ ਵਿਚਾਰਧਾਰਾ ਖਤਮ ਹੋ ਗਈ। ਬਸਪਾ ਸਿਰਫ਼ ਚੋਣਾਂ ਵੇਲੇ ਐਕਟਿਵ ਰਹਿ ਗਈ। ਦੂਜਾ - ਲੀਡਰਸ਼ਿਪ ਸੈਂਟ੍ਰਲਾਈਜ਼ੇਸ਼ਨ। ਮਾਇਆਵਤੀ ਜੀ ਨੇ ਕੋਈ ਸੈਕੰਡ ਲਾਈਨ ਨਹੀਂ ਉਭਾਰੀ। ਤੀਜਾ ਮਾਇਆਵਤੀ ਨੇ ਆਪਣੇ ਰਾਜ ਦੌਰਾਨ-ਚਿੰਨ੍ਹਾਂ (ਸਟੈਚੂਆਂ, ਪਾਰਕ) ਉੱਤੇ ਫੋਕਸ ਕੀਤਾ। ਇਸ ਨਾਲ ਬਹੁਜਨਾਂ ਦਾ ਭਲਾ ਨਾ ਹੋ ਸਕਿਆ। ਮਾਇਆਵਤੀ ਉਪਰ ਭ੍ਰਿਸ਼ਟਾਚਾਰ ਦੇ ਇਲਜ਼ਾਮ ਲੱਗੇ। ਇਸ ਕਾਰਣ ਬੀਜੇਪੀ ਦਾ ਉਭਾਰ ਹੋਇਆ ਅਤੇ ਗੈਰ-ਜਾਟਵ ਦਲਿਤ ਵੋਟਾਂ ਬਸਪਾ ਨਾਲੋਂ ਟੁਟ ਗਈਆਂ। 2012 ਤੋਂ ਬਾਅਦ ਯੂਪੀ ਵਿੱਚ ਵੋਟ ਸ਼ੇਅਰ 30 ਫੀਸਦੀ ਤੋਂ ਘਟ ਕੇ 12.7 ਫੀਸਦੀ (2022) ਅਤੇ 2024 ਲੋਕ ਸਭਾ ਵਿੱਚ 9.3 ਫੀਸਦੀ ਰਹਿ ਗਿਆ ਸੀ। ਪੰਜਾਬ ਵਿੱਚ ਤਾਂ ਬਸਪਾ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ। ਹਾਈਕਮਾਂਡ ਨੇ ਸਥਾਨਕ ਲੀਡਰਸ਼ਿਪ ਨੂੰ ਖੁੱਲ੍ਹ ਨਾ ਦਿੱਤੀ। ਗਠਜੋੜਾਂ ਵਿੱਚ ਭੰਬਲਭੂਸਾ ਬਣਿਆ ਰਿਹਾ - ਇੱਕ ਵਾਰ ਅਕਾਲੀ, ਦੂਜੀ ਵਾਰ ਕਾਂਗਰਸ ਨਾਲ। ਨਤੀਜਾ: ਇਹ ਹੋਇਆ ਕੈਡਰ ਖੁਰ ਗਿਆ, ਨੌਜਵਾਨ ਦਲਿਤ ਆਪ ਅਤੇ ਕਾਂਗਰਸ ਵੱਲ ਚਲੇ ਗਏ।

ਪੰਥਕ ਗਠਜੋੜ ਨਾਲ ਬਸਪਾ ਦਾ ਸਮਝੌਤਾ ਕਿਉਂ ਲਾਜ਼ਮੀ ਹੈ?-ਪੰਜਾਬ ਵਿੱਚ ਦਲਿਤ ਆਬਾਦੀ 32-34 ਫੀਸਦੀ ਹੈ ਅਤੇ ਸਿੱਖ ਵੋਟਰ ਵੱਡੀ ਗਿਣਤੀ ਵਿੱਚ ਹਨ। ਇਹ ਦੋਵੇਂ ਤਬਕੇ ਇੱਕ ਹੋ ਜਾਣ ਤਾਂ ਆਪ, ਕਾਂਗਰਸ ਜਾਂ ਭਾਜਪਾ ਨੂੰ ਟੱਕਰ ਦਿੱਤੀ ਜਾ ਸਕਦੀ ਹੈ। ਕਾਂਸ਼ੀ ਰਾਮ ਜੀ ਨੇ ਇਸ ਗੱਲ ਨੂੰ ਸਮਝਿਆ ਸੀ ਅਤੇ ਅਕਾਲੀ ਦਲ ਨਾਲ ਗਠਜੋੜ ਕੀਤਾ ਸੀ। ਅੱਜ ਇਹ ਗਠਜੋੜ ਬਸਪਾ ਲਈ ਮਜਬੂਰੀ ਵੀ ਹੈ ਅਤੇ ਮੌਕਾ ਵੀ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇ ਬਸਪਾ ਇਕੱਲਿਆਂ ਚੋਣ ਲੜਦੀ ਹੈ ਤਾਂ ਵੋਟਾਂ ਵੰਡੀਆਂ ਜਾਣਗੀਆਂ ਅਤੇ ਵਿਰੋਧੀਆਂ ਨੂੰ ਫਾਇਦਾ ਹੋਵੇਗਾ। ਪੰਥਕ ਗਠਜੋੜ ਨਾਲ ਨਾ ਸਿਰਫ਼ ਵੋਟ ਬੈਂਕ ਮਜ਼ਬੂਤ ਹੋਵੇਗਾ, ਬਲਕਿ ਡੇਰਿਆਂ ਵਿੱਚ ਵੰਡੀ ਦਲਿਤ ਆਬਾਦੀ (ਰਵਿਦਾਸੀਆ, ਮਜ਼੍ਹਬੀ) ਨੂੰ ਇੱਕ ਮੰਚ ਹੇਠ ਲਿਆਂਦਾ ਜਾ ਸਕਦਾ ਹੈ। ਜਦੋਂ ਅੱਜ ਕੇਂਦਰੀ ਪਾਰਟੀਆਂ ਪੰਜਾਬ ਉਪਰ ਭਾਰੂ ਪੈ ਰਹੀਆਂ ਹਨ ਤਾਂ ਖੇਤਰੀ ਤੇ ਰਾਸ਼ਟਰੀ ਲਹਿਰ ਬਣਾਉਣ ਲਈ ਬਸਪਾ -ਪੰਥਕ ਗਠਜੋੜ ਜ਼ਰੂਰੀ ਹੈ। ਨੌਜਵਾਨ ਦਲਿਤ ਅਤੇ ਜੱਟ ਭਾਈਚਾਰਾ ਬੇਰੁਜ਼ਗਾਰੀ ਅਤੇ ਨਸ਼ਿਆਂ ਤੋਂ ਪੀੜਤ ਹੈ। ਵਾਰਿਸ ਪੰਜਾਬ ,ਅਕਾਲੀ ਦਲ ਦੇ ਯੂਥ ਵਿੰਗ ਵਰਗੀਆਂ ਜਥੇਬੰਦੀਆਂ ਦੇ ਨੌਜਵਾਨ ਕੈਡਰ ਨੂੰ ਬਸਪਾ ਦੇ ਮਿਸ਼ਨਰੀ ਕੈਡਰ ਨਾਲ ਜੋੜਿਆ ਜਾ ਸਕਦਾ ਹੈ, ਜਿਸ ਨਾਲ ਸਾਂਝੀ ਰਾਜਨੀਤੀ ਉਭਰ ਸਕੇ।

ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਮੰਨਣਾ ਹੈ ਕਿ ਇਸ ਗੱਠਜੋੜ ਵਿੱਚ ਸ਼੍ਰੋਮਣੀ ਅਕਾਲੀ ਦਲ, ਵਾਰਿਸ ਪੰਜਾਬ ਦੇ, ਨਵਾਂ ਅਕਾਲੀ ਦਲ ਜਾਂ ਹੋਰ ਪੰਥਕ ਧੜੇ ਸ਼ਾਮਲ ਹੋਣ ਤਾਂ ਜੋ ਪੰਥਕ ਬਹੁਜਨ ਦੀ ਸਾਂਝੀ ਰਾਜਨੀਤਿਕ ਲਹਿਰ ਉਠ ਸਕੇ ਜੋ ਪੰਜਾਬ ਦੇ ਹਿਤਾਂ ਲਈ ਲਾਭਦਾਇਕ ਹੋਵੇ।ਇਹ ਗਠਜੋੜ ਪੰਜਾਬ, ਪੰਥਕ ਅਤੇ ਬਹੁਜਨ ਮੁੱਦਿਆਂ ਉੱਤੇ ਬਣਾਉਣਾ ਚਾਹੀਦਾ ਹੈ। ਪਿੰਡਾਂ ਵਿੱਚ 'ਭਾਈਚਾਰਾ ਕਮੇਟੀਆਂ' ਬਣਾਉਣ ਦੀ ਲੋੜ ਹੈ। ਜੱਟ ਸਿੱਖ ਅਤੇ ਰਵਿਦਾਸੀਆ/ਮਜ਼੍ਹਬੀ ਸਿੱਖ ਵੋਟਰਾਂ ਵਿਚਾਲੇ ਤਾਲਮੇਲ ਬਣਾਉਣਾ ਜ਼ਰੂਰੀ ਹੈ। ਜਲੰਧਰ, ਹੁਸ਼ਿਆਰਪੁਰ, ਨਵਾਂ ਸ਼ਹਿਰ, ਬੰਗਿ ਵਿੱਚ ਮਜ਼ਬੂਤ ਸੀਟਾਂ ਬਸਪਾ ਨੂੰ ਦੇਣੀਆਂ ਚਾਹੀਦੀਆਂ ਹਨ, ਜਿੱਥੇ ਅਕਾਲੀ ਕਮਜ਼ੋਰ ਹੈ।ਬਸਪਾ ਦੀ ਪੰਜਾਬ ਲੀਡਰਸ਼ਿਪ ਨੂੰ ਦਿੱਲੀ ਜਾਂ ਲਖਨਊ ਤੋਂ ਫੈਸਲੇ ਉਡੀਕਣ ਦੀ ਬਜਾਏ ਸਥਾਨਕ ਲੋੜਾਂ ਮੁਤਾਬਕ ਫੈਸਲੇ ਲੈਣ ਦੀ ਆਜ਼ਾਦੀ ਮਿਲਣੀ ਚਾਹੀਦੀ ਹੈ।

2027 ਦੀਆਂ ਚੋਣਾਂ ਬਹੁਜਨ ਅਤੇ ਪੰਥਕ ਰਾਜਨੀਤੀ ਲਈ ਵੱਡਾ ਟੈਸਟ ਹਨ। ਬਸਪਾ ਲਈ ਇਹ ਮੌਕਾ ਹੈ ਕਿ ਉਹ ਆਪਣੀ ਅਸਲ ਵਿਰਾਸਤ ਵੱਲ ਮੁੜੇ। ਉਨ੍ਹਾਂ ਨੂੰ ਫਿਰ ਬਾਬੇ ਕਾਂਸ਼ੀ ਰਾਮ ਵਾਂਗ ਸਾਈਕਲ ਤੇ ਸਵਾਰ ਹੋਣਾ ਪਵੇਗਾ, ਉਸ ਵਿਚਾਰਧਾਰਾ ਨੂੰ ਜੀਉਂਦਾ ਕਰਨਾ ਪਵੇਗਾ ਅਤੇ ਪੰਥਕ ਧਿਰਾਂ ਨਾਲ ਮਜ਼ਬੂਤ ਗਠਜੋੜ ਬਣਾਉਣਾ ਪਵੇਗਾ। ਇਹ ਗਠਜੋੜ ਨਾ ਸਿਰਫ਼ ਬਸਪਾ ਨੂੰ ਬਚਾਏਗਾ, ਬਲਕਿ ਬਹੁਜਨ ਸਮਾਜ ਅਤੇ ਸਿੱਖ ਭਾਈਚਾਰੇ ਨੂੰ ਇੱਕ ਨਵੀਂ ਤਾਕਤ ਵੀ ਦੇਵੇਗਾ। ਡਿਜੀਟਲ ਮੀਡੀਆ ਅਤੇ ਮੁਫ਼ਤ ਸਕੀਮਾਂ ਨੇ ਨੌਜਵਾਨ ਦਲਿਤਾਂ ਨੂੰ ਖਿੱਚ ਲਿਆ ਹੈ, ਪਰ ਲਗਾਤਾਰ ਵਿਚਾਰਧਾਰਕ ਅੰਦੋਲਨ ਹੀ ਸਥਾਈ ਬਦਲਾਅ ਲਿਆਵੇਗਾ।

ਕਾਂਸ਼ੀ ਰਾਮ ਜੀ ਨੇ ਕਿਹਾ ਸੀ - "ਸੱਤਾ ਤੋਂ ਬਿਨਾਂ ਕੁਝ ਨਹੀਂ ਬਦਲਦਾ"। ਅੱਜ ਬਹੁਜਨ ਸਮਾਜ ਲਈ ਇਹੀ ਚਾਬੀ ਹੈ। ਜੇ ਬਸਪਾ ਨੇ ਇਸ ਰਾਹ ਤੇ ਚੱਲਣਾ ਹੈ ਤਾਂ ਪੰਜਾਬ ਵਿੱਚ ਪੰਥਕ ਗਠਜੋੜ ਇੱਕ ਵਿਕਲਪ ਨਹੀਂ, ਇੱਕ ਲਾਜ਼ਮੀ ਰਣਨੀਤੀ ਹੈ।

# ਸੌ ਸਾਲਾ ਜਨਮ ਸ਼ਤਾਬਦੀ ਦੇ ਵਿਸ਼ੇਸ਼ ਗੁਰਮਤਿ ਸਮਾਗਮ 'ਤੇ 26 ਤੋਂ 28 ਮਾਰਚ ਲਈ ਸੰਤ ਬਾਬਾ ਮੁਹਿੰਦਰ ਸਿੰਘ ਜੀ ਹਰਖੋਵਾਲੀਏ


– ਲੇਖਕ –
ਰਣਧੀਰ ਸਿੰਘ ਸੰਭਲ
ਯੂ ਕੇ
ਫੋਨ : 07417443300




ਕਲਗੀਧਰ ਦਸ਼ਮੇਸ਼ ਪਿਤਾ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੰਜਾਂ ਪਿਆਰਿਆਂ ਦੇ ਮੁਖੀ ਭਾਈ ਦਇਆ ਸਿੰਘ ਜੀ ਦੀ ਸੰਪ੍ਰਦਾ ਦੇ ਮਹਾਨ ਨਾਇਕ, ਮਹਾਨ ਤਪੱਸਵੀ, ਅਨਮੋਲ ਹੀਰੇ, ਬੇ-ਨਜੀਰ ਚਿੰਤਕ ਅਤੇ ਅਣਥੱਕ ਸੇਵਕ ਸੰਤ ਮਹਾਰਾਜ ਬਾਬਾ ਜਵਾਲਾ ਸਿੰਘ ਜੀ ਹਰਖੋਵਾਲਿਆਂ ਤੋਂ ਵਰੋਸਾਇ ਸੰਤ ਬਾਬਾ ਮੁਹਿੰਦਰ ਸਿੰਘ ਜੀ ਹਰਖੋਵਾਲ ਵਾਲਿਆਂ ਦਾ ਜਨਮ ਸਮਰਾਲਾ ਦੇ ਨਜ਼ਦੀਕ ਪਿੰਡ ਲੱਖਣਪੁਰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਪਿਤਾ ਸ: ਸੁੰਦਰ ਸਿਘ ਜੀ ਦੇ ਘਰ ਮਾਤਾ ਇੰਦਰ ਕੌਰ ਜੀ ਦੀ ਪਾਵਨ ਕੁੱਖ ਤੋਂ 28 ਮਾਰਚ 1926 ਈ: ਦਿਨ ਐਤਵਾਰ ਨੂੰ ਹੋਇਆ। ਆਪ ਜੀ ਵਿੱਚ ਧਾਰਮਿਕ ਰੁਚੀ ਬਚਪਨ ਤੋਂ ਪ੍ਰਬਲ ਸੀ। ਪੂਰਨ ਮਹਾਂਪੁਰਖ ਸੰਤ ਆਇਆ ਸਿੰਘ ਜੀ ਹੋਤੀ ਮਰਦਾਨ ਤੋਂ ਵਰੋਸਾਏ ਸੰਤ ਮਹਾਰਾਜ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਨਾਲ ਉਨ੍ਹਾਂ ਦਾ ਛੋਟੀ ਉਮਰੇ ਮਿਲਾਪ ਹੋ ਗਿਆ। ਫਿਰ ਆਪ ਜੀ ਨੇ ਸਾਰੀ ਉਮਰ ਧਰਮ ਲੇਖੇ ਹੀ ਲਾ ਦਿੱਤੀ। ਧਾਰਮਿਕ ਵਿੱਦਿਆ ਆਪ ਜੀ ਨੇ ਡੇਰਾ ਹਰਖੋਵਾਲ ਤੋਂ ਪ੍ਰਾਪਤ ਕੀਤੀ।

ਸੰਤ ਬਾਬਾ ਮੁਹਿੰਦਰ ਸਿੰਘ ਜੀ ਨੇ ਆਪਣੀ ਸਮੁੱਚੀ ਜੀਵਨ ਯਾਤਰਾ ਮਹਾਂਪੁਰਖਾਂ ਦੀ ਆਗਿਆ ਅਨੁਸਾਰ ਡੇਰੇ ਵਿੱਚ ਸੇਵਾ ਤੇ ਸਿਮਰਨ ਕਰਦਿਆਂ ਬਤੀਤ ਕੀਤੀ। ਸੰਤ ਮਹਾਰਾਜ ਜੀ ਦੇ 13 ਨਵੰਬਰ 1957 ਈ: ਨੂੰ ਪ੍ਰਭੂ ਚਰਨਾਂ ਵਿੱਚ ਲੀਨ ਹੋ ਜਾਣ ਉਪਰੰਤ ਸਾਧ ਸੰਗਤ ਇਲਾਕਾ ਨਿਵਾਸੀ ਅਤੇ ਸੰਤ ਸਮਾਜ ਵੱਲੋਂ ਆਪ ਜੀ ਨੂੰ ਦਸਤਾਰ ਬੰਦੀ ਕੀਤੀ ਗਈ। ਆਪ ਜੀ ਨੇ ਇਹ ਬਖ਼ਸ਼ਿਸ਼ ਪ੍ਰਾਪਤ ਕਰਕੇ, ਡੇਰੇ ਵਿੱਚ ਮਹਾਨ ਤਪੱਸਿਆ ਕੀਤੀ। ਸਵੇਰ-ਸ਼ਾਮ ਦੋਨੋਂ ਵਕਤ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਡੇਰੇ ਦਾ ਅਤੇ ਇਸ ਦੇ ਨਾਲ ਦੇ ਸਮੂਹ ਸੰਬੰਧਿਤ ਅਸਥਾਨਾਂ ਦੀ ਸੇਵਾ ਅਤੇ ਦੇਖ-ਰੇਖ ਬੜੀ ਚੜ੍ਹਦੀ ਕਲਾ ਵਿੱਚ ਆਪਣੇ ਸੇਵਾਦਾਰਾਂ ਨਾਲ ਬਹੁਤ ਹੀ ਦ੍ਰਿੜ੍ਹਤਾ ਅਤੇ ਦੁੱਖ-ਸੁੱਖ ਇਕ ਕਰਕੇ ਨਿਭਾਈ। ਆਪ ਜੀ ਜਿਥੇ ਸੇਵਾ ਸਿਮਰਨ ਦੇ ਪੁੰਜ ਸਨ ਉਥੇ ਆਪ ਜੀ ਗੁਰਬਾਣੀ ਕੀਰਤਨ ਦੇ ਗਿਆਤਾ ਤੇ ਨਾਮ ਰਸੀਏ ਸਨ।

ਸੰਤ ਬਾਬਾ ਮੁਹਿੰਦਰ ਸਿੰਘ ਜੀ ਹਰਖੋਵਾਲੀਏ ਦੂਰ ਦਰਸ਼ੀ ਮਹਾਂਪੁਰਖ ਸਨ। ਆਪ ਜੀ ਨੇ ਸੰਨ 1982 ਈ: ਨੂੰ ਦਰਿਆ ਸਤਿਲੁਜ ਪੁਲ ਦੀ ਪੰਜਾਬ ਸਰਕਾਰ ਰਾਹੀਂ ਉਸਾਰੀ ਕਰਵਾਈ। ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰਦੁਆਰਾ ਸੰਤਗੜ੍ਹ ਵਿਸ਼ਾਲ ਡੇਰੇ ਦੀ ਸਥਾਪਨਾ ਕੀਤੀ, ਬਹੁਤ ਸਾਰੇ ਗੁਰਦੁਆਰਿਆਂ ਤੇ ਰਿਹਾਇਸ਼ ਅਤੇ ਗੁਰੂ ਕੇ ਲੰਗਰ ਦਾ ਪ੍ਰਬੰਧ ਵੀ ਕੀਤਾ। ਆਪ ਜੀ ਨੇ ਵਿੱਦਿਆ ਖੇਤਰ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਕਾਲਜ ਦੀ ਸਥਾਪਨਾ ਕਰਵਾਈ। ਡੇਰਾ ਸੰਤਗੜ੍ਹ ਨਾਲ ਸਮੂਹ ਸੰਬੰਧਿਤ



ਸੰਤ ਮੁਹਿੰਦਰ ਸਿੰਘ ਜੀ ਹਰਖੋਵਾਲ



ਸੰਤ ਦੀਦਾਰ ਸਿੰਘ ਜੀ ਹਰਖੋਵਾਲ



ਹਰਖੋਵਾਲ ਸੰਪ੍ਰਦਾਇ ਦੇ ਮੌਜੂਦਾ ਮੁੱਖੀ ਸ਼੍ਰੀਮਾਨ ਸੰਤ ਭਗਵਾਨ ਸਿੰਘ ਜੀ ਹਰਖੋਵਾਲੀਏ

ਅਸਥਾਨਾਂ ਵਿੱਚ ਕਥਾ-ਕੀਰਤਨ ਅਤੇ ਸਵੇਰ-ਸ਼ਾਮ ਲੰਗਰ ਲਗਾਉਣ ਦੀ ਮਰਿਯਾਦਾ ਚਾਲੂ ਰੱਖੀ। ਅੱਜ ਵੀ ਜਿੰਨੇ ਅਸਥਾਨ ਸੰਤਗੜ੍ਹ ਡੇਰੇ ਨਾਲ ਸੰਬੰਧਿਤ ਹਨ, ਸਵੇਰ-ਸ਼ਾਮ ਉਥੇ ਕਥਾ-ਕੀਰਤਨ ਅਤੇ ਲੰਗਰ ਦਾ ਪ੍ਰਵਾਹ ਚੱਲ ਰਿਹਾ ਹੈ। ਸੰਤ ਬਾਬਾ ਮੁਹਿੰਦਰ ਸਿੰਘ ਜੀ ਦੀ ਪਾਵਨ ਮਿੱਠੀ ਯਾਦ ਵਿੱਚ ਪਿੰਡ ਲੱਖਣਪੁਰ ਵਿਖੇ ਬਹੁਤ ਸ਼ਾਨਦਾਰ ਗੁਰਦੁਆਰਾ ਜਨਮ ਅਸਥਾਨ ਡੇਰਾ ਸੰਤਗੜ੍ਹ ਸੰਗਤਾਂ ਦੇ ਸਹਿਯੋਗ ਨਾਲ ਸੰਤ ਬਾਬਾ ਦੀਦਾਰ ਸਿੰਘ ਹਰਖੋਵਾਲ ਵਾਲਿਆਂ ਦੀ ਰਹਿਨੁਮਾਈ ਹੇਠ ਬਣਾਇਆ ਗਿਆ, ਜਿਥੇ ਕਿ ਹਰ ਸਾਲ ਆਪ ਜੀ ਦਾ ਜਨਮ ਦਿਹਾੜਾ ਸ਼ਰਧਾ ਅਤੇ ਸਤਿਕਾਰ ਸਮੇਤ 28 ਮਾਰਚ ਨੂੰ ਸੰਗਤਾਂ ਦੇ ਸਹਿਯੋਗ ਨਾਲ ਸੰਤ ਮਹਾਰਾਜ ਦੀਦਾਰ ਸਿੰਘ ਜੀ ਹਰਖੋਵਾਲਿਆਂ ਦੀ ਸੁਚੱਜੀ ਅਗਵਾਈ ਵਿੱਚ ਮਨਾਇਆ ਜਾਂਦਾ ਰਿਹਾ ਅਤੇ ਹੁਣ ਹਰ ਸਾਲ ਬਹੁਤ ਸ਼ਰਧਾ ਅਤੇ ਸਤਿਕਾਰ ਸਹਿਤ ਮਰਿਯਾਦਾ ਅਨੁਸਾਰ 28 ਮਾਰਚ ਨੂੰ ਸੰਗਤਾਂ ਦੇ ਸਹਿਯੋਗ ਨਾਲ ਹਰਖੋਵਾਲ ਸੰਪ੍ਰਦਾਇ ਦੇ ਮੌਜੂਦਾ ਮੁਖੀ ਸੰਤ ਬਾਬਾ ਭਗਵਾਨ ਸਿੰਘ ਹੀ ਹਰਖੋਵਾਲ ਵਾਲਿਆਂ ਦੀ ਸੁਚੱਜੀ ਅਗਵਾਈ ਹੇਠ ਮਨਾਇਆ ਜਾਂਦਾ ਹੈ।

ਅਖੀਰ ਸਮੇਂ ਸੰਤ ਬਾਬਾ ਮੁਹਿੰਦਰ ਸਿੰਘ ਜੀ, ਸਿੱਖ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ ਉੱਤਰ ਪ੍ਰਦੇਸ਼ ਦੇ ਇਲਾਕੇ ਜ਼ਿਲ੍ਹਾ ਲਖੀਮਪੁਰ ਖੀਰੀ ਦੇ ਪਿੰਡ ਭੀਰਾ, ਸੰਗਤਾਂ ਨੂੰ ਤਾਰਨ ਲਈ ਪੁੱਜੇ ਹੋਏ ਸਨ। ਇਥੇ ਹੀ ਕੀਰਤਨ ਰਾਹੀਂ, ਗੁਰੂ ਕੀਆਂ ਸੰਗਤਾਂ ਨੂੰ ਆਪ ਜੀ ਨਿਹਾਲ ਕਰਦੇ ਰਹੇ। ਸੇਵਾ ਸਿਮਰਨ ਦੀ ਇਹ ਅਦੁੱਤੀ ਸ਼ਖ਼ਸੀਅਤ, ਅੰਮ੍ਰਿਤ ਵੇਲੇ 3 ਵਜੇ 12 ਮਾਰਚ 1984 ਈ: ਨੂੰ ਤਪਦੇ ਬਲਦੇ ਸੰਸਾਰੀ ਜੀਵਾਂ ਤੇ ਨਾਮ ਬਾਣੀ ਦੇ ਛਿੱਟੇ ਪਾਉਂਦੇ ਹੋਏ ਸੂਰਜ ਕਿਰਨ ਮਿਲੇ ਜਲ ਕਾ ਜਲ ਹੂਆ ਰਾਮ ਦੇ ਅਰਸੀ ਮਹਾਂ ਵਾਕ ਅਨੁਸਾਰ ਪ੍ਰਭੂ ਚਰਨਾਂ ਵਿੱਚ ਅਭੇਦ ਹੋ ਗਏ। ਪਿੰਡ ਭੀਰਾ ਯੂ.ਪੀ. ਤੋਂ ਆਪ ਦੇ ਪੰਚ ਭੂਤਕ ਸਰੀਰ ਨੂੰ ਪਾਵਨ ਅਸਥਾਨ ਡੇਰਾ ਸੰਤਗੜ੍ਹ ਕਪੂਰਥਲਾ ਰੋਡ ਜਲੰਧਰ ਵਿਖੇ ਲਿਆਂਦਾ ਗਿਆ। ਉਸ ਸਮੇਂ ਸਿੱਖ ਸੰਗਤਾਂ ਭਾਰੀ ਗਿਣਤੀ ਵਿੱਚ ਪੁੱਜੀਆਂ। ਆਪ ਜੀ ਦੀ ਅੰਤਿਮ ਦੇਹ ਨੂੰ ਗੁਰਦੁਆਰਾ ਬਿਭੌਰ ਸਾਹਿਬ ਜੀ ਪਾਸ ਦਰਿਆ ਵਿੱਚ ਅਰਦਾਸਾ ਸੋਧ ਕੇ ਜਲ ਪ੍ਰਵਾਹ ਕੀਤਾ ਗਿਆ। ਦੁਸਹਿਰੇ ਵਾਲੇ ਦਿਹਾੜੇ ਡੇਰਾ ਸੰਤਗੜ੍ਹ ਜਲੰਧਰ ਵਿਖੇ 22 ਮਾਰਚ ਸੰਨ 1984 ਦੇ ਦਿਨ ਬੜਾ ਭਾਰੀ ਸੰਗਤਾਂ ਦਾ ਇਕੱਠ ਹੋਇਆ।

## ਬਾਬਾ ਦੀਦਾਰ ਸਿੰਘ ਜੀ ਨੂੰ ਗੱਦੀ ਸੌਂਪਣੀ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਨਿਰਮਲ ਮੰਡਲ ਦੁਆਬਾ, ਹੋਤੀ ਮਰਦਾਨ ਸੰਪ੍ਰਦਾ, ਸੰਤ ਸਮਾਜ, ਨਿਹੰਗ ਸਿੰਘ ਜਥੇਬੰਦੀਆਂ ਤੇ ਪੰਥਕ ਸ਼ਖ਼ਸੀਅਤਾਂ ਦੇ ਇਕੱਠ ਵਿੱਚ ਸੰਤ ਬਾਬਾ ਨਿਹਾਲ ਸਿੰਘ ਜੀ ਹਰੀਆਂ ਬੇਲਾਂ ਅਤੇ ਹੋਰ ਸੰਤ ਮਹਾਂਪੁਰਖਾਂ ਨੇ ਮਿਲਕੇ ਮਹਾਂਪੁਰਖਾਂ ਦੇ ਗੱਦੀ ਨਸ਼ੀਨ ਸਤਿਕਾਰ ਯੋਗ ਸੰਤ ਬਾਬਾ ਦੀਦਾਰ ਸਿੰਘ ਜੀ ਹਰਖੋਵਾਲਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਜ਼ੂਰੀ ਵਿੱਚ ਮੁਖੀ ਥਾਪ ਦਿੱਤਾ। ਸੰਤ ਬਾਬਾ ਦੀਦਾਰ ਸਿੰਘ ਜੀ ਨੂੰ ਜਦੋਂ ਤੋਂ ਹਰਖੋਵਾਲ ਸੰਪ੍ਰਦਾਇ ਦੇ ਡੇਰਾ ਸੰਤਗੜ੍ਹ ਜਲੰਧਰ ਦਾ ਮੁਖੀ ਸਥਾਪਤ ਕੀਤਾ ਗਿਆ, ਉਸ ਸਮੇਂ ਤੋਂ ਹੀ ਸੰਤ ਬਾਬਾ ਦੀਦਾਰ ਸਿੰਘ ਜੀ ਹਰਖੋਵਾਲ, ਸੰਤ ਬਾਬਾ ਮੁਹਿੰਦਰ ਸਿੰਘ ਜੀ ਦੀ ਪਾਵਨ ਮਿੱਠੀ ਯਾਦ 12 ਮਾਰਚ ਨੂੰ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਉਂਦੇ ਰਹੇ। ਸੰਤ ਬਾਬਾ ਦੀਦਾਰ ਸਿੰਘ ਜੀ ਹਰਖੋਵਾਲਿਆਂ ਦੀ ਪੰਥਕ ਤੇ ਸੰਤ ਸਮਾਜ ਦੀ ਸੇਵਾ ਕੀਤੀ ਗਈ ਮਹਿਮਾ ਦੀ ਦੇਸ਼-ਵਿਦੇਸ਼ਾਂ ਵਿੱਚ ਅੱਜ ਵੀ ਪ੍ਰਸ਼ੰਸਾ ਹੋ ਰਹੀ ਹੈ। ਐਸੇ ਮਹਾਂਪੁਰਖ ਸੰਤ ਮੁਹਿੰਦਰ ਸਿੰਘ ਜੀ ਸਨ ਜਿਨ੍ਹਾਂ ਨੇ ਪੂਰੀ ਸਿਦਕ ਦਿਲੀ ਅਤੇ ਨਿਰਭੈਤਾ ਨਾਲ ਦੇਸ਼ ਦੇ ਕੋਨੇ-ਕੋਨੇ ਵਿਚਰ ਕੇ ਗੁਰਮਤਿ ਦਾ ਪ੍ਰਚਾਰ ਕੀਤਾ। ਆਪ ਜੀ ਦੀ ਗੁਰਦੁਆਰਾ ਜਨਮ ਅਸਥਾਨ ਸੰਤ ਮੁਹਿੰਦਰ ਸਿੰਘ ਜੀ ਪਿੰਡ ਲੱਖਣਪੁਰ ਵਿਖੇ 100 ਸਾਲਾ ਜਨਮ ਸ਼ਤਾਬਦੀ 26 ਤੋਂ 28 ਮਾਰਚ ਤੱਕ, ਸ੍ਰੀ ਹਜੂਰ ਸੰਤ ਬਾਬਾ ਭਗਵਾਨ ਸਿੰਘ ਜੀ ਹਰਖੋਵਾਲਿਆਂ ਦੀ ਸੁਚੱਜੀ ਅਗਵਾਈ ਵਿੱਚ ਸਮੂਹ ਸੰਤ ਸਮਾਜ ਅਤੇ ਦੇਸ ਪ੍ਰਦੇਸ ਤੇ ਨਗਰ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਤੇ ਸਤਿਕਾਰ ਸਹਿਤ ਵਿਸ਼ੇਸ਼ ਪੱਧਰ 'ਤੇ ਮਨਾਈ ਜਾ ਰਹੀ ਹੈ। ਐਸੇ ਸ਼ਾਂਤੀ ਦੇ ਸੋਮੇ ਮਹਾਂਪੁਰਖਾਂ ਦੀ ਜਨਮ ਸ਼ਤਾਬਦੀ ਦੀ ਸੰਤ ਭਗਵਾਨ ਸਿੰਘ ਜੀ ਹਰਖੋਵਾਲੀਏ, ਗਿ: ਭਗਵਾਨ ਸਿੰਘ ਜੀ ਜੌਹਲ ਤੇ ਸੰਭਲ ਵੱਲੋਂ ਵਧਾਈ ਹੋਵੇ।

* * * * *

# ਫਿਨਲੈਂਡ ਲਗਾਤਾਰ ਨੌਵੇਂ ਸਾਲ ਦੁਨੀਆ ਦਾ ਸਭ ਤੋਂ ਖੁਸ਼ਹਾਲ ਦੇਸ਼ ਵਿਸ਼ਵ ਖੁਸ਼ਹਾਲ ਰਿਪੋਰਟ 2026 ਵਿੱਚ ਭਾਰਤ 116ਵੇਂ ਸਥਾਨ 'ਤੇ ਹੈ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ ) ਵੀਰਵਾਰ ਨੂੰ ਪ੍ਰਕਾਸ਼ਿਤ ਵਿਸ਼ਵ ਖੁਸ਼ਹਾਲ ਰਿਪੋਰਟ 2026 ਵਿੱਚ ਫਿਨਲੈਂਡ ਲਗਾਤਾਰ ਨੌਵੇਂ ਸਾਲ ਦੁਨੀਆ ਦਾ ਸਭ ਤੋਂ ਖੁਸ਼ਹਾਲ ਦੇਸ਼ ਬਣਿਆ ਹੈ। ਜਦ ਕਿ ਭਾਰਤ 116ਵੇਂ ਸਥਾਨ 'ਤੇ ਹੈ, ਜੋ ਪਿਛਲੇ ਸਾਲ ਦੇ 118ਵੇਂ ਸਥਾਨ ਤੋਂ ਦੋ ਸਥਾਨ ਉੱਪਰ ਹੈ ਪਰ ਨੇਪਾਲ ਅਤੇ ਪਾਕਿਸਤਾਨ ਤੋਂ ਪਿੱਛੇ ਹੈ।

ਵਿਸ਼ਵ ਖੁਸ਼ੀ ਰਿਪੋਰਟ ਹਰ ਸਾਲ 20 ਮਾਰਚ ਦੇ ਆਸਪਾਸ ਜਾਰੀ ਕੀਤੀ ਜਾਂਦੀ ਹੈ, ਜੋ ਕਿ ਅੰਤਰਰਾਸ਼ਟਰੀ ਖੁਸ਼ੀ ਦਿਵਸ ਦੇ ਨਾਲ ਮੇਲ ਖਾਂਦੀ ਹੈ, ਅਤੇ 140 ਤੋਂ ਵੱਧ ਦੇਸ਼ਾਂ ਦੇ ਤੰਦਰੁਸਤੀ ਡੇਟਾ ਨੂੰ ਵੱਖ-ਵੱਖ ਅਕਾਦਮਿਕ ਵਿਸ਼ਿਆਂ ਦੇ ਵਿਸ਼ਵ-ਪ੍ਰਮੁੱਖ ਖੋਜਕਰਤਾਵਾਂ ਦੁਆਰਾ ਵਿਸ਼ਲੇਸ਼ਣ ਦੇ ਨਾਲ ਜੋੜਦੀ ਹੈ। ਇਸ ਸਾਲ ਦਾ ਵਿਸ਼ਾ 'ਖੁਸ਼ੀ ਅਤੇ ਸੋਸ਼ਲ ਮੀਡੀਆ' ਅਧਾਰਿਤ ਸੀ।ਭਾਰਤ 'ਖੁਸ਼ੀ ਦਰਜਾਬੰਦੀ' ਦੇ ਮਾਮਲੇ ਵਿੱਚ ਕੁੱਲ ਮਿਲਾ ਕੇ 116ਵੇਂ ਸਥਾਨ 'ਤੇ ਹੈ, ਜਦ ਕਿ 2024 ਵਿੱਚ 118ਵੇਂ ਅਤੇ 2023 ਵਿੱਚ 126ਵੇਂ ਸਥਾਨ 'ਤੇ ਸੀ।ਹਾਲਾਂਕਿ 2026 ਵਿੱਚ ਭਾਰਤ ਕਈ ਕਾਰਕਾਂ 'ਤੇ ਬਹੁਤ ਬਿਹਤਰ ਸਥਾਨ 'ਤੇ ਸੀ। ਉਦਾਹਰਣ ਵਜੋਂ ਇਹ ਭ੍ਰਿਸ਼ਟਾਚਾਰ ਦੀ ਧਾਰਨਾ (ਭ੍ਰਿਸ਼ਟਾਚਾਰ ਦੇ ਪ੍ਰਚਲਨ ਬਾਰੇ ਸਵਾਲ) 'ਤੇ 64ਵੇਂ ਸਥਾਨ 'ਤੇ, ਉਦਾਰਤਾ (ਦਾਨ) 'ਤੇ 78ਵੇਂ ਸਥਾਨ 'ਤੇ, ਆਜ਼ਾਦੀ (ਚੋਣ ਕਰਨ ਦੀ ਆਜ਼ਾਦੀ) 'ਤੇ 61ਵੇਂ ਸਥਾਨ 'ਤੇ), ਪ੍ਰਤੀ ਵਿਅਕਤੀ ਜੀ ਜੀ ਪੀ 'ਤੇ 89ਵੇਂ ਸਥਾਨ 'ਤੇ, ਸਿਹਤਮੰਦ ਜੀਵਨ ਸੰਭਾਵਨਾ (ਵਿਸ਼ਵ ਸਿਹਤ ਸੰਗਠਨ ਦੇ ਅੰਕੜਿਆਂ ਦੇ ਅਧਾਰ 'ਤੇ) 'ਤੇ 95ਵੇਂ ਸਥਾਨ 'ਤੇ ਅਤੇ ਸਮਾਜਿਕ ਸਹਾਇਤਾ 'ਤੇ 123ਵੇਂ ਸਥਾਨ 'ਤੇ ਰਿਹਾ ਹੈ।

ਅਫਗਾਨਿਸਤਾਨ ਨੂੰ ਫਿਰ ਤੋਂ ਦੁਨੀਆ ਦਾ ਸਭ ਤੋਂ ਦੁਖੀ ਦੇਸ਼ ਮੰਨਿਆ ਹੈ, ਇਸ ਸਾਲ 147ਵਾਂ ਸਥਾਨ ਹੈ, ਜੋ 2023 ਵਿੱਚ 143ਵੇਂ ਸਥਾਨ ਤੇ ਸੀ। ਨੇਪਾਲ 99ਵੇਂ ਸਥਾਨ ਅਤੇ ਪਾਕਿਸਤਾਨ 104ਵੇਂ ਸਥਾਨ ਤੇ ਰਹੇ ਹਨ।ਸ੍ਰੀਲੰਕਾ 134ਵੇਂ ਅਤੇ ਬੰਗਲਾਦੇਸ਼ 127ਵੇਂ ਸਥਾਨ 'ਤੇ ਹੈ। ਗੜਬੜੀ ਵਾਲੇ ਦੇਸ਼ਾਂ ਵਿੱਚੋਂ ਮਿਆਂਮਾਰ 129ਵੇਂ ਸਥਾਨ 'ਤੇ ਹੈ, ਫਲਸਤੀਨ 109ਵੇਂ,ਇਜ਼ਰਾਈਲ 8ਵੇਂ ਅਤੇ ਯੂਕਰੇਨ 111ਵੇਂ ਸਥਾਨ 'ਤੇ ਆਇਆ ਹੈ। ਚੀਨ ਇਸ ਸਾਲ 65ਵੇਂ, ਰੂਸ79ਵੇਂ ਅਤੇ ਅਮਰੀਕਾ ਇਸ ਸਾਲ 23ਵੇਂ ਸਥਾਨ 'ਤੇ ਹੈ। ਸਾਲਾਨਾ ਰਿਪੋਰਟ ਆਕਸਫੋਰਡ ਯੂਨੀਵਰਸਿਟੀ ਦੇ ਵੈਲਬੀਇੰਗ ਰਿਸਰਚ ਸੈਂਟਰ ਦੁਆਰਾ ਗੈਲਪ ਅਤੇ ਸੰਯੁਕਤ ਰਾਸ਼ਟਰ ਦੇ ਸਸਟੇਨੇਬਲ ਡਿਵੈਲਪਮੈਂਟ ਸਲਿਊਸ਼ਨਜ਼ ਨੈੱਟਵਰਕ ਨਾਲ ਸਾਂਝੇਦਾਰੀ ਵਿੱਚ ਪ੍ਰਕਾਸ਼ਿਤ ਕੀਤੀ ਗਈ ਹੈ। ਸਾਲਾਨਾ ਰਿਪੋਰਟ ਵਿੱਚ ਪਾਇਆ ਗਿਆ ਕਿ ਫਿਨਲੈਂਡ ਲਗਾਤਾਰ ਨੌਵੇਂ ਸਾਲ ਦੁਨੀਆ ਦਾ ਸਭ ਤੋਂ ਖੁਸ਼ਹਾਲ ਦੇਸ਼ ਹੈ, ਜਿਸ ਵਿੱਚ ਆਈਸਲੈਂਡ, ਡੈਨਮਾਰਕ, ਸਵੀਡਨ ਅਤੇ ਨਾਰਵੇ ਵਰਗੇ ਹੋਰ ਦੇਸ਼ ਚੋਟੀ ਦੇ 10 ਦੇਸ਼ਾਂ ਵਿੱਚ ਸ਼ਾਮਲ ਹਨ।

## ਗਲੋਬਲ ਟਾਈਮਜ਼ ਦਾ ਅਮਰੀਕਾ ਨੂੰ ਸਖ਼ਤ ਸੁਨੇਹਾ

# ਹੋਰਮੁਜ਼ ਦੀ ਸੁਰੱਖਿਆ ਜੰਗੀ ਜਹਾਜ਼ਾਂ ਨਾਲ ਨਹੀਂ, ਸ਼ਾਂਤੀ ਨਾਲ ਸੰਭਵ

## ✪ ਮੱਧ ਪੂਰਬ ਵਿੱਚ ਅਮਰੀਕੀ ਫੌਜੀ ਨੀਤੀ ਦੀ ਅਸਫਲਤਾ ਬਾਰੇ ਚੀਨ ਦਾ 'ਕੂਟਨੀਤਕ ਮਾਡਲ' ਕੀ ਹੈ?

ਬੀਤੇ ਦਿਨੀਂ 'ਗਲੋਬਲ' ਟਾਈਮਜ਼ ਵਿੱਚ ਪ੍ਰਕਾਸ਼ਿਤ ਇਹ ਲੇਖ ਅਮਰੀਕਾ ਦੀ ਵਿਦੇਸ਼ ਨੀਤੀ ਅਤੇ ਮੱਧ ਪੂਰਬ ਵਿੱਚ ਵਧ ਰਹੇ ਤਣਾਅ 'ਤੇ ਸਿੱਧਾ ਹਮਲਾ ਹੈ। ਯਾਦ ਰਖਣਾ ਵਾਲੀ ਗਲ ਇਹ ਹੈ ਕਿ ਗਲੋਬਲ ਟਾਈਮਜ਼ ਚੀਨ ਦੀ ਸਰਕਾਰੀ ਵੈਬਸਾਈਟ ਹੈ। ਇਸ ਦਾ ਸੰਪਾਦਕੀ ਚੀਨ ਸਰਕਾਰ ਦੀ ਨੀਤੀ ਉਪਰ ਆਧਾਰਿਤ ਹੁੰਦਾ ਹੈ।



ਗਲੋਬਲ ਟਾਈਮਜ਼ ਦੀ ਸੰਪਾਦਕੀ ਵਿਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸਹਿਯੋਗੀ ਦੇਸ਼ਾਂ (ਚੀਨ, ਫਰਾਂਸ, ਬ੍ਰਿਟੇਨ ਆਦਿ) ਨੂੰ ਹੋਰਮੁਜ਼ ਵਿੱਚ ਜੰਗੀ ਜਹਾਜ਼ ਭੇਜਣ ਦੀ ਅਪੀਲ ਨੂੰ ਚੀਨ ਨੇ ਇੱਕ "ਖ਼ਤਰਨਾਕ ਖੇਡ" ਕਰਾਰ ਦਿੱਤਾ ਸੀ।

ਇਸ ਸੰਪਾਦਕੀ ਦਾ ਸਭ ਤੋਂ ਅਹਿਮ ਨੁਕਤਾ ਇਹ ਸੀ ਕਿ ਅਮਰੀਕਾ ਇਸ ਨੂੰ "ਸਾਂਝੀ ਜ਼ਿੰਮੇਵਾਰੀ" ਕਹਿ ਰਿਹਾ ਹੈ, ਪਰ ਚੀਨ ਦੇ ਨਜ਼ਰੀਏ ਤੋਂ ਇਹ "ਖਤਰਨਾਕ ਨੀਤੀ" ਹੈ ਜੋ ਤਬਾਹੀ ਮਚਾਏਗੀ। ਕੋਈ ਹਲ ਨਹੀਂ ਕਰੇਗੀ।

ਅਮਰੀਕਾ ਨੇ ਈਰਾਨ ਨਾਲ ਚੱਲ ਰਹੀ ਗੱਲਬਾਤ ਦੇ ਵਿਚਕਾਰ ਹੀ ਹਮਲੇ ਕੀਤੇ ਹਨ। ਹੁਣ ਜਦੋਂ ਹਾਲਾਤ ਵਿਗੜ ਗਏ ਗਏ ਹਨ ਅਤੇ ਈਰਾਨ ਨੇ ਤੇਲ ਦੀ ਸਪਲਾਈ ਰੋਕਣ (ਹੋਰਮੁਜ਼ ਬੰਦ ਕਰਨ) ਦੀ ਧਮਕੀ ਦਿੱਤੀ ਹੈ। ਇਸ ਕਾਰਣ ਅਮਰੀਕਾ ਚਾਹੁੰਦਾ ਹੈ ਕਿ ਦੂਜੇ ਦੇਸ਼ ਵੀ ਆਪਣੀ ਫੌਜ ਭੇਜਣ ਤਾਂ ਜੋ ਈਰਾਨ ਨੂੰ ਜਬਰੀ ਰੋਕਿਆ ਜਾਵੇ।

ਹੋਰਮੁਜ਼ ਦੀ ਚੌੜਾਈ ਸਿਰਫ਼ 50 ਕਿਲੋਮੀਟਰ ਹੈ। ਇਹ ਦੁਨੀਆ ਦੀ ਸਭ ਤੋਂ ਮਹੱਤਵਪੂਰਨ ਤੇਲ ਸਪਲਾਈ ਲਾਈਨ ਹੈ।

ਸੰਪਾਦਕੀ ਵਿਚ ਕਿਹਾ ਗਿਆ ਹੈ ਕਿ ਜਿੰਨੀ ਘੱਟ ਜਗ੍ਹਾ ਵਿੱਚ ਤੁਸੀਂ ਜ਼ਿਆਦਾ ਜੰਗੀ ਜਹਾਜ਼ ਇਕੱਠੇ ਕਰੋਗੇ, ਉੱਥੇ ਗਲਤੀ ਨਾਲ ਵੀ ਜੰਗ ਭੜਕਣ ਦਾ ਖ਼ਤਰਾ ਉੱਨਾ ਹੀ ਵੱਧ ਜਾਵੇਗਾ। ਚੀਨ ਦਾ ਮੰਨਣਾ ਹੈ ਕਿ ਸੁਰੱਖਿਆ ਜਹਾਜ਼ਾਂ ਦੀ ਗਿਣਤੀ ਨਾਲ ਨਹੀਂ, ਸਗੋਂ ਸਿਆਸੀ ਸਥਿਰਤਾ ਨਾਲ ਆਉਂਦੀ ਹੈ।

ਇਹ ਗਲ ਸੱਚ ਹੈ ਕਿ ਅਮਰੀਕਾ ਇਸ ਮਸਲੇ ਨੂੰ ਆਪਣੀ ਫੌਜੀ ਤਾਕਤ, ਹਮਲਿਆਂ ਅਤੇ ਨਾਕਾਬੰਦੀ ਨਾਲ ਹਲ ਕਰਨਾ ਚਾਹੁੰਦਾ ਹੈ ਤੇ ਇਰਾਨ ਨੂੰ ਦਬਾਉਣਾ ਚਾਹੁੰਦਾ ਹੈ। ਇਸ ਕਾਰਣ ਇਰਾਕ, ਲੀਬੀਆ ਅਤੇ ਅਫਗਾਨਿਸਤਾਨ ਵਰਗੀ ਅਰਾਜਕਤਾ ਪੈਦਾ ਹੋ ਰਹੀ ਹੈ।

ਚੀਨ ਦਾ ਕਹਿਣਾ ਹੈ ਕਿ ਅਮਰੀਕਾ ਬਰਾਬਰੀ ਅਤੇ ਕੂਟਨੀਤੀ ਨਾਲ ਇਹ ਮਸਲਾ ਹੱਲ ਕਰੇ। ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨੇ ਸਪੱਸ਼ਟ ਕੀਤਾ ਹੈ ਕਿ ਇਹ ਜੰਗ ਗੈਰ-ਕਾਨੂੰਨੀ ਹੈ, ਕਿਉਂਕਿ ਇਸ ਨੂੰ ਯੂਐਨਓ ਵਲੋਂ ਮਾਨਤਾ ਪ੍ਰਾਪਤ ਨਹੀਂ ਹੈ।

ਗਲੋਬਲ ਟਾਈਮਜ਼ ਦੀ ਸੰਪਾਦਕੀ ਵਿਚ ਇੱਕ ਬਹੁਤ ਹੀ ਤਰਕਪੂਰਨ ਗੱਲ ਕੀਤੀ ਹੈ- ਈਰਾਨ ਖੁਦ ਆਪਣਾ ਤੇਲ ਇਸੇ ਰਸਤੇ ਰਾਹੀਂ ਵੇਚਦਾ ਹੈ। ਇਸ ਲਈ ਹੋਰਮੁਜ਼ ਨੂੰ ਬੰਦ ਕਰਨਾ ਈਰਾਨ ਦੀ ਪਹਿਲੀ ਪਸੰਦ ਨਹੀਂ, ਸਗੋਂ ਉਸਦਾ "ਆਖਰੀ ਹਥਿਆਰ" ਹੈ। ਚੀਨ ਦਾ ਮੰਨਣਾ ਹੈ ਕਿ ਜੇਕਰ ਅਮਰੀਕਾ ਅਤੇ ਇਜ਼ਰਾਈਲ ਦੇ ਹਮਲੇ ਬੰਦ ਹੋ ਜਾਣ, ਤਾਂ ਹੋਰਮੁਜ਼ ਦਾ ਖ਼ਤਰਾ ਆਪਣੇ ਆਪ ਖ਼ਤਮ ਹੋ ਜਾਵੇਗਾ।

ਇਸ ਸੰਪਾਦਕੀ ਦਾ ਡੂੰਘਾ ਅਰਥ ਇਹ ਹੈ ਕਿ ਇਸ ਮਸਲੇ ਦਾ ਫੌਜੀ ਹੱਲ ਨਹੀਂ। ਸਮੁੰਦਰ ਵਿੱਚ ਅਮਰੀਕਾ ਵਲੋਂ ਹਥਿਆਰਾਂ ਦੀ ਨੁਮਾਇਸ਼ ਕਰਨ ਨਾਲ ਤੇਲ ਦੇ ਟੈਂਕਰ ਸੁਰੱਖਿਅਤ ਨਹੀਂ ਹੋਣਗੇ, ਸਗੋਂ ਤੇਲ ਦੀਆਂ ਕੀਮਤਾਂ ਵਧਣਗੀਆਂ ਅਤੇ ਜੰਗ ਦਾ ਖ਼ਤਰਾ ਹੋਰ ਵਧੇਗਾ। ਚੀਨ ਨੇ ਸੰਕੇਤ ਦਿੱਤਾ ਹੈ ਕਿ ਉਹ ਅਮਰੀਕਾ ਦੇ ਇਸ "ਜੰਗੀ ਗੱਠਜੋੜ" ਦਾ ਹਿੱਸਾ ਨਹੀਂ ਬਣੇਗਾ।

ਸੰਪਾਦਕੀ ਦੇ ਅਨੁਸਾਰ, ਅਮਰੀਕਾ ਅਤੇ ਇਜ਼ਰਾਈਲ ਨੇ ਉਸ ਸਮੇਂ ਈਰਾਨ 'ਤੇ ਹਮਲੇ ਕੀਤੇ ਜਦੋਂ ਸ਼ਾਂਤੀ ਵਾਰਤਾ ਚੱਲ ਰਹੀ ਸੀ। ਜੇਕਰ ਅਮਰੀਕਾ ਨੇ ਬਿਨਾਂ ਕਿਸੇ ਉਕਸਾਵੇ ਜਾਂ ਯੂ ਐਨ ਦੀ ਇਜਾਜ਼ਤ ਦੇ ਹਮਲਾ ਕੀਤਾ ਹੈ, ਤਾਂ ਉਹ ਇਸ ਸੰਕਟ ਦਾ "ਜਨਮਦਾਤਾ" ਹੈ।

ਚੀਨ ਦਾ ਤਰਕ ਹੈ ਕਿ ਜੇਕਰ ਤੁਸੀਂ ਖੁਦ ਕਿਸੇ ਦੀਵਾਰ ਵਿੱਚ ਤਰੇੜ ਪਾਈ ਹੈ, ਤਾਂ ਉਸ ਦੇ ਡਿੱਗਣ ਦਾ ਦੋਸ਼ ਦੂਜਿਆਂ ਸਿਰ ਨਹੀਂ ਮੜ੍ਹਿਆ ਜਾ ਸਕਦਾ। ਚੀਨ ਦਾ ਮੰਨਣਾ ਹੈ ਕਿ ਰਾਸ਼ਟਰਪਤੀ ਟਰੰਪ ਵੱਲੋਂ ਦੂਜੇ ਦੇਸ਼ਾਂ ਨੂੰ ਜੰਗੀ ਜਹਾਜ਼ ਭੇਜਣ ਲਈ ਕਹਿਣਾ "ਬਿੱਲ" ਵਸੂਲਣ ਵਰਗਾ ਹੈ। ਜੰਗੀ ਜਹਾਜ਼ ਭੇਜਣ ਦਾ ਮਤਲਬ ਹੈ ਅਰਬਾਂ ਡਾਲਰ ਦਾ ਖਰਚਾ ਅਤੇ ਆਪਣੇ ਸੈਨਿਕਾਂ ਦੀ ਜਾਨ ਨੂੰ ਖ਼ਤਰੇ ਵਿੱਚ ਪਾਉਣਾ। ਚੀਨ ਸਵਾਲ ਕਰ ਰਿਹਾ ਹੈ ਕਿ ਜਿਸ ਜੰਗ ਨੂੰ ਅਮਰੀਕਾ ਨੇ ਆਪਣੀ ਮਰਜ਼ੀ ਨਾਲ ਸ਼ੁਰੂ ਕੀਤਾ, ਉਸ ਦਾ ਖਰਚਾ ਅਤੇ ਨੁਕਸਾਨ ਬਾਕੀ ਦੁਨੀਆ ਕਿਉਂ ਭਰੇ?

### ਕੀ ਅਮਰੀਕਾ ਕੋਲ ਅਜਿਹੀ ਮੰਗ ਕਰਨ ਦਾ ਨੈਤਿਕ ਹੱਕ ਹੈ?

ਅੰਤਰਰਾਸ਼ਟਰੀ ਕਾਨੂੰਨ ਅਨੁਸਾਰ, ਜੇਕਰ ਕੋਈ ਦੇਸ਼ ਇਕਪਾਸੜ ਕਾਰਵਾਈ ਕਰਦਾ ਹੈ, ਤਾਂ ਉਹ ਦੂਜੇ ਦੇਸ਼ਾਂ ਨੂੰ ਮਦਦ ਲਈ ਮਜਬੂਰ ਨਹੀਂ ਕਰ ਸਕਦਾ। 'ਗਲੋਬਲ ਟਾਈਮਜ਼' ਮੁਤਾਬਕ ਅਮਰੀਕਾ ਆਪਣੀ 'ਹੈਜੇਮਨੀ' (ਧੌਂਸ) ਵਰਤ ਕੇ ਦੂਜਿਆਂ ਨੂੰ ਆਪਣੀ ਗਲਤੀ ਸੁਧਾਰਨ ਲਈ ਵਰਤ ਰਿਹਾ ਹੈ।

ਅਮਰੀਕਾ ਦੁਨੀਆ ਨੂੰ ਇਹ ਦਿਖਾਉਣਾ ਚਾਹੁੰਦਾ ਹੈ ਕਿ ਹੋਰਮੁਜ਼ ਦਾ ਸੰਕਟ "ਈਰਾਨ ਦੀ ਗਲਤੀ" ਹੈ, ਜਦਕਿ ਚੀਨ ਕਹਿ ਰਿਹਾ ਹੈ ਕਿ ਇਹ "ਅਮਰੀਕੀ ਧੌਂਸ ਦਾ ਨਤੀਜਾ" ਹੈ।

ਜੇਕਰ ਚੀਨ ਜਾਂ ਫਰਾਂਸ ਆਪਣੇ ਜਹਾਜ਼ ਭੇਜਦੇ ਹਨ, ਤਾਂ ਉਹ ਅਮਰੀਕਾ ਦੀ ਜੰਗ ਵਿੱਚ "ਪਾਰਟਨਰ" ਬਣ ਜਾਣਗੇ। ਫਿਰ ਜੇਕਰ ਜੰਗ ਵਧਦੀ ਹੈ, ਤਾਂ ਅਮਰੀਕਾ ਕਹਿ ਸਕੇਗਾ, "ਅਸੀਂ ਇਕੱਲੇ ਨਹੀਂ ਸੀ, ਸਾਰੀ ਦੁਨੀਆ ਸਾਡੇ ਨਾਲ ਸੀ।"

ਚੀਨ ਇਹ ਦੱਸਣਾ ਚਾਹੁੰਦਾ ਹੈ ਕਿ ਅਮਰੀਕਾ ਪਹਿਲਾਂ ਅੱਗ ਲਗਾਉਂਦਾ ਹੈ (ਹਮਲੇ ਕਰਦਾ ਹੈ) ਅਤੇ ਫਿਰ "ਫਾਇਰ ਬ੍ਰਿਗੇਡ" (ਸ਼ਾਂਤੀ ਸੈਨਾ) ਬਣਨ ਦਾ ਡਰਾਮਾ ਕਰਕੇ ਦੂਜਿਆਂ ਤੋਂ ਮਦਦ ਮੰਗਦਾ ਹੈ।

ਇਸ ਵਾਕ ਦਾ ਸਭ ਤੋਂ ਡੂੰਘਾ ਅਰਥ ਇਹ ਹੈ ਕਿ "ਅਪਰਾਧੀ ਹੀ ਜੱਜ ਨਹੀਂ ਬਣ ਸਕਦਾ।" ਜਿਸ ਦੇਸ਼ ਨੇ ਖੁਦ ਸ਼ਾਂਤੀ ਭੰਗ ਕੀਤੀ ਹੈ, ਉਹ ਦੂਜੇ ਦੇਸ਼ਾਂ ਨੂੰ 'ਸਾਂਝੀ ਸੁਰੱਖਿਆ' ਦਾ ਪਾਠ ਨਹੀਂ ਪੜ੍ਹਾ ਸਕਦਾ। ਇਹ ਅਮਰੀਕਾ ਦੀ ਵਿਦੇਸ਼ ਨੀਤੀ 'ਤੇ ਇੱਕ ਬਹੁਤ ਵੱਡਾ ਨੈਤਿਕ ਸਵਾਲੀਆ ਨਿਸ਼ਾਨ ਹੈ।

'ਗਲੋਬਲ ਟਾਈਮਜ਼' ਦਾ ਇਹ ਸੰਪਾਦਕੀ ਦੁਨੀਆ ਨੂੰ ਯਾਦ ਦਿਵਾਉਂਦਾ ਹੈ ਕਿ "ਟੇਬਲ ਟਾਕ ਹਜ਼ਾਰਾਂ ਜੰਗੀ ਜਹਾਜ਼ਾਂ ਨਾਲੋਂ ਜ਼ਿਆਦਾ ਸ਼ਕਤੀਸ਼ਾਲੀ ਹੁੰਦੀ ਹੈ।" ਜੇਕਰ ਅਮਰੀਕਾ ਸੱਚਮੁੱਚ ਸੁਰੱਖਿਆ ਚਾਹੁੰਦਾ ਹੈ, ਤਾਂ ਉਸਨੂੰ ਬੰਦੂਕਾਂ ਛੱਡ ਕੇ ਗੱਲਬਾਤ ਦਾ ਰਾਹ ਫੜਨਾ ਪਵੇਗਾ।

## ਬੰਦੀ ਸਿੰਘਾਂ ਦੀ ਰਿਹਾਈ 'ਤੇ ਜਥੇਦਾਰ ਗੜਗੱਜ ਦਾ ਤਿੱਖਾ ਹਮਲਾ

# 'ਸੌਦਾ ਸਾਧ' ਨੂੰ ਪੈਰੋਲ ਪਰ ਸਿੱਖ ਕੈਦੀਆਂ ਨਾਲ ਵਿਤਕਰਾ ਕਿਉਂ?



ਸ੍ਰੀ ਅਨੰਦਪੁਰ ਸਾਹਿਬ-ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕੇਂਦਰ ਸਰਕਾਰ ਅਤੇ ਦੇਸ਼ ਦੀ ਨਿਆਂ ਪ੍ਰਣਾਲੀ ਵਿਰੁੱਧ ਸਖ਼ਤ ਮੋਰਚਾ ਖੋਲ੍ਹ ਦਿੱਤਾ ਹੈ। ਉਨ੍ਹਾਂ ਨੇ ਸਰਕਾਰ ਦੇ ਦੋਹਰੇ ਮਾਪਦੰਡਾਂ 'ਤੇ ਗੰਭੀਰ ਸਵਾਲ ਚੁੱਕੇ ਹਨ। ਜਥੇਦਾਰ ਨੇ ਕਿਹਾ ਕਿ ਦੇਸ਼ ਦੀ ਨਿਆਂ ਵਿਵਸਥਾ ਬੰਦੀ ਸਿੰਘਾਂ ਦੇ ਮਾਮਲੇ ਵਿੱਚ ਪੱਖਪਾਤੀ ਰਵੱਈਆ ਅਪਨਾ ਰਹੀ ਹੈ। ਉਨ੍ਹਾਂ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਇੱਕ ਪਾਸੇ ਡੇਰਾ ਮੁਖੀ (ਸੌਦਾ ਸਾਧ) ਨੂੰ ਵਾਰ-ਵਾਰ ਪੈਰੋਲ ਦਿੱਤੀ ਜਾ ਰਹੀ ਹੈ, ਜਦਕਿ ਦੂਜੇ ਪਾਸੇ ਭਾਈ ਜਗਤਾਰ ਸਿੰਘ ਹਵਾਰਾ ਵਰਗੇ ਸਿੰਘਾਂ ਨੂੰ ਆਪਣੀ ਬੀਮਾਰ ਮਾਤਾ ਨੂੰ ਮਿਲਣ ਤੱਕ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਜਥੇਦਾਰ ਅਨੁਸਾਰ ਕੇਂਦਰ ਸਰਕਾਰ ਰਿਹਾਈ ਦੇ ਵਾਅਦੇ ਕਰਕੇ ਵਾਰ-ਵਾਰ ਪਿੱਛੇ ਹਟ ਜਾਂਦੀ ਹੈ। ਜਥੇਦਾਰ ਗੜਗੱਜ ਨੇ ਇੱਕ ਵੱਡਾ ਖੁਲਾਸਾ ਕਰਦਿਆਂ ਦੱਸਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੰਗਤ ਦੇ ਦਸਤਖ਼ਤ ਕਰਵਾ ਕੇ ਇੱਕ ਮੁਹਿੰਮ ਚਲਾਈ ਗਈ ਸੀ। ਪਰ ਦਿੱਲੀ ਦੇ ਕੁਝ ਨੁਮਾਇੰਦਿਆਂ ਦੀ ਮਿਲੀਭੁਗਤ ਕਾਰਨ ਉਹ ਦਸਤਖ਼ਤ ਅੱਜ ਤੱਕ ਦਿੱਲੀ (ਸਰਕਾਰ) ਤੱਕ ਪਹੁੰਚਾਏ ਹੀ ਨਹੀਂ ਗਏ। ਸਿੱਖ ਕੈਦੀਆਂ ਨੂੰ ਉਨ੍ਹਾਂ ਦੇ ਬਣਦੇ ਹੱਕਾਂ ਤੋਂ ਵਾਂਝਾ ਰੱਖਣਾ ਸਰਕਾਰ ਅਤੇ ਨਿਆਂ ਪ੍ਰਣਾਲੀ ਦੀ ਨਾਕਾਮੀ ਹੈ।" ਉਨ੍ਹਾਂ ਸਪੱਸ਼ਟ ਕੀਤਾ ਕਿ ਪੰਜਾਬ ਦੀ ਸੱਤਾ 'ਤੇ ਕਾਬਜ਼ ਧਿਰਾਂ ਦੀ ਇਹ ਨੈਤਿਕ ਜ਼ਿੰਮੇਵਾਰੀ ਹੈ ਕਿ ਉਹ ਪੰਥਕ ਮੰਗਾਂ ਨੂੰ ਮਜ਼ਬੂਤੀ ਨਾਲ ਚੁੱਕਣ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਿੱਖਾਂ ਦੀ ਆਪਣੀ ਮਜ਼ਬੂਤ ਖੇਤਰੀ ਰਾਜਸੀ ਧਿਰ ਹੀ ਇਨ੍ਹਾਂ ਮੁੱਦਿਆਂ ਦਾ ਸਹੀ ਹੱਲ ਕੱਢ ਸਕਦੀ ਹੈ।

# ਈਰਾਨ-ਇਜ਼ਰਾਈਲ ਜੰਗ ਕਾਰਣ ਕੈਨੇਡਾ ਜਾਣ ਵਾਲੇ ਪੰਜਾਬੀਆਂ ਲਈ ਕਿਉਂ ਖੜ੍ਹੀ ਹੋਈ ਵੱਡੀ ਮੁਸੀਬਤ !

**ਖਾਸ ਖਬਰ**

## ✪ ਕੈਨੇਡਾ ਦੀਆਂ ਟਿਕਟਾਂ 3 ਲੱਖ ਤੋਂ ਪਾਰ, ਵਿਦਿਆਰਥੀਆਂ ਦਾ ਭਵਿੱਖ ਦਾਅ 'ਤੇ !

## ✪ ਯੂਰਪ ਰਾਹੀਂ ਕੈਨੇਡਾ ਜਾਣ ਲਈ ਮਜਬੂਰ ਪੰਜਾਬੀ, ਲੇਅਓਵਰ ਤੇ ਖ਼ਰਚਾ ਦੋਵੇਂ ਵਧੇ



ਮਿਡਲ ਈਸਟ ਵਿੱਚ ਚੱਲ ਰਹੀ ਈਰਾਨ-ਇਜ਼ਰਾਈਲ ਜੰਗ ਦਾ ਪ੍ਰਭਾਵ ਅੰਤਰਰਾਸ਼ਟਰੀ ਪੱਧਰ 'ਤੇ ਪੈ ਰਿਹਾ ਹੈ। ਹੁਣ ਪੰਜਾਬ ਵਿੱਚ ਵੀ ਇਸ ਦਾ ਅਸਰ ਮਹਿਸੂਸ ਕੀਤਾ ਜਾ ਰਿਹਾ ਹੈ। ਖ਼ਾਸ ਕਰ ਕੇ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ, ਵਰਕ ਪਰਮਿਟ ਧਾਰਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਰ ਸਾਲ ਪੰਜਾਬ ਦੇ ਦੋਆਬਾ ਖੇਤਰ ਦੇ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਸ਼ਹੀਦ ਭਗਤ ਸਿੰਘ ਨਗਰ ਤੋਂ ਵੱਡੀ ਗਿਣਤੀ ਵਿੱਚ ਨੌਜਵਾਨ ਪੜ੍ਹਾਈ ਅਤੇ ਨੌਕਰੀਆਂ ਲਈ ਕੈਨੇਡਾ ਜਾਂਦੇ ਹਨ, ਪਰ ਮੌਜੂਦਾ ਹਾਲਾਤ ਵਿੱਚ ਉਨ੍ਹਾਂ ਦਾ ਸਫ਼ਰ ਪਹਿਲਾਂ ਨਾਲੋਂ ਮਹਿੰਗਾ ਅਤੇ ਲੰਬਾ ਹੋ ਗਿਆ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਇਸ ਦਾ ਅਸਰ ਪੰਜਾਬ ਭਰ ਦੇ ਉਨ੍ਹਾਂ ਪਰਿਵਾਰਾਂ 'ਤੇ ਪੈ ਰਿਹਾ ਹੈ ਜਿਨ੍ਹਾਂ ਦੇ ਬੱਚੇ ਪੜ੍ਹਾਈ ਜਾਂ ਕੰਮ ਲਈ ਕੈਨੇਡਾ ਜਾਂਦੇ ਹਨ। 28 ਫਰਵਰੀ, 2026 ਤੋਂ ਮਿਡਲ ਈਸਟ ਵਿੱਚ ਵਧੇ ਤਣਾਅ ਨੇ ਵਿਸ਼ਵ ਹਵਾਬਾਜ਼ੀ ਖੇਤਰ ਨੂੰ ਵੀ ਪ੍ਰਭਾਵਿਤ ਕੀਤਾ ਸੀ। ਹੁਣ ਤੱਕ ਲਗਭਗ 46,000 ਉਡਾਣਾਂ ਪ੍ਰਭਾਵਿਤ ਹੋਈਆਂ ਹਨ। ਸੁਰੱਖਿਆ ਚਿੰਤਾਵਾਂ ਦੇ ਕਾਰਨ, ਈਰਾਨ, ਇਰਾਕ, ਕੁਵੈਤ, ਕਤਰ, ਬਹਿਰੀਨ ਅਤੇ ਸੰਯੁਕਤ ਅਰਬ ਅਮੀਰਾਤ ਨੇ ਆਪਣੇ ਹਵਾਈ ਖੇਤਰ ਵਿੱਚ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਹਨ ਜਾਂ ਨਿਗਰਾਨੀ ਵਧਾ ਦਿੱਤੀ ਹੈ। ਇਸ ਨਾਲ ਅੰਤਰਰਾਸ਼ਟਰੀ ਉਡਾਣ ਰੂਟ ਪ੍ਰਭਾਵਿਤ ਹੋਏ ਸਨ ਅਤੇ ਬਹੁਤ ਸਾਰੀਆਂ ਏਅਰਲਾਈਨਾਂ ਨੂੰ ਆਪਣੇ ਰੂਟ ਬਦਲਣੇ ਪਏ ਸਨ।

ਪੰਜਾਬ ਤੋਂ ਕੈਨੇਡਾ ਜਾਣ ਵਾਲੇ ਜ਼ਿਆਦਾਤਰ ਯਾਤਰੀ ਪਹਿਲਾਂ ਖਾੜੀ ਦੇਸ਼ਾਂ ਦੇ ਪ੍ਰਮੁੱਖ ਆਵਾਜਾਈ ਕੇਂਦਰ ਦੁਬਈ, ਦੋਹਾ ਅਤੇ ਅਬੂ ਧਾਬੀ ਰਾਹੀਂ ਯਾਤਰਾ ਕਰਦੇ ਸਨ। ਮੌਜੂਦਾ ਸਥਿਤੀ ਨੇ ਇਨ੍ਹਾਂ ਰੂਟਾਂ ਬਾਰੇ ਅਨਿਸ਼ਚਿਤਤਾ ਵਧਾ ਦਿੱਤੀ ਹੈ। ਕਈ ਏਅਰਲਾਈਨਾਂ ਨੇ ਆਪਣੇ ਰੂਟ ਬਦਲ ਦਿੱਤੇ ਹਨ, ਜਿਸ ਕਾਰਨ ਯਾਤਰੀਆਂ ਨੂੰ ਲੰਡਨ, ਫ੍ਰੈਂਕਫਰਟ ਅਤੇ ਪੈਰਿਸ ਵਰਗੇ ਯੂਰਪੀਅਨ ਸ਼ਹਿਰਾਂ ਰਾਹੀਂ ਕੈਨੇਡਾ ਜਾਣਾ ਪੈ ਰਿਹਾ ਹੈ, ਜਿਸ ਨਾਲ ਯਾਤਰਾ ਦਾ ਸਮਾਂ ਵੀ ਵਧ ਗਿਆ ਹੈ।

ਇਸ ਸੰਕਟ ਦਾ ਪ੍ਰਭਾਵ ਟਿਕਟਾਂ ਦੀਆਂ ਕੀਮਤਾਂ ਤੱਕ ਸੀਮਿਤ ਨਹੀਂ ਹੈ। ਖਾੜੀ ਹਵਾਈ ਖੇਤਰ ਤੋਂ ਬਚਣ ਕਾਰਨ ਕਈ ਉਡਾਣਾਂ ਦੀ ਮਿਆਦ 45 ਮਿੰਟ ਤੋਂ ਵਧਾ ਕੇ ਚਾਰ ਘੰਟੇ ਹੋ ਗਈ ਹੈ। ਅੰਤਰਰਾਸ਼ਟਰੀ ਜੈੱਟ ਫਿਊਲ ਦੀਆਂ ਵਧਦੀਆਂ ਕੀਮਤਾਂ ਨੇ ਏਅਰਲਾਈਨਾਂ ਨੂੰ ਈਂਧਨ ਸਰਚਾਰਜ ਵਧਾਉਣ ਲਈ ਮਜਬੂਰ ਕੀਤਾ ਹੈ, ਜਿਸ ਨਾਲ ਟਿਕਟਾਂ ਦੀਆਂ ਕੀਮਤਾਂ ਵਿੱਚ 15 ਪ੍ਰਤੀਸ਼ਤ ਵਾਧਾ ਹੋਇਆ ਹੈ। ਯਾਤਰੀਆਂ ਦਾ ਕਹਿਣਾ ਹੈ ਕਿ ਜੇਕਰ ਮਿਡਲ ਈਸਟ ਵਿੱਚ ਤਣਾਅ ਜਲਦੀ ਘੱਟ ਨਹੀਂ ਹੁੰਦਾ ਹੈ, ਤਾਂ ਕੈਨੇਡਾ ਜਾਣ ਵਾਲੇ ਯਾਤਰੀਆਂ ਨੂੰ ਟਿਕਟਾਂ ਦੀਆਂ ਉੱਚੀਆਂ ਕੀਮਤਾਂ, ਲੰਬੀਆਂ ਯਾਤਰਾਵਾਂ ਅਤੇ ਸੀਮਤ ਉਡਾਣ ਵਿਕਲਪਾਂ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।



ਇਕ ਟਰੈਵਲ ਏਜੰਟ ਅਨੁਸਾਰ ਪਹਿਲਾਂ ਇਕਾਨਮੀ ਕਲਾਸ ਦੀਆਂ ਟਿਕਟਾਂ ਮੁਕਾਬਲਤਨ ਘੱਟ ਕੀਮਤ 'ਤੇ ਮਿਲਦੀਆਂ ਸਨ, ਪਰ ਹੁਣ ਤਤਕਾਲ ਟਿਕਟ ਯਾਨੀ ਸਪਾਟ ਕਿਰਾਇਆ 1.5 ਲੱਖ ਰੁਪਏ ਤੋਂ 3 ਲੱਖ ਰੁਪਏ ਤੱਕ ਪਹੁੰਚ ਗਿਆ ਹੈ। ਕੁਝ ਅੰਤਰਰਾਸ਼ਟਰੀ ਰੂਟਾਂ 'ਤੇ ਇੱਕ ਪਾਸੇ ਦੀਆਂ ਟਿਕਟਾਂ 3 ਲੱਖ ਰੁਪਏ ਤੋਂ 10 ਲੱਖ ਰੁਪਏ ਤੱਕ ਵਿਕ ਰਹੀਆਂ ਹਨ। ਇਸਦਾ ਸਭ ਤੋਂ ਵੱਧ ਪ੍ਰਭਾਵ ਉਨ੍ਹਾਂ ਵਿਦਿਆਰਥੀਆਂ 'ਤੇ ਪੈ ਰਿਹਾ ਹੈ ਜਿਨ੍ਹਾਂ ਨੂੰ ਨਵੇਂ ਸਮੈਸਟਰ ਲਈ ਤੁਰੰਤ ਕੈਨੇਡਾ ਪਹੁੰਚਣ ਦੀ ਜ਼ਰੂਰਤ ਹੈ। ਯਾਤਰੀਆਂ ਦੀ ਵਧਦੀ ਮੰਗ ਦੇ ਕਾਰਣ ਏਅਰ ਇੰਡੀਆ ਨੇ ਵਿਕਲਪਿਕ ਕਨੈਕਟੀਵਿਟੀ ਪ੍ਰਦਾਨ ਕਰਨ ਲਈ ਯੂਰਪ ਅਤੇ ਸੰਯੁਕਤ ਰਾਜ ਅਮਰੀਕਾ ਲਈ 78 ਵਾਧੂ ਉਡਾਣਾਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ।


ਇਸ ਤੋਂ ਇਲਾਵਾ, ਏਅਰ ਕੈਨੇਡਾ ਵਰਗੀਆਂ ਕੰਪਨੀਆਂ ਨੇ ਵੀ ਭਾਰਤ ਤੋਂ ਆਪਣੀਆਂ ਉਡਾਣਾਂ ਵਧਾਉਣ ਦਾ ਐਲਾਨ ਕੀਤਾ ਹੈ। ਟੋਰਾਂਟੋ-ਦਿੱਲੀ ਰੂਟ 'ਤੇ ਡਬਲ ਫਲਾਈਟਾਂ ਚਲਾਉਣ ਅਤੇ ਵੱਡੇ ਏਅਰਕ੍ਰਾਫਟ ਵਰਤਣ ਦਾ ਫੈਸਲਾ ਲਿਆ ਗਿਆ ਹੈ ਤਾਂ ਜੋ ਯਾਤਰੀਆਂ ਨੂੰ ਯੂਰਪੀਅਨ ਰੂਟ ਰਾਹੀਂ ਵਿਕਲਪ ਮਿਲ ਸਕਣ। ਪਰ ਇਸ ਦੇ ਬਾਵਜੂਦ ਸਮੱਸਿਆਵਾਂ ਘੱਟ ਨਹੀਂ ਹੋ ਰਹੀਆਂ। ਜਲੰਧਰ ਦੇ ਇੱਕ ਵੱਡੇ ਟਰੈਵਲ ਏਜੰਟ ਰਾਜੇਵਰ ਸਿੰਘ ਅਨੁਸਾਰ, "ਪਿਛਲੇ ਮਹੀਨੇ ਤੱਕ ਇੱਕ ਵਿਦਿਆਰਥੀ ਨੂੰ ਟੋਰਾਂਟੋ ਜਾਣ ਲਈ 80 ਹਜ਼ਾਰ ਰੁਪਏ ਵਿੱਚ ਟਿਕਟ ਮਿਲ ਜਾਂਦੀ ਸੀ, ਪਰ ਹੁਣ ਉਹੀ ਟਿਕਟ 2.5 ਲੱਖ ਤੋਂ ਉੱਪਰ ਵਿਕ ਰਹੀ ਹੈ। ਬਹੁਤ ਸਾਰੇ ਵਿਦਿਆਰਥੀ ਆਪਣੇ ਟਿਕਟ ਰਿਜ਼ਰਵੇਸ਼ਨ ਰੱਦ ਕਰ ਰਹੇ ਹਨ ਅਤੇ ਸੈਮੈਸਟਰ ਮਿਸ ਕਰ ਰਹੇ ਹਨ।"

ਇਸ ਤੋਂ ਇਲਾਵਾ, ਵਰਕ ਪਰਮਿਟ ਧਾਰਕਾਂ ਲਈ ਵੀ ਵੱਡੀ ਸਮੱਸਿਆ ਖੜ੍ਹੀ ਹੋਈ ਹੈ। ਬਹੁਤ ਸਾਰੇ ਨੌਜਵਾਨ ਪਰਿਵਾਰ ਨਾਲ ਮਿਲਣ ਆਉਂਦੇ ਸਨ ਅਤੇ ਵਾਪਸ ਜਾਣ ਲਈ ਖਾੜੀ ਰੂਟ ਵਰਤਦੇ ਸਨ। ਹੁਣ ਉਨ੍ਹਾਂ ਨੂੰ ਯੂਰਪੀਅਨ ਰੂਟ ਰਾਹੀਂ ਜਾਣਾ ਪੈ ਰਿਹਾ ਹੈ ਜਿਸ ਨਾਲ ਲੇਅਓਵਰ ਵਧ ਗਏ ਹਨ ਅਤੇ ਵੀਜ਼ਾ ਟ੍ਰਾਂਜਿਟ ਸਮੱਸਿਆਵਾਂ ਵੀ ਉਤਪੰਨ ਹੋ ਰਹੀਆਂ ਹਨ। ਟੋਰਾਂਟੋ ਵਿਚ ਰਹਿਣ ਵਾਲੇ ਪੰਜਾਬੀ ਐਸੋਸੀਏਸ਼ਨ ਦੇ ਪ੍ਰਧਾਨ ਰਵਿੰਦਰ ਸਿੰਘ ਅਨੁਸਾਰ, "ਕੈਨੇਡਾ ਸਰਕਾਰ ਨੇ ਭਾਰਤੀ ਵਿਦਿਆਰਥੀਆਂ ਲਈ ਕੁਝ ਰਾਹਤ ਪੈਕੇਜ ਐਲਾਨ ਕੀਤਾ ਹੈ ਪਰ ਉਡਾਣਾਂ ਦੀਆਂ ਸਮੱਸਿਆਵਾਂ ਲਈ ਉਨ੍ਹਾਂ ਕੋਲ ਵੀ ਸੀਮਤ ਵਿਕਲਪ ਹਨ। ਅਸੀਂ ਏਅਰਲਾਈਨਾਂ ਨਾਲ ਗੱਲਬਾਤ ਕਰ ਰਹੇ ਹਾਂ ਕਿ ਘੱਟੋ-ਘੱਟ ਕਨੈਕਟਿੰਗ ਫਲਾਈਟਾਂ ਵਧਾਈਆਂ ਜਾਣ।"

ਆਰਥਿਕ ਪੱਖ ਤੋਂ ਵੀ ਇਸ ਜੰਗ ਦਾ ਪ੍ਰਭਾਵ ਡੂੰਘਾ ਹੈ। ਪੰਜਾਬ ਵਿਚ ਵਿਦੇਸ਼ ਜਾਣ ਵਾਲੇ ਨੌਜਵਾਨਾਂ ਦੀ ਗਿਣਤੀ ਲੱਖਾਂ ਵਿਚ ਹੈ ਅਤੇ ਇਸ ਤੋਂ ਪਰਿਵਾਰਾਂ ਦੀ ਆਰਥਿਕਤਾ ਚੱਲਦੀ ਹੈ। ਟਿਕਟਾਂ ਦੀਆਂ ਵਧੀਆਂ ਕੀਮਤਾਂ ਕਾਰਨ ਬਹੁਤ ਸਾਰੇ ਪਰਿਵਾਰ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਤੋਂ ਰੋਕ ਰਹੇ ਹਨ। ਇੱਕ ਅੰਦਾਜ਼ੇ ਅਨੁਸਾਰ ਇਸ ਮਹੀਨੇ ਵਿਚ ਹੀ ਪੰਜਾਬ ਤੋਂ ਕੈਨੇਡਾ ਜਾਣ ਵਾਲੀਆਂ ਉਡਾਣਾਂ ਵਿਚ 40 ਫੀਸਦੀ ਕਮੀ ਆਈ ਹੈ। ਇਸ ਨਾਲ ਟ੍ਰੈਵਲ ਏਜੰਸੀਆਂ ਵੀ ਸੰਕਟ ਵਿਚ ਹਨ। ਹੁਸ਼ਿਆਰਪੁਰ ਦੀ ਟਰੈਵਲ ਏਜੰਟ ਸੁਖਵਿੰਦਰ ਕੌਰ ਕਹਿੰਦੀ ਹੈ, "ਅਸੀਂ ਰੋਜ਼ਾਨਾ 50 ਟਿਕਟਾਂ ਬੁੱਕ ਕਰਦੇ ਸੀ, ਹੁਣ ਮੁਸ਼ਕਲ ਨਾਲ ਹੋ ਰਹੀਆਂ ਹਨ। ਲੋਕ ਇੰਤਜ਼ਾਰ ਕਰ ਰਹੇ ਹਨ ਕਿ ਜੰਗ ਖਤਮ ਹੋਵੇ ਤਾਂ ਉਡਾਣਾਂ ਆਮ ਹੋਣ।"


ਕੈਨੇਡਾ ਵੱਲੋਂ ਵੀ ਕੁਝ ਰਾਹਤ ਦੀਆਂ ਖਬਰਾਂ ਆ ਰਹੀਆਂ ਹਨ। ਟੋਰਾਂਟੋ ਏਅਰਪੋਰਟ ਅਥਾਰਟੀ ਨੇ ਭਾਰਤੀ ਯਾਤਰੀਆਂ ਲਈ ਵਿਸ਼ੇਸ਼ ਹੈਲਪ ਡੈਸਕ ਖੋਲ੍ਹਿਆ ਹੈ ਤਾਂ ਜੋ ਰੂਟ ਬਦਲਣ ਵਿਚ ਮਦਦ ਮਿਲ ਸਕੇ। ਇਸ ਤੋਂ ਇਲਾਵਾ ਭਾਰਤੀ ਅੰਬੈਂਸੀ ਨੇ ਵੀ ਯਾਤਰੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਯੂਰਪੀਅਨ ਏਅਰਲਾਈਨਾਂ ਨਾਲ ਬੁੱਕਿੰਗ ਕਰਨ ਅਤੇ ਟ੍ਰਾਂਜਿਟ ਵੀਜ਼ਾ ਲਈ ਤਿਆਰ ਰਹਿਣ। ਪਰ ਇਸ ਦੇ ਬਾਵਜੂਦ ਵਿਦਿਆਰਥੀਆਂ ਅਤੇ ਵਰਕਰਾਂ ਵਿਚ ਚਿੰਤਾ ਵਧਦੀ ਜਾ ਰਹੀ ਹੈ।

ਇਸ ਸਥਿਤੀ ਵਿਚ ਪੰਜਾਬ ਸਰਕਾਰ ਨੂੰ ਵੀ ਇੱਕ ਵੱਡੀ ਚੁਣੌਤੀ ਦਾ ਸਾਹਮਣਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮੁੱਦੇ 'ਤੇ ਕੇਂਦਰ ਸਰਕਾਰ ਨਾਲ ਗੱਲਬਾਤ ਕੀਤੀ ਹੈ ਅਤੇ ਏਅਰ ਇੰਡੀਆ ਨੂੰ ਹੋਰ ਉਡਾਣਾਂ ਵਧਾਉਣ ਲਈ ਅਪੀਲ ਕੀਤੀ ਹੈ। ਪਰ ਅਜੇ ਤੱਕ ਕੋਈ ਠੋਸ ਰਾਹਤ ਨਹੀਂ ਮਿਲੀ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*

**UK born Jatt Sikh boy aged 26 years old, height 5ft 10' working professional as a pharmacist. He is well versed in both cultures, sincere, caring with a good sense of humour. He does not drink and is a non smoker. Family lives in Glasgow. Ideal match should be UK born educated Jatt Sikh girl of similar age. Please reply with a recent photo and details to email: batwal@hotmail.com or Contact on Tel: 07791 025616.**


## - ਵਿਸ਼ਵ ਸ਼ਾਂਤੀ ਲਈ ਮੋਦੀ-ਟਰੰਪ ਦੀ ਵੱਡੀ ਪਹਿਲ -

## ਪੱਛਮੀ ਏਸ਼ੀਆ ਸੰਕਟ ਅਤੇ ਤੇਲ ਸਪਲਾਈ ’ਤੇ ਫ਼ੋਨ ਰਾਹੀਂ ਹੋਈ ਚਰਚਾ

ਨਵੀਂ ਦਿੱਲੀ-ਪੱਛਮੀ ਏਸ਼ੀਆ ਵਿੱਚ ਲਗਾਤਾਰ ਡੂੰਘੇ ਹੁੰਦੇ ਜਾ ਰਹੇ ਸਿਆਸੀ ਅਤੇ ਫ਼ੌਜੀ ਸੰਕਟ ਦੇ ਦਰਮਿਆਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਕਾਰ ਅਹਿਮ ਫ਼ੋਨ ਵਾਰਤਾ ਹੋਈ। ਦੋਵਾਂ ਨੇਤਾਵਾਂ ਨੇ ਖੇਤਰ ਵਿੱਚ ਤਣਾਅ ਘਟਾਉਣ ਅਤੇ ਵਿਸ਼ਵਵਿਆਪੀ ਸਪਲਾਈ ਚੇਨ ਨੂੰ ਬਚਾਉਣ ਲਈ ਸਾਂਝੀ ਰਣਨੀਤੀ ’ਤੇ ਜ਼ੋਰ ਦਿੱਤਾ।ਦੋਵੇਂ ਨੇਤਾ ਇਸ ਗੱਲ ’ਤੇ ਸਹਿਮਤ ਹੋਏ ਕਿ ਹਿੰਸਾ ਨੂੰ ਰੋਕਣਾ ਅਤੇ ਸ਼ਾਂਤੀ ਦੀ ਬਹਾਲੀ ਵਿਸ਼ਵ ਹਿੱਤ ਵਿੱਚ ਹੈ। ਪੱਛਮੀ ਏਸ਼ੀਆ ਵਿੱਚ ਚੱਲ ਰਹੀ ਜੰਗ ਕਾਰਨ ਤੇਲ ਅਤੇ ਗੈਸ ਦੀਆਂ ਕੀਮਤਾਂ ਅਤੇ ਸਪਲਾਈ ’ਤੇ ਪੈ ਰਹੇ ਅਸਰ ’ਤੇ ਚਿੰਤਾ ਪ੍ਰਗਟਾਈ ਗਈ। ਪੀ.ਐਮ. ਮੋਦੀ ਨੇ ਵਿਸ਼ੇਸ਼ ਤੌਰ ’ਤੇ ਇਸ ਸਮੁੰਦਰੀ ਮਾਰਗ ਦੀ ਸੁਰੱਖਿਆ ਦਾ ਮੁੱਦਾ ਚੁੱਕਿਆ, ਜੋ ਵਿਸ਼ਵ ਦੇ ਤੇਲ ਵਪਾਰ ਲਈ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ (ਯ) ਰਾਹੀਂ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ “ਹੋਰਮੁਜ਼ ਜਲਡਮਰੂ ਦਾ ਖੁੱਲ੍ਹਾ, ਸੁਰੱਖਿਅਤ ਅਤੇ ਪਹੁੰਚਯੋਗ ਰਹਿਣਾ ਪੂਰੀ ਦੁਨੀਆ ਦੀ ਆਰਥਿਕ ਸਥਿਰਤਾ ਲਈ ਬਹੁਤ ਜ਼ਰੂਰੀ ਹੈ। ਭਾਰਤ ਜਲਦੀ ਤੋਂ ਜਲਦੀ ਤਣਾਅ ਘਟਾਉਣ ਅਤੇ ਸ਼ਾਂਤੀ ਦੀ ਬਹਾਲੀ ਦੇ ਪੱਖ ਵਿਚ ਹੈ।” ਇਹ ਟਕਰਾਅ ਹੁਣ ਆਪਣੇ ਚੌਥੇ ਹਫ਼ਤੇ ਵਿੱਚ ਦਾਖ਼ਲ ਹੋ ਗਿਆ ਹੈ, ਜਿਸ ਕਾਰਨ ਅੰਤਰਰਾਸ਼ਟਰੀ ਵਪਾਰਕ ਰਸਤਿਆਂ ਵਿੱਚ ਰੁਕਾਵਟਾਂ ਆ ਰਹੀਆਂ ਹਨ। ਮੋਦੀ ਅਤੇ ਟਰੰਪ ਨੇ ਮੰਨਿਆ ਕਿ ਜੇਕਰ ਇਹ ਸਥਿਤੀ ਲੰਬੀ ਖਿੱਚੀ ਗਈ, ਤਾਂ ਇਸ ਦਾ ਸਿੱਧਾ ਅਸਰ ਗਲੋਬਲ ਆਰਥਿਕਤਾ ਅਤੇ ਮਹਿੰਗਾਈ ’ਤੇ ਪਵੇਗਾ। ਇਹ ਗੱਲਬਾਤ ਦਰਸਾਉਂਦੀ ਹੈ ਕਿ ਭਾਰਤ ਅਤੇ ਅਮਰੀਕਾ ਨਾ ਸਿਰਫ਼ ਦੁਵੱਲੇ ਸਬੰਧਾਂ, ਸਗੋਂ ਵਿਸ਼ਵਵਿਆਪੀ ਸੰਕਟਾਂ ਦੇ ਹੱਲ ਲਈ ਵੀ ਇੱਕ-ਦੂਜੇ ਦੇ ਨਜ਼ਦੀਕੀ ਸਹਿਯੋਗੀ ਵਜੋਂ ਕੰਮ ਕਰ ਰਹੇ ਹਨ।


# CHANGE OF NAME

Please one tick box

- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd

Account No: 20853011 Sort Code: 20-25-85


## ਮਾਂ ਦਾ ਕਤਲ ਕਰਨ ਵਾਲੇ ਨੌਜਵਾਨ ਨੂੰ ਉਮਰ ਕੈਦ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਵੇਲਜ਼ ਦੇ ਪ੍ਰੇਸਟਾਟਿਨ ਸ਼ਹਿਰ ਦੇ ਇਕ 18 ਸਾਲਾ ਨੌਜਵਾਨ ਨੂੰ ਆਪਣੀ ਮਾਂ ਦਾ ਹਥੌੜੇ ਨਾਲ ਕਤਲ ਕਰਨ ਦੇ ਦੋਸ਼ ਵਿਚ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਹੁਕਮ ਦਿੱਤਾ ਹੈ ਕਿ ਦੋਸ਼ੀ ਘੱਟੋ-ਘੱਟ 22 ਸਾਲ ਤੇ ਛੇ ਮਹੀਨੇ ਜੇਲ੍ਹ ਵਿਚ ਬਿਤਾਏਗਾ।ਅਦਾਲਤੀ ਕਾਰਵਾਈ ਦੌਰਾਨ ਦੱਸਿਆ ਗਿਆ ਕਿ ਨੌਜਵਾਨ ਟ੍ਰਿਸਟਨ ਰਾਬਰਟਸ ਨੇ ਪਿਛਲੇ ਸਾਲ 23 ਅਕਤੂਬਰ ਨੂੰ ਆਪਣੀ 45 ਸਾਲਾ ਮਾਂ ਐਂਜਲਾ ਸ਼ੈਲਿਸ ਦਾ ਕਤਲ ਕੀਤਾ ਸੀ। ਇਹ ਵਾਰਦਾਤ ਉਸ ਨੇ ਆਪਣੇ 18ਵੇਂ ਜਨਮਦਿਨ ਤੋਂ ਕੇਵਲ ਦਸ ਦਿਨ ਬਾਅਦ ਅੰਜਾਮ ਦਿੱਤੀ। ਜਾਣਕਾਰੀ ਮੁਤਾਬਕ ਉਸ ਨੇ ਘਟਨਾ ਤੋਂ ਤਿੰਨ ਹਫ਼ਤੇ ਪਹਿਲਾਂ ਹੀ ਕਤਲ ਦੀ ਯੋਜਨਾ ਬਣਾਈ ਹੋਈ ਸੀ।ਅਦਾਲਤ ਨੇ ਸੁਣਿਆ ਕਿ ਦੋਸ਼ੀ ਨੇ ਆਪਣੀ ਮਾਂ ਨੂੰ ਮੈਡੀਕਲ ਮਦਦ ਲੈਣ ਦੇ ਬਹਾਨੇ ਘਰ ਤੋਂ ਬਾਹਰ ਲੈ ਗਿਆ ਅਤੇ ਨੇੜਲੇ ਕੁਦਰਤੀ ਇਲਾਕੇ ਵਿਚ ਲੈ ਜਾ ਕੇ ਹਥੌੜੇ ਨਾਲ ਉਸ ਦੀ ਹੱਤਿਆ ਕਰ ਦਿੱਤੀ। ਬਾਅਦ ਵਿਚ ਉਸ ਨੇ ਲਾਸ਼ ਨੂੰ ਝਾੜੀਆਂ ਵਿਚ ਛੱਡ ਦਿੱਤਾ ਜਿਸ ਨੂੰ ਬਾਅਦ ਵਿਚ ਘੁੰਮਣ ਆਏ ਲੋਕਾਂ ਨੇ ਵੇਖਿਆ।ਮਾਮਲੇ ਦੀ ਸੁਣਵਾਈ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਨੌਜਵਾਨ ਨੂੰ ਹਥਿਆਰਾਂ ਨਾਲ ਅਸਧਾਰਣ ਲਗਾਅ ਸੀ ਅਤੇ ਉਸ ਨੇ ਕਤਲ ਤੋਂ ਪਹਿਲਾਂ ਆਨਲਾਈਨ ਹਥੌੜੇ, ਛੁਰੀਆਂ ਅਤੇ ਕੁਹਾੜੀ ਵਰਗੇ ਹਥਿਆਰ ਵੀ ਖਰੀਦੇ ਸਨ। ਉਸ ਨੇ ਕਤਲ ਦੀ ਯੋਜਨਾ ਇੰਟਰਨੈੱਟ ਦੇ ਇਕ ਗਰੁੱਪ ਵਿੱਚ ਹੋਰ ਲੋਕਾਂ ਨਾਲ ਸਾਂਝੀ ਵੀ ਕੀਤੀ ਸੀ। ਅਦਾਲਤ ਨੇ ਦੱਸਿਆ ਕਿ ਮਾਂ ਆਪਣੇ ਪੁੱਤਰ ਦੀ ਮਾਨਸਿਕ ਹਾਲਤ ਨੂੰ ਲੈ ਕੇ ਚਿੰਤਤ ਸੀ ਅਤੇ ਉਸ ਲਈ ਮਦਦ ਲੈਣ ਦੀ ਕੋਸ਼ਿਸ਼ ਕਰ ਰਹੀ ਸੀ। ਘਟਨਾ ਵਾਲੀ ਰਾਤ ਦੋਸ਼ੀ ਨੇ ਪਹਿਲਾਂ ਘਰ ਵਿਚ ਹੀ ਆਪਣੀ ਮਾਂ ‘ਤੇ ਹਮਲਾ ਕੀਤਾ ਅਤੇ ਬਾਅਦ ਵਿਚ ਉਸ ਨੂੰ ਬਾਹਰ ਲੈ ਜਾ ਕੇ ਕਤਲ ਕਰ ਦਿੱਤਾ। ਸਜ਼ਾ ਸੁਣਾਉਂਦੇ ਹੋਏ ਜੱਜ ਨੇ ਕਿਹਾ ਕਿ ਇਹ ਬਹੁਤ ਹੀ ਨਿਰਦਈ ਅਤੇ ਯੋਜਨਾਬੱਧ ਕਤਲ ਸੀ ਅਤੇ ਦੋਸ਼ੀ ਨੇ ਆਪਣੀ ਮਾਂ ਦੀਆਂ ਬੇਨਤੀਆਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਬੇਹੱਦ ਕਠੋਰਤਾ ਨਾਲ ਇਹ ਜੁਰਮ ਕੀਤਾ। ਅਦਾਲਤ ਨੇ ਕਿਹਾ ਕਿ ਇਸ ਘਟਨਾ ਨਾਲ ਪਰਿਵਾਰ ਨੂੰ ਅਸੀਮ ਦੁੱਖ ਪਹੁੰਚਿਆ ਹੈ ਅਤੇ ਕੋਈ ਵੀ ਸਜ਼ਾ ਇਸ ਘਾਟੇ ਦੀ ਭਰਪਾਈ ਨਹੀਂ ਕਰ ਸਕਦੀ।

## ਅਮਰੀਕਾ ਵਿੱਚ ਕਾਨੂੰਨੀ ਢੰਗ ਨਾਲ ਆਉਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਤੇਜੀ ਨਾਲ ਘਟੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਵਿੱਚ ਕਾਨੂੰਨੀ ਢੰਗ ਨਾਲ ਆਉਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਤੇਜੀ ਨਾਲ ਘਟੀ ਹੈ। ਵਾਸ਼ਿੰਗਟਨ ਪੋਸਟ ਦੀ ਇਕ ਰਿਪੋਰਟ ਅਨੁਸਾਰ ਭਾਰਤ ਤੇ ਚੀਨ ਪ੍ਰਮੁੱਖ ਦੇਸ਼ ਹਨ ਜਿਨਾਂ ਦੇ ਨਾਗਰਿਕਾਂ ਨੂੰ ਟਰੰਪ ਪ੍ਰਸ਼ਾਸਨ ਦੀਆਂ ਸਖਤ ਨੀਤੀਆਂ ਕਾਰਨ ਘੱਟ ਵੀਜੇ ਜਾਰੀ ਕੀਤੇ ਗਏ ਹਨ। ਵਿਦੇਸ਼ ਵਿਭਾਗ ਅਨੁਸਾਰ ਜਨਵਰੀ ਤੋਂ ਅਗਸਤ 2025 ਤੱਕ 2024 ਦੇ ਇਸੇ ਸਮੇ ਦੇ ਮੁਕਾਬਲੇ ਤਕਰੀਬਨ 2,50,000 ਘੱਟ ਵੀਜੇ ਜਾਰੀ ਕੀਤੇ ਗਏ ਹਨ। ਰਿਪੋਰਟ ਅਨੁਸਾਰ ਮਾਰਚ ਦੇ ਸ਼ੁਰੂ ਵਿੱਚ ਸਰਕਾਰੀ ਤੌਰ 'ਤੇ ਜਾਰੀ ਅੰਕੜਿਆਂ ਅਨੁਸਾਰ ਸਮੁੱਚੇ ਤੌਰ 'ਤੇ 11ਫੀਸਦੀ ਸਥਾਈ (ਪੀ ਆਰ) ਤੇ ਆਰਜੀ ਵੀਜੇ ਘੱਟ ਜਾਰੀ ਕੀਤੇ ਗਏ ਹਨ। ਜਿਨਾਂ ਲੋਕਾਂ ਨੂੰ ਵੀਜ਼ੇ ਜਾਰੀ ਕਰਨ ਤੋਂ ਨਾਂਹ ਕੀਤੀ ਗਈ ਹੈ, ਉਨਾਂ ਵਿੱਚ ਵਿਦਿਆਰਥੀ, ਵਰਕਰ, ਅਮਰੀਕੀ ਸ਼ਹਿਰੀਆਂ ਤੇ ਕਾਨੂੰਨੀ ਵਾਸੀਆਂ ਦੇ ਪਰਿਵਾਰਕ ਮੈਂਬਰ ਸ਼ਾਮਿਲ ਹਨ। ਉਕਤ ਸਮੇ ਦੌਰਾਨ ਟੂਰਿਸਟ ਵੀਜੇ ਵੀ ਘੱਟ ਜਾਰੀ ਕੀਤੇ ਹਨ। ਰਿਪੋਰਟ ਅਨੁਸਾਰ ਭਾਰਤ ਤੇ ਚੀਨ ਦੇ ਤਕਰੀਬਨ 84 ਹਜਾਰ ਨਾਗਰਿਕਾਂ ਨੂੰ ਘੱਟ ਵੀਜੇ ਜਾਰੀ ਕੀਤੇ ਗਏ ਹਨ। 2025 ਦੇ ਪਹਿਲੇ 8 ਮਹੀਨਿਆਂ ਦੌਰਾਨ ਕੌਮਾਂਤਰੀ ਵਿਦਿਆਰਥੀਆਂ ਨੂੰ 30 ਫੀਸਦੀ ਘੱਟ ਵੀਜੇ ਜਾਰੀ ਕੀਤੇ ਗਏ ਹਨ।


## CHANGE OF NAME

**I, TAMESHWAR KUSHWAHA S/O MR. RAMJASH AND MRS. BASMATI DEVI WHOSE PERMANENT ADDRESS IN INDIA IS VILL: BAHASUA, P.O. SAMOGAR BARAO, DISTT: DEORIA, UTTAR PRADESH, AND NOW LIVING AT 50 TALBOT ROAD, SMETHWICK, WEST MIDLANDS, B66 4DT (UK) HEREBY GIVE NOTICE OF MY INTENTION TO CHANGE MY MOTHER AND FATHER'S NAME ON MY PASSPORT. (U)**


**I, NAZIA D/O MR ANWAR KHAN & W/O MOHAMMED AKRAM JOSHI, WHOSE PERMANENT ADDRESS IN INDIA IS VILL: SADARABAD (NAUSHERA), TEH: MALERKOTLA, DISTT: SANGRUR, 148023, PUNJAB, AND NOW LIVING AT 158 EAST PARK ROAD, LEICESTER, LE5 4QB, (UK) HEREBY GIVE NOTICE OF MY INTENTION TO CHANGE MY NAME TO NAZIA JOSHI. (U/I/E)**

**I, BHANU PRIYA W/O LOVEPREET SINGH GILL WHOSE PERMANENT ADDRESS IN INDIA IS ST. NO. 9, JAGAT COLONY, LALHERY ROAD, KHANNA, DISTT: LUDHIANA, PUNJAB AND NOW LIVING AT FLAT NO. 4, 21-29 NORWOOD ROAD, SOUTHALL, MIDDLESEX, UB2 4EA, ENGLAND, (UK) HEREBY GIVE NOTICE OF MY INTENTION TO CHANGE MY NAME TO HARSIMRAN KAUR GILL AFTER MARRIAGE. (U)**


# ਸਿਹਤ ਤੇ ਸੁੰਦਰਤਾ



**ANIL DHEER**
Columnist. Alternative Therapist. Health Educator award winner. Social activist. Certified by W.H.O, UNICEF & Canadian Red Cross: PFA. Canada. Global Health Reporter. NTDP Skin Issues: Psoriasis- 2025. GNT Diseases-2023. Air Pollution n Health-2023. Writer: "Self-care Tips Encyclopedia"



# KEEP HEALTHY YOUR BRAIN




"Brain sick" or neurological condition vary widely but often include persistent headaches, memory loss, confusion, difficulty with speech or balance, behavioral changes, and muscle weakness"

**Health media Canada :** Brain awareness week 2026 celebrated. Brain health is the state of brain functioning across cognitive, sensory, social-emotional, behavioural and motor domains, allowing a person to realize their full potential over the life course, irrespective of the presence or absence of disorders. A healthy brain requires a combination of physical activity, nutritious diet, consistent sleep, social connection, and mental stimulation.

A stroke occurs when blood flow to part of the brain is interrupted (ischemic) or a blood vessel ruptures (hemorrhagic), depriving brain tissue of oxygen and causing cells to die. Major causes include blood clots, high blood pressure, high cholesterol, smoking, and diabetes. Immediate medical attention is vital.

**Habits for a Healthy Brain:**

Physical Activity: Regular exercise, such as walking, running, or swimming, improves blood flow, nourishes cells, and lowers high blood pressure.

Nutritious Diet: Adopt the Mediterranean or Mind Diets, emphasizing leafy greens, colorful vegetables (high in antioxidants), and healthy fats like olive oil and nuts to reduce inflammation. Nuts are excellent sources of protein and healthy fats, and Walnuts in particular might also improve memory. Walnuts are high in a type of omega-3 fatty acid, that's good for both the heart and brain.

Sleep Well: Consistent, quality sleep of 7–9 hours allows the brain to function at its best.

Mental Stimulation: Challenge your brain by learning new skills (e.g., musical instruments, new language), reading, or doing puzzles (Sudoku, crosswords) to build cognitive reserve.

**Challenge your mind:**

Be curious! Put your brain to work and do something that is new for you. Learn a new skill. Try something artistic. Challenging your mind may have short- and long-term benefits for your brain.

Social Connection: Active social lives lower stress and reduce the risk of dementia.

Protect Your Head: Always wear a seatbelt and use helmets for risky activities to avoid brain injuries.

Manage Health Factors: Keep blood pressure, cholesterol, and blood sugar levels in check, and avoid smoking.

**Be smoke-free:**

Quitting smoking can lower the risk of cognitive decline back to levels similar to those who have not smoked. It's never too late to stop.

# * ਚੂੰਢਾਂ–ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ



***ਇਰਾਨ ਵਿਰੁੱਧ ਨਾਟੋ ਦੀ ਮਦਦ ਦੀ ਜ਼ਰੂਰਤ ਨਹੀਂ, ਅਮਰੀਕਾ ਇਕੱਲਾ ਹੀ ਕਾਫ਼ੀ ਹੈ- ਟਰੰਪ**



-ਦਾਖੇ ਹੱਥ ਨਾ ਅੱਪੜੇ, ਆਖੇ ਥੂਹ ਕੌੜੀ।

***ਦਹਾਕਿਆਂ ਤੋਂ ਸਾਡਾ ਪਾਣੀ ਵਰਤ ਰਹੇ ਰਾਜਸਥਾਨ ਤੋਂ 1.44 ਲੱਖ ਕਰੋੜ ਰੁਪਏ ਵਸੂਲਾਂਗੇ- ਭਗਵੰਤ ਮਾਨ**




-ਵਿਹੜੇ ਆਈ ਜੰਞ, ਵਿੰਨ੍ਹੋ ਕੁੜੀ ਦੇ ਕੰਨ।

***ਜਗਦੀਸ਼ ਸਿੰਘ ਝੀਂਡਾ ਅਤੇ ਦਾਦੂਵਾਲ ਦੇ ਹਮਾਇਤੀਆਂ ਵਿਚਕਾਰ ਝੜਪ- ਇਕ ਖ਼ਬਰ**



-ਅੰਨ੍ਹੇ ਝੋਟੇ, ਅਕਲੋਂ ਖੋਟੇ।

***ਨਾਟੋ ਦੇਸ਼ਾਂ ਨੇ ਟਰੰਪ ਦੀ ਜੰਗ ਵਿਚ ਸ਼ਾਮਲ ਹੋਣ ਤੋਂ ਕੀਤੀ ਨਾਂਹ- ਖ਼ਬਰ**



-ਤੇਰੇ ਨਾਲ਼ ਨਾ ਤਿਲੰਗਿਆ ਜਾਣਾ, ਛੱਡ ਜਾਏਂ ਟੇਸ਼ਣ 'ਤੇ।

***ਦਿੱਲੀ ਵਲੋਂ ਪੰਜਾਬ ਨਾਲ ਕੀਤੇ ਗਏ ਵਿਤਕਰਿਆਂ ਨੂੰ ਦਰੁਸਤ ਕਰਨ ਲਈ ਅਕਾਲੀ ਦਲ ਵਚਨਬੱਧ- ਸੁਖਬੀਰ ਬਾਦਲ**



-ਐਨੇ ਸਾਲ ਕੁਰਸੀ 'ਤੇ ਬੈਠ ਕੇ ਤੁਸੀਂ ਪਿਉ ਪੁੱਤ ਕੀ ਝੱਖ ਮਾਰਦੇ ਰਹੇ?

***ਇਰਾਨੀ ਜ਼ਮੀਨ 'ਤੇ ਕਬਜ਼ਾ ਕਰਨ ਦਾ ਇਰਾਦਾ ਨਹੀਂ- ਇਜ਼ਰਾਈਲੀ ਰਾਜਦੂਤ**

-ਇਰਾਨ ਕੋਈ ਚਾਕਲੇਟ ਐ ਜੋ ਮੂੰਹ 'ਚ ਪਾ ਲਉਗੇ।

***ਆਲੂਆਂ ਦੀ ਖੇਤੀ ਦਾ ਵਾਜਬ ਭਾਅ ਨਾ ਮਿਲਣ 'ਤੇ ਕਿਸਾਨ ਪ੍ਰੇਸ਼ਾਨ- ਇਕ ਖ਼ਬਰ**



-ਕਿਸਾਨ ਨੂੰ ਪ੍ਰੇਸ਼ਾਨ ਰੱਖਣਾ ਖੇਤੀ ਨੀਤੀ ਦਾ ਹੀ ਹਿੱਸਾ ਹੈ।

***ਰਾਜਸਥਾਨ ਵਲੋਂ ਪਾਣੀਆਂ ਦੀ ਰਾਇਲਟੀ ਦੇਣ ਤੋਂ ਨਾਂਹ, ਪੰਜਾਬ ਜਾਵੇਗਾ ਅਦਾਲਤ- ਭਗਵੰਤ ਮਾਨ**



-ਪਹਿਲਾਂ ਤੁਹਾਨੂੰ ਅਦਾਲਤਾਂ 'ਚੋਂ ਕੀ ਮਿਲਿਆ? ਛਿੱਕੂ!

***ਅਕਾਲੀ ਦਲ ਪੁਨਰ ਸੁਰਜੀਤ ਨੇ ਚੋਣ ਨਿਸ਼ਾਨ 'ਤੱਕੜੀ' ਉੱਤੇ ਦਾਅਵਾ ਠੋਕਿਆ- ਇਕ ਖ਼ਬਰ**



-ਮੈਨੂੰ 'ਕੱਲੀ ਨੂੰ ਚੁਬਾਰਾ ਪਾ ਦੇ, ਰੋਹੀ ਵਾਲ਼ੀ ਜੰਡ ਵੱਢ ਕੇ।

***ਸੁਖਬੀਰ ਬਾਦਲ ਦੇ ਸੱਤਾ 'ਚ ਆਉਣ ਦੇ ਸੁਪਨੇ ਹੁਣ ਕਦੀ ਪੂਰੇ ਨਹੀਂ ਹੋਣਗੇ- ਕੁਲਦੀਪ ਸਿੰਘ ਧਾਲੀਵਾਲ**



-ਓਏ ਸਹੁਰੀ ਦਿਓ, ਮੈਨੂੰ ਸੁਪਨੇ 'ਚ ਤਾਂ ਕੁਰਸੀ 'ਤੇ ਬੈਠ ਲੈਣ ਦਿਉ।

***ਟਰੰਪ ਦੀਆਂ ਅੱਖਾਂ ਦੀ ਰੜਕ ਬਣਿਆ ਕਿਊਬਾ- ਇਕ ਖ਼ਬਰ**



-ਮੇਰਾ ਜੇਠ ਬੜਾ ਟੁੱਟ ਪੈਣਾ, ਕੰਧ ਉੱਤੋਂ ਰਹੇ ਝਾਕਦਾ।

***ਨਾਇਬ ਸਿੰਘ ਸੈਣੀ ਨੂੰ ਪਟਿਆਲੇ 'ਚ 'ਆਪ' ਪਾਰਟੀ ਨੇ ਕਾਲ਼ੀਆਂ ਝੰਡੀਆਂ ਵਿਖਾਈਆਂ- ਇਕ ਖ਼ਬਰ**



-ਐਵੇਂ ਨਾ ਗੇੜੇ ਲਾਈਂ ਵੇ, ਪਿੰਡ ਪਹਿਰਾ ਲਗਦੈ।

***ਮੋਦੀ ਨੇ ਇਰਾਨ ਦੇ ਰਾਸ਼ਟਰਪਤੀ ਨੂੰ ਕੀਤਾ ਫ਼ੋਨ- ਇਕ ਖ਼ਬਰ**



-ਬੜੀ ਦੇਰ ਕਰ ਦੀ, ਮਿਹਰਬਾਂ ਆਤੇ ਆਤੇ।

***ਵਾਰੀ ਵਾਰੀ ਰਾਜ ਕਰਨ ਦੇ ਦਿਨ ਗਏ, ਹੁਣ ਲੋਕਾਂ ਦੀ ਵਾਰੀ- ਭਗਵੰਤ ਮਾਨ**



-ਪੱਤ ਝੜੇ ਪੁਰਾਣੇ ਮਾਹੀ ਵੇ, ਰੁੱਤ ਨਵਿਆਂ ਦੀ ਆਈ ਆ ਢੋਲਾ।

***ਭਾਰਤ ਨੇ ਅਮਰੀਕੀ ਪੈਨਲ ਦੀ 'ਪੱਖਪਾਤੀ' ਧਾਰਮਕ ਆਜ਼ਾਦੀ ਰਿਪੋਰਟ ਰੱਦ ਕੀਤੀ- ਇਕ ਖ਼ਬਰ**

-ਪਰੇ ਹਟ ਜਾਹ ਬਲਦ ਸਿੰਙ ਮਾਰੂ, ਨੀ ਸੋਨੇ ਦੇ ਤਵੀਤ ਵਾਲ਼ੀਏ।

* * * * * * *

ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥

**ਵਿਸਾਖੀ 1978 ਅਤੇ ਜੂਨ 1984 ਦੇ ਸ਼ਹੀਦਾਂ ਦੀ ਯਾਦ ਵਿੱਚ ਅਖੰਡ ਕੀਰਤਨੀ ਜਥਾ ਯੂ ਕੇ ਵੱਲੋਂ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ**

# ਸਲਾਨਾ ਇੰਟਰਨੈਸ਼ਨਲ ਅਖੰਡ ਕੀਰਤਨ ਸਮਾਗਮ 30 ਮਾਰਚ ਤੋਂ 6 ਅਪ੍ਰੈਲ

# ਇੰਟਰਨੈਸ਼ਨਲ ਰੈਣ ਸਬਾਈ ਕੀਰਤਨ

## 5 ਅਪ੍ਰੈਲ ਐਤਵਾਰ ਸ਼ਾਮ 5:30 ਤੋਂ 6 ਅਪ੍ਰੈਲ ਸੋਮਵਾਰ 5:00 ਵਜੇ ਸਵੇਰ ਤੱਕ

**VENUE: GURDWARA SRI GURU SINGH SABHA, PRINCES STREET, DERBY, DE23 8NT. TEL: 01332 773010**

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਅਖੰਡ ਕੀਰਤਨੀ ਜਥਾ ਯੂ ਕੇ ਵੱਲੋਂ ਖਾਲਸਾ ਪੰਥ ਦੇ ਸਿਰਜਨਾ ਦਿਵਸ ਵਿਸਾਖੀ ਅਤੇ 1978 ਦੇ ਸ਼ਹੀਦਾਂ ਦੀ ਯਾਦ ਵਿੱਚ ਆਯੋਜਿਤ ਕੀਤੇ ਜਾ ਰਹੇ ਸਾਲਾਨਾ ਇੰਟਰਨੈਸ਼ਨਲ ਕੀਰਤਨ ਸਮਾਗਮਾਂ ਵਿਚ ਕੀਰਤਨ ਦੀਆਂ ਹਾਜ਼ਰੀਆਂ ਭਰਨ ਲਈ ਦੇਸ਼ ਵਿਦੇਸ਼ ਤੋਂ ਬਹੁਤ ਸਾਰੇ ਉੱਘੇ ਕੀਰਤਨੀਏ ਪਹੁੰਚ ਰਹੇ ਹਨ। ਸਮੂਹ ਸਾਧ ਸੰਗਤ, ਗੁਰਦੁਆਰਾ ਸਾਹਿਬਾਨ ਦੇ ਸੇਵਾਦਾਰਾਂ ਅਤੇ ਸਮੂਹ ਸਿੱਖ ਸੰਸਥਾਵਾਂ ਦੇ ਸੇਵਾਦਾਰਾਂ ਨੂੰ ਸਮਾਗਮਾਂ ਵਿਚ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਸਿੰਘ ਸਭਾ ਡਰਬੀ ਵਿਖੇ ਪਹੁੰਚ ਕੇ ਹਾਜ਼ਰੀਆਂ ਭਰੋ ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮ ਦਾ ਵੇਰਵਾ : ਸ੍ਰੀ ਅਖੰਡ ਪਾਠ ਸਾਹਿਬ

ਆਰੰਭ ਸੋਮਵਾਰ 30 ਮਾਰਚ 2026 ਸਵੇਰੇ 6:00 ਵਜੇ
ਭੋਗ ਬੁੱਧਵਾਰ 1 ਅਪਰੈਲ 2026 ਸ਼ਾਮ 5:00 ਵਜੇ
ਉਪ੍ਰੰਤ ਕੀਰਤਨ ਰੂਪੀ ਰਹਿਰਾਸ ਸਾਹਿਬ ਦਾ ਪਾਠ
ਰਹਿਰਾਸ ਤੋਂ ਬਾਅਦ ਰਾਤ 9:00 ਵਜੇ ਤੱਕ ਅਖੰਡ ਕੀਰਤਨ ਦੀਵਾਨ ਸਜਣਗੇ ਜਿਸ ਦੌਰਾਨ ਅਖੰਡ ਕੀਰਤਨੀ ਜਥੇ ਹਾਜ਼ਰੀ ਭਰਨਗੇ

### ਆਸਾ ਦੀ ਵਾਰ ਕੀਰਤਨ

ਵੀਰਵਾਰ 2 ਅਪਰੈਲ ਸਵੇਰੇ 6 ਵਜੇ ਆਰੰਭ
ਸ਼ੁੱਕਰਵਾਰ 3 ਅਪਰੈਲ ਸਵੇਰੇ 6 ਵਜੇ ਆਰੰਭ
ਸ਼ਨੀਵਾਰ 4 ਅਪਰੈਲ ਸਵੇਰੇ 6 ਵਜੇ ਆਰੰਭ

### ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਉਪ੍ਰੰਤ ਕੀਰਤਨ ਦੀਵਾਨ

ਵੀਰਵਾਰ 2 ਅਪਰੈਲ ਸ਼ਾਮ 5:30 ਤੋਂ 9:00
ਸ਼ੁੱਕਰਵਾਰ 3 ਅਪਰੈਲ ਸ਼ਾਮ 5:30 ਤੋਂ 9:30
ਸ਼ਨੀਵਾਰ 4 ਅਪਰੈਲ ਸ਼ਾਮ 5:30 ਤੋਂ 12:00




### ਅੰਮ੍ਰਿਤ ਸੰਚਾਰ 4 ਅਪ੍ਰੈਲ ਸ਼ਨਿੱਚਰਵਾਰ ਨੂੰ ਹੋਵੇਗਾ

ਸ਼ਨਿੱਚਰਵਾਰ ਨੂੰ ਦੁਪਹਿਰ 2:00 ਵਜੇ ਅੰਮ੍ਰਿਤ ਸੰਚਾਰ ਹੋ ਰਹੇ ਹਨ, ਅਭਿਲਾਖੀ ਸੱਜਣ ਤਿਆਰ ਬਰ ਤਿਆਰ ਹੋ, ਕੇਸ ਇਸ਼ਨਾਨ ਕਰ ਸਮੇਂ ਸਿਰ ਪਹੁੰਚਣ ਦੀ ਮਿਹਰਬਾਨੀ ਕਰਨ ਅਤੇ ਦਿੱਤੇ ਨੰਬਰ ਤੇ ਸੰਪਰਕ ਕਰਕੇ ਸੇਵਾਦਾਰਾਂ ਕੋਲ ਆਪਣੇ ਨਾਂ ਲਿਖਵਾ ਦੇਣ। ਮੋ: 07395 816800



### ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ

Accommodation queries: 07796 110841
Transport Information: 07908 266984
Stall bookings contact: 07348 595344

ਨੋਟ:– ਟਰਾਂਸਪੋਰਟ ਬਾਰੇ ਜਾਣਕਾਰੀ ਲਈ ਆਪਣੇ ਸ਼ਹਿਰਾਂ ਵਿੱਚ ਅਖੰਡ ਕੀਰਤਨੀ ਜਥੇ ਦੇ ਸਥਾਨਕ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ

**ਕਥਾ: ਪੰਥ ਦੇ ਪ੍ਰਸਿੱਧ ਕਥਾਕਾਰ ਗਿਆਨੀ ਹਰਪਾਲ ਸਿੰਘ ਜੀ ਸ੍ਰੀ ਫਤਹਿਗੜ੍ਹ ਸਾਹਿਬ ਵਾਲੇ ਵੀਰਵਾਰ 2 ਅਪ੍ਰੈਲ ਤੋਂ ਐਤਵਾਰ 5 ਅਪ੍ਰੈਲ ਤੱਕ ਰੋਜ਼ਾਨਾ ਸ਼ਾਮ ਨੂੰ ਗੁਰਬਾਣੀ ਵਿਚਾਰ, ਕਥਾ ਰਾਹੀਂ ਸੰਗਤਾਂ ਨੂੰ ਗੁਰਮਤਿ ਨਾਲ ਜੋੜਨਗੇ**

View Live SGSSDERBY YouTube

ਵੱਖ ਵੱਖ ਟੀ ਵੀ ਚੈਨਲਾਂ, ਸਿੰਘ ਸਭਾ ਯੂ ਟਿਊਬ ਅਤੇ ਅਖੰਡ ਕੀਰਤਨੀ ਜਥੇ ਦੇ ਇੰਟਰਨੈਟ ਰੇਡੀਓ ਵੱਲੋਂ ਸਮਾਗਮਾਂ ਦੀ ਕਵਰੇਜ਼ ਦਿੱਤੀ ਜਾਵੇਗੀ

ਗੁਰਦੁਆਰਾ ਸਾਹਿਬ ਵਿਖੇ, ਸਹਿਜ ਪਾਠ, ਸੁਖਮਨੀ ਸਾਹਿਬ, ਅਖੰਡ ਪਾਠ ਸਾਹਿਬ, ਜਨਮ ਦਿਨ ਜਾਂ ਅਨੰਦ ਕਾਰਜ ਦੇ ਪ੍ਰੋਗਰਾਮ ਬੁੱਕ ਕਰਨ ਲਈ ਭਾਈ ਅਜੀਤ ਸਿੰਘ ਨਾਲ ਸੰਪਰਕ ਕਰੋ ਜੀ: 07533 362911

**ਬੇਨਤੀ ਕਰਤਾ:**

**ਅਖੰਡ ਕੀਰਤਨੀ ਜਥਾ ਯੂ ਕੇ**
ਜਥੇਦਾਰ – ਭਾਈ ਤਰਲੋਚਨ ਸਿੰਘ

**ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ**
ਪ੍ਰਧਾਨ: ਭਾਈ ਰਘਬੀਰ ਸਿੰਘ, ਜ: ਸੈਕਟਰੀ: ਭਾਈ ਰਜਿੰਦਰ ਸਿੰਘ, ਖਜ਼ਾਨਚੀ: ਭਾਈ ਅਜੀਤ ਸਿੰਘ, ਭਾਈ ਬਲਬੀਰ ਸਿੰਘ ਚੀਮਾ, ਭਾਈ ਸਤਨਾਮ ਸਿੰਘ

**GURDWARA SRI GURU SINGH SABHA, PRINCES STREET, DERBY, DE23 8NT. TEL: 01332 773010**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.